Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

HELPING YOU BUY AND SELL HOMES
FROM SAN JOSE TO SALINAS
Jeet Singh Sangha
REALTOR & REAL ESTATE ADVISOR
CALL FOR FREE CONSULTATION:
408-840-3112
COLDWELL BANKER REALTY
CalRe:02014485
Speaks English, Hindi & Punjabi
JeetSangha.com
SERVING: SAN JOSE, MORGAN HILL, GILROY, HOLLISTER & SALINAS

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fourth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 46; November 18, 2023
20451 N. Plum Grove Rd., Palatine, IL 60074
Ph:847-359-0746, Fax:847-705-9388

# ਪਟਾਕਿਆਂ ਦੇ ਪ੍ਰਦੂਸ਼ਣ ਨੇ ਦਿੱਲੀ ਦੀ ਬੱਸ ਕਰਾਈ

## ਦੁਨੀਆ ਦਾ ਸਭ ਤੋਂ ਦੂਸ਼ਿਤ ਸ਼ਹਿਰ ਬਣਿਆ

**ਨਵੀਂ ਦਿੱਲੀ/ਚੰਡੀਗੜ੍ਹ:** ਭਾਰਤ ਵਿਚ ਦੀਵਾਲੀ ਮੌਕੇ ਚਲਾਏ ਪਟਾਕਿਆਂ ਕਾਰਨ ਹਵਾ ਪ੍ਰਦੂਸ਼ਣ ਸਿਖਰਾਂ ਪਾਰ ਕਰ ਗਿਆ। ਦੀਵਾਲੀ ਤੋਂ ਅਗਲੇ ਦਿਨ ਨਵੀਂ ਦਿੱਲੀ ਨੂੰ ਦੁਨੀਆ ਦੇ ਸਭ ਤੋਂ ਦੂਸ਼ਿਤ ਸ਼ਹਿਰਾਂ ਵਿਚ ਦਰਜ ਕੀਤਾ ਗਿਆ। ਦਿੱਲੀ ਦਾ ਹਵਾ ਗੁਣਵੱਤਾ ਸੂਚਕ ਅੰਕ (ਏ.ਕਿਊ.ਆਈ.) 400 ਤੋਂ ਵੱਧ ਦੇ 'ਖ਼ਤਰਨਾਕ' ਪੱਧਰ ਤੱਕ ਪਹੁੰਚ ਗਿਆ।

ਸਵਿਸ ਗਰੁੱਪ ਆਈ.ਕਿਊ. ਏਅਰ ਅਨੁਸਾਰ, ਮੁੰਬਈ ਪੰਜਵੇਂ ਅਤੇ ਕੋਲਕਾਤਾ ਛੇਵੇਂ ਸਥਾਨ ਉਤੇ ਰਹੇ। ਇਹ ਅੰਕੜੇ ਉਸ ਵੇਲੇ ਦੇ ਹਨ ਜਦੋਂ ਦਿੱਲੀ ਦੀ ਹਵਾ ਨੂੰ ਪਲੀਤ ਕਰਨ ਲਈ ਪੰਜਾਬ ਦੇ ਕਿਸਾਨਾਂ ਵੱਲੋਂ ਸਾੜੀ ਪਰਾਲੀ ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਸੀ। ਦੀਵਾਲੀ ਤੋਂ ਦੋ ਦਿਨ ਪਹਿਲਾਂ ਪਏ ਮੀਂਹ ਕਰ ਕੇ ਹਵਾ ਪ੍ਰਦੂਸ਼ਣ ਤੋਂ ਕਾਫੀ ਰਾਹਤ ਮਿਲੀ ਸੀ ਪਰ ਦੀਵਾਲੀ ਮੌਕੇ ਪਾਬੰਦੀ ਦੇ ਬਾਵਜੂਦ ਚਲਾਏ ਪਟਾਕਿਆਂ ਕਾਰਨ ਹਵਾ ਪ੍ਰਦੂਸ਼ਣ ਸਾਰੇ ਰਿਕਾਰਡ ਪਾਰ ਕਰ ਗਿਆ।

ਯਾਦ ਰਹੇ ਕਿ ਸੁਪਰੀਮ ਕੋਰਟ ਨੇ ਪਟਾਕਿਆਂ ਦੀ ਪੈਦਾਵਾਰ ਅਤੇ ਵਿਕਰੀ ਉਤੇ ਅਕਤੂਬਰ 2018 ਵਿਚ ਪਾਬੰਦੀ ਲਾਈ ਸੀ। ਉਸ ਸਮੇਂ ਵੱਡੀ ਗਿਣਤੀ ਹਿੰਦੂ ਜਥੇਬੰਦੀਆਂ ਨੇ ਇਸ ਨੂੰ ਧਾਰਮਿਕ ਹਮਲੇ ਨਾਲ ਜੋੜ ਕੇ ਫੈਸਲੇ ਦਾ ਵਿਰੋਧ ਕੀਤਾ। ਕੇਂਦਰੀ ਸੱਤਾ ਉਤੇ ਕਾਬਜ਼ ਭਾਜਪਾ ਨੂੰ ਵੀ ਇਹ ਵਿਰੋਧ ਆਪਣੇ ਹੱਕ ਵਿਚ ਬੈਠਦਾ ਨਜ਼ਰ ਆਇਆ। ਇਸ ਤੋਂ ਬਾਅਦ ਇਹ ਪਾਬੰਦੀ ਮਹਿਜ਼ ਕਾਗਜ਼ਾਂ ਤੱਕ ਹੀ ਸੀਮਤ ਰਹਿ ਗਈ।



### ਅਠਾਰਾਂ ਕਿਸਾਨ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਸਣੇ ਉੱਤਰੀ ਭਾਰਤ ਦੇ ਚਾਰ ਰਾਜਾਂ 'ਚ ਸਰਗਰਮ 18 ਕਿਸਾਨ ਜਥੇਬੰਦੀਆਂ ਨੇ ਪਰਾਲੀ ਪ੍ਰਦੂਸ਼ਣ ਦੇ ਮਾਮਲੇ ਸਬੰਧੀ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਦੇ ਆਗੂਆਂ ਨਾਲ ਮੀਟਿੰਗ ਕਰ ਕੇ 20 ਨਵੰਬਰ ਨੂੰ ਪੰਜਾਬ ਅਤੇ ਹਰਿਆਣਾ ਵਿਚ ਡੀ.ਸੀ. ਅਤੇ ਐਸ.ਡੀ.ਐਮ. ਦਫਤਰਾਂ ਅੱਗੇ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਮੀਟਿੰਗ ਵਿਚ ਸਰਕਾਰ ਤੋਂ ਪਰਾਲੀ ਦਾ ਠੋਸ ਹੱਲ ਕਰਵਾਉਣ, ਪਰਾਲੀ ਸਾੜਨ 'ਤੇ ਕੀਤੇ ਪਰਚੇ ਅਤੇ ਰੈੱਡ ਐਂਟਰੀਆਂ, ਜੁਰਮਾਨੇ, ਪਾਸਪੋਰਟ, ਹਥਿਆਰਾਂ ਦੇ ਲਾਇਸੈਂਸ, ਸਬਸਿਡੀਆਂ ਰੱਦ ਕਰਨ, ਹੋਰ ਸਰਕਾਰੀ ਸਹੂਲਤਾਂ ਰੱਦ ਕਰਨ ਦੇ ਹੁਕਮਾਂ ਨੂੰ ਵਾਪਸ ਕਰਵਾਉਣ ਸਣੇ ਕਈ ਮੁੱਦੇ ਵਿਚਾਰੇ ਗਏ।

ਸੁਪਰੀਮ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਨ ਲਈ ਭੋਰਾ ਵੀ ਕੋਸ਼ਿਸ਼ਾਂ ਨਾ ਕੀਤੀਆਂ ਗਈਆਂ। ਸੁਪਰੀਮ ਕੋਰਟ ਨੇ ਬੀਤੇ ਹਫ਼ਤੇ ਵੀ ਸਪੱਸ਼ਟ ਕੀਤਾ ਸੀ ਕਿ ਪਟਾਕਿਆਂ ਉਤੇ ਰੋਕ ਲਾਉਣ ਵਾਲੇ ਉਸ ਦੇ ਹੁਕਮ ਮਹਿਜ਼ ਕੌਮੀ ਰਾਜਧਾਨੀ ਖੇਤਰ (ਐਨ.ਸੀ.ਆਰ.) ਲਈ ਹੀ ਨਹੀਂ ਸਗੋਂ ਸਾਰੇ ਮੁਲਕ ਲਈ ਹਨ।

*(ਬਾਕੀ ਸਫਾ 6 'ਤੇ)*

# ਜਥੇਦਾਰ ਵੱਲੋਂ ਸਿੱਖਾਂ ਨੂੰ ਇਕਜੁੱਟਤਾ ਦਾ ਸੱਦਾ

**ਅੰਮ੍ਰਿਤਸਰ**: ਬੰਦੀ ਛੋੜ ਦਿਵਸ ਮੌਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਸਿੱਖ ਜਥੇਬੰਦੀਆਂ ਨੂੰ ਹੁਕਮ ਦਿੱਤਾ ਕਿ ਉਹ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਅਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਵਾਉਣ ਲਈ ਤੇਜ਼ ਤੇ ਠੋਸ ਯਤਨ ਕਰਨ।



ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਤੋਂ ਸਿੱਖ ਪੰਥ ਦੇ ਨਾਂ ਸੰਦੇਸ਼ ਜਾਰੀ ਕੀਤਾ। ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੰਦੀ ਛੋੜ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਜਥੇਦਾਰ ਨੇ ਸਿੱਖ ਪੰਥ ਦੇ ਨਾਂ ਸੰਦੇਸ਼ ਦਿੰਦਿਆਂ ਕਿਹਾ ਕਿ ਪਿਛਲੇ 17 ਸਾਲਾਂ ਤੋਂ ਜੇਲ੍ਹ ਦੀ ਚੱਕੀ ਵਿਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ ਕਰਨ ਸਬੰਧੀ ਕੇਂਦਰ ਸਰਕਾਰ ਨੋਟੀਫਿਕੇਸ਼ਨ ਜਾਰੀ ਕਰ ਕੇ ਮੁੱਕਰ ਗਈ ਹੈ। ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨਹੀਂ ਕੀਤੀ ਜਾ ਰਹੀ ਅਤੇ 39 ਸਾਲਾਂ ਬਾਅਦ ਵੀ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ ਹਨ। ਉਨ੍ਹਾਂ ਸਿੱਖ ਕੌਮ ਨੂੰ ਆਪਣੇ ਹੱਕਾਂ ਲਈ ਇਕਜੁੱਟਤਾ ਨਾਲ ਆਵਾਜ਼ ਬੁਲੰਦ ਕਰਨ ਦਾ ਸੁਨੇਹਾ ਦਿੱਤਾ। ਉਨ੍ਹਾਂ ਕੇਂਦਰ ਸਰਕਾਰ ਨੂੰ ਕਿਹਾ ਕਿ ਬੰਦੀ ਸਿੰਘਾਂ ਨੂੰ ਤੁਰਤ ਰਿਹਾਅ ਕਰਕੇ ਸਿੱਖਾਂ ਨੂੰ ਇਨਸਾਫ਼ ਦੇਵੇ। ਇਸ ਸਬੰਧੀ ਸ਼੍ਰੋਮਣੀ ਕਮੇਟੀ ਸਮੂਹ ਪੰਥਕ ਦਲਾਂ ਅਤੇ ਜਥੇਬੰਦੀਆਂ ਦੀ ਵਿਸ਼ੇਸ਼ ਮੀਟਿੰਗ ਵੀ ਸੱਦੇ।

ਉਨ੍ਹਾਂ ਦਿੱਲੀ ਕਮੇਟੀ ਨੂੰ ਵੀ ਆਦੇਸ਼ ਕੀਤਾ ਕਿ ਉਹ ਆਪਣੇ ਅਸਲ ਰਸੂਖ ਅਤੇ ਨੇੜਲੇ ਸਬੰਧਾਂ ਦੀ ਵਰਤੋਂ ਕਰ ਕੇ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਭਾਈ ਰਾਜੋਆਣਾ ਸਬੰਧੀ ਅਪੀਲ 'ਤੇ ਫੈਸਲਾ ਕਰਵਾਉਣ ਲਈ ਗੰਭੀਰਤਾ ਨਾਲ ਯਤਨ ਕਰੇ ਅਤੇ ਇਸ ਸਬੰਧੀ 15 ਦਿਨਾਂ ਤੇ ਅੰਦਰ-ਅੰਦਰ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਭੇਜੇ।

ਬੰਦੀ ਛੋੜ ਦਿਵਸ ਮੌਕੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਕਿਹਾ ਕਿ ਦੀਵਾਲੀ ਵਾਲੇ ਦਿਨ ਸਾਨੂੰ ਆਪਣੇ ਹਿਰਦੇ ਵਿਚ ਗਿਆਨ, ਭੈਅ ਅਤੇ ਪ੍ਰੇਮ ਦੇ ਦੀਵੇ ਬਾਲ ਕੇ ਮਾਨਵਤਾ ਰੂਪੀ ਰੌਸ਼ਨੀ ਵੰਡਣੀ ਚਾਹੀਦੀ ਹੈ ਤਾਂ ਕਿ ਜਾਤਾਂ ਪਾਤਾਂ, ਊਚ ਨੀਚ, ਵੈਰ ਵਿਰੋਧ ਅਤੇ ਫਿਰਕੂਪੁਣੇ ਦਾ ਹਨੇਰਾ ਦੂਰ ਹੋ ਸਕੇ। ਉਨ੍ਹਾਂ ਕਿਹਾ ਕਿ ਇਸ ਦਿਨ ਗੁਰੂ ਹਰਗੋਬਿੰਦ ਸਾਹਿਬ ਨੇ 52 ਹਿੰਦੂ ਰਾਜਿਆਂ ਨੂੰ ਰਿਹਾਅ ਕਰਵਾਇਆ ਸੀ ਪਰ ਅੱਜ ਹਕੂਮਤਾਂ ਸਿੱਖਾਂ ਨੂੰ ਦੂਰ ਦੁਰਾਡੇ ਜੇਲ੍ਹਾਂ ਵਿਚ ਬੰਦ ਕਰ ਰਹੀਆਂ ਹਨ। ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਬੰਦੀਆਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ।

Medicare Life & Health Insurance
DEC 7 ਤੋਂ ਪਹਿਲਾਂ ਕਾਲ ਕਰੋ !
Medicare Annual Enrollment Period: Oct. 15 - Dec. 7
Call: 510-459-7537
Bhupinder Singh Dev
bdev_99@yahoo.com
Lic# 0F86916
MEHAR INSURANCE

Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
17 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਯੂਬਾ ਸਿਟੀ ਨਗਰ ਕੀਰਤਨ ਦੌਰਾਨ ਧਾਰਮਿਕ ਦੀਵਾਨ ਸਜਾਏ

## ਨਗਰ ਕੀਰਤਨ ਵਿਚ ਇਕ ਲੱਖ ਤੋਂ ਵੱਧ ਸੰਗਤਾਂ ਨੇ ਕੀਤੀ ਸ਼ਮੂਲੀਅਤ

**ਯੂਬਾ ਸਿਟੀ:** ਇੱਥੇ ਐਤਕਾਂ 44ਵਾਂ ਨਗਰ ਕੀਰਤਨ ਅਤੇ ਧਾਰਮਿਕ ਦੀਵਾਨ ਸਜਾਏ ਗਏ, ਇਹ ਧਾਰਮਿਕ ਸਮਾਗਮ ਲਗਭਗ ਇਕ ਹਫਤਾ ਪਹਿਲਾਂ ਸ਼ੁਰੂ ਹੋਏ ਸਨ ਤੇ ਅੰਤ ਨਗਰ ਕੀਰਤਨ ਦੇ ਨਾਲ ਸਮਾਪਤ ਹੋ ਗਿਆ। ਇਨ੍ਹਾਂ ਧਾਰਮਿਕ ਦੀਵਾਨਾਂ ਵਿਚ ਕੀਰਤਨੀ ਜਥੇ, ਕਵੀਸ਼ਰ, ਰਾਗੀ, ਢਾਡੀ ਤੇ ਪ੍ਰਚਾਰਕਾਂ ਨੇ ਗੁਰੂ ਘਰ ਨਾਲ ਜੋੜੀ ਰੱਖਿਆ ਜਿਨ੍ਹਾਂ ਵਿਚ ਭਾਈ ਰਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਿਮਰਨਜੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪਾਲ ਸਿੰਘ ਜੀ ਕਥਾਵਾਚਕ ਫਤਿਹਗੜ੍ਹ ਸਾਹਿਬ ਵਾਲੇ, ਭਾਈ ਮਹਿਲ ਸਿੰਘ ਜੀ ਕਵੀਸ਼ਰ ਜੱਥਾ ਚੰਡੀਗੜ੍ਹ ਵਾਲੇ, ਭਾਈ ਸੁਖਵਿੰਦਰ ਸਿੰਘ ਅਨਮੋਲ ਢਾਡੀ ਜੱਥਾ, ਭਾਈ ਬਿਕਰਮ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਯੂਬਾ ਸਿਟੀ ਅਤੇ ਭਾਈ ਉਮੇਸ਼ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਯੂਬਾ ਸਿਟੀ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਤੇ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸ਼ੁਕਰਵਾਰ ਨੂੰ ਆਤਿਸ਼ਬਾਜ਼ੀ ਕੀਤੀ ਗਈ, ਸ੍ਰੀ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਬਦਲੇ ਗਏ ਤੇ ਰੈਣ ਸਬਾਈ ਕੀਰਤਨ ਹੋਇਆ।




ਨਗਰ ਕੀਰਤਨ ਤੋਂ ਪਹਿਲਾਂ ਸ਼ਨਿਚਰਵਾਰ ਦੀ ਰਾਤ ਨੂੰ ਜਿੱਥੇ ਅਮਰੀਕਨ ਆਫੀਸ਼ੀਅਲਜ਼ ਨੇ ਆਪਣੇ ਵਿਚਾਰ ਰੱਖੇ ਉੱਥੇ ਸਿੱਖ ਭਾਈਚਾਰੇ ਦੇ ਆਗੂਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ, ਜਿਸ ਵਿਚ ਭਾਰਤ ਸਰਕਾਰ ਨਾਲ ਸਿੱਖਾਂ ਨੂੰ ਦੂਜੇ ਦਰਜੇ ਦੇ ਸਿਟੀਜ਼ਨ ਦਾ ਦਰਜਾ ਦੇਣ 'ਤੇ ਰੋਸ ਪ੍ਰਗਟ ਕੀਤਾ ਗਿਆ, ਇਥੇ ਵਿਸ਼ੇਸ ਤੌਰ 'ਤੇ ਹਰਦੀਪ ਸਿੰਘ ਨਿੱਝਰ ਦਾ ਜ਼ਿਕਰ ਵੀ ਹੋਇਆ। ਇਸ ਤੋਂ ਇਲਾਵਾ ਵੱਖ-ਵੱਖ ਸ਼ਖ਼ਸੀਅਤਾਂ ਨੂੰ ਉਨ੍ਹਾਂ ਦੇ ਧਾਰਮਿਕ ਤੇ ਸਮਾਜਿਕ ਕੰਮਾਂ ਪ੍ਰਤੀ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਗੁਰੂ ਘਰ ਦੇ ਪ੍ਰਧਾਨ ਸ. ਸਰਬਜੀਤ ਸਿੰਘ ਥਿਆੜਾ ਨੇ ਵੱਖ-ਵੱਖ ਰਾਗੀ ਸਿੰਘਾਂ, ਕਵੀਸ਼ਰਾਂ ਤੇ ਢਾਡੀਆਂ ਦਾ ਸੋਨੇ ਦੀਆਂ ਚੈਨੀਆਂ ਨਾਲ ਆਪਣੇ ਨਿਵਾਸ 'ਤੇ ਸਨਮਾਨ ਵੀ ਕੀਤਾ। ਰਾਤ ਦੇ ਦੀਵਾਨਾਂ ਵਿਚ ਡਾ. ਪ੍ਰਿਤਪਾਲ ਸਿੰਘ, ਡਾ. ਅਮਰਜੀਤ ਸਿੰਘ, ਗੁਰੂ ਘਰ ਦੇ ਪ੍ਰਧਾਨ ਸਰਬਜੀਤ ਸਿੰਘ ਥਿਆੜਾ, ਸੈਕਟਰੀ ਤਜਿੰਦਰ ਸਿੰਘ ਦੁਸਾਂਝ ਅਤੇ ਹੋਰਨਾਂ ਬੁਲਾਰਿਆਂ ਨੇ ਸੰਗਤਾਂ ਨੂੰ ਸੰਬੋਧਨ ਵੀ ਕੀਤਾ। ਨਗਰ ਕੀਰਤਨ ਵਾਲੇ ਦਿਨ ਸਵੇਰ ਦੇ ਦੀਵਾਨਾਂ ਵਿਚ ਵੱਖ-ਵੱਖ ਬੁਲਾਰਿਆਂ ਰਾਗੀ-ਢਾਡੀ ਤੇ ਕਵੀਸ਼ਰਾਂ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਅਤੇ ਇਸ ਮੌਕੇ ਜਸਮੀਤ ਕੌਰ ਬੈਂਸ ਅਸੈਂਬਲੀ ਵਿਮੈੱਨ ਕੈਲੀਫੋਰਨੀਆ ਨੇ 1984 ਦੇ ਨਸਲਕੁਸ਼ੀ ਦੇ ਅਸੈਂਬਲੀ 'ਚ ਪਾਏ ਮਤੇ ਨੂੰ ਗੁਰਦੁਆਰੇ ਦੀ ਕਮੇਟੀ ਨੂੰ ਸੌਂਪਿਆ। ਇਸ ਦੌਰਾਨ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਜਸਮੀਤ ਕੌਰ ਬੈਂਸ ਨੂੰ ਪਲੇਕ ਦੇ ਕੇ ਸਨਮਾਨਿਤ ਵੀ ਕੀਤਾ।

ਬੀਬੀ ਜਸਮੀਤ ਕੌਰ ਬੈਂਸ ਅਸੈਂਬਲੀ ਵਿਮੈੱਨ ਕੈਲੀਫੋਰਨੀਆ ਨੇ 1984 ਦੇ ਨਸਲਕੁਸ਼ੀ ਦੇ ਸੰਬੰਧ ਵਿਚ ਵਿਚਾਰ ਰੱਖੇ ਤੇ ਹਮੇਸ਼ਾ ਸਿੱਖ ਕੌਮ ਦੀਆਂ ਮੁਸ਼ਕਲਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਵਾਅਦਾ ਵੀ ਕੀਤਾ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਆਪਣੇ ਭਾਈਚਾਰੇ ਨਾਲ ਖੜ੍ਹੇ ਰਹਿਣਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਕ ਵੱਡੇ ਸੁੰਦਰ ਫਲੋਟ ਵਿਚ ਸਜਾ ਕੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਕੱਢਿਆ ਗਿਆ।



ਇਸ ਦੌਰਾਨ ਸਕਿਉਰਿਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ ਜਿਸ ਵਿਚ ਸ਼ੈਰਿਫ, ਪ੍ਰਾਈਵੇਟ ਸਕਿਉਰਿਟੀ ਵਾਲੰਟੀਅਰ ਆਦਿ ਸ਼ਾਮਿਲ ਸਨ।

ਦੂਸਰੇ ਭਾਈਚਾਰਿਆਂ ਦੇ ਲੋਕ ਵੀ ਇਸ ਨਗਰ ਕੀਰਤਨ ਵਿਚ ਸ਼ਾਮਲ ਹੋਏ, ਜਿਨ੍ਹਾਂ ਵਿਚ ਗੋਰੇ-ਕਾਲੇ, ਚੀਨੇ, ਫਿਲਪੀਨਜ਼ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਸੈਂਕੜੇ ਤਰ੍ਹਾਂ ਦੇ ਲੰਗਰਾਂ ਦਾ ਸੰਗਤਾਂ ਨੇ ਸਵਾਦ ਚੱਖਿਆ। ਨਗਰ ਕੀਰਤਨ ਵਿਚ ਇਕ ਲੱਖ ਤੋਂ ਵੱਧ ਸੰਗਤਾਂ ਨੇ ਸ਼ਮੂਲੀਅਤ ਕੀਤੀ ਜੋ ਕਿ ਪਿਛਲੇ ਸਾਲ ਨਾਲੋਂ ਅਧਿਕ ਸੀ।

ਨਗਰ ਕੀਰਤਨ ਵਿਚ 2020 ਰੈਫਰੈਂਡਮ ਜੋ ਕਿ 28 ਨਵੰਬਰ ਨੂੰ ਸਾਂਨ ਫਰਾਂਸਿਸਕੋ ਵਿਚ ਹੋਣ ਜਾ ਰਿਹਾ ਹੈ, ਦਾ ਬੋਲਬਾਲਾ ਰਿਹਾ। ਇਸ ਤੋਂ ਇਲਾਵਾ ਵੱਡੇ ਵੱਡੇ ਡਿਸਪਲੇਅ ਦੇਖੇ ਗਏ ਜੋ ਕਿ ਅਮਰੀਕਾ ਵਿਚ ਪਹਿਲੀ ਵਾਰ ਲਗਾਏ ਗਏ ਸਨ। ਨਗਰ ਕੀਰਤਨ ਦੇ ਮੁੱਖ ਫਲੋਟ ਤੋਂ ਬਗੈਰ ਬਾਕੀ ਵੱਖ-ਵੱਖ ਫਲੋਟਾਂ ਵਿਚ ਸ੍ਰੀ ਦਰਬਾਰ ਸਾਹਿਬ, 1984 ਦੇ ਕਤਲੇਆਮ ਸਿੱਖ ਏਡਜ਼ ਅਮਰੀਕਾ, ਵਰਲਡ ਸਿੱਖ ਫੈਡਰੇਸ਼ਨ ਅਮਰੀਕਾ, ਸਿੱਖ ਕੌਂਸਲ, ਸਰਦਾਰ ਹਰੀ ਸਿੰਘ ਨਲੂਆ, ਸਿੱਖ ਕੋਲੀਸ਼ਨ ਸਿੱਖ ਨਸਲਕੁਸ਼ੀ ਦੇ ਫਲੋਟਾਂ ਤੋਂ ਬਗੈਰ ਸਟਾਲ ਵੀ ਲਗਾਏ ਹੋਏ ਸਨ ਦੂਸਰੇ ਪਾਸੇ ਸਿੱਖਾਂ ਵੱਲੋਂ ਵੱਖ ਵੱਖ ਤਰ੍ਹਾਂ ਦੇ ਆਰੰਭੇ ਗਏ ਪ੍ਰੋਜੈਕਟਾਂ ਬਾਰੇ ਦਾਨ ਮੰਗਣ ਵਾਲਿਆਂ ਦੀ ਵੀ ਗਿਣਤੀ ਘੱਟ ਨਹੀਂ ਸੀ। ਬਾਅਦ ਦੁਪਹਿਰ ਕੁਝ ਸਿਰ-ਫਿਰਿਆਂ ਵੱਲੋਂ ਆਪਸ ਵਿਚ ਝਗੜਾ ਵੀ ਕੀਤਾ ਗਿਆ। ਇਸ ਦੌਰਾਨ ਤੁਰੰਤ ਕਾਰਵਾਈ ਕਰਦਿਆਂ ਇਸ ਝਗੜੇ ਨੂੰ ਵਧਣ ਤੋਂ ਰੋਕ ਦਿੱਤਾ, ਪਰ ਇਨ੍ਹਾਂ ਸ਼ਰਾਰਤੀ ਤੱਤਾਂ ਪ੍ਰਤੀ ਸੰਗਤ ਵਿਚ ਡ੍ਹਾਢਾ ਗੁੱਸਾ ਸੀ। ਸੰਗਤ ਵਿਚੋਂ ਕੁਝ ਸੂਝਵਾਨ ਲੋਕਾਂ ਨੇ ਇਸ ਗੱਲ ਦੀ ਮੰਗ ਨੂੰ ਦੁਹਰਾਇਆ ਕਿ ਗੁਰਦੁਆਰਾ ਸਾਹਿਬ ਨੂੰ ਜਾਣ ਵਾਲੀ ਜਿਹੜੀ ਸੜਕ ਹੈ, ਉਸਦਾ ਗੁਰਦੁਆਰਾ ਸਾਹਿਬ ਦੇ ਨਾਂ 'ਤੇ ਨਾਂ ਰੱਖਿਆ ਜਾਵੇ ਤੇ ਗੁਰਦੁਆਰਾ ਸਾਹਿਬ ਨੂੰ ਜਾਣ ਵਾਲੀ ਸੜਕ ਚਾਰ-ਮਾਰਗੀ ਬਣਾਈ ਜਾਵੇ ਤਾਂ ਜੋ ਨਗਰ ਕੀਰਤਨ ਦੌਰਾਨ ਸੰਗਤ ਨੂੰ ਆਉਣ-ਜਾਣ ਦੀ ਤਕਲੀਫ ਨਾ ਹੋਵੇ। ਸੰਗਤ ਵਿਚ ਇਹ ਵੀ ਖਿਆਲ ਰੱਖਿਆ ਗਿਆ ਕਿ ਹਰ ਸਾਲ ਗੁਰੂ ਘਰ ਵਿਚ ਮਤੇ ਪਾਏ ਜਾਣ ਤੇ ਉਹ ਸਾਰਾ ਸਾਲ ਉਨ੍ਹਾਂ ਮਤਿਆਂ 'ਤੇ ਕੰਮ ਹੋਵੇ ਬੇਸ਼ਰਤੇ ਸਿਰਫ ਨਗਰ ਕੀਰਤਨ 'ਤੇ ਲੰਗਰਾਂ ਦਾ ਹੀ ਪ੍ਰਬੰਧ ਨਾ ਹੋਵੇ।

*- ਹੁਸਨ ਲੜੋਆ ਬੰਗਾ*

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਬੰਦੀ ਛੋੜ ਦਿਵਸ ਅਤੇ ਦੀਵਾਲੀ 'ਤੇ ਵਿਸ਼ੇਸ਼ ਸਮਾਗਮ

## 'ਦੀਪਮਾਲਾ ਅਤੇ ਆਤਿਸ਼ਬਾਜ਼ੀ ਵੀ ਹੋਈ'

**ਫਰਿਜ਼ਨੋ:** ਦਮਦਮੀ ਟਕਸਾਲ ਜਥਾ ਭਿੰਡਰਾ ਦੀ ਰਹਿਨੁਮਾਈ ਅਧੀਨ ਚਲਾਏ ਜਾ ਰਹੇ "ਗੁਰਦੁਆਰਾ ਗੁਰ ਨਾਨਕ ਪ੍ਰਕਾਸ਼" ਫਰਿਜ਼ਨੋ, ਕੈਲੇਫੋਰਨੀਆ ਵਿਖੇ ਬੰਦੀ ਛੋੜ ਦਿਵਸ ਅਤੇ ਦੀਵਾਲੀ ਨੂੰ ਮਨਾਉਂਦੇ ਹੋਏ ਵੱਡੇ ਪੱਧਰ 'ਤੇ ਵਿਸ਼ੇਸ਼ ਸਮਾਗਮ ਕਰਵਾਏ ਗਏ। ਗੁਰੂ ਘਰ ਵਿਚ ਅਖੰਡ ਪਾਠਾਂ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ, ਜਿਨ੍ਹਾਂ ਵਿਚ ਗੁਰੂਘਰ ਦੇ ਕੀਰਤਨੀਏ ਜਥੇ ਤੋਂ ਇਲਾਵਾ ਹੋਰ ਜਥਿਆਂ ਨੇ ਵੀ ਹਾਜ਼ਰੀ ਭਰੀ।

ਇਸ ਸਮੇਂ ਕਥਾ ਕਰਦੇ ਹੋਏ ਭਾਈ ਸਾਹਿਬ ਨੇ ਬੰਦੀ ਛੋੜ ਦਿਵਸ ਅਤੇ ਦੀਵਾਲੀ ਦੇ ਇਤਿਹਾਸ ਬਾਰੇ ਕਥਾ-ਵਿਚਾਰਾਂ ਰਾਹੀਂ ਜਾਣਕਾਰੀ ਸਾਂਝੀ ਕੀਤੀ। ਇਸੇ ਤਰ੍ਹਾਂ ਹੋਰ ਗੁਰਸਿੱਖ ਬੁਲਾਰਿਆਂ ਅਤੇ ਸੰਗਤਾਂ ਨੇ ਧਾਰਮਿਕ ਵਿਚਾਰਾਂ ਦੀ ਸਾਂਝ ਪਾਈ।

ਗੁਰੂਘਰ ਵਿਚ ਇਸ ਦਿਨ ਦੀ ਵਿਸ਼ੇਸ਼ਤਾ ਨੂੰ ਮਨਾਉਂਦੇ ਹੋਏ ਲਾਈਟਾਂ ਅਤੇ ਦੀਵਿਆਂ ਨਾਲ ਦੀਪਮਾਲਾ ਕੀਤੀ ਗਈ। ਸੰਗਤਾਂ ਦੂਰ-ਦੁਰਾਡੇ ਤੋਂ ਪਹੁੰਚ ਇੱਥੇ ਮਠਿਆਈਆਂ ਦੇ ਪ੍ਰਸ਼ਾਦ ਲਿਆ, ਅਰਦਾਸਾਂ ਕਰ ਰਹੀਆਂ ਸਨ ਅਤੇ ਦੀਵੇ, ਮੋਮਬੱਤੀਆਂ ਆਦਿਕ ਜਗਾ ਰੋਸ਼ਨੀਆਂ ਦੇ ਤਿਓਹਾਰ ਨੂੰ ਹੋਰ ਰੋਸ਼ਨ ਕਰ ਰਹੀਆਂ ਸਨ। ਇਸੇ ਤਰ੍ਹਾਂ ਸੰਗਤਾਂ ਨੇ ਰਲ ਕੇ ਆਤਿਸ਼ਬਾਜ਼ੀ ਵੀ ਕੀਤੀ, ਜਿਸ ਦੌਰਾਨ ਵੱਡੇ ਪੱਧਰ 'ਤੇ ਪਟਾਕੇ, ਫੁਲਝੜੀਆਂ ਆਦਿਕ ਵੀ ਚਲਾਏ ਗਏ। ਇਸ ਸਮੇਂ ਪਟਾਕਿਆਂ ਦੀ ਗੂੰਜ ਅਤੇ ਆਤਿਸ਼ਬਾਜ਼ੀ ਦੇ ਰੰਗਾਂ ਨਾਲ ਟਿਮਟਮਾਉਂਦੇ ਅਸਮਾਨ ਦਾ ਸੰਗਤਾਂ ਨੇ ਰੱਜ ਕੇ ਅਨੰਦ ਮਾਣਿਆ।

ਗੁਰੂਘਰ ਅੰਦਰ ਲੱਗੇ ਬਹੁ-ਭਾਂਤੀ ਖਾਣਿਆਂ ਦੇ ਸਟਾਲ ਵੀ ਸਭ ਲਈ ਖਿੱਚ ਦਾ ਕੇਂਦਰ ਰਹੇ। ਗੁਰੂਘਰ ਵਿਚ ਹਜ਼ਾਰਾਂ ਸੰਗਤਾਂ ਦਾ ਇਕੱਠ ਪੰਜਾਬੀ ਭਾਈਚਾਰੇ ਅਤੇ ਗੁਰਸਿੱਖਾਂ ਦੀ ਚੜ੍ਹਦੀਕਲਾ ਦਾ ਸੁਨੇਹਾ ਦੇ ਰਿਹਾ ਸੀ। ਇਥੇ ਸੰਗਤਾਂ ਦਾ ਭਾਰੀ ਇਕੱਠ ਸੀ। ਜਿੱਥੇ ਵੱਖ-ਵੱਖ ਤਰ੍ਹਾਂ ਦੇ ਸੁਆਦਿਸ਼ਟ ਲੰਗਰ ਲੱਗੇ ਹੋਏ ਸਨ। ਚੱਲ ਰਹੇ ਇਹ ਸਮਾਗਮ ਅੰਤ ਸਰਬੱਤ





ਦੇ ਭਲੇ ਦੀ ਅਰਦਾਸ ਨਾਲ ਯਾਦਗਾਰੀ ਹੋ ਨਿੱਬੜੇ।

*-ਰਿਪੋਰਟ: ਕੁਲਵੰਤ ਧਾਲੀਆਂ/ ਨੀਟਾ ਮਾਛੀਕੇ*

# ਫਰਿਜ਼ਨੋ ਵਿੱਚ 'ਮਹਿਫਲ-ਏ-ਦੀਵਾਲੀ' ਦੌਰਾਨ ਲੱਗੀਆਂ ਰੌਣਕਾਂ

**ਫਰਿਜ਼ਨੋ:** ਭਾਰਤੀ ਸੱਭਿਆਚਾਰ ਵੱਖ-ਵੱਖ ਰਸਮਾਂ ਅਤੇ ਤਿਓਹਾਰਾਂ ਨਾਲ ਭਰਿਆ ਪਿਆ ਹੈ ਅਤੇ ਇੱਥੋਂ ਦੇ ਜਨਮੇ ਲੋਕਾਂ ਨੂੰ ਬਹਾਨਾ ਚਾਹੀਦਾ ਹੁੰਦਾ ਹੈ ਕਿ ਇਨ੍ਹਾਂ ਨੂੰ ਕਿਵੇਂ ਰਲ ਕੇ ਮਨਾਇਆ ਜਾਵੇ। ਦੀਵਾਲੀ ਦਾ ਤਿਉਹਾਰ ਵੀ ਅਜਿਹਾ ਹੀ ਖਾਸ ਤਿਓਹਾਰ ਹੈ ਜਿਸ ਨੂੰ ਹਰ ਕੋਈ ਆਪੋ-ਆਪਣੇ ਤਰੀਕੇ ਅਤੇ ਵਿਸ਼ਵਾਸ ਅਨੁਸਾਰ



ਮਨਾਉਂਦਾ ਹੈ। ਕੁਝ ਲੋਕ ਆਪਣੇ ਧਰਮ ਅਸਥਾਨਾਂ 'ਤੇ ਜਾ ਕੇ ਮਨਾਉਂਦੇ ਹਨ ਅਤੇ ਕੁਝ ਇਨ੍ਹਾਂ ਹੀ ਤਿਉਹਾਰਾਂ ਨੂੰ ਆਪਣੇ ਮਨੋਰੰਜਨ ਵਜੋਂ ਮਨਾਉਂਦੇ ਹਨ।

ਬੀਤੇ ਦਿਨੀਂ ਕੁਝ ਖਾਸ ਸਾਹਿਤਕ ਅਤੇ ਸੰਗੀਤਕ ਹਸਤੀਆਂ ਨੇ ਰਲ ਕੇ ਗਾਇਕ ਗੌਗੀ ਸੰਧੂ ਦੇ ਉੱਦਮ ਸਦਕਾ "ਮਹਿਫਲ-ਏ-ਦੀਵਾਲੀ" ਦਾ ਆਗਾਜ਼ ਕੀਤਾ। ਇਸ ਪ੍ਰੋਗਰਾਮ ਦੀ ਖ਼ਾਸੀਅਤ ਇਹ ਸੀ ਕਿ ਇਹ ਪ੍ਰੋਗਰਾਮ ਪਹਿਲੀ ਵਾਰ ਗਾਇਕਾਂ ਦੁਆਰਾ, ਗਾਇਕਾਂ ਦੇ ਸਨਮਾਨ ਹਿੱਤ ਰੱਖਿਆ ਗਿਆ ਸੀ। ਇਸ ਵਿਚ ਸ਼ਾਮਲ ਛੋਟੀ ਉਮਰ ਤੋਂ ਲੈ ਕੇ ਵੱਡੀ ਉਮਰ ਤੱਕ ਦੇ ਕਲਾਕਾਰ ਸ਼ਾਮਲ ਸਨ, ਜਿਨ੍ਹਾਂ ਨੇ ਆਪੋ-ਆਪਣੇ ਅੰਦਾਜ਼ ਵਿਚ ਬਾ-ਕਮਾਲ ਗਾਇਆ। ਇਸ ਤੋਂ ਇਲਾਵਾ ਦੋਗਾਣਾ ਜੋੜੀਆਂ ਨੇ ਵੀ ਗਾ ਕੇ ਮਾਹੌਲ ਨੂੰ ਰੰਗੀਨ ਬਣਾਇਆ। ਇਸ ਮਹਿਫਲ ਵਿਚ ਹਾਜ਼ਰੀਨ ਕਲਾਕਾਰਾਂ ਨੇ ਆਪਣੀ ਗਾਇਕੀ ਦੇ ਨਾਲ-ਨਾਲ ਪੰਜਾਬੀ ਅਤੇ ਹਿੰਦੀ ਵਿਚ ਗਾ ਕੇ ਸਭ ਨੂੰ ਨੱਚਣ ਲਾਈ ਰੱਖਿਆ।


ਇਸ ਸਮੇਂ ਕਲਾਕਾਰਾਂ ਦੀ ਮਹਿਫਲ ਵਿਚ ਪੂਨਮ ਮਲਹੋਤਰਾ, ਜੂਨੀਅਰ ਕਿਸ਼ੋਰ, ਮੀਮੀ ਗਰਿਨ, ਜੋਤੀ ਸਿੰਘ, ਜਸਵੰਤ ਜੱਸੀ, ਮਲਿਕ ਅਵਾਨ, ਮਨਪ੍ਰੀਤ ਕੌਰ, ਅਰਸ ਖ਼ਾਨ, ਅਮਰ ਸੱਭਰਵਾਲ, ਕਮਲ ਸੰਬਰਵਾਈ, ਟਰੀਸ਼ਾ, ਸੁੱਖ, ਦਿਲਜੀਤ ਅਤੇ ਮਾਸਟਰ ਲੈਡਿਨ ਆਦਿ ਨੇ ਰੌਣਕਾਂ ਲਾਈਆਂ।

ਮਹਿਫਲ ਦੀ ਸਮਾਪਤੀ 'ਤੇ ਮੁੱਖ ਪ੍ਰਬੰਧਕ ਗੌਗੀ ਸੰਧੂ ਅਤੇ ਰਾਣੀ ਸੰਧੂ ਵੱਲੋਂ ਰਾਤਰੀ ਦੇ ਸੁਆਦਿਸ਼ਟ ਖਾਣੇ ਦੇ ਨਾਲ-ਨਾਲ ਸਭ ਨੂੰ ਦੀਵਾਲੀ ਦੀਆਂ ਮਠਿਆਈਆਂ ਦੇ ਡੱਬੇ ਦੇ ਕੇ ਨਿਵਾਜਿਆ ਗਿਆ। ਅੰਤ ਗਾਉਂਦੇ, ਹੱਸਦੇ ਖੇਡਦੇ ਅਤੇ ਨੱਚਦੇ ਮਹਿਫਲ ਯਾਦਗਾਰੀ ਹੋ ਨਿੱਬੜੀ।

-ਕੁਲਵੰਤ ਧਾਲੀਆਂ/ ਨੀਟਾ ਮਾਛੀਕੇ

# MEDICARE ਸੇਵਾਵਾਂ

New to Medicare?
Let's talk




ਜੇਕਰ ਤੁਸੀਂ 65 ਸਾਲ ਦੇ ਹੋਣ ਵਾਲੇ ਹੋ ਅਤੇ ਮੈਡੀਕੇਅਰ ਬਾਰੇ ਵਧੇਰੇ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਮੇਰੇ ਨਾਲ ਸੰਪਰਕ ਕਰੋ

* ਪੈਨਲਟੀ ਤੋਂ ਬਚਣ ਲਈ ਤੁਸੀਂ 65 ਸਾਲ ਦੇ ਹੋਣ ਤੋਂ 3 ਮਹੀਨੇ ਪਹਿਲਾਂ ਅਪਲਾਈ ਕਰ ਸਕਦੇ ਹੋ
* ਤੁਹਾਡੇ ਕੋਲ ਮੈਡੀਕੇਅਰ/ਮੈਡੀਕੇਡ ਉਪਲਬਧ ਹੈ
* ਤੁਸੀਂ 65 ਸਾਲ ਦੇ ਹੋ ਅਤੇ ਆਪਣੇ ਐਂਪਲਾਇਰ ਬੈਨੇਫਿਟਸ ਛੱਡ ਰਹੇ ਹੋ।

ਅਗਰ ਤੁਸੀਂ ਆਪਣੇ ਪਲੈਨ ਵਿਚ ਕੋਈ ਵੀ ਤਬਦੀਲੀ ਕਰਨਾ ਚਾਹੁੰਦੇ ਹੋ ਤਾਂ ਸਾਲਾਨਾ
Enrollment Period
15 ਅਕਤੂਬਰ ਤੋਂ 7 ਦਸੰਬਰ ਤੱਕ ਹੈ

**Sukhvir Toor**
(Licensed Independent Agent)
E-mail: medicarehelp9@gmail.com
Phone: (510) 709-5128


# ਅਮਰੀਕੀ ਸਿੱਖ ਜਗ ਬੈਂਸ ਨੇ 'ਬਿੱਗ ਬ੍ਰਦਰ' ਜਿੱਤ ਕੇ ਇਤਿਹਾਸ ਰਚਿਆ

**ਲਾਸ ਏਂਜਲਸ**: ਵਾਸ਼ਿੰਗਟਨ ਦੇ ਇੱਕ ਕਾਰੋਬਾਰੀ ਅਤੇ ਟਰੱਕ ਕੰਪਨੀ ਦੇ ਮਾਲਕ ਜਗ ਬੈਂਸ ਨੇ ਰਿਐਲਿਟੀ ਸ਼ੋਅ 'ਬਿੱਗ ਬ੍ਰਦਰਜ਼' ਜਿੱਤਣ ਵਾਲਾ ਪਹਿਲਾ ਸਿੱਖ-ਅਮਰੀਕੀ ਬਣ ਕੇ ਇਤਿਹਾਸ ਰਚਿਆ। ਬੈਂਸ (25) ਨੇ ਪੇਸ਼ੇਵਰ ਤੈਰਾਕ ਮੈਟ ਕਲਾਟਜ਼ ਅਤੇ ਡੀਜੇ ਬੋਵਈ ਜੇਨ ਨੂੰ ਹਰਾ ਕੇ 100 ਰੋਜ਼ਾ ਪ੍ਰੋਗਰਾਮ ਵਿਚ ਸਿਖਰਲਾ ਸਥਾਨ ਹਾਸਲ ਕੀਤਾ। ਜਗ ਬੈਂਸ ਅਮਰੀਕਾ ਵਿਚ 'ਬਿੱਗ ਬ੍ਰਦਰਜ਼' ਹਾਊਸ ਵਿਚ ਪੁੱਜਣ ਵਾਲਾ ਪਹਿਲਾ ਸਿੱਖ-ਅਮਰੀਕੀ ਸੀ ਅਤੇ ਹੁਣ ਉਹ ਕੌਮਾਂਤਰੀ ਰਿਐਲਿਟੀ ਸੀਰੀਜ਼ ਦੇ 25ਵੇਂ ਸੀਜ਼ਨ ਵਿਚ ਅਮਰੀਕੀ ਸੰਸਕਰਣ ਵਿਚ ਜਿੱਤ ਹਾਸਲ ਕਰਨ ਵਾਲਾ ਪਹਿਲਾ ਸਿੱਖ-ਅਮਰੀਕੀ ਬਣ ਗਿਆ ਹੈ।

'ਬਿੱਗ ਬ੍ਰਦਰਜ਼' ਨੇ ਸੋਸ਼ਲ ਮੀਡੀਆ ਮੰਚ ਐਕਸ 'ਤੇ ਆਪਣੇ ਅਧਿਕਾਰਕ ਹੈਂਡਲ 'ਤੇ ਪ੍ਰੋਗਰਾਮ ਦੇ ਨਤੀਜਿਆਂ ਦਾ ਐਲਾਨ ਕੀਤਾ। ਜਗ ਬੈਂਸ ਨੂੰ 7,50,000 ਅਮਰੀਕੀ ਡਾਲਰ ਦੀ ਪੁਰਸਕਾਰ ਰਾਸ਼ੀ ਮਿਲੇਗੀ। ਬੈਂਸ ਨੇ ਪ੍ਰੋਗਰਾਮ ਦੇ ਅਖ਼ੀਰ ਵਿਚ ਮੇਜ਼ਬਾਨ ਜੂਲੀ ਚੇਨ-ਮੂਨਵੇਜ਼ ਨੂੰ ਕਿਹਾ, "ਅਤੇ ਇਹ ਸੀਜ਼ਨ ਸਾਡੇ ਨਾਮ!! ਸਾਡੇ ਬੀਬੀ25 ਹਾਊਸ ਗੈਸਟਜ਼ ਨੂੰ ਵਧਾਈ ਅਤੇ ਧੰਨਵਾਦ।" ਜਗ ਬੈਂਸ ਹੁਣ 'ਬਿੱਗ ਬ੍ਰਦਰਜ਼' ਦੇ ਅਮਰੀਕੀ ਸੰਸਕਰਣ ਵਿਚ ਇਤਿਹਾਸ ਰਚਣ ਵਾਲਾ ਲਗਾਤਾਰ ਤੀਜਾ ਜੇਤੂ ਹੈ। ਇਸ ਤੋਂ ਪਹਿਲਾਂ 2021 ਵਿਚ ਜ਼ੇਵੀਅਰ ਪ੍ਰਾਥਰ ਪ੍ਰੋਗਰਾਮ ਵਿਚ ਜਿੱਤ ਹਾਸਲ ਕਰਨ ਵਾਲਾ ਪਹਿਲਾ ਸਿਆਹਫਾਮ ਵਿਅਕਤੀ ਸੀ, ਜਦਕਿ ਪਿਛਲੇ ਸਾਲ ਟੇਲਰ ਹੇਲ ਸ਼ੋਅ ਜਿੱਤਣ ਵਾਲੀ ਪਹਿਲੀ ਸਿਆਹਫਾਮ ਮਹਿਲਾ ਬਣੀ ਸੀ।



ਜੱਗ ਬੈਂਸ ਨੇ ਆਪਣੀ ਜਿੱਤ ਤੋਂ ਪਹਿਲਾਂ ਜੱਜਾਂ ਨੂੰ ਸੰਬੋਧਨ ਜੁੰਦਿਆਂ ਕਿਹਾ, "ਮੈਂ ਇਸ ਘਰ ਵਿਚ ਸਭ ਤੋਂ ਪ੍ਰਭਾਵਸ਼ਾਲੀ, ਨਿਪੁੰਨ, ਰਣਨੀਤਕ ਖਿਡਾਰੀ ਹਾਂ। ਮੈਂ ਸਿਰਫ਼ ਜਿੱਤਣ ਦਾ ਹਏਕਦਾਰ ਹੀ ਨਹੀਂ, ਮੈਂ ਇਹ ਜਿੱਤ ਹਾਸਲ ਕੀਤੀ ਹੈ।" ਆਪਣੀ ਜਿੱਤ ਮਗਰੋਂ ਉਸ ਨੇ ਕਿਹਾ ਕਿ ਉਹ ਦੁਨੀਆਂ ਦੇ ਸਿਖਰ 'ਤੇ ਮਹਿਸੂਸ ਕਰ ਰਿਹਾ ਹੈ ਅਤੇ ਇਹ ਉਸ ਦੇ ਜੀਵਨ ਦਾ ਸਭ ਤੋਂ ਮਹਾਨ ਅਨੁਭਵ ਰਿਹਾ ਹੈ।

# Matrimonials

## ਲੜਕੀ ਦੀ ਲੋੜ ਹੈ

Ramgharia Sikh boy 5'8" 1992 born, MEng Western University Canada, Working as Senior Software Engineer in Toronto Canada, Looking for a girl in similar profession living in Canada or US. Email: **dev.kirat@gmail.com** Ph +1 (313) 718-0178
45-48

---

Sikh Ahluwalia family looking for a Gursikh girl with educated background for their 36, 5' 8" son. Qualification BTech IT and PG in software development. Working as an IT professional in New York based company. He is turbaned Gursikh boy having faith in Guru Granth Sahib ji. Current location- Hartford CT. Please contact us at Whatsapp 91-8860131363 or Email @ richiewalia@gmail.com
45-48

---

ਗੁਰਸਿੱਖ ਪਰਿਵਾਰ ਨਾਲ ਸਬੰਧਤ ਅੰਮ੍ਰਿਤਧਾਰੀ ਲੜਕਾ, ਉਮਰ 36 ਸਾਲ, ਕੱਦ 5 ਫੁੱਟ 11 ਇੰਚ, Software Manager (San Francisco, CA, USA), ਵੈਜੀਟੇਰੀਅਨ, San Francisco Bay Area ਵਿੱਚ ਆਪਣਾ ਘਰ, ਤਲਾਕਸ਼ੁਦਾ (ਵਿਆਹ ਤੋਂ 4 ਮਹੀਨੇ ਬਾਅਦ) ਲਈ ਪੜ੍ਹੀ-ਲਿਖੀ, ਅੰਮ੍ਰਿਤਧਾਰੀ, ਵੈਜੀਟੇਰੀਅਨ, ਕੇਸਕੀ/ਦਸਤਾਰਧਾਰੀ (or willing to wear) ਲੜਕੀ ਦੀ ਲੋੜ ਹੈ। ਯੂ ਐਸ ਏ ਜਾਂ ਕੈਨੇਡਾ ਰਹਿ ਰਹੀ ਲੜਕੀ ਨੂੰ ਪਹਿਲ। ਜਾਤਪਾਤ ਦਾ ਕੋਈ ਬੰਧਨ ਨਹੀਂ। ਆਪਣਾ ਬਾਇਓਡੇਟਾ ਅਤੇ ਤਸਵੀਰ singhmat001@gmail.com 'ਤੇ ਈਮੇਲ ਕਰੋ ਜਾਂ +91-98993-79442 'ਤੇ ਵਟਸਐਪ ਕਰੋ ਜਾਂ 1-510-281-7065 'ਤੇ ਫੋਨ ਕਰੋ।

---
40-43

Wanted suitable girl for Ivy League MBA Jatt Sikh divorced 40 years old 5'10" man settled in the Bay Area (California). Homeowner and working as a Sr Product Manager in big tech. Moved from Chandigarh (India) to the US 12 years ago. Looking in the US only. Caste no bar. dhillonravi1983@gmail.com or 408-859-5613.
36-39

---

U.S. Citizen, Jatt Sikh, Brar, Fresno, California Resident, Divorced Boy, 33 yrs, 6'-3" tall, Handsome, Pilot in American Airlines. Please email biodata and picture at: flykhush15@gmail.com or Contact: (559) 824-9028
36-39

## ਲੜਕੇ ਦੀ ਲੋੜ ਹੈ

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

---
41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949
39-42

---

Hindu/Sikh Nai family looking for a suitable match for their U.S. citizen daughter, 26 years, 5'6". She has completed Bachelors of Science and currently in her final dentistry year pursuing DMD degree. The whole family is settled here and are U.S. citizens. Please contact us at: 516-510-9744

---
39-42

Jat Sikh well educated and well settled family seeking suitable match for their September, 2001 US born 5'-4" daughter. Turban wearing keshadari boy and compatible humble family is preference but others will be considered. She has earned an AA degree in management and Supervision. She is currently employed as a Federal employee in the Bay Area (California). Contact ph:510-861-6491 or pgrrealty@gmail.com 36-39

Ramgarhia Sikh family looking for a suitable Ramgarhia Sikh Dhiman match for their beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact us at: manpreets1211@gmail.com 30-33

# ਬੰਦੀ ਸਿੰਘਾਂ ਦੀ ਰਿਹਾਈ ਲਈ ਇਕਜੁਟ ਹੋ ਕੇ ਹੰਭਲਾ ਮਾਰਨ ਦਾ ਸੱਦਾ



**ਅੰਮ੍ਰਿਤਸਰ:** ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਰਿਹਾਈ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਚਲਾਈ ਗਈ ਦਸਤਖ਼ਤ ਮੁਹਿੰਮ ਨੂੰ ਫਿਲਹਾਲ ਬੂਰ ਨਹੀਂ ਪਿਆ ਹੈ। ਸਿੱਖ ਸੰਸਥਾ ਦੀ ਇਸ ਮੁਹਿੰਮ ਤਹਿਤ ਦੇਸ਼-ਵਿਦੇਸ਼ 'ਚੋਂ ਲਗਭਗ 26 ਲੱਖ ਲੋਕਾਂ ਨੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਵਾਲੇ ਫਾਰਮ ਭਰੇ ਹਨ। ਸ਼੍ਰੋਮਣੀ ਕਮੇਟੀ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਵਾਲੇ ਇਹ ਫਾਰਮ ਰਾਸ਼ਟਰਪਤੀ ਨੂੰ ਭੇਜਣਾ ਚਾਹੁੰਦੀ ਹੈ ਤਾਂ ਕਿ ਉਨ੍ਹਾਂ ਵੱਲੋਂ ਮਾਮਲੇ 'ਚ ਅਗਲੇਰੀ ਕਾਰਵਾਈ ਕੀਤੀ ਜਾ ਸਕੇ ਕਿਉਂਕਿ ਸਰਕਾਰਾਂ ਵੱਲੋਂ ਇਸ ਸਬੰਧੀ ਹੁਣ ਤੱਕ ਸ਼੍ਰੋਮਣੀ ਕਮੇਟੀ ਦੀ ਕੋਈ ਸੁਣਵਾਈ ਨਹੀਂ ਕੀਤੀ ਗਈ।

ਦੱਸਣਯੋਗ ਹੈ ਕਿ ਮੁਹਿੰਮ ਦੀ ਸ਼ੁਰੂਆਤ ਵਿਚ ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਸਬੰਧੀ ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ ਤੇ ਦਿੱਲੀ ਤੇ ਕਰਨਾਟਕ ਦੇ ਮੁੱਖ ਮੰਤਰੀਆਂ ਸਣੇ ਹੋਰਨਾਂ ਨੂੰ ਵੀ ਪੱਤਰ ਭੇਜ ਕੇ ਮੁਲਾਕਾਤ ਲਈ ਸਮਾਂ ਮੰਗਿਆ ਸੀ, ਪਰ ਕਿਸੇ ਵੱਲੋਂ ਵੀ ਸਮਾਂ ਨਹੀਂ ਦਿੱਤਾ ਗਿਆ ਜਿਸ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਰੋਸ ਮਾਰਚਾਂ ਮਗਰੋਂ ਦਸਤਖ਼ਤ ਮੁਹਿੰਮ ਸ਼ੁਰੂ ਕੀਤੀ ਗਈ ਸੀ। ਸ਼੍ਰੋਮਣੀ ਕਮੇਟੀ ਵੱਲੋਂ ਜਨਰਲ ਇਜਲਾਸ ਦੌਰਾਨ ਇਸ ਮਾਮਲੇ ਸਬੰਧੀ ਵਿਸ਼ੇਸ਼ ਮਤਾ ਵੀ ਪਾਸ ਕੀਤਾ ਗਿਆ ਹੈ ਜਿਸ ਵਿਚ ਸਿੱਖ ਸੰਸਥਾ ਨੇ ਸਮੂਹ ਸਿੱਖ ਜਥੇਬੰਦੀਆਂ, ਸੰਤ ਸਮਾਜ, ਨਿਹੰਗ ਦਲਾਂ, ਧਾਰਮਿਕ ਸੰਸਥਾਵਾਂ ਅਤੇ ਸਾਰੀਆਂ ਸਿੱਖ ਸਿਆਸੀ ਧਿਰਾਂ ਨੂੰ ਅਪੀਲ ਕੀਤੀ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸਰਕਾਰਾਂ ਵਿਰੁੱਧ ਇਕਜੁੱਟ ਹੋ ਕੇ ਯਤਨ ਕੀਤੇ ਜਾਣ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਸੰਸਦ 'ਚ ਸਵੀਕਾਰ ਕਰ ਚੁੱਕੇ ਹਨ ਕਿ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਨਾ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਵੱਡੀ ਗਲਤੀ ਸੀ।

ਉਨ੍ਹਾਂ ਕਿਹਾ ਕਿ ਸਜਾਵਾਂ ਦੀ ਮਿਆਦ ਪੂਰੀ ਹੋਣ ਦੇ ਬਾਵਜੂਦ ਬੰਦੀ ਸਿੰਘ ਜੇਲ੍ਹਾਂ ਵਿਚ ਹਨ, ਜੋ ਸਿੱਖ ਕੌਮ ਨਾਲ ਬੇਇਨਸਾਫ਼ੀ ਦੇ ਨਾਲ-ਨਾਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵੀ ਹੈ। ਉਨ੍ਹਾਂ ਕਿਹਾ ਕਿ 2019 'ਚ ਸਰਕਾਰ ਨੇ ਬੰਦੀ ਸਿੰਘਾਂ ਦੀ ਰਿਹਾਈ ਦਾ ਐਲਾਨ ਤੇ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਪਰ ਅਫਸੋਸ ਕਿ ਸਰਕਾਰ ਫੈਸਲੇ 'ਤੇ ਕਾਇਮ ਨਹੀਂ ਰਹੀ। ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਲੋਕਾਂ ਦੇ ਦਸਤਖ਼ਤਾਂ ਵਾਲੇ ਲਗਭਗ 26 ਲੱਖ ਫਾਰਮ ਪੰਜਾਬ ਦੇ ਰਾਜਪਾਲ ਨੂੰ ਸੌਂਪੇ ਜਾਣੇ ਹਨ ਤਾਂ ਜੋ ਉਨ੍ਹਾਂ ਰਾਹੀਂ ਫਾਰਮ ਰਾਸ਼ਟਰਪਤੀ ਨੂੰ ਭੇਜੇ ਜਾ ਸਕਣ, ਪਰ ਰਾਜਪਾਲ ਵੱਲੋਂ ਮਿਲਣ ਦਾ ਸਮਾਂ ਹੀ ਨਹੀਂ ਦਿੱਤਾ ਜਾ ਰਿਹਾ, ਜੋ ਕਿ ਹੋਰ ਵੀ ਵੱਡੀ ਬੇਇਨਸਾਫ਼ੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਬੰਦੀ ਸਿੰਘਾਂ ਦੇ ਮਾਮਲੇ 'ਚ ਇਕਜੁਟਤਾ ਨਾਲ ਆਵਾਜ਼ ਉਠਾਏਗੀ।

## ਮੁਲਾਕਾਤ ਲਈ ਸਮਾਂ ਨਾ ਦੇਣਾ ਮੰਦਭਾਗਾ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਮੈਂਬਰ ਵੀ ਉਸੇ ਚੋਣ ਪ੍ਰਕਿਰਿਆ ਰਾਹੀਂ ਚੁਣੇ ਹੋਏ ਹਨ ਜਿਸ ਤਰ੍ਹਾਂ ਪ੍ਰਧਾਨ ਮੰਤਰੀ ਤੇ ਹੋਰ ਚੁਣੇ ਹੋਏ ਹਨ। ਲੋਕਤੰਤਰ ਦੀ ਦੁਹਾਈ ਦੇਣ ਵਾਲੇ ਦੇਸ਼ ਦੇ ਸੰਵਿਧਾਨ ਅਨੁਸਾਰ ਚੁਣੀ ਹੋਈ ਸੰਸਥਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ 'ਚ ਮੁਲਾਕਾਤ ਵਾਸਤੇ ਸਮਾਂ ਨਾ ਦੇਣਾ ਮੰਦਭਾਗਾ ਹੈ। ਇਹ ਨਾ ਸਿਰਫ਼ ਸਿੱਖ ਕੌਮ ਨਾਲ ਬੇਇਨਸਾਫ਼ੀ ਹੈ ਸਗੋਂ ਮੁਲਕ ਦੇ ਸੰਵਿਧਾਨ ਦੀ ਵੀ ਉਲੰਘਣਾ ਹੈ ਪਰ ਆਜ਼ਾਦੀ ਲਈ ਵੱਡੀਆਂ ਕੁਰਬਾਨੀਆਂ ਦੇਣ ਵਾਲੀ ਸਿੱਖ ਕੌਮ ਸਰਕਾਰਾਂ ਦਾ ਅਜਿਹਾ ਵਿਹਾਰ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਬੰਦੀਆਂ ਨੂੰ ਤੁਰਤ ਰਿਹਾਅ ਕੀਤਾ ਜਾਵੇ।

# ਰਾਜੋਆਣਾ ਦੀ ਰਿਹਾਈ ਲਈ ਯਤਨ ਤੇਜ਼ ਕਰੇ ਸ਼੍ਰੋਮਣੀ ਕਮੇਟੀ: ਜਥੇਦਾਰ



**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਜੇਲ੍ਹ ਵਿਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੂੰ ਆਖਿਆ ਕਿ ਸਿੱਖ ਸੰਸਥਾ ਉਸ ਦੀ ਰਿਹਾਈ ਲਈ ਯਤਨ ਤੇਜ਼ ਕਰੇ ਅਤੇ ਇਸ ਸਬੰਧੀ ਸਿੱਖ ਸੰਸਥਾਵਾਂ, ਜਥੇਬੰਦੀਆਂ, ਸਭਾ ਸੁਸਾਇਟੀਆਂ, ਸੰਪਰਦਾਵਾਂ ਤੇ ਨਿਹੰਗ ਦਲਾਂ ਦਾ ਸਹਿਯੋਗ ਲੈ ਕੇ ਰਣਨੀਤੀ ਉਲੀਕੀ ਜਾਵੇ।

ਉਨ੍ਹਾਂ ਕਿਹਾ ਕਿ ਸਾਲ 2012 ਵਿਚ ਸ਼੍ਰੋਮਣੀ ਕਮੇਟੀ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਆਦੇਸ਼ ਕੀਤਾ ਗਿਆ ਸੀ ਕਿ ਭਾਈ ਰਾਜੋਆਣਾ ਦੀ ਰਿਹਾਈ ਲਈ ਹਰ ਸੰਭਵ ਯਤਨ ਕੀਤੇ ਜਾਣ। ਉਨ੍ਹਾਂ ਇਸ ਆਦੇਸ਼ ਨੂੰ ਲਾਗੂ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਹੁਕਮ ਕੀਤਾ ਕਿ ਉਹ ਸਿੱਖ ਸੰਗਤ, ਦਲ ਪੰਥ, ਸਮੁੱਚੀਆਂ ਨਿਹੰਗ ਸਿੰਘ ਜਥੇਬੰਦੀਆਂ, ਸੰਪਰਦਾਵਾਂ, ਸਿੱਖ ਜਥੇਬੰਦੀਆਂ, ਸਿੰਘ ਸਭਾਵਾਂ, ਟਕਸਾਲਾਂ, ਸੰਤਾਂ-ਮਹਾਪੁਰਸ਼ਾਂ, ਵਿਦਵਾਨਾਂ, ਬੁੱਧੀਜੀਵੀਆਂ ਅਤੇ ਸਮੁੱਚੇ ਸਿੱਖ ਪੰਥ ਨੂੰ ਨਾਲ ਲੈ ਕੇ ਇਸ ਸਬੰਧੀ ਰਣਨੀਤੀ ਉਲੀਕੇ। ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿਚ ਬੰਦ ਸਿੱਖਾਂ ਦੇ ਨਾਲ ਹੀ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਦੇ ਮਾਮਲੇ 'ਤੇ ਦਸਤਖ਼ਤੀ ਮੁਹਿੰਮ ਦੌਰਾਨ ਲੱਖਾਂ ਦੀ ਗਿਣਤੀ ਵਿਚ ਫਾਰਮ ਭਰੇ ਗਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜਲਦੀ ਤੋਂ ਜਲਦੀ ਭਾਈ ਰਾਜੋਆਣਾ ਦੀ ਰਿਹਾਈ ਦਾ ਐਲਾਨ ਕਰੇ।

# ਸਿੱਖ ਕਤਲੇਆਮ ਪੀੜਤਾਂ ਵੱਲੋਂ ਜਥੇਦਾਰ ਨਾਲ ਮੁਲਾਕਾਤ




**ਅੰਮ੍ਰਿਤਸਰ:** ਨਵੰਬਰ 1984 ਸਿੱਖ ਕਤਲੇਆਮ ਪੀੜਤ ਵੈੱਲਫੇਅਰ ਸੁਸਾਇਟੀ ਦੇ ਵਫ਼ਦ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰ ਕੇ ਅਪੀਲ ਕੀਤੀ ਹੈ ਕਿ ਸਰਕਾਰ 'ਤੇ ਦਬਾਅ ਪਾ ਕੇ ਸਿੱਖ ਕਤਲੇਆਮ ਪੀੜਤਾਂ ਦੀਆਂ ਮੰਗਾਂ ਮਨਵਾਈਆਂ ਜਾਣ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵਿਧਾਨ ਸਭਾ ਵਿਚ ਇਸ ਸਬੰਧੀ ਮਤਾ ਲਿਆ ਕੇ ਦੋਸ਼ੀਆਂ ਨੂੰ ਸਜਾ ਦੇਣ ਅਤੇ ਦੋ ਮਿੰਟ ਦਾ ਮੌਨ ਧਾਰ ਕੇ ਮ੍ਰਿਤਕਾਂ ਨੂੰ ਸਰਧਾਂਜਲੀ ਭੇਟ ਕਰੇ।

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਮਿਲਣ ਵਾਲੇ ਆਗੂਆਂ ਵਿਚ ਜਥੇਬੰਦੀ ਦੇ ਮੁਖੀ ਸੁਰਜੀਤ ਸਿੰਘ, ਬੀਬੀ ਗੁਰਦੀਪ ਕੌਰ, ਇੰਦਰਪਾਲ ਸਿੰਘ, ਬਲਜੀਤ ਸਿੰਘ ਤੇ ਹੋਰ ਸ਼ਾਮਲ ਸਨ। ਇਸ ਸਬੰਧੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਮੰਗ ਪੱਤਰ ਵੀ ਦਿੱਤਾ ਗਿਆ ਹੈ। ਜਥੇਬੰਦੀ ਦੇ ਪ੍ਰਧਾਨ ਸੁਰਜੀਤ ਸਿੰਘ ਨੇ ਦੱਸਿਆ ਕਿ ਸਿੱਖ ਕਤਲੇਆਮ ਨੂੰ ਵਾਪਰਿਆਂ 39 ਸਾਲ ਹੋ ਚੁੱਕੇ ਹਨ ਪਰ ਅਜੇ ਵੀ ਸਾਰੇ ਦੋਸ਼ੀਆਂ ਨੂੰ ਸਜਾ ਨਹੀਂ ਮਿਲੀ। ਕੇਂਦਰ ਸਰਕਾਰ ਦੋਸ਼ੀਆਂ ਨੂੰ ਸਜਾ ਦਿਵਾਉਣ ਵਿਚ ਅਸਫਲ ਰਹੀ ਹੈ ਅਤੇ ਸਰਕਾਰਾਂ ਵੱਲੋਂ ਪੀੜਤਾਂ ਦਾ ਮੁੜ ਵਸੇਬਾ ਨਹੀਂ ਕਰਵਾਇਆ ਗਿਆ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬ ਵਿਧਾਨ ਸਭਾ ਵਿਚ ਇਸ ਸਬੰਧੀ ਮਤਾ ਲਿਆ ਕਿ ਦੋਸ਼ੀਆਂ ਨੂੰ ਸਜਾ ਦਿਵਾਉਣ ਦੀ ਮੰਗ ਕੀਤੀ ਜਾਵੇ, ਵਿਧਾਨ ਸਭਾ ਵਿਚ ਦੋ ਮਿੰਟ ਦਾ ਮੌਨ ਰੱਖ ਕੇ ਕਤਲੇਆਮ ਦੇ ਮ੍ਰਿਤਕਾਂ ਨੂੰ ਸਰਧਾਂਜਲੀ ਭੇਟ ਕੀਤੀ ਜਾਵੇ, ਲੁਧਿਆਣਾ ਵਿਚ ਰੱਦ ਕੀਤੇ 135 ਲਾਲ ਸ਼ਨਾਖਤੀ ਕਾਰਡ ਸਰਕਾਰ ਵੱਲੋਂ ਮੁੜ ਬਹਾਲ ਕੀਤੇ ਜਾਣ। ਅਦਾਲਤ ਦੇ ਆਦੇਸ਼ਾਂ ਮੁਤਾਬਕ ਪੰਜਾਬ ਸਰਕਾਰ ਪੀੜਤਾਂ ਵਾਸਤੇ ਮਕਾਨ ਅਤੇ ਬੂਥਾਂ ਦੀ ਅਲਾਟਮੈਂਟ ਕਰੇ, ਵਿਧਵਾਵਾਂ ਦੀ ਪੈਨਸ਼ਨ 10,000 ਪ੍ਰਤੀ ਮਹੀਨਾ ਕੀਤੀ ਜਾਵੇ, ਸਾਰੀ ਨੌਕਰੀਆਂ ਵਿਚ ਪੰਜ ਫੀਸਦੀ ਰਾਖਵਾਂਕਰਨ ਲਾਜ਼ਮੀ ਕੀਤਾ ਜਾਵੇ।

ਉਨ੍ਹਾਂ ਦੋਸ਼ ਲਾਇਆ ਕਿ 'ਆਪ' ਸਰਕਾਰ ਬਣਨ ਤੋਂ ਬਾਅਦ ਪੀੜਤਾਂ ਦੇ ਕੋਈ ਕੰਮ ਨਹੀਂ ਹੋ ਰਹੇ ਅਤੇ ਨਾ ਹੀ ਮੁੱਖ ਮੰਤਰੀ ਮੁਲਾਕਾਤ ਲਈ ਸਮਾਂ ਦੇ ਰਹੇ ਹਨ। ਉਨ੍ਹਾਂ ਨੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਸਰਕਾਰ ਨੂੰ ਚਿੱਠੀ ਭੇਜ ਕੇ ਪੀੜਤਾਂ ਦੇ ਮਾਮਲੇ ਹੱਲ ਕਰਵਾਉਣ। ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੀ ਪੀੜਤਾਂ ਦੀ ਸਹਾਇਤਾ ਰਾਸ਼ੀ ਜਾਰੀ ਰੱਖੇ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਨੇ ਦੰਗਾ ਪੀੜਤਾਂ ਦੇ ਮਾਮਲੇ ਹੱਲ ਕਰਵਾਉਣ ਦਾ ਭਰੋਸਾ ਦਿੱਤਾ ਹੈ।

# ਦਰਬਾਰ ਸਾਹਿਬ ਨੇੜੇ ਬੰਦੀ ਸਿੰਘਾਂ ਦੀ ਰਿਹਾਈ ਲਈ ਪ੍ਰਦਰਸ਼ਨ

**ਅੰਮ੍ਰਿਤਸਰ:** ਦਲ ਖਾਲਸਾ ਦੇ ਯੂਥ ਵਿੰਗ ਸਿੱਖ ਯੂਥ ਆਫ ਪੰਜਾਬ ਦੇ ਕਾਰਕੁਨਾਂ ਨੇ ਬੰਦੀ ਛੋੜ ਦਿਵਸ ਸਬੰਧੀ ਦਰਬਾਰ ਸਾਹਿਬ ਵਿਚ ਬੰਦੀ ਸਿੰਘਾਂ ਦੀ ਤੰਦਰੁਸਤੀ ਤੇ ਰਿਹਾਈ ਲਈ ਅਰਦਾਸ ਕੀਤੀ ਅਤੇ ਬਾਅਦ ਵਿਚ ਉਨ੍ਹਾਂ ਦੀ ਰਿਹਾਈ ਦੇ ਹੱਕ ਵਿਚ ਪ੍ਰਦਰਸ਼ਨ ਕੀਤਾ। ਜਥੇਬੰਦੀ ਦੇ ਕਾਰਕੁਨਾਂ ਨੇ ਦਰਬਾਰ ਸਾਹਿਬ ਦੇ ਮੁੱਖ ਦੁਆਰ ਘੰਟਾ ਘਰ ਪਲਾਜਾ ਨੇੜੇ ਬੰਦੀ ਸਿੰਘਾਂ ਨਾਲ ਸਬੰਧਤ ਬੈਨਰ ਤੇ ਤਖ਼ਤੀਆਂ ਫੜੀਆਂ ਹੋਈਆਂ ਸਨ। ਇਸ ਦੌਰਾਨ ਨੌਜਵਾਨਾਂ ਨੇ ਇਨ੍ਹਾਂ ਨਜ਼ਰਬੰਦੀਆਂ ਖ਼ਿਲਾਫ਼ ਕਾਨੂੰਨੀ ਅਤੇ ਰਾਜਨੀਤਕ ਤਰੀਕਿਆਂ ਨਾਲ ਕੌਮੀ ਲੜਾਈ ਜਾਰੀ ਰੱਖਣ ਦਾ ਅਹਿਦ ਲਿਆ। ਉਨ੍ਹਾਂ ਕਿਹਾ ਕਿ ਸਜ਼ਾ ਪੂਰੀ ਕਰਨ ਤੋਂ ਬਾਅਦ ਰਿਹਾਈ ਹਰ ਕੈਦੀ ਦਾ ਮੌਲਿਕ ਤੇ ਮਨੁੱਖੀ ਅਧਿਕਾਰ ਹੈ। ਭਾਰਤ ਸਰਕਾਰ ਇਨ੍ਹਾਂ ਨੂੰ ਰਿਹਾਅ ਨਾ ਕਰ ਕੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰ ਰਹੀ ਹੈ। ਜਥੇਬੰਦੀ ਦੇ ਪ੍ਰਧਾਨ ਗੁਰਨਾਮ ਸਿੰਘ ਮੂਨਕਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ, ਦਲ ਖ਼ਾਲਸਾ, ਮਾਨ ਦਲ ਸਣੇ ਪੰਥਕ ਜਥੇਬੰਦੀਆਂ ਇਨ੍ਹਾਂ ਕੈਦੀਆਂ ਦੀ ਰਿਹਾਈ ਲਈ ਯਤਨਸ਼ੀਲ ਹਨ ਪਰ ਕੇਂਦਰ ਸਰਕਾਰ ਵਾਅਦੇ ਕਰ ਕੇ ਮੁੱਕਰ ਗਈ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਇਸ ਮਾਮਲੇ ਵਿਚ ਕੇਂਦਰ ਦੀ ਭਾਜਪਾ ਸਰਕਾਰ ਨੂੰ ਅਲਟੀਮੇਟਮ ਦੇਣ ਅਤੇ ਸੰਘਰਸ਼ ਦਾ ਵਿੱਢਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰਾਂ ਬਿਨਾਂ ਲੜਿਆਂ ਇਨ੍ਹਾਂ ਕੈਦੀਆਂ ਨੂੰ ਇਨਸਾਫ਼ ਨਹੀਂ ਦੇਣਗੀਆਂ। ਜਥੇਬੰਦੀ ਦੇ ਮੀਤ ਪ੍ਰਧਾਨ ਮਾਨ ਸਿੰਘ ਨੇ ਕਿਹਾ ਕਿ ਸਰਕਾਰਾਂ ਨੇ ਸਾਰੇ ਨਿਯਮ ਅਤੇ ਅਸੂਲ ਨੂੰ ਛਿੱਕੇ ਟੰਗ ਕੇ ਇਨ੍ਹਾਂ ਨਜ਼ਰਬੰਦਾਂ ਦੀ ਰਿਹਾਈ ਨੂੰ ਰੋਕਿਆ ਹੋਇਆ ਹੈ।

# ਭਾਜਪਾ ਵੱਲੋਂ ਦਲ ਬਦਲੂਆਂ ਨੂੰ ਅਹੁਦੇਦਾਰੀਆਂ ਦੇ ਗੱਫੇ



**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਵਿਚੋਂ ਕਾਂਗਰਸੀ ਆਗੂਆਂ ਦੀ ਮੁੜ ਤੋਂ ਹੋਈ ਦਲਬਦਲੀ ਤੋਂ ਬਾਅਦ ਭਾਜਪਾ ਨੇ ਸੂਬਾ ਪੱਧਰ ਦੇ ਅਹੁਦੇਦਾਰਾਂ ਅਤੇ ਕੋਰ ਕਮੇਟੀ ਵਿਚ ਨਵੀਆਂ ਨਿਯੁਕਤੀਆਂ ਕੀਤੀਆਂ ਹਨ। ਪੰਜਾਬ ਵਿਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਗਵਾਂ ਪਾਰਟੀ ਹੋਰ ਦਲ ਬਦਲੀਆਂ ਰੋਕਣ ਲਈ ਆਗੂਆਂ ਨੂੰ ਖ਼ੁਸ਼ ਕਰਨ ਦੀ ਨੀਤੀ ਅਪਣਾ ਰਹੀ ਹੈ। ਇਨ੍ਹਾਂ ਨਿਯੁਕਤੀਆਂ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਛੱਡ ਕੇ ਆਉਣ ਵਾਲੇ ਆਗੂਆਂ ਨੂੰ ਅਹਿਮੀਅਤ ਦਿੱਤੀ ਗਈ ਹੈ।

ਸਾਬਕਾ ਅਕਾਲੀ ਆਗੂਆਂ ਇੰਦਰਇਕਬਾਲ ਸਿੰਘ ਅਟਵਾਲ, ਮਹਿੰਦਰ ਕੌਰ ਜੋਸ਼ ਸਮੇਤ ਜਤਿੰਦਰ ਮਿੱਤਲ ਨੂੰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਕਾਂਗਰਸ ਦੇ ਦੋ ਸਾਬਕਾ ਆਗੂਆਂ ਸੁੰਦਰ ਸ਼ਾਮ ਅਰੋੜਾ, ਅਰਵਿੰਦ ਖੰਨਾ ਸਮੇਤ ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਰਾਜਿੰਦਰ ਭੰਡਾਰੀ ਨੂੰ ਕੋਰ ਕਮੇਟੀ ਵਿਚ ਸ਼ਾਮਲ ਕੀਤਾ ਗਿਆ ਹੈ। ਸੂਤਰਾਂ ਮੁਤਾਬਕ ਭਾਜਪਾ ਹਾਈ ਕਮਾਨ ਨੇ ਕਾਂਗਰਸੀਆਂ ਦੇ ਵਾਪਸ ਜਾਣ ਦੇ ਮੁੱਦੇ ਨੂੰ ਗੰਭੀਰਤਾ ਨਾਲ ਲਿਆ ਹੈ। ਇਸ ਮਾਮਲੇ 'ਤੇ ਸੀਨੀਅਰ ਆਗੂਆਂ ਨਾਲ ਵਿਚਾਰ ਚਰਚਾ ਵੀ ਕੀਤੀ ਗਈ ਹੈ। ਪੰਜਾਬ 'ਚ ਸਰਗਰਮ ਆਰ.ਐਸ.ਐਸ. ਨਾਲ ਸਬੰਧਤ ਆਗੂਆਂ ਤੋਂ ਵੀ ਰਿਪੋਰਟਾਂ ਲਈਆਂ ਗਈਆਂ ਹਨ। ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ ਅਤੇ ਡਾ. ਰਾਜ ਕੁਮਾਰ ਵੇਰਕਾ ਦੀ ਕਾਂਗਰਸ ਵਿਚ ਵਾਪਸੀ ਨੇ ਭਾਜਪਾ ਨੂੰ ਹਿਲਾ ਕੇ ਰੱਖ ਦਿੱਤਾ ਹੈ ਤੇ ਪਾਰਟੀ ਦੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੈਰਾਂ ਸਿਰ ਹੋਣ ਦੀ ਰਣਨੀਤੀ ਨੂੰ ਵੀ ਇਕ ਵਾਰ ਬਰੇਕਾਂ ਲਾ ਦਿੱਤੀਆਂ ਹਨ। ਪਾਰਟੀ ਵਿਚੋਂ ਹੋਰਨਾਂ ਆਗੂਆਂ ਦੀ ਦਲਬਦਲੀ ਰੋਕਣ ਲਈ ਅਹੁਦੇਦਾਰੀਆਂ ਵੰਡਣ ਦੀ ਸਲਾਹ ਦਿੱਤੀ ਗਈ ਹੈ।

ਪਾਰਟੀ ਵਿਚ ਇਸ ਸਮੇਂ ਵੱਖਰੀ ਤਰ੍ਹਾਂ ਦਾ ਮਾਹੌਲ ਬਣਿਆ ਹੋਇਆ ਹੈ। ਦਲਬਦਲੀ ਤੋਂ ਬਾਅਦ ਕਾਂਗਰਸੀਆਂ ਦੇ ਵਾਪਸ ਪੁਰਾਣੀ ਪਾਰਟੀ ਵਿਚ ਜਾਣ ਮਗਰੋਂ ਟਕਸਾਲੀ ਭਾਜਪਾ ਆਗੂਆਂ ਨੇ ਖ਼ੁਸ਼ੀ ਮਨਾਈ ਸੀ ਕਿਉਂਕਿ ਸੂਬਾ ਪ੍ਰਧਾਨ ਦੇ ਅਹੁਦੇ 'ਤੇ ਸੁਨੀਲ ਜਾਖੜ ਦੀ ਨਿਯੁਕਤੀ ਤੋਂ ਬਾਅਦ ਉਹ ਨਿਰਾਸ਼ ਸਨ ਤੇ ਦਲ ਬਦਲੂਆਂ ਦੀ ਚੜ੍ਹਾਈ ਮੰਨੀ ਜਾ ਰਹੀ ਸੀ। ਸੂਬਾਈ ਮੀਤ ਪ੍ਰਧਾਨ ਅਤੇ ਹੋਰ ਅਹੁਦਿਆਂ 'ਤੇ ਪਹਿਲਾਂ ਵੀ ਸਾਬਕਾ ਕਾਂਗਰਸੀਆਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਸਨ।

ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਕਾਂਗੜ ਆਦਿ ਨੂੰ ਅਹੁਦੇ ਦਿੱਤੇ ਗਏ ਸਨ ਪਰ ਉਹ ਭਾਜਪਾ 'ਚ ਟਿਕੇ ਨਹੀਂ ਰਹੇ। ਸ਼ਾਮ ਸੁੰਦਰ ਅਰੋੜਾ ਦੇ ਕਾਂਗਰਸ 'ਚ ਵਾਪਸ ਜਾਣ ਦੀਆਂ ਅਫ਼ਵਾਹਾਂ ਮਗਰੋਂ ਉਨ੍ਹਾਂ ਨੂੰ ਭਾਜਪਾ ਕੋਰ ਕਮੇਟੀ ਵਿਚ ਸ਼ਾਮਲ ਕਰ ਲਿਆ ਗਿਆ ਹੈ।

## ਢੀਂਡਸਾ ਦੀ ਅਗਵਾਈ ਹੇਠ ਵਫ਼ਦ ਜਸਟਿਸ ਸਾਰੋਂ ਨੂੰ ਮਿਲਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਿਚ ਪਾਰਟੀ ਦੇ ਪੰਥਕ ਆਗੂਆਂ ਦੇ ਇਕ ਵਫ਼ਦ ਨੇ ਗੁਰਦੁਆਰਾ ਚੋਣਾਂ ਦੇ ਮੁੱਖ ਕਮਿਸ਼ਨਰ ਜਸਟਿਸ (ਸੇਵਾ ਮੁਕਤ) ਐਸ.ਐਸ. ਸਾਰੋਂ ਨੂੰ ਮੰਗ ਪੱਤਰ ਸੌਂਪਿਆ ਅਤੇ ਮੰਗ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਾਸਤੇ ਵੋਟਾਂ ਦੀ ਰਜਿਸਟਰੇਸ਼ਨ ਦਾ ਸਮਾਂ ਤਿੰਨ ਮਹੀਨੇ ਵਧਾਇਆ ਜਾਵੇ। ਮੁੱਖ ਕਮਿਸ਼ਨਰ ਨੇ ਉਪਰੋਕਤ ਮੰਗ ਮੰਨਣ ਦਾ ਭਰੋਸਾ ਦਿੱਤਾ ਹੈ। ਵਫ਼ਦ ਵਿਚ ਜਸਟਿਸ (ਸੇਵਾਮੁਕਤ) ਨਿਰਮਲ ਸਿੰਘ, ਨਿਰਮੈਲ ਸਿੰਘ ਜੌਲਾ ਕਲਾਂ, ਅਮਰਿੰਦਰ ਸਿੰਘ ਅਤੇ ਓ.ਐਸ.ਡੀ. ਜਸਵਿੰਦਰ ਸਿੰਘ ਸ਼ਾਮਲ ਸਨ। ਜਸਟਿਸ ਸਾਰੋਂ ਨੂੰ ਵਫ਼ਦ ਵੱਲੋਂ ਵੋਟਰਾਂ ਦੀ ਰਜਿਸਟਰੇਸ਼ਨ ਸਬੰਧੀ ਮੁਸ਼ਕਲਾਂ ਤੋਂ ਵੀ ਜਾਣੂ ਕਰਵਾਇਆ ਗਿਆ। ਇਸ ਤੋਂ ਇਲਾਵਾ ਵੋਟਾਂ ਦਾ ਕੰਮ ਪਟਵਾਰੀਆਂ ਅਤੇ ਬੀ.ਐਲ.ਓ. ਦੇ ਜ਼ਿੰਮੇ ਲਾਉਣ ਦੀ ਵੀ ਮੰਗ ਕੀਤੀ ਗਈ ਤਾਂ ਜੋ ਸਿੱਖ ਸੰਗਤ ਦੀ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਪੂਰੀ ਸ਼ਮੂਲੀਅਤ ਯਕੀਨੀ ਬਣਾਈ ਜਾ ਸਕੇ।

# ਸ਼੍ਰੋਮਣੀ ਕਮੇਟੀ ਤੋਂ ਬਾਦਲਾਂ ਦਾ ਦਬਦਬਾ ਘਟਾਉਣ ਲਈ ਕੋਸ਼ਿਸ਼ਾਂ ਨਾਕਾਮ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਵਿਰੋਧੀ ਉਮੀਦਵਾਰ ਨੂੰ ਮਿਲੇ ਬੇਹੱਦ ਮੱਠੇ ਹੁੰਗਾਰੇ ਨੇ ਬਾਦਲ ਵਿਰੋਧੀਆਂ ਨੂੰ ਵੱਡਾ ਝਟਕਾ ਦਿੱਤਾ ਹੈ। ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠਲੇ ਅਕਾਲੀ ਦਲ (ਸੰਯੁਕਤ) ਦੇ ਉਮੀਦਵਾਰ ਸੰਤ ਬਲਬੀਰ ਸਿੰਘ ਘੁੰਨਸ ਨੂੰ ਮਹਿਜ਼ 17 ਵੋਟਾਂ ਹੀ ਮਿਲੀਆਂ ਹਨ।

ਬਾਦਲ ਪਰਿਵਾਰ ਦਾ ਸ਼੍ਰੋਮਣੀ ਕਮੇਟੀ ਤੋਂ ਦਬਦਬਾ ਘਟਾਉਣ ਲਈ ਵਿਰੋਧੀਆਂ ਵੱਲੋਂ ਪਿਛਲੇ ਕਈ ਸਾਲਾਂ ਤੋਂ ਅੱਡੀ-ਚੋਟੀ ਦਾ ਜ਼ੋਰ ਹੀ ਨਹੀਂ ਲਾਇਆ ਜਾ ਰਿਹਾ ਸਗੋਂ ਭਾਜਪਾ ਦੇ ਇਕ ਆਗੂ 'ਤੇ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ 'ਚ ਦਖਲ ਦੇਣ ਦੇ ਦੋਸ਼ ਲੱਗੇ ਸਨ। ਇਸ ਤਰ੍ਹਾਂ ਨਾਲ ਭਾਜਪਾ ਦੇ ਇਕ ਸਿੱਖ ਆਗੂ ਨੂੰ ਵੀ ਬਾਦਲਾਂ ਵਿਰੋਧੀ ਮੁਹਿੰਮ 'ਚ ਅਸਫਲ ਰਹਿਣ ਕਾਰਨ ਝਟਕਾ ਲੱਗਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਇਸ ਵਾਰ ਪਿਛਲੇ ਸਾਲ ਨਾਲੋਂ ਜ਼ਿਆਦਾ ਵੋਟਾਂ ਹਾਸਲ ਹੋਈਆਂ ਹਨ। ਸੂਤਰਾਂ ਅਨੁਸਾਰ ਬਾਦਲਾਂ ਦੇ ਵਿਰੋਧ 'ਚ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਲਾਮਬੰਦੀ ਨਾ ਹੋਣ ਕਾਰਨ ਸਾਬਕਾ ਪ੍ਰਧਾਨ ਜਗੀਰ ਕੌਰ ਇਸ ਵਾਰੀ ਮੈਦਾਨ ਵਿਚ ਨਹੀਂ ਨਿੱਤਰੇ। ਹਾਲਾਂਕਿ ਇਕ ਵਾਰੀ ਤਾਂ ਸਾਬਕਾ ਪ੍ਰਧਾਨ ਨੇ ਮੁੜ ਤੋਂ ਅਕਾਲੀ ਦਲ ਦੇ ਵਿਰੋਧ 'ਚ ਨਿੱਤਰਨ ਦਾ ਮਨ ਬਣਾ ਲਿਆ ਸੀ ਪਰ ਆਖਰ ਸੰਤ ਬਲਬੀਰ ਸਿੰਘ ਨੂੰ ਮੈਦਾਨ 'ਚ ਲਿਆਂਦਾ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਚੋਣ ਲਈ ਅਕਾਲੀਆਂ ਦੇ ਦੋ ਧੜੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੇ ਲਗਾਤਾਰ ਤੀਜੀ ਵਾਰ ਆਹਮੋ-ਸਾਹਮਣੇ ਜ਼ੋਰ-ਅਜ਼ਮਾਈ ਕੀਤੀ। ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠਲੇ ਅਕਾਲੀ ਦਲ (ਸੰਯੁਕਤ) ਵੱਲੋਂ ਬਾਦਲਾਂ ਤੋਂ ਵੱਖ ਹੋਣ ਤੋਂ ਬਾਅਦ ਸਾਲ 2021 ਵਿਚ ਆਪਣੀ ਪਾਰਟੀ ਵੱਲੋਂ ਉਮੀਦਵਾਰ ਖੜ੍ਹਾ ਕੀਤਾ ਪਰ ਹਰ ਵਾਰ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਸਾਲ ਤਾਂ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਪ੍ਰਧਾਨਗੀ ਲਈ ਚੋਣ ਮੈਦਾਨ ਵਿਚ ਨਿੱਤਰੇ ਸਨ ਅਤੇ ਸ੍ਰੀ ਢੀਂਡਸਾ ਦੀ ਅਗਵਾਈ ਵਾਲੇ ਅਕਾਲੀ ਦਲ ਵੱਲੋਂ ਵੀ ਹਮਾਇਤ ਕੀਤੀ ਗਈ ਸੀ



ਪਰ ਬੀਬੀ ਜਗੀਰ ਕੌਰ ਨੂੰ ਇਨ੍ਹਾਂ ਚੋਣਾਂ ਵਿਚ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਬਾਦਲਾਂ ਦੇ ਵਿਰੋਧੀ ਧੜੇ ਵੱਲੋਂ ਇਸ ਗੱਲ 'ਤੇ ਹੈਰਾਨੀ ਪ੍ਰਗਟਾਈ ਜਾ ਰਹੀ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦੇ ਅੰਦਰੋਂ ਅਤੇ ਬਾਹਰੋਂ ਮਿਲ ਰਹੀਆਂ ਭਾਰੀ ਸਿਆਸੀ ਚੁਣੌਤੀਆਂ ਦੇ ਬਾਵਜੂਦ ਵਿਰੋਧੀ ਧੜਿਆਂ ਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਹਮਾਇਤ ਨਹੀਂ ਮਿਲ ਰਹੀ। ਪਿਛਲੇ ਸਾਲ ਬਾਦਲਾਂ ਵਿਰੁੱਧ ਭੁਗਤਣ ਵਾਲੇ ਕਮੇਟੀ ਮੈਂਬਰਾਂ ਦੀ ਗਿਣਤੀ 50 ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ ਸੀ ਪਰ ਐਤਕੀਂ ਇਹ ਗਿਣਤੀ 17 ਹੀ ਰਹਿ ਗਈ। ਪ੍ਰਕਾਸ਼ ਸਿੰਘ ਬਾਦਲ ਦੇ ਇਸ ਦੁਨੀਆਂ ਤੋਂ ਰੁਖਸਤ ਹੋਣ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਇਸ ਵਾਰੀ ਪਹਿਲੀ ਪ੍ਰੀਖਿਆ ਸੀ। ਸਾਲ 2015 ਤੋਂ ਲੈ ਕੇ ਜਦੋਂ ਤੋਂ ਅਕਾਲੀ ਦਲ ਬੇਅਦਬੀ ਦੇ ਦੋਸ਼ਾਂ ਵਿਚ ਘਿਰਿਆ ਸੀ ਉਦੋਂ ਤੋਂ ਹੀ ਪਾਰਟੀ ਤੇ ਬਾਦਲ ਪਰਿਵਾਰ ਚੁਣੌਤੀਆਂ ਦਾ ਸਾਹਮਣਾ ਕਰਦਾ ਆ ਰਿਹਾ ਹੈ। 2017 ਵਿਚ ਪਾਰਟੀ ਨੇ ਭਾਜਪਾ ਨਾਲ ਰਲ ਕੇ ਮਹਿਜ਼ 15 ਵਿਧਾਨ ਸਭਾ ਸੀਟਾਂ ਜਿੱਤੀਆਂ ਤੇ ਸਾਲ 2019 ਵਿਚ ਤਾਂ ਸੰਸਦ ਵਿਚ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਹੀ ਪਹੁੰਚ ਸਕੇ ਸਨ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਪਾਰਟੀ ਨੂੰ 3 ਸੀਟਾਂ ਨਾਲ ਹੀ ਗੁਜ਼ਾਰਾ ਕਰਨਾ ਪਿਆ ਸੀ। ਇਸ ਤਰ੍ਹਾਂ ਅਗਾਮੀ ਸੰਸਦੀ (2014) ਚੋਣਾਂ ਅਕਾਲੀ ਦਲ ਖਾਸ ਕਰ ਸੁਖਬੀਰ ਸਿੰਘ ਬਾਦਲ ਲਈ ਵੱਡੀ ਪ੍ਰੀਖਿਆ ਹਨ।

## ਸ਼੍ਰੋਮਣੀ ਕਮੇਟੀ ਲਈ ਲੜਾਈ ਜਾਰੀ ਰਹੇਗੀ: ਢੀਂਡਸਾ



**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਉਹ ਸਿਧਾਂਤਕ ਲੜਾਈ ਲੜ ਰਹੇ ਹਨ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਪੰਥ ਦੇ ਭਲੇ ਲਈ ਜ਼ਮੀਰ ਦੀ ਆਵਾਜ਼ 'ਤੇ ਬਾਦਲਾਂ ਦੇ ਵਿਰੋਧੀ ਉਮੀਦਵਾਰ ਨੂੰ ਹਮਾਇਤ ਦੇਣ ਦੀ ਅਪੀਲ ਕੀਤੀ ਸੀ। ਸ਼੍ਰੋਮਣੀ ਕਮੇਟੀ ਨੂੰ ਬਾਦਲਾਂ ਤੋਂ ਮੁਕਤ ਕਰਾਉਣ ਲਈ ਉਨ੍ਹਾਂ ਦੀ ਸਿਧਾਂਤਕ ਲੜਾਈ ਭਵਿੱਖ 'ਚ ਵੀ ਜਾਰੀ ਰਹੇਗੀ।

## ਪ੍ਰਬੰਧਕੀ ਸੁਧਾਰਾਂ ਵੱਲ ਵਧੇਰੇ ਧਿਆਨ ਦਿੱਤਾ ਜਾਵੇਗਾ: ਧਾਮੀ

**ਅੰਮ੍ਰਿਤਸਰ:** ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਸਮਾਂ ਕੌਮ ਲਈ ਚੁਣੌਤੀਆਂ ਵਾਲਾ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਨੇੜੇ ਹਨ ਅਤੇ ਕਈ ਪੰਥਕ ਮਸਲੇ ਵੀ ਦਰਪੇਸ਼ ਹਨ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਵਿਚ ਪ੍ਰਬੰਧਕੀ ਸੁਧਾਰਾਂ ਵੱਲ ਵਧੇਰੇ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰਾਂ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਦੀ ਪ੍ਰਕਿਰਿਆ ਵਿਚ ਦਖ਼ਲਅੰਦਾਜ਼ੀ ਕੀਤੀ ਜਾ ਰਹੀ ਹੈ। ਵੋਟਾਂ ਬਣਾਉਣ ਲਈ ਬਹੁਤ ਥੋੜ੍ਹਾ ਸਮਾਂ ਦਿੱਤੇ ਜਾਣ ਪਿੱਛੇ ਉਨ੍ਹਾਂ ਖ਼ਦਸ਼ਾ ਪ੍ਰਗਟਾਇਆ ਕਿ ਸਰਕਾਰਾਂ ਦਾ ਮੰਤਵ ਸਿੱਖਾਂ ਦੀਆਂ ਘੱਟ ਵੋਟਾਂ ਬਣਨ ਦੇਣਾ ਹੈ ਤਾਂ ਜੋ ਉਨ੍ਹਾਂ ਨੂੰ ਪੰਜਾਬ ਅੰਦਰ ਘੱਟ ਗਿਣਤੀ ਦਰਸਾਇਆ ਜਾਵੇ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਵੱਡਾ ਮਸਲਾ ਹੈ ਜਿਸ ਲਈ ਢੁਕਵੇਂ ਕਦਮ ਚੁੱਕੇ ਜਾਣਗੇ।

# ਜਥੇਦਾਰ ਟੌਹੜਾ ਸਭ ਤੋਂ ਵੱਧ ਸਮਾਂ ਰਹੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦੇ ਅਹੁਦੇ 'ਤੇ ਸਭ ਤੋਂ ਵੱਧ 25 ਸਾਲਾਂ ਤੱਕ ਪਟਿਆਲਾ ਜ਼ਿਲ੍ਹੇ ਨਾਲ ਸਬੰਧਤ ਜਥੇਦਾਰ ਗੁਰਚਰਨ ਸਿੰਘ ਟੌਹੜਾ ਕਾਬਜ਼ ਰਹੇ ਹਨ। 6 ਜਨਵਰੀ 1973 ਤੋਂ 31 ਮਾਰਚ 2004 ਤੱਕ 31 ਸਾਲਾਂ ਦੇ ਅਰਸੇ ਦੌਰਾਨ ਉਹ ਵੱਖ-ਵੱਖ ਸਮਿਆਂ 'ਚ ਪ੍ਰਧਾਨ ਰਹੇ ਜਦਕਿ ਗੋਪਾਲ ਸਿੰਘ ਕੌਮੀ ਅਜਿਹੇ ਸ਼ਖ਼ਸ ਰਹੇ ਹਨ ਜੋ ਸਿਰਫ਼ ਇਕ ਦਿਨ (17 ਜੂਨ 1933 ਤੋਂ 18 ਜੂਨ 1933 ਤੱਕ) ਲਈ ਪ੍ਰਧਾਨ ਬਣੇ।

ਜਾਣਕਾਰੀ ਅਨੁਸਾਰ ਜਥੇਦਾਰ ਗੁਰਚਰਨ ਸਿੰਘ ਟੌਹੜਾ 1960 'ਚ ਭਾਦਸੋਂ ਹਲਕੇ ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣੇ। ਉਪਰੰਤ ਉਹ 6 ਜਨਵਰੀ 1973 ਨੂੰ ਪਹਿਲੀ ਵਾਰ ਪ੍ਰਧਾਨ ਬਣੇ ਤੇ 23 ਮਾਰਚ 1986 ਤੱਕ 13 ਸਾਲ ਪ੍ਰਧਾਨ ਰਹੇ। ਮਾਰਚ 1986 ਤੋਂ ਨਵੰਬਰ 1986 ਤੱਕ ਸੱਤ ਮਹੀਨੇ ਭਾਵੇਂ ਕਾਬਲ ਸਿੰਘ ਵੀ ਪ੍ਰਧਾਨ ਬਣੇ ਪਰ 30 ਨਵੰਬਰ 1986 ਨੂੰ ਟੌਹੜਾ ਮੁੜ ਪ੍ਰਧਾਨ ਚੁਣੇ ਗਏ ਤੇ 28 ਨਵੰਬਰ 1990 ਤੱਕ ਚਾਰ ਸਾਲ ਫਿਰ ਇਸ ਅਹੁਦੇ 'ਤੇ ਰਹੇ। ਇਸ ਮਗਰੋਂ ਬਲਦੇਵ ਸਿੰਘ ਸਿਬੀਆ ਪ੍ਰਧਾਨ ਰਹੇ ਪਰ ਨਵੰਬਰ 1991 ਤੋਂ ਅਕਤੂਬਰ 1996 ਤੱਕ ਪੰਜ ਸਾਲ ਫੇਰ ਇਹ ਵੱਕਾਰੀ ਅਹੁਦਾ ਸ੍ਰੀ ਟੌਹੜਾ ਦੇ ਹਿੱਸੇ ਆਇਆ। ਦੋ ਮਹੀਨੇ ਦੇ ਵਕਫ਼ੇ ਮਗਰੋਂ ਦਸੰਬਰ 1996 'ਚ ਟੌਹੜਾ ਮੁੜ ਪ੍ਰਧਾਨ ਬਣੇ ਤੇ ਇਸ ਤੋਂ ਬਾਅਦ ਮਾਰਚ 1999 ਤੱਕ ਸਵਾ ਦੋ ਸਾਲ ਪ੍ਰਧਾਨ ਰਹੇ।

ਇਸ ਵਿਚਕਾਰ ਸ਼੍ਰੋਮਣੀ ਅਕਾਲੀ ਦਲ 'ਚ ਫੁੱਟ ਦੌਰਾਨ 1999 ਵਿਚ ਉਨ੍ਹਾਂ ਨੂੰ ਅਹੁਦੇ ਤੋਂ ਲਾਹ ਦਿੱਤਾ ਗਿਆ ਅਤੇ ਬੀਬੀ ਜਗੀਰ ਕੌਰ ਇਸ ਸੰਸਥਾ ਦੇ ਪਲੇਠੀ ਮਹਿਲਾ ਪ੍ਰਧਾਨ ਬਣੇ ਤੇ ਉਹ ਮਾਰਚ 1999 ਤੋਂ ਨਵੰਬਰ 2000 ਤੱਕ ਰਹੇ। ਉਨ੍ਹਾਂ ਮਗਰੋਂ ਨਵੰਬਰ 2001 ਤੱਕ ਜਗਦੇਵ ਸਿੰਘ ਤਲਵੰਡੀ ਨੇ ਪ੍ਰਧਾਨਗੀ ਕੀਤੀ। ਉਨ੍ਹਾਂ ਤੋਂ ਬਾਅਦ 27 ਨਵੰਬਰ 2001 ਨੂੰ ਪ੍ਰੋ. ਕਿਰਪਾਲ ਸਿੰਘ ਬਡੂੰਗਰ ਰਾਹੀਂ ਇਕ ਵਾਰ ਫੇਰ ਪ੍ਰਧਾਨਗੀ ਪਟਿਆਲਾ ਦੇ ਹਿੱਸੇ ਆਈ ਪਰ ਬਾਦਲ-ਟੌਹੜਾ ਧੜਿਆਂ ਵਿਚ ਸਮਝੌਤਾ ਹੋਣ ਮਗਰੋਂ ਪੰਥਕ ਏਕਤਾ ਲਈ ਤਿਆਗ ਕਰਦਿਆਂ ਪ੍ਰੋ. ਬਡੂੰਗਰ ਨੇ 20 ਜੁਲਾਈ 2003 ਨੂੰ ਖੁਦ ਹੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਫੇਰ ਉਨ੍ਹਾਂ ਦੀ ਥਾਂ ਸ੍ਰੀ ਟੌਹੜਾ ਨੂੰ ਪ੍ਰਧਾਨ ਬਣਾਇਆ ਗਿਆ। ਇਹ ਉਨ੍ਹਾਂ ਦਾ ਆਖਰੀ ਗੇੜ ਸੀ ਕਿਉਂਕਿ ਪ੍ਰਧਾਨਗੀ ਦੀ ਇਸ ਪਾਰੀ ਦੌਰਾਨ ਹੀ 31 ਮਾਰਚ 2004 ਦੀ ਰਾਤ ਨੂੰ ਟੌਹੜਾ ਦੀ ਮੌਤ ਹੋ ਗਈ ਸੀ। ਉਨ੍ਹਾਂ ਤੋਂ ਬਾਅਦ ਹਲਕਾ ਭਾਦਸੋਂ ਤੋਂ ਕਾਰਜਸ਼ੀਲ ਸਤਵਿੰਦਰ ਸਿੰਘ ਟੌਹੜਾ ਦਾ ਕਹਿਣਾ ਹੈ ਕਿ ਗੁਰਚਰਨ ਸਿੰਘ ਟੌਹੜਾ ਭਾਦਸੋਂ ਤੋਂ 44 ਸਾਲ ਮੈਂਬਰ ਬਣ ਕੇ ਹੀ 25 ਸਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ ਹਨ।

# ਅਧਿਆਪਕ ਦਾ ਜਾਅਲੀ ਬੀ.ਸੀ. ਸਰਟੀਫਿਕੇਟ ਰੱਦ

**ਚੰਡੀਗੜ੍ਹ:** ਪੰਜਾਬ ਦੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਬਾਰੇ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਜਾਅਲੀ ਸਰਟੀਫਿਕੇਟਾਂ ਖਿਲਾਫ਼ ਕਾਰਵਾਈ ਜਾਰੀ ਰਖਦਿਆਂ ਈ.ਟੀ.ਟੀ. ਅਧਿਆਪਕ ਜਸਵੀਰ ਸਿੰਘ ਦਾ ਜਾਅਲੀ ਪੱਛੜੀ ਸ਼੍ਰੇਣੀ ਸਰਟੀਫਿਕੇਟ ਅਤੇ ਪੰਚ ਮਿੱਠੂ ਰਾਮ ਪਿੰਡ ਸੁਰਲ ਕਲਾਂ, ਜ਼ਿਲ੍ਹਾ ਪਟਿਆਲਾ ਦਾ ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਸੂਬਾ ਪੱਧਰੀ ਸਕਰੂਟਨੀ ਕਮੇਟੀ ਵੱਲੋਂ ਰੱਦ ਕਰ ਦਿੱਤਾ ਗਿਆ ਹੈ। ਮੰਤਰੀ ਨੇ ਦੱਸਿਆ ਕਿ ਬਲਵੀਰ ਸਿੰਘ ਵਾਸੀ ਆਲਮਪੁਰ, ਪਟਿਆਲਾ ਨੇ ਵਿਭਾਗ ਦੇ ਡਾਇਰੈਕਟਰ ਨੂੰ ਸ਼ਿਕਾਇਤ ਦਰਜ ਕਰਵਾਈ ਸੀ ਕਿ ਜਸਵੀਰ ਸਿੰਘ ਹਰਿਆਣਾ ਤੋਂ ਆ ਕੇ ਵਿਆਹ ਮਗਰੋਂ ਇੱਥੋਂ ਦਾ ਵਸਨੀਕ ਬਣਿਆ ਹੈ। ਉਸ ਨੇ ਪੰਜਾਬ 'ਚ ਪੱਛੜੀ ਸ਼੍ਰੇਣੀ ਸਰਟੀਫਿਕੇਟ ਬਣਾ ਕੇ ਸਿੱਖਿਆ ਵਿਭਾਗ ਵਿਚ ਅਧਿਆਪਕ ਦੀ ਨੌਕਰੀ ਪ੍ਰਾਪਤ ਕੀਤੀ ਹੈ। ਇਸੇ ਤਰ੍ਹਾਂ ਪਾਲਾ ਸਿੰਘ, ਜਸਵਿੰਦਰ ਸਿੰਘ ਅਤੇ ਹਰਨੀਤ ਸਿੰਘ ਸਾਰੇ ਵਾਸੀ ਪਿੰਡ ਸੁਰਲ ਕਲਾਂ ਜ਼ਿਲ੍ਹਾ ਪਟਿਆਲਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਮਿੱਠੂ ਰਾਮ ਪੰਚ ਗ੍ਰਾਮ ਪੰਚਾਇਤ, ਸੁਰਲ ਕਲਾਂ ਜ਼ਿਲ੍ਹਾ ਪਟਿਆਲਾ ਰਾਜਪੂਤ ਜਾਤੀ ਨਾਲ ਸਬੰਧ ਰੱਖਦਾ ਹੈ ਪਰ ਉਸ ਨੇ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਬਣਾਇਆ ਗਿਆ ਹੈ।



ਉਨ੍ਹਾਂ ਦੱਸਿਆ ਕਿ ਜਾਂਚ ਰਿਪੋਰਟ ਮੁਤਾਬਕ ਜਸਵੀਰ ਸਿੰਘ ਦੀ ਜਾਤੀ ਪੱਛੜੀ ਸ਼੍ਰੇਣੀ ਹੈ ਪਰ ਉਹ ਬਾਹਰੋਂ ਆ ਕੇ ਇਥੋਂ ਦਾ ਵਸਨੀਕ ਬਣਿਆ ਹੈ, ਜਿਸ ਕਰਕੇ ਉਹ ਪੰਜਾਬ 'ਚ ਪੱਛੜੀ ਸ਼੍ਰੇਣੀ ਸਰਟੀਫਿਕੇਟ ਦਾ ਲਾਭ ਨਹੀਂ ਲੈ ਸਕਦਾ ਹੈ। ਜਦਕਿ ਮਿੱਠੂ ਰਾਮ ਸਕੂਲ ਰਿਕਾਰਡ, ਕੁਰਸੀਨਾਮੇ ਅਤੇ ਨੰਬਰਦਾਰਾਂ ਦੇ ਬਿਆਨਾਂ ਅਨੁਸਾਰ ਰਾਜਪੂਤ ਜਾਤੀ ਨਾਲ ਸਬੰਧਤ ਹੈ। ਉਨ੍ਹਾਂ ਮੁਤਾਬਕ ਦੱਸਿਆ ਕਿ ਪਟਿਆਲਾ ਦੇ ਡੀ.ਸੀ. ਨੂੰ ਜਸਵੀਰ ਸਿੰਘ ਦਾ ਅਨੁਸੂਚਿਤ ਜਾਤੀ ਸਰਟੀਫਿਕੇਟ ਰੱਦ ਕਰਨ ਅਤੇ ਜ਼ਬਤ ਕਰਨ ਦੇ ਜਦਕਿ ਡੀ.ਪੀ.ਆਈ. (ਐਲੀਮੈਂਟਰੀ ਸਿੱਖਿਆ) ਨੂੰ ਜਸਵੀਰ ਸਿੰਘ (ਈ.ਟੀ.ਟੀ. ਟੀਚਰ) ਤੋਂ ਪੱਛੜੀ ਜਾਤੀ ਦੇ ਸਰਟੀਫਿਕੇਟ ਦੇ ਆਧਾਰ 'ਤੇ ਲਏ ਲਾਭ ਵਾਪਸ ਲੈਣ ਲਈ ਨਿਰਦੇਸ਼ ਦਿੱਤੇ ਗਏ ਹਨ।

# ਦੂਜਾ ਬੱਚਾ ਲੜਕੀ ਪੈਦਾ ਹੋਣ 'ਤੇ ਮਿਲਣਗੇ ਛੇ ਹਜ਼ਾਰ ਰੁਪਏ

**ਚੰਡੀਗੜ੍ਹ:** ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਆਖਿਆ ਕਿ ਸਰਕਾਰ ਵੱਲੋਂ ਔਰਤਾਂ ਨੂੰ ਪਹਿਲੇ ਜੀਵਤ ਬੱਚੇ ਦੇ ਜਨਮ ਮੌਕੇ 5000 ਰੁਪਏ ਦੋ ਕਿਸ਼ਤਾਂ ਵਿਚ (3000+2000) ਦਿੱਤੇ ਜਾ ਰਹੇ ਸਨ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਹੁਣ ਇਸ ਯੋਜਨਾ 'ਚ ਵਾਧਾ ਕਰਦਿਆਂ ਦੂਜਾ ਬੱਚਾ ਲੜਕੀ ਪੈਦਾ ਹੋਣ 'ਤੇ 6000 ਰੁਪਏ ਦਿੱਤੇ ਜਾਣਗੇ। ਇਹ ਰਾਸ਼ੀ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਤਹਿਤ ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੇ ਪੋਸ਼ਣ ਅਤੇ ਸਿਹਤ ਸਥਿਤੀ 'ਚ ਸੁਧਾਰ ਲਈ ਵਿਸ਼ੇਸ਼ ਸ਼ਰਤਾਂ ਦੀ ਪੂਰਤੀ ਤਹਿਤ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਆਂਗਣਵਾੜੀ ਸੈਂਟਰਾਂ ਵਿਚ ਇਸ ਵਿੱਤੀ ਸਹਾਇਤਾ ਲਈ ਫਾਰਮ ਭਰੇ ਜਾਂਦੇ ਹਨ।



# ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰੋਫੈਸਰ ਸੁਰਜੀਤ ਸਿੰਘ ਮੁਅੱਤਲ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਵਿਚ ਪਿਛਲੇ ਦਿਨੀਂ ਵਾਪਰੇ ਅਣਸੁਖਾਵੇਂ ਘਟਨਾਕ੍ਰਮ ਬਾਬਤ ਸ਼ੁਰੂ ਕੀਤੀਆਂ ਕਾਰਵਾਈਆਂ ਅਗਲੇ ਪੜਾਅ ਵਿਚ ਪਹੁੰਚ ਗਈਆਂ ਹਨ। ਪੰਜਾਬੀ ਯੂਨੀਵਰਸਿਟੀ ਨੇ ਪ੍ਰੋ. ਸੁਰਜੀਤ ਸਿੰਘ ਵੱਲੋਂ ਚਾਰਜਸ਼ੀਟ ਦਾ ਜਵਾਬ ਮਿਲਣ ਤੋਂ ਬਾਅਦ ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਵਿਭਾਗੀ ਜਾਂਚ ਸੇਵਾਮੁਕਤ ਜ਼ਿਲ੍ਹਾ ਸੈਸ਼ਨ ਜੱਜ ਵੀ.ਕੇ. ਗੁਪਤਾ ਦੇ ਹਵਾਲੇ ਕਰ ਦਿੱਤੀ ਹੈ।

ਯੂਨੀਵਰਸਿਟੀ ਦੀ ਰਜਿਸਟਰਾਰ ਪ੍ਰੋ. ਨਵਜੋਤ ਕੌਰ ਨੇ ਪ੍ਰੋ. ਸੁਰਜੀਤ ਸਿੰਘ ਦੀ ਮੁਅੱਤਲੀ ਦਾ ਹੁਕਮ ਜਾਰੀ ਕਰ ਦਿੱਤਾ ਹੈ। ਮੁਅੱਤਲੀ ਦੌਰਾਨ ਪ੍ਰੋ. ਸੁਰਜੀਤ ਸਿੰਘ ਦਾ ਹੈੱਡਕੁਆਰਟਰ ਯੂਨੀਵਰਸਿਟੀ ਕਾਲਜ ਘਨੌਰ ਹੋਵੇਗਾ। ਇਸ ਦੇ ਨਾਲ ਹੀ ਉਨ੍ਹਾਂ ਖ਼ਿਲਾਫ਼ ਹਿੰਸਾ ਕਰਨ ਦੇ ਮਾਮਲੇ ਦੀ ਜਾਂਚ ਅਗਲੇ ਪੜਾਅ ਵਿਚ ਪਹੁੰਚ ਗਈ ਹੈ। ਪ੍ਰੋ. ਸੁਰਜੀਤ ਸਿੰਘ ਖ਼ਿਲਾਫ਼ ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਤੋਂ ਬਾਅਦ ਮੁੱਢਲੀ ਜਾਂਚ ਸੇਵਾਮੁਕਤ ਵਧੀਕ ਸੈਸ਼ਨ ਜੱਜ ਜਸਵਿੰਦਰ ਸਿੰਘ ਨੇ ਕੀਤੀ ਸੀ। ਉਸ ਉਪਰੰਤ ਉਨ੍ਹਾਂ ਨੂੰ ਚਾਰਜਸ਼ੀਟ ਕੀਤਾ ਗਿਆ ਸੀ। ਪ੍ਰੋ. ਸੁਰਜੀਤ ਸਿੰਘ ਨੂੰ ਚਾਰਜਸ਼ੀਟ ਦਾ ਜਵਾਬ ਦੇਣ ਲਈ ਪੰਦਰਾਂ ਦਿਨ ਦਿੱਤੇ ਗਏ ਸਨ। ਹੁਣ ਪ੍ਰੋ. ਸੁਰਜੀਤ ਸਿੰਘ ਦਾ ਜਵਾਬ ਆਉਣ ਉਪਰੰਤ ਯੂਨੀਵਰਸਿਟੀ ਨੇ ਅਗਲੀ ਕਾਰਵਾਈ ਲਈ ਜਾਂਚ ਕਰਵਾਉਣ ਦਾ ਫੈਸਲਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਵਿਦਿਆਰਥੀਆਂ ਦੀਆਂ ਕੁਝ ਸ਼ਿਕਾਇਤਾਂ ਪ੍ਰੋ. ਸੁਰਜੀਤ ਸਿੰਘ ਖ਼ਿਲਾਫ਼ ਆਈਆਂ ਸਨ। ਮੁਢਲੀ ਜਾਂਚ ਰਿਪੋਰਟ ਵਿਚ ਦਰਜ ਕੀਤਾ ਗਿਆ ਸੀ ਕਿ ਪ੍ਰੋ. ਸੁਰਜੀਤ ਸਿੰਘ ਦਾ ਵਿਦਿਆਰਥੀਆਂ ਨਾਲ ਵਿਹਾਰ 'ਮਾੜਾ, ਰੁੱਖਾ ਅਤੇ ਫਾਹਿਸ਼' ਹੈ ਜੋ ਅਧਿਆਪਕ ਦੇ ਅਹੁਦੇ ਨਾਲ ਮੇਲ ਨਹੀਂ ਖਾਂਦਾ। ਪ੍ਰੋ. ਸੁਰਜੀਤ ਸਿੰਘ ਵੱਲੋਂ ਚਾਰਜਸ਼ੀਟ ਦਾ ਜਵਾਬ ਦਰਜ ਕਰਵਾਏ ਜਾਣ ਤੋਂ ਬਾਅਦ



ਪਾਇਆ ਗਿਆ ਹੈ ਕਿ ਉਨ੍ਹਾਂ ਖ਼ਿਲਾਫ਼ ਅਗਲੀ ਕਾਰਵਾਈ ਕਰਨੀ ਬਣਦੀ ਹੈ। ਅਗਲੀ ਕਾਰਵਾਈ ਤੋਂ ਪਹਿਲਾਂ ਛੁੱਟੀ ਉੱਤੇ ਚੱਲ ਰਹੇ ਪ੍ਰੋ. ਸੁਰਜੀਤ ਸਿੰਘ ਨੂੰ ਮਿਤੀ 8 ਨਵੰਬਰ ਤੋਂ ਅਗਲੇ ਆਦੇਸ਼ਾਂ ਤੱਕ ਤੁਰੰਤ ਮੁਅੱਤਲ' ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਪ੍ਰੋ. ਸੁਰਜੀਤ ਸਿੰਘ ਉੱਤੇ ਹਮਲਾ ਕਰਨ ਵਾਲਿਆਂ ਖ਼ਿਲਾਫ਼ ਚੱਲ ਰਹੀ ਜਾਂਚ ਵੀ ਅਗਲੇ ਪੜਾਅ ਵੱਲ ਵਧ ਰਹੀ ਹੈ।

ਸੁਰੱਖਿਆ ਅਮਲੇ ਵੱਲੋਂ ਵਾਕਿਆਤ ਦੇ ਦਿਨ ਦੀ ਤਫ਼ਸੀਲ ਅਤੇ ਸਮੱਗਰੀ ਮੁਹੱਈਆ ਕੀਤੀ ਗਈ ਸੀ ਜਿਸ ਦੀ ਬੁਨਿਆਦ ਉੱਤੇ ਉੱਚ ਪੱਧਰੀ ਜਾਂਚ ਕਮੇਟੀ ਦਾ ਗਠਨ ਕੀਤਾ ਗਿਆ ਹੈ। ਮੌਕੇ ਦੇ ਵੀਡੀਓ ਅਤੇ ਚਸ਼ਮਦੀਦ ਗਵਾਹਾਂ ਦੀਆਂ ਗਵਾਹੀਆਂ ਦੇ ਆਧਾਰ ਉੱਤੇ ਹਿੰਸਾ ਕਰਨ ਵਿਚ ਸ਼ਾਮਲ ਵਿਅਕਤੀਆਂ ਦੀ ਸ਼ਨਾਖ਼ਤ ਕੀਤੀ ਜਾ ਰਹੀ ਹੈ। ਪੰਜਾਬੀ ਯੂਨੀਵਰਸਿਟੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਹਿੰਸਾ ਵਿਚ ਸ਼ਾਮਲ ਵਿਅਕਤੀਆਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਅਜਿਹੀ ਵਾਰਦਾਤ ਦੇ ਦੁਬਾਰਾ ਹੋਣ ਦੀ ਸੰਭਾਵਨਾ ਉੱਤੇ ਰੋਕ ਲਗਾਈ ਜਾ ਸਕੇ ਅਤੇ ਯੂਨੀਵਰਸਿਟੀ ਦਾ ਅਕਾਦਮਿਕ ਮਾਹੌਲ ਕਾਇਮ ਰਹੇ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# 140 ਕਰੋੜ ਦੀ ਮਸ਼ੀਨਰੀ ਦੀ ਗੜਬੜ ਬਾਰੇ ਜਾਂਚ ਆਖਰੀ ਪੜਾਅ 'ਤੇ

**ਚੰਡੀਗੜ੍ਹ:** ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੀਆਂ ਟੀਮਾਂ ਵੱਲੋਂ ਪੰਜਾਬ ਅਤੇ ਹਰਿਆਣਾ ਵਿਚ ਪਰਾਲੀ ਪ੍ਰਬੰਧਨ ਲਈ ਕੇਂਦਰੀ ਸਬਸਿਡੀ ਨਾਲ ਖ਼ਰੀਦੀ ਮਸ਼ੀਨਰੀ ਅਤੇ ਸੰਦਾਂ ਦੀ ਛਾਣਬੀਣ ਆਖਰੀ ਪੜਾਅ 'ਤੇ ਪੁੱਜ ਗਈ ਹੈ। ਪਿਛਲੇ ਵਰ੍ਹਿਆਂ ਵਿਚ ਪੰਜਾਬ ਵਿਚ ਕਰੀਬ 140 ਕਰੋੜ ਰੁਪਏ ਦੀ ਮਸ਼ੀਨਰੀ ਦੀ ਗੜਬੜ ਹੋ ਗਈ ਸੀ ਅਤੇ ਕਰੀਬ 11 ਹਜ਼ਾਰ ਮਸ਼ੀਨਾਂ ਕਿਸਾਨਾਂ ਕੋਲ ਪੁੱਜੀਆਂ ਹੀ ਨਹੀਂ ਸਨ ਤੇ ਜਾਅਲੀ ਬਿੱਲ ਬਣਾ ਕੇ ਸਬਸਿਡੀ ਛਕ ਲਈ ਗਈ ਸੀ। ਕੇਂਦਰ ਸਰਕਾਰ ਨੇ ਇਸ ਗੜਬੜੀ ਦਾ ਸਖ਼ਤ ਨੋਟਿਸ ਲਿਆ ਸੀ।

ਕੇਂਦਰੀ ਟੀਮਾਂ ਨੇ ਪੰਜਾਬ ਤੇ ਹਰਿਆਣਾ ਵਿਚ 25 ਅਕਤੂਬਰ ਤੋਂ ਸਾਲ 2022-2023 ਅਤੇ 2023-24 ਦੌਰਾਨ ਖ਼ਰੀਦ ਮਸ਼ੀਨਰੀ ਦੀ ਫਿਜ਼ੀਕਲ ਵੈਰੀਫਿਕੇਸ਼ਨ ਸ਼ੁਰੂ ਕੀਤੀ ਹੋਈ ਹੈ ਜਿਸ ਦਾ ਕਰੀਬ 90 ਫ਼ੀਸਦੀ ਕੰਮ ਮੁਕੰਮਲ ਹੋ ਗਿਆ ਹੈ। ਪੰਜਾਬ ਦੇ ਦਰਜਨ ਜ਼ਿਲ੍ਹਿਆਂ 'ਚ 16 ਕੇਂਦਰੀ ਟੀਮਾਂ ਪੜਤਾਲ ਕਰ ਰਹੀਆਂ ਹਨ। ਹਰ ਟੀਮ ਵੱਲੋਂ ਤੀਹ-ਤੀਹ ਲਾਭਪਾਤਰੀਆਂ ਤੱਕ ਪਹੁੰਚ ਕਰਕੇ ਪਰਾਲੀ ਪ੍ਰਬੰਧਨ ਲਈ ਖ਼ਰੀਦੀ ਮਸ਼ੀਨਰੀ ਦੀ ਪੜਤਾਲ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਕੇਂਦਰੀ ਟੀਮਾਂ ਵੱਲੋਂ ਹਰਿਆਣਾ ਵਿਚ ਪੜਤਾਲ ਕੀਤੀ ਜਾ ਰਹੀ ਹੈ।

ਕੇਂਦਰੀ ਟੀਮਾਂ ਦੇ ਅਧਿਕਾਰੀ ਅਚਨਚੇਤ ਪਿੰਡਾਂ ਵਿਚ ਪੁੱਜਦੇ ਹਨ ਅਤੇ ਉਦੋਂ ਹੀ ਖੇਤੀ ਮਹਿਕਮੇ ਦੇ ਸਥਾਨਕ ਅਧਿਕਾਰੀਆਂ ਨੂੰ ਭਿਣਕ ਲੱਗਦੀ ਹੈ। ਟੀਮਾਂ ਦੇ ਅਧਿਕਾਰੀ ਜਾਂਚ ਕਰ ਰਹੇ ਹਨ ਕਿ ਕੀ ਕਿਸਾਨਾਂ ਕੋਲ ਪਰਾਲੀ ਪ੍ਰਬੰਧਨ ਵਾਸਤੇ ਮਸ਼ੀਨਰੀ ਪੁੱਜ ਗਈ ਹੈ ਅਤੇ ਮਸ਼ੀਨਰੀ ਦੀ ਕੁਆਲਿਟੀ ਤੋਂ ਕੀ ਲਾਭਪਾਤਰੀ ਸੰਤੁਸ਼ਟ ਹਨ। ਕੀ ਮਸ਼ੀਨਰੀ ਨੂੰ ਪਰਾਲੀ ਪ੍ਰਬੰਧਨ ਲਈ ਅਮਲ ਵਿਚ ਲਿਆਂਦਾ ਗਿਆ ਹੈ ਅਤੇ ਕੀ ਡੀਲਰਾਂ ਵੱਲੋਂ ਕਿਸਾਨ ਨੂੰ ਸਰਵਿਸ ਠੀਕ ਦਿੱਤੀ ਗਈ ਹੈ। ਬਠਿੰਡਾ, ਮੁਕਤਸਰ, ਫ਼ਿਰੋਜ਼ਪੁਰ ਤੇ ਮੋਗਾ ਵਿਚ ਦੋ-ਦੋ ਕੇਂਦਰੀ ਟੀਮਾਂ ਤਾਇਨਾਤ ਹਨ ਜਦਕਿ ਬਾਕੀ ਜ਼ਿਲ੍ਹਿਆਂ ਵਿਚ ਇਕ-ਇਕ ਟੀਮ ਜਾਂਚ ਕਰ ਰਹੀ ਹੈ।

ਬੇਸ਼ੱਕ ਇਨ੍ਹਾਂ ਟੀਮਾਂ ਨੇ 10 ਨਵੰਬਰ ਤੱਕ ਆਪਣੀ ਰਿਪੋਰਟ ਕੇਂਦਰ ਸਰਕਾਰ ਨੂੰ ਦੇਣੀ ਸੀ ਪਰ ਟੀਮਾਂ ਨੇ ਕਰੀਬ ਦਸ ਦਿਨ ਪੱਛੜ ਕੇ ਛਾਣਬੀਣ ਦਾ ਕੰਮ ਸ਼ੁਰੂ ਕੀਤਾ ਹੈ। ਇਨ੍ਹਾਂ ਟੀਮਾਂ ਵੱਲੋਂ ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਕਿਸਾਨਾਂ ਨੂੰ ਕੇਂਦਰੀ ਸਬਸਿਡੀ ਨਾਲ ਸੁਪਰ ਸੀਡਰ, ਹੈਪੀ ਸੀਡਰ, ਮਲਚਰ, ਬੇਲਰ ਅਤੇ ਜ਼ੀਰੋ ਡਰਿੱਲ ਆਦਿ ਮਿਲੇ ਹਨ। ਕੇਂਦਰ ਸਰਕਾਰ ਨੇ ਸਾਲ 2023-24 ਲਈ ਕਰੀਬ 350 ਕਰੋੜ ਰੁਪਏ ਦੀ ਸਬਸਿਡੀ ਹਾਲੇ ਜਾਰੀ ਕਰਨੀ ਹੈ ਜਦਕਿ ਮਸ਼ੀਨਰੀ ਦੀ ਖ਼ਰੀਦ ਹੋ ਚੁੱਕੀ ਹੈ।

## ਬੇਰੁਜ਼ਗਾਰ ਅਧਿਆਪਕਾਂ ਨੇ ਖ਼ੂਨ ਦੇ ਦੀਵੇ ਬਾਲ ਕੇ ਮਨਾਈ ਕਾਲੀ ਦੀਵਾਲੀ

**ਸੰਗਰੂਰ:** ਬੇਰੁਜ਼ਗਾਰ ਈ.ਟੀ.ਟੀ. ਪਾਸ 5994 ਅਧਿਆਪਕਾਂ ਵੱਲੋਂ ਆਪਣੇ ਖ਼ੂਨ ਦੇ ਦੀਵੇ ਬਾਲ ਕੇ ਕਾਲੀ ਦੀਵਾਲੀ ਮਨਾਈ ਗਈ ਅਤੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਗਟਾਇਆ ਗਿਆ। ਇਥੇ ਸਿਵਲ ਹਸਪਤਾਲ ਕੰਪਲੈਕਸ ਵਿਚ ਦੋ ਬੇਰੁਜ਼ਗਾਰ ਈ.ਟੀ.ਟੀ. ਅਧਿਆਪਕ ਪਿਛਲੇ ਤਕਰੀਬਨ ਇਕ ਮਹੀਨੇ ਤੋਂ ਪਾਣੀ ਵਾਲੀ ਟੈਂਕੀ 'ਤੇ ਚੜ੍ਹੇ ਹੋਏ ਹਨ। ਉਨ੍ਹਾਂ ਕਾਲੀ ਦੀਵਾਲੀ ਮਨਾਉਂਦਿਆਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿਚ ਤਿੱਖੇ ਐਕਸ਼ਨ ਕਰਨਗੇ। ਸਥਾਨਕ ਸਿਵਲ ਹਸਪਤਾਲ ਵਿਖੇ ਪਾਣੀ ਵਾਲੀ ਟੈਂਕੀ ਹੇਠਾਂ ਬੇਰੁਜ਼ਗਾਰ ਈ.ਟੀ.ਟੀ. 5994 ਅਧਿਆਪਕਾਂ ਨੇ ਖ਼ੂਨ ਦੇ ਦੀਵੇ ਬਾਲ ਕੇ ਕਾਲੀ ਦੀਵਾਲੀ ਮਨਾਈ। ਉਨ੍ਹਾਂ ਮੰਗ ਕੀਤੀ ਕਿ ਜਿੰਨੇ ਬੇਰੁਜ਼ਗਾਰ ਈ.ਟੀ.ਟੀ. ਅਧਿਆਪਕਾਂ ਦੀ ਸਕਰੂਟਨੀ ਹੋ ਚੁੱਕੀ ਹੈ, ਉਨ੍ਹਾਂ ਸਾਰਿਆਂ ਨੂੰ ਨਿਯੁਕਤੀ ਪੱਤਰ ਦਿੱਤੇ ਜਾਣ।

## ਵਿਦੇਸ਼ ਭੇਜਣ ਦੇ ਨਾਂ 'ਤੇ ਬੇਰੁਜ਼ਗਾਰਾਂ ਤੋਂ ਦੋ ਕਰੋੜ ਰੁਪਏ ਠੱਗੇ

**ਮੋਗਾ:** ਤਿੰਨ ਟਰੈਵਲ ਏਜੰਟ 300 ਬੇਰੁਜ਼ਗਾਰਾਂ ਤੋਂ ਦੋ ਕਰੋੜ ਰੁਪਏ ਲੈ ਕੇ ਫ਼ਰਾਰ ਹੋ ਗਏ ਹਨ। ਟਰੈਵਲ ਏਜੰਟ ਆਪਣੇ ਦਫਤਰਾਂ ਨੂੰ ਜਿੰਦਰਾ ਲਗਾ ਕੇ ਪਾਸਪੋਰਟ ਵੀ ਲੈ ਗਏ ਹਨ। ਹੁਣ ਤਾਂ ਦਫਤਰ ਦੇ ਬਾਹਰ ਲੱਗਿਆ ਸਾਈਨ ਬੋਰਡ ਵੀ ਗਾਇਬ ਹੈ। ਡੀ.ਸੀ. ਕੁਲਵੰਤ ਸਿੰਘ ਨੇ ਕਿਹਾ ਕਿ ਸ਼ਿਕਾਇਤਾਂ ਮਿਲਣ 'ਤੇ ਟਰੈਵਲ ਏਜੰਟਾਂ ਦੇ ਲਾਇਸੈਂਸ ਵੀ ਰੱਦ ਕੀਤੇ ਜਾ ਰਹੇ ਹਨ ਅਤੇ ਪੁਲਿਸ ਕੇਸ ਵੀ ਦਰਜ ਕਰ ਰਹੀ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਇਸ ਸਬੰਧੀ ਪਹਿਲਾਂ ਚੰਗੀ ਤਰ੍ਹਾਂ ਟਰੈਵਲ ਏਜੰਟਾਂ ਬਾਰੇ ਘੋਖ ਕਰ ਲੈਣੀ ਚਾਹੀਦੀ ਹੈ। ਜ਼ਿਲ੍ਹਾ ਪੁਲਿਸ ਮੁਖੀ ਜੇ.ਐਲਨਚੇਜ਼ੀਅਨ ਅੱਗੇ ਠੱਗੀ ਦਾ ਸ਼ਿਕਾਰ ਹੋਏ ਕਰੀਬ 80 ਨੌਜਵਾਨਾਂ ਨੇ ਪੇਸ਼ ਹੋ ਕੇ ਆਪਣੀ ਹੱਡ ਬੀਤੀ ਸੁਣਾਈ। ਐਸ.ਐਸ.ਪੀ. ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਬਿਨਾਂ ਕਿਸੇ ਮੁਢਲੀ ਪੜਤਾਲ ਦੇ ਤੁਰਤ ਟਰੈਵਲ ਏਜੰਟ ਖ਼ਿਲਾਫ਼ ਐਫ਼.ਆਈ.ਆਰ. ਦਰਜ ਕਰਨ ਦਾ ਹੁਕਮ ਦਿੱਤਾ। ਥਾਣਾ ਸਿਟੀ ਪੁਲਿਸ ਨੇ ਟਰੈਵਲ ਏਜੰਟ ਭੁਵਿੰਦਰ ਜੱਸਲ ਪਿੰਡ ਕੰਡੋਲਾ ਖੁਰਦ ਜ਼ਿਲ੍ਹਾ ਜਲੰਧਰ, ਮਾਹੀ ਸ਼ਰਮਾ ਅਤੇ ਰਾਹੁਲ ਵਾਸੀ ਮੋਗਾ ਖ਼ਿਲਾਫ਼ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮੁਲਜ਼ਮ ਇਥੇ ਇਕ ਪਲਾਜ਼ਾ ਵਿਚ ਵੀਜ਼ਾ ਸਿਟੀ ਆਫ਼ਿਸ ਦੇ ਨਾਮ 'ਤੇ ਦਫ਼ਤਰ ਚਲਾ ਰਹੇ ਸਨ।

## ਕੈਨੇਡਾ 'ਚ ਧਾਰਮਿਕ ਸਥਾਨਾਂ ਦੀ ਦੁਰਵਰਤੋਂ ਰੋਕਣ ਦੀ ਮੰਗ

**ਜਨੇਵਾ:** ਭਾਰਤ ਨੇ ਕੈਨੇਡਾ ਨੂੰ ਪੂਜਾ ਸਥਾਨਾਂ ਉਤੇ ਹਮਲਿਆਂ ਨਫਰਤ ਭਰੇ ਭਾਸ਼ਣ ਨੂੰ ਅਸਰਦਾਰ ਢੰਗ ਨਾਲ ਰੋਕਣ ਲਈ ਕਿਹਾ ਹੈ। ਇਸ ਬਾਰੇ ਮਤੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਦੀ ਸਮੀਖਿਆ ਮੀਟਿੰਗ ਦੌਰਾਨ ਪੇਸ਼ ਕੀਤੇ ਗਏ, ਜਿੱਥੇ ਭਾਰਤ, ਬੰਗਲਾਦੇਸ਼ ਅਤੇ ਸ੍ਰੀਲੰਕਾ ਦੇ ਡਿਪਲੋਮੈਟਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਭਾਰਤੀ ਡਿਪਲੋਮੈਟ ਮੁਹੰਮਦ ਹੁਸੈਨ ਨੇ ਕੌਂਸਲ ਦੀ ਮੀਟਿੰਗ ਵਿਚ ਕਿਹਾ ਕਿ ਭਾਰਤ ਚਾਹੁੰਦਾ ਹੈ ਕਿ ਕੈਨੇਡਾ ਆਪਣੀ ਧਰਤੀ 'ਤੇ ਧਾਰਮਿਕ ਸਥਾਨਾਂ ਉਤੇ ਹਮਲਿਆਂ ਨੂੰ ਰੋਕੇ ਤੇ ਉਥੇ ਪ੍ਰਗਟਾਵੇ ਦੀ ਆਜ਼ਾਦੀ ਦੀ ਕਥਿਤ ਦੁਰਵਰਤੋਂ ਖ਼ਿਲਾਫ਼ ਸਖ਼ਤ ਕਦਮ ਚੁੱਕੇ।

## ਡੇਰੇ 'ਚ ਗੁਟਕਾ ਸਾਹਿਬ ਦੀ ਬੇਅਦਬੀ

**ਬਠਿੰਡਾ:** ਦੀਵਾਲੀ ਮੌਕੇ ਪਿੰਡ ਦਾਨ ਸਿੰਘ ਵਾਲਾ ਦੇ ਇਕ ਡੇਰੇ ਅੰਦਰ ਅਖੰਡ ਪਾਠ ਦੌਰਾਨ ਗੁਟਕਾ ਸਾਹਿਬ ਦੀ ਬੇਅਦਬੀ ਦੀ ਘਟਨਾ ਵਾਪਰੀ। ਇਹ ਮਾਮਲਾ ਤਖ਼ਤ ਸ੍ਰੀ ਦਮਦਮਾ ਕੋਲ ਪੁੱਜਣ 'ਤੇ ਪੁਲਿਸ ਨੇ ਡੇਰਾ ਬਾਬਾ ਭਗਤ ਰਾਮ ਦੇ ਮੁਖੀ ਭਾਈ ਬਖਤੌਰ ਦਾਸ ਸਮੇਤ ਅਖੰਡ ਪਾਠ ਦੌਰਾਨ ਰੌਲ ਲਗਾਉਣ ਵਾਲੇ ਦੋ ਪਾਠੀਆਂ 'ਤੇ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੀਵਾਲੀ ਵਾਲੇ ਦਿਨ ਪਿੰਡ ਦੇ ਰੂਪ ਸਿੰਘ ਵੱਲੋਂ ਡੇਰੇ ਵਿਚ ਅਖੰਡ ਪਾਠ ਦੇ ਪਾਠ ਕਰਵਾਏ ਗਏ ਸਨ ਜਿਸ ਦੌਰਾਨ ਰੌਲ ਵਾਲੇ ਪਾਠੀ ਦੇ ਸ਼ਰਾਬ ਪੀਣ ਦਾ ਪਤਾ ਲੱਗਿਆ। ਇਥੇ ਟਰੰਕ ਵਿਚੋਂ ਪਾੜੇ ਗਏ ਗੁਟਕਾ ਸਾਹਿਬ ਤੇ ਹੋਰ ਸਮੱਗਰੀ ਮਿਲੀ।

## ਵੈਟਰਨਰੀ ਇੰਸਪੈਕਟਰਾਂ ਦੀ ਭਰਤੀ 'ਚ 33 ਫੀਸਦੀ ਉਮੀਦਵਾਰ ਗੁਆਂਢੀ ਸੂਬਿਆਂ ਤੋਂ

**ਚੰਡੀਗੜ੍ਹ:** ਪੰਜਾਬ ਵਿਚ ਵੈਟਰਨਰੀ ਇੰਸਪੈਕਟਰਾਂ ਦੀ ਭਰਤੀ 'ਚ ਗੁਆਂਢੀ ਸੂਬਿਆਂ ਦੇ 33 ਫੀਸਦੀ ਉਮੀਦਵਾਰ ਚੁਣੇ ਗਏ ਹਨ। ਭਾਵੇਂ ਪੰਜਾਬ ਸਰਕਾਰ ਨੇ ਪੰਜਾਬੀ ਦੀ ਪ੍ਰੀਖਿਆ ਵੀ ਲਾਜ਼ਮੀ ਕੀਤੀ ਪਰ ਗੁਆਂਢੀ ਸੂਬਿਆਂ ਵਾਲਿਆਂ ਨੇ ਇਹ ਸ਼ਰਤਾਂ ਵੀ ਪੂਰੀਆਂ ਕਰ ਲਈਆਂ ਹਨ।

ਪਾਵਰਕੌਮ, ਟਰਾਂਸਕੋ ਤੇ ਪਸ਼ੂ ਪਾਲਣ ਵਿਭਾਗ ਅਜਿਹੇ ਅਦਾਰੇ ਹਨ, ਜਿਨ੍ਹਾਂ 'ਚ ਨੌਕਰੀਆਂ ਦਾ ਵੱਧ ਮੌਕਾ ਗੁਆਂਢੀ ਸੂਬਿਆਂ ਨੂੰ ਮਿਲ ਰਿਹਾ ਹੈ। ਪਸ਼ੂ ਪਾਲਣ ਵਿਭਾਗ ਨੇ 9 ਨਵੰਬਰ ਨੂੰ ਪੱਤਰ ਜਾਰੀ ਕਰਕੇ 342 ਵੈਟਰਨਰੀ ਇੰਸਪੈਕਟਰਾਂ ਨੂੰ ਨਿਯੁਕਤੀ ਦੀ ਪੇਸ਼ਕਸ਼ ਕੀਤੀ ਹੈ। ਇਨ੍ਹਾਂ ਕੁੱਲ 342 ਉਮੀਦਵਾਰਾਂ ਵਿਚੋਂ ਹਰਿਆਣਾ ਦੇ 93 ਜਦੋਂਕਿ ਰਾਜਸਥਾਨ ਦੇ 19 ਹਨ। ਹਰਿਆਣਾ ਅਤੇ ਰਾਜਸਥਾਨ ਦੇ ਭਰਤੀ ਹੋਏ ਕੁੱਲ 112 ਅਤੇ ਪੰਜਾਬ ਦੇ 230 ਉਮੀਦਵਾਰਾਂ ਨੂੰ ਨਿਯੁਕਤੀ ਪੱਤਰਾਂ ਦੀ ਪੇਸ਼ਕਸ਼ ਕੀਤੀ ਗਈ ਹੈ। ਐਸ.ਐਸ.ਐਸ. ਬੋਰਡ ਵੱਲੋਂ ਇਹ ਭਰਤੀ ਪ੍ਰਕਿਰਿਆ ਮੁਕੰਮਲ ਕੀਤੀ ਗਈ ਹੈ ਅਤੇ 644 ਅਸਾਮੀਆਂ ਲਈ ਇਸ਼ਤਿਹਾਰ ਪ੍ਰਕਾਸ਼ਿਤ ਕੀਤਾ ਗਿਆ ਸੀ। ਜੇ ਲੰਘੇ 17 ਵਰ੍ਹਿਆਂ 'ਚ ਐਸ.ਐਸ.ਐਸ. ਬੋਰਡ ਵੱਲੋਂ ਕੀਤੀ ਭਰਤੀ 'ਤੇ ਨਜ਼ਰ ਮਾਰੀਏ ਤਾਂ ਬੋਰਡ ਨੇ 17,864 ਉਮੀਦਵਾਰਾਂ ਨੂੰ ਨੌਕਰੀਆਂ ਲਈ ਸਿਫ਼ਾਰਸ਼ ਕੀਤਾ ਹੈ ਜਿਨ੍ਹਾਂ 'ਚੋਂ 356 ਨੌਜਵਾਨ ਪੰਜਾਬ ਤੋਂ ਬਾਹਰਲੇ ਬਣਦੇ ਹਨ। ਅਕਾਲੀ ਭਾਜਪਾ ਹਕੂਮਤ ਸਮੇਂ 2013 ਵਿਚ 1400 ਕਲਰਕ ਭਰਤੀ ਕੀਤੇ ਗਏ ਸਨ ਅਤੇ ਉਨ੍ਹਾਂ ਵਿਚੋਂ 122 ਉਮੀਦਵਾਰ ਦੂਜੇ ਸੂਬਿਆਂ ਦੇ ਸਨ। ਅਮਰਿੰਦਰ ਸਰਕਾਰ ਸਮੇਂ ਬੋਰਡ ਨੇ 547 ਜੂਨੀਅਰ ਡਰਾਫਟਸਮੈਨ ਭਰਤੀ ਕੀਤੇ ਸਨ ਜਿਨ੍ਹਾਂ 'ਚ ਚੰਡੀਗੜ੍ਹ ਦੇ 17, ਉੱਤਰ ਪ੍ਰਦੇਸ਼ ਦਾ ਇਕ, ਰਾਜਸਥਾਨ ਦੇ 25, ਹਿਮਾਚਲ ਪ੍ਰਦੇਸ਼ ਦੇ 3, ਜੰਮੂ ਕਸ਼ਮੀਰ ਦੇ ਦੋ ਅਤੇ ਦਿੱਲੀ ਦੇ ਇੱਕ ਉਮੀਦਵਾਰ ਦੀ ਵੀ ਸਿਫ਼ਾਰਸ਼ ਕੀਤੀ ਗਈ ਸੀ।

## ਪਟਾਕਿਆਂ ਦੇ ਪ੍ਰਦੂਸ਼ਣ ਨੇ ਦਿੱਲੀ ਦੀ ਬੱਸ ਕਰਾਈ

*(ਪਹਿਲੇ ਸਫੇ ਦੀ ਬਾਕੀ)*

ਸੁਪਰੀਮ ਕੋਰਟ ਵੱਲੋਂ ਪਾਬੰਦੀ ਦੇ ਅਜਿਹੇ ਹੀ ਹੁਕਮ ਪਰਾਲੀ ਸਾੜਨ ਤੋਂ ਰੋਕਣ ਬਾਰੇ ਦਿੱਤੇ ਹੋਏ ਹਨ ਜਿਨ੍ਹਾਂ ਨੂੰ ਲਾਗੂ ਕਰਵਾਉਣ ਲਈ ਦਿੱਲੀ ਤੋਂ ਆਈਆਂ ਕੇਂਦਰੀ ਟੀਮਾਂ ਪੰਜਾਬ ਵਿਚ ਡੇਰੇ ਲਾਈ ਬੈਠੀਆਂ ਹਨ। ਕੇਂਦਰ ਸਰਕਾਰ ਦੇ ਉੱਡਣ ਦਸਤਿਆਂ ਵੱਲੋਂ ਪੰਜਾਬ ਵਿਚ ਡੇਰੇ ਲਗਾ ਕੇ ਪਰਾਲੀ ਸਾੜੇ ਜਾਣ ਦੀਆਂ ਘਟਨਾਵਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਕਿਸਾਨਾਂ ਉਤੇ ਪਰਚੇ ਦਰਜ ਕੀਤੇ ਜਾ ਰਹੇ ਹਨ। ਉਨ੍ਹਾਂ ਦੇ ਜ਼ਮੀਨੀ ਰਿਕਾਰਡ ਵਿਚ ਰੈੱਡ ਐਂਟਰੀਆਂ ਪਾਈਆਂ ਜਾ ਰਹੀਆਂ ਹਨ। ਸੁਪਰੀਮ ਕੋਰਟ ਖੁਦ ਇਸ ਮਾਮਲੇ ਉਤੇ ਕਾਫੀ ਸਖਤੀ ਦਿਖਾ ਰਿਹਾ ਹੈ। ਉਚ ਅਦਾਲਤ ਨੇ ਇਥੋਂ ਤੱਕ ਆਖ ਦਿੱਤਾ ਹੈ ਕਿ ਜੇਕਰ ਪਰਾਲੀ ਸਾੜਨ ਤੋਂ ਰੋਕਣ ਦੇ ਉਪਰਾਲੇ ਨਾ ਕੀਤੇ ਗਏ ਤਾਂ ਉਹ ਪੰਜਾਬ, ਹਰਿਆਣਾ ਅਤੇ ਹੋਰ ਸਬੰਧਿਤ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਤਲਬ ਕਰਨਗੇ। ਉਧਰ, ਪਟਾਕਿਆਂ ਦੇ ਮਾਮਲੇ ਵਿਚ ਸੁਪਰੀਮ ਕੋਰਟ ਨੇ ਵੀ ਧਾਰਮਿਕ ਰਵਾਇਤਾਂ ਤੇ ਭਾਵਨਾਵਾਂ ਦੇ ਮੱਦੇਨਜ਼ਰ ਟਾਲਾ ਵੱਟਿਆ ਹੈ। ਸਰਕਾਰਾਂ ਵੀ ਇਸ ਮਸਲੇ (ਪਟਾਕਿਆਂ) ਉਤੇ ਕੋਈ ਕਾਰਵਾਈ ਕਰਨ ਦੀ ਥਾਂ ਸਾਰੇ ਦੋਸ਼ ਕਿਸਾਨਾਂ ਸਿਰ ਮੜ੍ਹ ਰਹੀਆਂ ਹਨ ਜਦਕਿ ਇਕ ਪੱਖ ਇਹ ਵੀ ਹੈ ਕਿ ਹਰਿਆਲੀ ਵਾਲੀਆਂ ਫਸਲਾਂ ਬੀਜ ਕੇ ਵਾਤਾਵਰਨ ਨੂੰ ਪਲੀਤ ਹੋਣ ਤੋਂ ਬਚਾਉਣ ਲਈ ਸਭ ਤੋਂ ਵੱਡਾ ਯੋਗਦਾਨ ਵੀ ਕਿਸਾਨ ਪਾ ਰਹੇ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਪਰਾਲੀ ਸਾੜਨ ਦੇ ਮਾਮਲੇ ਵਿਚ 10 ਤੋਂ 15 ਦਿਨਾਂ ਤੱਕ ਹੀ ਆਉਂਦੇ ਹਨ, ਜਦਕਿ ਦਿੱਲੀ ਵਿਚ ਪ੍ਰਦੂਸ਼ਣ ਦਾ ਮਸਲਾ ਹਮੇਸ਼ਾ ਗੰਭੀਰ ਰਹਿੰਦਾ ਹੈ। ਸਵਾਲ ਇਹ ਵੀ ਕੀਤਾ ਜਾ ਰਿਹਾ ਹੈ ਕਿ ਭਾਜਪਾ ਸੱਤਾ ਵਾਲੇ ਦਿੱਲੀ ਦੇ ਗੁਆਂਢੀ ਸੂਬੇ ਹਰਿਆਣਾ ਅਤੇ ਉਤਰ ਪ੍ਰਦੇਸ਼ ਦੀ ਥਾਂ ਰਾਜਧਾਨੀ ਤੋਂ 300 ਕਿਲੋਮੀਟਰ ਦੂਰ ਪੰਜਾਬ ਨੂੰ ਹੀ ਕਿਉਂ ਦਿੱਲੀ ਪ੍ਰਦੂਸ਼ਣ ਲਈ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਉਹ ਪਰਾਲੀ ਨੂੰ ਅੱਗ ਲਾਉਣ ਦੇ ਹੱਕ ਵਿਚ ਨਹੀਂ ਪਰ ਸਰਕਾਰ ਇਸ ਮਸਲੇ ਦਾ ਹੱਲ ਵੀ ਦੱਸੇ। ਖੇਤਾਂ ਵਿਚ ਪਰਾਲੀ ਦੇ ਢੇਰ ਲੱਗੇ ਹਨ, ਕਣਕ ਦੀ ਬਿਜਾਈ ਪੱਛੜ ਰਹੀ ਹੈ। ਸੂਬਾ ਸਰਕਾਰ ਹਰ ਪਿੰਡ ਨੂੰ ਬੇਲਰ ਮੁਹੱਈਆ ਨਹੀਂ ਕਰਵਾ ਸਕੀ ਹੈ ਅਤੇ ਦੂਰ-ਦੁਰਾਡੇ ਪੈਂਦੇ ਖੇਤਾਂ ਤੱਕ ਬੇਲਰ ਪਹੁੰਚੇ ਹੀ ਨਹੀਂ।

ਦੱਸਣਯੋਗ ਹੈ ਕਿ ਪੰਜਾਬ ਵਿਚ ਇਸ ਵਰ੍ਹੇ ਸਰਕਾਰ ਨੇ 1840 ਨਵੇਂ ਬੇਲਰ ਖਰੀਦਣ ਦਾ ਫੈਸਲਾ ਕੀਤਾ ਸੀ ਅਤੇ ਕੁਝ ਸਮੇਂ ਮਗਰੋਂ ਸੂਬਾ ਸਰਕਾਰ ਨੇ ਇਸ ਟੀਚੇ ਵਿਚ ਕਟੌਤੀ ਕਰਦਿਆਂ 1300 ਬੇਲਰ ਦੇਣ ਦੀ ਗੱਲ ਆਖੀ ਸੀ ਪਰ ਇਸ ਵਰ੍ਹੇ ਸਿਰਫ 500 ਬੇਲਰ ਹੀ ਖਰੀਦੇ ਗਏ। ਪਿਛਲੇ ਵਰ੍ਹਿਆਂ ਵਿਚ ਪੰਜਾਬ ਵਿਚ ਤਕਰੀਬਨ 140 ਕਰੋੜ ਰੁਪਏ ਦੀ ਮਸ਼ੀਨਰੀ ਦੀ ਗੜਬੜ ਹੋਈ ਹੈ ਅਤੇ ਤਕਰੀਬਨ 11 ਹਜ਼ਾਰ ਮਸ਼ੀਨਾਂ ਕਿਸਾਨਾਂ ਕੋਲ ਪੁੱਜੀਆਂ ਹੀ ਨਹੀਂ ਤੇ ਜਾਅਲੀ ਬਿੱਲ ਬਣਾ ਕੇ ਸਬਸਿਡੀ ਕਥਿਤ ਤੌਰ 'ਤੇ ਛਕ ਲਈ ਗਈ। ਕੇਂਦਰੀ ਟੀਮਾਂ ਨੇ ਪੰਜਾਬ ਤੇ ਹਰਿਆਣਾ ਵਿਚ 25 ਅਕਤੂਬਰ ਤੋਂ ਸਾਲ 2022-2023 ਅਤੇ 2023-24 ਦੌਰਾਨ ਖ਼ਰੀਦ ਮਸ਼ੀਨਰੀ ਦੀ ਫਿਜ਼ੀਕਲ ਵੈਰੀਫਿਕੇਸ਼ਨ ਸ਼ੁਰੂ ਕੀਤੀ ਹੋਈ ਹੈ ਜਿਸ ਦਾ ਕਰੀਬ 90 ਫ਼ੀਸਦੀ ਕੰਮ ਮੁਕੰਮਲ ਹੋ ਗਿਆ ਹੈ। ਪੰਜਾਬ ਦੇ ਦਰਜਨ ਜ਼ਿਲ੍ਹਿਆਂ 'ਚ 16 ਕੇਂਦਰੀ ਟੀਮਾਂ ਪੜਤਾਲ ਕਰ ਰਹੀਆਂ ਹਨ। ਕੁੱਲ ਮਿਲਾ ਆਖਿਆ ਜਾ ਸਕਦਾ ਹੈ ਕਿ ਸਰਕਾਰਾਂ ਪ੍ਰਦੂਸ਼ਣ ਦੇ ਮਸਲੇ ਉਤੇ ਭੋਰਾ ਵੀ ਗੰਭੀਰ ਨਹੀਂ ਹਨ। ਕੇਂਦਰੀ ਸੱਤਾ ਉਤੇ ਬੈਠੀ ਭਾਜਪਾ ਮਸਲੇ ਦੇ ਹੱਲ ਦੀ ਥਾਂ ਉਸ ਪਾਸੇ ਹੀ ਕਾਰਵਾਈ ਕਰ ਰਹੀ ਹੈ ਜੋ ਉਸ ਨੂੰ ਸਿਆਸੀ ਤੌਰ ਉਤੇ ਫਿੱਟ ਬੈਠਦਾ ਹੈ। ਇਕ ਪਾਸੇ ਪਟਾਕਿਆਂ ਉਤੇ ਰੋਕ ਬਾਰੇ ਸੁਪਰੀਮ ਕੋਰਟ ਦੇ ਸਖਤ ਹੁਕਮਾਂ ਨੂੰ ਧਾਰਮਿਕ ਮਸਲੇ ਨਾਲ ਜੋੜ ਕੇ ਇਨ੍ਹਾਂ ਨੂੰ ਲਾਗੂ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ ਤੇ ਦੂਜੇ ਪਾਸੇ ਪਰਾਲੀ ਬਾਰੇ ਅਜਿਹੇ ਹੀ ਹੁਕਮਾਂ ਨੂੰ ਲਾਗੂ ਕਰਨ ਲਈ ਸੂਬਿਆਂ ਖਾਸ ਕਰ ਕੇ ਪੰਜਾਬ ਸਰਕਾਰ ਉਤੇ ਦਬਾਅ ਬਣਾਇਆ ਜਾ ਰਿਹਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ




| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਜਸਵਿੰਦਰ ਸਿੰਘ (ਜੱਸੀ) ਗਿੱਲ |

# ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਨੂੰ ਸ਼ਰਧਾਂਜਲੀਆਂ

## ਭਾਰਤ ਵਿਚ ਧਰਮਾਂ, ਕੌਮਾਂ, ਨਸਲਾਂ, ਬੋਲੀਆਂ ਅਤੇ ਇਲਾਕਿਆਂ ਦੀ ਵੰਨ ਸੁਵੰਨਤਾ ਨੂੰ ਕਾਇਮ ਰੱਖਣ ਦਾ ਸੱਦਾ






**ਸਾਨਫਰਾਂਸਿਸਕੋ:** ਲੰਘੇ ਸ਼ਨਿਚਰਵਾਰ ਨੂੰ ਗਦਰ ਪਾਰਟੀ ਦੇ ਮੁੱਢਲੇ ਦਫਤਰ 5 ਵੁੱਡ ਸਟਰੀਟ ਸਾਨਫਰਾਂਸਿਸਕੋ ਵਿਚ ਹੋਏ ਇਕ ਪ੍ਰਭਾਵਸ਼ਾਲੀ ਪ੍ਰੋਗਰਾਮ ਵਿਚ ਛੋਟੀ ਉਮਰ ਵਿਚ ਵੱਡੀਆਂ ਘਾਲਣਾ ਕਰਨ ਵਾਲੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਨਾਲ ਫਾਂਸੀ ਦਾ



ਰੱਸਾ ਚੁੰਮ ਕੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ, ਸ. ਸੁਰੈਣ ਸਿੰਘ ਵੱਡਾ ਗਿਲਵਾਲੀ, ਸ. ਸੁਰੈਣ ਸਿੰਘ ਛੋਟਾ ਗਿਲਵਾਲੀ, ਸ. ਜਗਤ ਸਿੰਘ ਸੁਰਸਿੰਘ ਵਾਲਾ, ਸ. ਹਰਨਾਮ ਸਿੰਘ ਸਿਆਲਕੋਟ ਅਤੇ ਸ. ਬਖਸ਼ੀਸ਼ ਸਿੰਘ ਗਿਲਵਾਲੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਹ ਸੱਤੇ ਯੋਧੇ ਉਨ੍ਹਾਂ ਹਜ਼ਾਰਾਂ ਮਹਾਨ ਲੋਕਾਂ ਵਿਚ ਸ਼ਾਮਲ ਸਨ ਜੋ ਅਮਰੀਕਾ ਦੀ ਧਰਤੀ 'ਤੇ 1913 ਵਿਚ ਬਣੀ ਗਦਰ ਪਾਰਟੀ ਦੀ ਅਗਵਾਈ ਵਿਚ ਅਮਰੀਕਾ, ਕੈਨੇਡਾ ਅਤੇ ਹੋਰ ਦੇਸ਼ਾਂ ਤੋਂ ਆਪਣੇ ਕੰਮਕਾਰ, ਬਣੀਆਂ ਹੋਈਆਂ ਜਾਇਦਾਦਾਂ ਅਤੇ ਉਜਵਲ ਭਵਿੱਖ ਦੇ ਸੁਪਨੇ ਤੱਜ ਕੇ ਭਾਰਤ ਦੀ ਆਜ਼ਾਦੀ ਲਈ ਆਪਣਾ ਆਪ ਕੁਰਬਾਨ ਕਰਨ ਲਈ ਕੋਈ 8000 ਦੀ ਵੱਡੀ ਗਿਣਤੀ ਵਿਚ ਭਾਰਤ ਪਹੁੰਚੇ ਸਨ। ਭਾਰਤ ਪਹੁੰਚਣ ਤੋਂ ਬਾਅਦ ਗਦਰ ਪਾਰਟੀ ਦੇ ਸੂਰਬੀਰਾਂ ਨੇ ਦੇਸ਼ ਨੂੰ ਅੰਗਰੇਜ਼ ਸਾਮਰਾਜ ਤੋਂ ਆਜ਼ਾਦ ਕਰਵਾਉਣ ਦੀ ਜੱਦੋ ਜਹਿਦ ਪੂਰੀ ਸ਼ਿੱਦਤ ਅਤੇ ਹਿੰਮਤ ਨਾਲ ਲੜੀ। ਭਾਵੇਂ ਗਦਰ ਪਾਰਟੀ ਵਲੋਂ ਫੌਜੀ ਛਾਉਣੀਆਂ ਵਿਚ ਅੰਗਰੇਜ਼ ਸਰਕਾਰ ਵਿਰੁਧ ਬਗਾਵਤ ਸ਼ੁਰੂ ਕਰਨ ਦਾ ਪਲੈਨ ਮੋਟੇ ਰੂਪ ਵਿਚ ਕਾਮਯਾਬ ਨਹੀਂ ਹੋਇਆ। ਸਰਕਾਰ ਨੂੰ ਇਸ ਬਗਾਵਤ ਦੀ ਸੂਚਨਾ ਪਹਿਲਾਂ ਹੀ ਮਿਲ ਜਾਣ ਕਾਰਨ ਬਹੁਤ ਸਾਰੇ ਗਦਰੀ ਯੋਧੇ ਗ੍ਰਿਫਤਾਰ ਕਰ ਲਏ ਗਏ। ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ, ਜਗਤ ਸਿੰਘ ਅਤੇ ਕੁਝ ਹੋਰ ਸਾਥੀ ਪੁਲੀਸ ਨੂੰ ਚਕਮਾ ਦੇ ਕੇ ਅਫਗਾਨਿਸਤਾਨ ਜਾਣ ਲਈ ਤੁਰ ਪਏ ਪਰ ਬਾਕੀ ਗਦਰੀਆਂ ਨੂੰ ਇਨ੍ਹਾਂ ਮੁਸ਼ਕਲ ਹਾਲਤਾਂ ਵਿਚ ਛੱਡ ਕੇ ਆਪ ਸੁਰੱਖਿਅਤ ਚਲੇ ਜਾਣਾ ਵੀ ਕਰਤਾਰ ਸਿੰਘ ਸਰਾਭਾ ਅਤੇ ਹੋਰ ਸਾਥੀਆਂ ਨੂੰ ਗਵਾਰਾ ਨਾ ਹੋਇਆ ਤੇ ਉਹ ਵਾਪਸ ਆ ਸਰਗੋਧੇ ਚੱਕ ਨੰਬਰ 5 ਵਿਚ ਇਕ ਫੌਜੀ ਛਾਉਣੀ ਵਿਚ ਬਗਾਵਤ ਕਰਵਾਉਣ ਦੀ ਕੋਸ਼ਿਸ਼ ਵਿਚ ਲੱਗ ਗਏ। ਇਥੋਂ ਹੀ ਉਨ੍ਹਾਂ ਨੂੰ ਰਸਾਲਦਾਰ ਗੰਡਾ ਸਿੰਘ ਦੀ ਸੂਹ 'ਤੇ ਗ੍ਰਿਫਤਾਰ ਕਰ ਲਿਆ ਗਿਆ। ਗ੍ਰਿਫਤਾਰ ਹੋਣ ਤੋਂ ਬਾਅਦ ਇਨ੍ਹਾਂ ਮਰਜੀਵੜਿਆਂ ਨੂੰ 16 ਨਵੰਬਰ 1915 ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ ਸੀ।

ਇਸ ਪ੍ਰੋਗਰਾਮ ਵਿਚ ਭਾਰਤ ਕੌਂਸਲੇਟ ਦਫਤਰ ਵਲੋਂ ਕੌਂਸਲੇਟ ਜਨਰਨ ਡਾ. ਕੇ ਸਰੀਕਰ ਰੈਡੀ, ਕੌਂਸਲੇਟ ਜਸਵੰਤ ਸਿੰਘ, ਕੌਂਸਲੇਟ ਐਨ ਪੀ ਸਿੰਘ ਅਤੇ ਵਾਸ਼ਿੰਗਟਨ ਡੀ ਸੀ ਤੋਂ ਕਾਮਰਸ ਮਨਿਸਟਰ ਸ. ਅਜੈ ਕੁਮਾਰ ਨੇ ਹਿੱਸਾ ਲਿਆ। ਕੌਂਸਲੇਟ ਜਨਰਲ ਡਾ. ਸਰੀਕਰ ਰੈਡੀ ਨੇ ਇਸ ਇਕੱਠ ਨੂੰ ਸੰਬੋਧਨ ਕਰਦਿਆਂ ਗਦਰੀ ਯੋਧਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਗਦਰ ਪਾਰਟੀ ਦੀ ਇਹ ਯਾਦਗਾਰ, ਗਦਰ ਮੈਮੋਰੀਅਲ ਦੀ ਮੁੜ ਉਸਾਰੀ ਦੇ ਚੱਲ ਰਹੇ ਪ੍ਰਾਜੈਕਟ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਭਾਰਤ ਸਰਕਾਰ ਇਸ ਜਗ੍ਹਾ ਦੀ ਮੁੜ ਉਸਾਰੀ ਨੂੰ ਪ੍ਰਵਾਨ ਕਰ ਚੁੱਕੀ ਹੈ ਅਤੇ ਹੁਣ ਇਹ ਯੋਜਨਾ ਸਾਨਫਰਾਂਸਿਸਕੋ ਸ਼ਹਿਰ ਦੀ ਕਮੇਟੀ ਤੋਂ ਮਨਜ਼ੂਰੀ ਦੀ ਇੰਤਜ਼ਾਰ ਵਿਚ ਹੈ। ਯਾਦ ਰਹੇ ਕਿ ਇਸ ਇਮਾਰਤ ਦੀ ਮੁੜ ਉਸਾਰੀ ਦਾ ਪ੍ਰਾਜੈਕਟ ਸ. ਮਨਮੋਹਣ ਸਿੰਘ ਦੀ ਸਰਕਾਰ ਵੇਲੇ ਪਾਸ ਹੋ ਚੁੱਕਾ ਹੈ ਪਰ ਕਿਸੇ ਨਾ ਕਿਸੇ ਕਾਰਨ ਉਹ ਅਜੇ ਤੱਕ ਪੂਰਾ ਨਹੀਂ ਹੋ ਸਕਿਆ।

ਸਟੇਜ ਦੀ ਕਾਰਵਾਈ ਹਰਜਿੰਦਰ ਢੇਸੀ ਨੇ ਨਿਭਾਈ ਅਤੇ ਵੱਖ ਵੱਖ ਬੁਲਾਰਿਆਂ ਨੂੰ ਪੇਸ਼ ਕੀਤਾ ਜਿਨ੍ਹਾਂ ਵਿਚ ਡਾ. ਮਲਕੀਤ ਸਿੰਘ ਕਿੰਗਰਾ, ਹਰਿੰਦਰ ਕੌਰ, ਸੁਰਿੰਦਰ ਸਿੰਘ ਮੰਢਾਲੀ, ਕੁਲਵੰਤ ਸਿੰਘ ਗਿੱਲ, ਸ਼ਾਇਰ ਹਰਜਿੰਦਰ ਕੰਗ, ਡਾ. ਦਲਜੀਤ ਸਿੰਘ ਸਾਬਕਾ ਪ੍ਰਿੰਸੀਪਲ, ਖਾਲਸਾ ਕਾਲਜ ਅਮ੍ਰਿਤਸਰ, ਪ੍ਰਸਿੱਧ ਕਵੀ ਤੇ ਲੇਖਕ ਸ. ਜਸਵੰਤ ਸਿੰਘ ਜ਼ਫਰ, ਡਾ. ਅਰਜਨ ਸਿੰਘ ਜੋਸ਼ਨ (ਸਾਬਕਾ ਪ੍ਰੋਫੈਸਰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ), ਲੇਖਕ ਤੇ ਕਵੀ ਸੰਤੋਖ ਸਿੰਘ ਮਿਨਹਾਸ ਸ਼ਾਮਲ ਸਨ। ਬਹੁਤੇ ਬੁਲਾਰਿਆਂ ਨੇ ਗਦਰ ਪਾਰਟੀ ਦੀ ਸਾਂਝੀਵਾਲਤਾ ਅਤੇ ਮਨੁੱਖਤਾਵਾਦੀ ਵਿਚਾਰਧਾਰਾ ਦੀ ਗੱਲ ਕੀਤੀ। ਜਿਵੇਂ ਗਦਰ ਪਾਰਟੀ ਵਿਚ ਭਾਵੇਂ ਬਹੁਤੇ ਪੰਜਾਬੀ ਸਿੱਖ ਸਨ ਪਰ ਹਿੰਦੂ ਅਤੇ ਮੁਸਲਮ ਧਰਮ ਨੂੰ ਮੰਨਣ ਵਾਲੇ ਵੀ ਸ਼ਾਮਲ ਸਨ ਅਤੇ ਉਹ ਸਾਰੇ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਇਕ ਸਾਂਝਾ ਸੰਘਰਸ਼ ਕਰ ਰਹੇ ਸਨ। ਬੁਲਾਰਿਆਂ ਨੇ ਜ਼ੋਰ ਦਿੱਤਾ ਕਿ ਅੱਜ ਦੇ ਭਾਰਤ ਨੂੰ ਵੀ ਧਰਮਾਂ, ਕੌਮਾਂ ਨਸਲਾਂ, ਬੋਲੀਆਂ ਅਤੇ ਇਲਾਕਿਆਂ ਦੀ ਆਪਣੀ ਵੰਨ ਸੁਵੰਨਤਾ ਨੂੰ ਉਸੇ ਤਰ੍ਹਾਂ ਕਾਇਮ ਰੱਖਣਾ ਚਾਹੀਦਾ ਹੈ ਅਤੇ ਸਰਕਾਰਾਂ ਨੂੰ ਆਪਣੀਆਂ ਨੀਤੀਆਂ ਵਿਚ ਵੀ ਅਜਿਹੀ ਸਾਂਝੀਵਾਲਤਾ ਲਿਆਉਣੀ ਚਾਹੀਦੀ ਹੈ ਜਿਸ ਨਾਲ ਸਾਰੇ ਭਾਰਤੀਆਂ ਦਾ ਵਿਕਾਸ ਹੋ ਸਕੇ।



ਸ. ਦਲਜੀਤ ਸਿੰਘ ਨੇ ਕੌਂਸਲੇਟ ਜਨਰਲ ਨੂੰ ਗਦਰ ਮੈਮੋਰੀਅਲ 'ਤੇ ਗਦਰੀ ਸ਼ਹੀਦਾਂ ਅਤੇ ਹੋਰ ਦੇਸ਼ ਭਗਤਾਂ ਨਾਲ ਸਬੰਧਤ ਪੰਜਾਬੀ ਕਿਤਾਬਾਂ ਸ਼ਾਮਲ ਕਰਨ ਦੀ ਅਪੀਲ ਕੀਤੀ। ਕੁਲਵੰਤ ਸਿੰਘ ਗਿੱਲ ਨੇ ਵੀ ਗਦਰ ਮੈਮੋਰੀਅਲ ਹਾਲ ਵਿਚ ਲੱਗੇ ਭਾਰਤ ਅਤੇ ਅਮਰੀਕਾ ਦੇ ਝੰਡਿਆਂ ਵਾਂਗ ਹੀ ਗਦਰ ਪਾਰਟੀ ਦਾ ਝੰਡਾ ਵੀ ਲਾਉਣ ਦੀ ਅਪੀਲ ਕੀਤੀ।

ਇਨ੍ਹਾਂ ਬੁਲਾਰਿਆਂ ਤੋਂ ਇਲਾਵਾ ਵਿਸ਼ਵ ਪੰਜਾਬੀ ਅਕਾਦਮੀ ਵਲੋਂ ਪ੍ਰਸਿਧ ਸ਼ਾਇਰ ਕੁਲਵਿੰਦਰ, ਜਗਜੀਤ ਨੌਸ਼ਹਿਰਵੀ, ਕਹਾਣੀਕਾਰ ਅਜਮੇਰ ਸਿੱਧੂ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਅਤੇ ਪੰਜਾਬੀ ਰਸਾਲੇ 'ਹੁਣ' ਦੇ ਮੁਖ ਸੰਪਾਦਕ ਸੁਸ਼ੀਲ ਦੁਸਾਂਝ ਵੀ ਸ਼ਾਮਲ ਹੋਏ। ਇਹ ਪ੍ਰੋਗਰਾਮ ਕੈਲੇਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਵਿਚ ਗਦਰੀ ਬਾਬਿਆਂ ਦੀ ਸੋਚ ਨੂੰ ਪ੍ਰਚਾਰਣ ਅਤੇ ਪ੍ਰਸਾਰਣ ਦੇ ਉਦੇਸ਼ ਨੂੰ ਲੈ ਕੇ ਕੰਮ ਕਰਨ ਵਾਲੀਆਂ ਵੱਖ ਵੱਖ ਜਥੇਬੰਦੀਆਂ ਦੇ ਸਾਂਝੇ ਯਤਨਾਂ ਨਾਲ ਕਰਵਾਇਆ ਗਿਆ ਸੀ ਜਿਸ ਵਿਚ ਬਹੁਤ ਸਾਰੇ ਲੋਕੀਂ ਪੂਰੇ ਉਤਸ਼ਾਹ ਨਾਲ ਪਹੁੰਚੇ। ਫਰਿਜ਼ਨੋ ਤੋਂ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੀ ਅਗਵਾਈ ਵਿਚ 50 ਦੇ ਕਰੀਬ ਆਦਮੀ ਤੇ ਔਰਤਾਂ ਦਾ ਸਾਂਝਾ ਜਥਾ ਸ਼ਾਮਲ ਹੋਇਆ। ਇਥੇ ਪਹੁੰਚੇ ਸਾਰੇ ਲੋਕਾਂ ਲਈ ਦੁਪਹਿਰ ਦੇ ਖਾਣੇ (ਪੀਜੇ) ਦੀ ਸੇਵਾ ਗੋਲਡਨ ਗੇਟ ਪੀਜ਼ਾ ਦੇ ਸੁਖਦੇਵ ਸਿੰਘ ਗਰੇਵਾਲ ਅਤੇ ਚਾਹ ਅਤੇ ਮਠਿਆਈ ਦੀ ਸੇਵਾ ਅਮਰ ਗਰੋਸਰੀ ਵਲੋਂ ਕੀਤੀ ਗਈ।

# ਲਾਹੌਰ ਵਿਚ ਗਿਆਨੀ ਗੁਰਦਿੱਤ ਸਿੰਘ ਅਤੇ ਇੰਦਰਜੀਤ ਕੌਰ ਸੰਧੂ ਦੀ ਜਨਮ ਸ਼ਤਾਬਦੀ ਸੰਬੰਧੀ ਸਮਾਗਮ

## ਬਲਦੇਵ ਸਿੰਘ 'ਸੜਕਨਾਮਾ' ਦੀ ਗਿਆਨੀ ਗੁਰਦਿੱਤ ਸਿੰਘ ਬਾਰੇ ਸ਼ਾਹਮੁਖੀ ਵਿਚ ਛਪੀ ਪੁਸਤਕ ਰਿਲੀਜ਼

**ਸਰੀ:** ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫ਼ੋਰਮ ਲਾਹੌਰ ਵੱਲੋਂ ਹਰਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਅਤੇ ਭਾਈ ਸਾਹਿਬ ਰਣਧੀਰ ਸਿੰਘ ਟਰੱਸਟ ਯੂ.ਕੇ. ਦੇ ਸਹਿਯੋਗ ਨਾਲ ਬੀਤੇ ਦਿਨੀਂ ਪੰਜਾਬੀ ਸਾਹਿਤਕਾਰ ਮਰਹੂਮ ਗਿਆਨੀ ਗੁਰਦਿੱਤ ਸਿੰਘ



ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਵਾਈਸ ਚਾਂਸਲਰ ਮਰਹੂਮ ਇੰਦਰਜੀਤ ਕੌਰ ਸੰਧੂ ਦੀ ਜਨਮ ਸ਼ਤਾਬਦੀ ਮੌਕੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਮੀਰ ਖ਼ਲੀਲੁ ਰਹਿਮਾਨ ਮੈਮੋਰੀਅਲ ਸੁਸਾਇਟੀ ਦੇ ਚੇਅਰਮੈਨ ਅਤੇ ਰੋਜ਼ਾਨਾ ਜੰਗ ਨਾਲ ਜੁੜੇ ਸੀਨੀਅਰ ਪੱਤਰਕਾਰ ਵਾਸੀਫ ਨਾਗੀ ਸਨ, ਵਿਸ਼ੇਸ਼ ਮਹਿਮਾਨ ਡਾ. ਸ਼ਾਇਸਤਾ ਨੁਜ਼ਹਤ ਅਤੇ ਪੰਜਾਬ ਹਾਇਰ ਐਜੂਕੇਸ਼ਨ ਕਮਿਸ਼ਨ ਦੇ ਡਾਇਰੈਕਟਰ ਕੋਆਰਡੀਨੇਸ਼ਨ ਡਾ. ਤਨਵੀਰ ਕਾਸਿਮ ਰਾਣਾ ਸਨ। ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫ਼ੋਰਮ ਦੇ ਡਾਇਰੈਕਟਰ ਡਾ. ਅਬਦੁੱਲ ਰੱਜ਼ਾਕ ਸ਼ਾਹਿਦ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਗਿਆਨੀ ਗੁਰਦਿੱਤ ਸਿੰਘ ਦੀਆਂ ਸਾਹਿਤਕ ਸੇਵਾਵਾਂ ਅਤੇ ਪ੍ਰੋ. ਇੰਦਰਜੀਤ ਕੌਰ ਦੀਆਂ ਵਿੱਦਿਅਕ ਸੇਵਾਵਾਂ ਬਾਰੇ ਚਾਨਣਾ ਪਾਇਆ।

ਉਨ੍ਹਾਂ ਦੱਸਿਆ ਕਿ ਦੋਵੇਂ ਪਤੀ-ਪਤਨੀ ਦਾ ਜਨਮ 1923 ਈ. ਵਿਚ ਹੋਇਆ ਸੀ। ਉਨ੍ਹਾਂ ਦੇ ਸ਼ਤਾਬਦੀ ਸਮਾਗਮ ਪੂਰੇ ਭਾਰਤ ਵਿਚ ਮਨਾਏ ਜਾ ਰਹੇ ਹਨ। ਗਿਆਨੀ ਜੀ ਪੰਜਾਬੀ ਅਖ਼ਬਾਰ "ਪ੍ਰਕਾਸ਼" ਦੇ ਮਾਲਕ ਅਤੇ ਸੰਪਾਦਕ ਸਨ। ਉਹ ਸਿੱਖ ਇਤਿਹਾਸ ਦੇ ਮਾਸਿਕ ਮੈਗਜ਼ੀਨ "ਸਿੰਘ ਸਭਾ ਪੱਤ੍ਰਿਕਾ" ਦੇ ਸੰਪਾਦਕ ਵੀ ਸਨ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਗ੍ਰੈਜੂਏਸ਼ਨ ਕੀਤੀ। 1956 ਤੋਂ 1962 ਤੱਕ ਉਹ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਰਹੇ। ਇਹ ਸਨਮਾਨ ਪ੍ਰਾਪਤ ਕਰਨ ਵਾਲੇ ਉਹ ਪਹਿਲੇ ਅਤੇ ਆਖ਼ਰੀ ਪੰਜਾਬੀ ਲੇਖਕ ਸਨ। ਪ੍ਰੋ. ਇੰਦਰਜੀਤ ਕੌਰ ਨੇ ਵੀ ਬੈਚਲਰ ਆਫ਼ ਟੀਚਿੰਗ ਦੇ ਨਾਲ-ਨਾਲ ਲਾਹੌਰ ਕਾਲਜ ਤੋਂ ਫਿਲਾਸਫੀ ਵਿਚ ਐਮ.ਏ. ਕੀਤੀ। ਉਨ੍ਹਾਂ ਨੇ ਆਪਣਾ ਪੇਸ਼ੇਵਰ ਜੀਵਨ ਇਕ ਅਧਿਆਪਕਾ ਵਜੋਂ ਸ਼ੁਰੂ ਕੀਤਾ। ਕਈ ਕਾਲਜਾਂ ਵਿੱਚ ਪੜ੍ਹਾਉਣ ਤੋਂ ਬਾਅਦ ਉਹ ਬੇਸਿਕ ਟਰੇਨਿੰਗ ਕਾਲਜ ਚੰਡੀਗੜ੍ਹ ਦੀ ਪ੍ਰਿੰਸੀਪਲ ਬਣ ਗਈ। ਉਹ ਗੌਰਮਿੰਟ ਕਾਲਜ ਫ਼ਾਰ ਵਿਮੈਨ ਅੰਮ੍ਰਿਤਸਰ ਦੇ ਪ੍ਰਿੰਸੀਪਲ ਵੀ ਰਹੇ। 1975 ਵਿਚ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ-ਚਾਂਸਲਰ ਬਣੇ। ਉਹ ਯੂਨੀਵਰਸਿਟੀ ਦੇ ਤੀਜੇ ਵਾਈਸ-ਚਾਂਸਲਰ ਅਤੇ ਉੱਤਰੀ ਭਾਰਤ ਦੇ ਪਹਿਲੇ ਮਹਿਲਾ ਵਾਈਸ-ਚਾਂਸਲਰ ਸਨ। ਉਹ ਪਿਛਲੇ ਸਾਲ 99 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ ਸਨ।

ਦੋਵਾਂ ਸ਼ਖ਼ਸੀਅਤਾਂ ਦੀ ਜਾਣ-ਪਛਾਣ ਤੋਂ ਬਾਅਦ ਕੈਨੇਡਾ ਵਸਦੇ ਜੈਤੇਗ ਸਿੰਘ ਅਨੰਤ ਵੱਲੋਂ ਵੌਇਸ ਸੰਦੇਸ਼ ਸੁਣਾਇਆ ਗਿਆ। ਜ਼ੂਮ ਲਿੰਕ 'ਤੇ ਹੋਏ ਸਮਾਰੋਹ 'ਚ ਦੋਵਾਂ ਸ਼ਖਸੀਅਤਾਂ ਦੇ ਰਿਸ਼ਤੇਦਾਰ ਮੌਜੂਦ ਸਨ। ਗੁਰਦਿੱਤ ਸਿੰਘ



ਦੇ ਸਪੁੱਤਰ ਰੂਪਿੰਦਰ ਸਿੰਘ ਨੇ ਦੋਵਾਂ ਬਾਰੇ ਖ਼ੂਬਸੂਰਤ ਜਾਣਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਦੀਆਂ ਸਾਹਿਤਕ ਅਤੇ ਅਕਾਦਮਿਕ ਸੇਵਾਵਾਂ ਦਾ ਇੱਕ ਜ਼ਮਾਨਾ ਸ਼ਲਾਘਾ ਕਰਦਾ ਹੈ। ਗੁਰਿੰਦਰ ਮਾਨ ਅਮਰੀਕਾ ਤੋਂ ਇਸ ਸਮਾਗਮ ਵਿਚ ਸ਼ਾਮਲ ਹੋਏ।

ਸਮਾਗਮ ਦੇ ਅਗਲੇ ਪੜਾਅ ਵਿਚ ਗਿਆਨੀ ਗੁਰਦਿੱਤ ਸਿੰਘ ਬਾਰੇ ਬਲਦੇਵ ਸਿੰਘ 'ਸੜਕਨਾਮਾ' ਦੀ ਸ਼ਾਹਮੁਖੀ ਵਿਚ ਛਪੀ ਪੁਸਤਕ ਰਿਲੀਜ਼ ਕੀਤੀ ਗਈ। ਇਸ ਪੁਸਤਕ ਵਿਚ ਉਨ੍ਹਾਂ ਨੇ ਗਿਆਨੀ ਗੁਰਦਿੱਤ ਸਿੰਘ ਦੀਆਂ ਸੇਵਾਵਾਂ ਦਾ ਵਰਣਨ ਕੀਤਾ ਹੈ। ਸਮਾਗਮ ਦੇ ਤੀਜੇ ਪੜਾਅ ਵਿਚ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੀਆਂ ਨਾਮਵਰ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਨੈਸ਼ਨਲ ਕਾਲਜ ਆਫ਼ ਆਰਟਸ ਦੇ ਸਾਬਕਾ ਪ੍ਰਿੰਸੀਪਲ ਅਤੇ 'ਥਾਪ' ਦੇ ਸੀਈਓ ਪ੍ਰੋ. ਸਾਜਿਦਾ ਹੈਦਰ ਵੰਡਲ, ਨਾਮਵਰ ਪੰਜਾਬੀ ਲੇਖਕ, ਨਾਵਲਕਾਰ, ਸਫ਼ਰਨਾਮਾ ਲੇਖਕ ਅਤੇ ਕਵੀ ਪ੍ਰੋ. ਆਸ਼ਿਕ ਰਾਹੀਲ ਨੂੰ ਲਾਈਫ਼ਟਾਈਮ ਅਚੀਵਮੈਂਟ ਐਵਾਰਡ ਅਤੇ ਨਕਦ ਇਨਾਮ ਦਿੱਤਾ ਗਿਆ। ਪੰਜਾਬੀ ਭਾਸ਼ਾ ਅਤੇ ਸਾਹਿਤ ਪ੍ਰਤੀ ਸੇਵਾਵਾਂ ਬਦਲੇ ਪ੍ਰੋ. ਡਾ. ਕਲਿਆਣ ਸਿੰਘ ਕਲਿਆਣ, ਪ੍ਰੋ. ਡਾ. ਇਬਾਦਤ ਨਬੀਲ ਸ਼ਾਦ ਅਤੇ ਸਤਵੰਤ ਕੌਰ ਲੈਕਚਰ ਕਿੰਨਰਡ ਕਾਲਜ ਨੂੰ ਪੰਜਾਬੀ ਸੇਵਕ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

*-ਹਰਦਮ ਮਾਨ*

# ਪੰਜਾਬ ਵਿਚ 'ਇੰਡੀਆ' ਗੱਠਜੋੜ ਸਿਰੇ ਚੜ੍ਹਨ ਦੇ ਆਸਾਰ ਮੱਧਮ

**ਚੰਡੀਗੜ੍ਹ:** ਵਿਰੋਧੀ ਧਿਰਾਂ ਦੇ 'ਇੰਡੀਆ' ਗੱਠਜੋੜ ਦੇ ਪੰਜਾਬ ਵਿਚ ਪੈਰ ਲੱਗਣ ਦੇ ਆਸਾਰ ਘੱਟ ਹੀ ਜਾਪ ਰਹੇ ਹਨ। ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਪਿਛਲੇ ਦਿਨਾਂ ਵਿਚ ਜਿਸ ਤਰ੍ਹਾਂ ਸੂਬਾ ਕਾਂਗਰਸ ਦੇ ਸਾਬਕਾ ਮੰਤਰੀਆਂ ਤੇ ਵਿਧਾਇਕਾਂ ਖ਼ਿਲਾਫ਼ ਕਾਰਵਾਈ ਕੀਤੀ ਹੈ, ਉਸ ਕਾਰਨ ਪਾਰਟੀ ਦੇ ਸੀਨੀਅਰ ਆਗੂਆਂ ਵਿਚ ਕਾਫੀ ਨਰਾਜ਼ਗੀ ਹੈ।

ਜੇਕਰ ਕੇਸਾਂ ਦਾ ਸਾਹਮਣਾ ਕਰ ਰਹੇ ਸਾਬਕਾ ਕਾਂਗਰਸੀ ਮੰਤਰੀਆਂ ਦੀ ਲੰਮੀ ਸੂਚੀ ਨੂੰ ਦੇਖਿਆ ਜਾਵੇ, ਤਾਂ ਜਾਪਦਾ ਹੈ ਕਿ ਕਾਂਗਰਸ ਪਾਰਟੀ ਹੀ ਮੁੱਖ ਤੌਰ ਉਤੇ 'ਆਪ' ਸਰਕਾਰ ਦੇ ਨਿਸ਼ਾਨੇ ਉਤੇ ਹੈ, ਨਾ ਕਿ ਸੂਬੇ ਦੀ ਇਕ ਹੋਰ ਪ੍ਰਮੁੱਖ ਧਿਰ- ਸ਼੍ਰੋਮਣੀ ਅਕਾਲੀ ਦਲ। ਤਕਰੀਬਨ ਤਿੰਨ ਸਾਬਕਾ ਮੰਤਰੀ- ਸਾਧੂ ਸਿੰਘ ਧਰਮਸੋਤ, ਭਾਰਤ ਭੂਸ਼ਣ ਆਸ਼ੂ ਤੇ ਸੁੰਦਰ ਸ਼ਾਮ ਅਰੋੜਾ ਆਪਣੀਆਂ ਕਥਿਤ ਵਿੱਤੀ ਬੇਨੇਮੀਆਂ ਲਈ ਗ੍ਰਿਫਤਾਰ ਹੋ ਚੁੱਕੇ ਹਨ। ਜਦਕਿ ਪਲਾਟ ਅਲਾਟਮੈਂਟ ਕੇਸ ਵਿਚ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਅੰਤ੍ਰਿਮ ਪੇਸ਼ਗੀ ਜ਼ਮਾਨਤ ਮਿਲੀ ਹੋਈ ਹੈ। ਹਾਈ ਕੋਰਟ ਨੇ ਸਾਬਕਾ ਜੰਗਲਾਤ ਮੰਤਰੀ ਸੰਗਤ ਸਿੰਘ ਗਿਲਜੀਆਂ ਦੀ ਗ੍ਰਿਫਤਾਰੀ ਉਤੇ ਰੋਕ ਲਾ ਦਿੱਤੀ ਸੀ। ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਪੁੱਛਗਿੱਛ ਲਈ ਜਾਂਚ ਵਿਜੀਲੈਂਸ ਬਿਊਰੋ ਅੱਗੇ ਪੇਸ਼ ਹੋ ਚੁੱਕੇ ਹਨ। ਇਸ ਤੋਂ ਇਲਾਵਾ ਸਾਬਕਾ ਮੰਤਰੀਆਂ ਗੁਰਪ੍ਰੀਤ ਕਾਂਗੜ ਤੇ ਬ੍ਰਹਮ ਮਹਿੰਦਰਾ ਨੂੰ ਵੀ ਲਗਾਤਾਰ ਪੁੱਛਗਿੱਛ ਲਈ ਸੱਦਿਆ ਜਾ ਰਿਹਾ ਹੈ। 'ਆਪ' ਸਰਕਾਰ ਦੇ ਸਭ ਤੋਂ ਵੱਡੇ ਆਲੋਚਕ ਸੁਖਪਾਲ ਖਹਿਰਾ ਨਸ਼ਿਆਂ ਦੇ ਇਕ ਪੁਰਾਣੇ ਮਾਮਲੇ ਵਿਚ ਜੇਲ੍ਹ 'ਚ ਹਨ। ਸੂਬਾ ਕਾਂਗਰਸ ਦੇ ਕਰੀਬ ਸੱਤ ਚੋਟੀ ਦੇ ਆਗੂਆਂ, ਜਿਨ੍ਹਾਂ ਵਿਚ ਸਾਬਕਾ ਮੰਤਰੀ ਤੇ ਸੰਸਦ ਮੈਂਬਰ ਸ਼ਾਮਲ ਹਨ,



ਹਾਲਾਂਕਿ ਇਕ ਕਾਂਗਰਸੀ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਪੰਜਾਬ ਵਿਚ ਗੱਠਜੋੜ ਸਿਰੇ ਚੜ੍ਹਦਾ ਨਹੀਂ ਜਾਪਦਾ। ਕਾਂਗਰਸ ਦੇ ਇਕ ਚੋਟੀ ਦੇ ਦਲਿਤ ਆਗੂ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਕਿਹਾ ਕਿ ਉਨ੍ਹਾਂ ਨੂੰ 'ਆਪ' ਸਰਕਾਰ ਵੱਲੋਂ ਤੰਗ ਕੀਤਾ ਜਾ ਰਿਹਾ ਹੈ। ਉਨ੍ਹਾਂ ਸਵਾਲ ਕੀਤਾ ਕਿ, 'ਇਹ ਅਨੋਖਾ ਨਹੀਂ ਹੈ ਕਿ ਇਕ ਪਾਸੇ ਤਾਂ ਉਹ ਇੰਡੀਆ ਬਲਾਕ ਵਿਚ ਸਾਡੀ ਪਾਰਟੀ (ਕਾਂਗਰਸ) ਨਾਲ ਗੱਠਜੋੜ ਦੀ ਕੋਸ਼ਿਸ਼ ਕਰ ਰਹੇ ਹਨ ਤੇ ਦੂਜੇ ਪਾਸੇ ਸਾਨੂੰ (ਕਾਂਗਰਸੀਆਂ) ਨਿਸ਼ਾਨਾ ਬਣਾ ਰਹੇ ਹਨ, ਨਾ ਕਿ ਅਕਾਲੀਆਂ ਨੂੰ।' ਕਾਂਗਰਸੀ ਆਗੂਆਂ ਨੇ ਕਿਹਾ ਕਿ ਉਹ ਖੁੱਲ੍ਹ ਕੇ ਨਹੀਂ ਬੋਲ ਸਕਦੇ ਕਿਉਂਕਿ ਪਾਰਟੀ ਹਾਈ ਕਮਾਨ ਕੌਮੀ ਪੱਧਰ 'ਤੇ ਇੰਡੀਆ ਬਲਾਕ ਲਈ ਵਿਚਾਰ-ਚਰਚਾ ਕਰ ਰਹੀ ਹੈ। ਨੇ 'ਆਪ' ਤੇ ਜਾਤੀਵਾਦੀ ਹੋਣ ਦਾ ਦੋਸ਼ ਲਾਉਂਦਿਆਂ ਕਿਹਾ, 'ਵਿਜੀਲੈਂਸ ਬਿਊਰੋ ਵੱਲੋਂ ਦਿੱਤਾ ਜਾ ਰਿਹਾ ਦਖਲ ਅਸਲ ਤਸਵੀਰ ਦਾ ਇਕ ਛੋਟਾ ਜਿਹਾ ਹਿੱਸਾ ਹੈ। ਅਸਲੀਅਤ ਇਹ ਹੈ ਕਿ ਸਮਾਜ ਦੇ ਸਿਰਫ ਇਕ ਵਰਗ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।' ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸੁਖਵਿਲਾਸ ਹੋਟਲ ਮਾਮਲੇ 'ਚ ਸੁਖਬੀਰ ਬਾਦਲ ਤੇ ਡਰੱਗਜ਼ ਕੇਸ ਵਿਚ ਸਾਬਕਾ ਮੰਤਰੀ ਬਿਕਰਮ ਮਜੀਠੀਆ ਵਿਰੁੱਧ ਨਰਮੀ ਵਰਤਣ ਦਾ ਕੋਈ ਕਾਰਨ ਨਜ਼ਰ ਨਹੀਂ ਆਉਂਦਾ। ਵਿਜੀਲੈਂਸ ਬਿਊਰੋ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ, 'ਬਿਊਰੋ ਕੋਲ ਚੱਲ ਰਹੇ ਕੇਸਾਂ ਨੂੰ ਨਿੱਜੀ ਜਾਂ ਸਿਆਸੀ ਰੰਗਤ ਦੇਣੀ ਸਹੀ ਨਹੀਂ ਹੋਵੇਗੀ।' 'ਆਪ' ਦੇ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਇੰਡੀਆ ਕੇਂਦਰ ਵਿਚੋਂ ਭਾਜਪਾ ਨੂੰ ਬਾਹਰ ਕਰਨ ਲਈ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਹਾਲ ਵਿਚ 'ਆਪ' ਇਕੱਲੀ ਹੀ ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ ਅਤੇ ਚੰਡੀਗੜ੍ਹ ਦੀ ਇਕੋ-ਇਕ ਸੀਟ 'ਤੇ ਚੋਣ ਲੜਨ ਲਈ ਤਿਆਰ ਹੈ।

# ਪੰਜਾਬ ਸਰਕਾਰ ਨੇ ਕੇਂਦਰ ਦੇ ਪੈਸੇ ਦੀ ਸਹੀ ਵਰਤੋਂ ਨਹੀਂ ਕੀਤੀ: ਭਾਜਪਾ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਪਰਾਲੀ ਦੀ ਸਮੱਸਿਆ ਦੇ ਹੱਲ ਲਈ ਕੇਂਦਰ ਸਰਕਾਰ ਦੇ ਪੈਸੇ ਦੀ ਸਹੀ ਢੰਗ ਨਾਲ ਵਰਤੋਂ ਕਰਨ ਵਿਚ ਨਾਕਾਮ ਰਹੀ ਹੈ। ਪੰਜਾਬ ਭਾਜਪਾ ਦੇ ਮੁੱਖ ਬੁਲਾਰੇ ਕਰਨਲ ਜੈਬੰਸ ਸਿੰਘ ਤੇ ਕੁਲਦੀਪ ਸਿੰਘ ਧਾਲੀਵਾਲ ਨੇ ਸਾਂਝੇ ਬਿਆਨ ਰਾਹੀਂ ਕਿਹਾ ਕਿ ਪੰਜਾਬ ਧੁਆਂਖੀ ਧੁੰਦ ਦੀ ਲਪੇਟ ਵਿਚ ਆਇਆ ਹੋਇਆ ਹੈ ਪਰ 'ਆਪ' ਸਰਕਾਰ ਨੂੰ ਪੰਜਾਬ ਵਾਸੀਆਂ, ਕਿਸਾਨਾਂ ਅਤੇ ਪੰਜਾਬੀਆਂ ਦੀ ਕੋਈ ਚਿੰਤਾ ਨਹੀਂ ਹੈ।




ਉਨ੍ਹਾਂ ਕਿਹਾ ਕਿ ਪੰਜਾਬੀਆਂ ਨੂੰ ਆਪਣੇ ਹਾਲਾਤ 'ਤੇ ਛੱਡ ਕੇ ਮੁੱਖ ਮੰਤਰੀ ਭਗਵੰਤ ਮਾਨ ਹੋਰਨਾਂ ਸੂਬਿਆਂ ਵਿਚ ਆਮ ਆਦਮੀ ਪਾਰਟੀ ਦੇ ਚੋਣ ਪ੍ਰਚਾਰ ਵਿਚ ਰੁੱਝੇ ਹੋਏ ਹਨ। ਭਾਜਪਾ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਖਜਾਨੇ ਦੇ ਪੈਸੇ ਨੂੰ 'ਆਪ' ਦੇ ਪ੍ਰਚਾਰ 'ਤੇ ਖਰਚ ਕਰਨ ਦੀ ਥਾਂ ਪਰਾਲੀ ਅਤੇ ਕਿਸਾਨਾਂ ਦੀਆਂ ਹੋਰ ਸਮੱਸਿਆਵਾਂ ਦੇ ਹੱਲ ਕਰਨ ਲਈ ਵਰਤਿਆ ਜਾਵੇ। ਉਨ੍ਹਾਂ ਦਾਅਵਾ ਕੀਤਾ ਕਿ ਹਰ ਸਾਲ ਕੇਂਦਰ ਸਰਕਾਰ ਪਰਾਲੀ ਪ੍ਰਬੰਧਨ ਲਈ ਪੰਜਾਬ ਸਰਕਾਰ ਨੂੰ 350 ਕਰੋੜ ਰੁਪਏ ਭੇਜ ਰਹੀ ਹੈ। ਇਸ ਤਰ੍ਹਾਂ 2 ਸਾਲਾਂ ਵਿਚ 700 ਕਰੋੜ ਰੁਪਏ ਆਏ ਹਨ ਪਰ ਇਸ ਦੇ ਬਾਵਜੂਦ ਕਿਸਾਨ ਅਜੇ ਵੀ ਪਰਾਲੀ ਸਾੜਨ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ 'ਆਪ ਸਰਕਾਰ' ਕਿਸਾਨੀ ਦੇ ਮੁੱਦੇ 'ਤੇ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ। ਭਾਜਪਾ ਆਗੂਆਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਤੁਰਤ ਹੱਲ ਕਰੇ ਤੇ ਕਿਸਾਨਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕਰੇ।

# ਜ਼ਿਲ੍ਹਾ ਮੁਕਤਸਰ ਵਿਚ ਪਾਣੀ ਦੇ 35 ਫੀਸਦ ਨਮੂਨੇ ਫੇਲ੍ਹ

**ਮੁਕਤਸਰ:** ਜ਼ਿਲ੍ਹਾ ਮੁਕਤਸਰ ਵਿਚ ਪਿਛਲੇ 10 ਮਹੀਨਿਆਂ ਦੌਰਾਨ ਪਾਣੀ ਦੇ 35 ਫੀਸਦੀ ਨਮੂਨੇ ਫੇਲ੍ਹ ਹੋ ਗਏ ਹਨ। ਜਾਣਕਾਰੀ ਅਨੁਸਾਰ ਸਿਹਤ ਵਿਭਾਗ ਦੀਆਂ ਟੀਮਾਂ ਨੇ ਅਕਤੂਬਰ ਦੇ ਅੰਤ ਤੱਕ ਪਾਣੀ ਦੇ 141 ਨਮੂਨੇ ਲਏ ਸਨ ਜਿਨ੍ਹਾਂ 'ਚੋਂ 50 ਸੈਂਪਲ ਫੇਲ੍ਹ ਹੋਏ ਹਨ। ਫੇਲ੍ਹ ਹੋਏ ਪਾਣੀ ਦੇ ਨਮੂਨਿਆਂ ਵਿਚ ਬੈਕਟੀਰੀਆ ਅਤੇ ਹੋਰ ਜ਼ਹਿਰੀਲੇ ਤੱਤਾਂ ਦੀ ਮਾਤਰਾ ਤੈਅ ਸੀਮਾ ਤੋਂ ਵੱਧ ਪਾਈ ਗਈ ਹੈ।

ਵਿਭਾਗੀ ਸੂਤਰਾਂ ਅਨੁਸਾਰ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ, ਸਰਕਾਰੀ ਦਫਤਰਾਂ, ਸਕੂਲਾਂ, ਪੁਲਿਸ ਥਾਣਿਆਂ, ਹੋਟਲਾਂ, ਰੈਸਤਰਾਂ ਸਣੇ ਵਾਟਰ ਵਰਕਸ ਤੇ ਆਰਓ ਵਾਟਰ ਟ੍ਰੀਟਮੈਂਟ ਪਲਾਂਟ ਤੋਂ ਜ਼ਮੀਨਦੋਜ਼ ਅਤੇ ਨਹਿਰੀ ਪਾਣੀ ਦੇ ਨਮੂਨੇ ਲਏ ਗਏ ਸਨ। ਹੈਲਥ ਇੰਸਪੈਕਟਰ ਨੇ ਦੱਸਿਆ ਕਿ ਕੁਝ ਥਾਵਾਂ 'ਤੇ ਪਾਣੀ 'ਚ ਟੀ.ਡੀ.ਐਸ. (ਟੋਟਲ ਡਿਜ਼ੌਲਵਡ ਸੌਲਿਡ) ਦਾ ਪੱਧਰ ਲੋੜੀਂਦੀ ਮਾਤਰਾ ਪੀ.ਪੀ.ਐਮ. (100 ਪਾਰਟਸ ਪਰ ਮਿਲੀਅਨ) ਤੋਂ ਵੱਧ ਪਾਇਆ ਗਿਆ ਹੈ। ਮੁਕਤਸਰ ਦੀ ਚੀਫ ਮੈਡੀਕਲ ਅਫਸਰ ਡਾ. ਰੀਟਾ ਬਾਲਾ ਨੇ ਦੱਸਿਆ ਕਿ ਪਾਣੀ ਦੇ ਨਮੂਨਿਆਂ ਦੀ ਰਿਪੋਰਟਾਂ ਆਉਣ ਮਗਰੋਂ ਪਾਣੀ ਨੂੰ ਕਲੋਰੀਨ ਪਾ ਕੇ ਸੋਧਿਆ ਹੈ ਅਤੇ ਕੁਝ



ਮਾਮਲਿਆਂ 'ਚ ਪਾਣੀ ਬਦਲਣ ਲਈ ਵਿਭਾਗਾਂ ਨੂੰ ਲਿਖਿਆ ਗਿਆ ਹੈ। ਜ਼ਿਕਰਯੋਗ ਹੈ ਕਿ ਜ਼ਿਲ੍ਹੇ ਦੇ ਕੁਝ ਖੇਤਰਾਂ 'ਚ ਧਰਤੀ ਹੇਠਲਾ ਪਾਣੀ ਮਨੁੱਖੀ ਵਰਤੋਂ ਲਈ ਯੋਗ ਨਹੀਂ ਰਿਹਾ ਜਿਸ ਕਾਰਨ ਕਈ ਆਰਓ ਵਾਟਰ ਟ੍ਰੀਟਮੈਂਟ ਪਲਾਂਟ ਬੰਦ ਪਏ ਹਨ। ਪਲਾਂਟ ਬੰਦ ਹੋਣ ਕਾਰਨ ਖੇਤਰ ਵਿਚ ਪਾਣੀ ਦਾ ਸੰਕਟ ਹੋਰ ਡੂੰਘਾ ਹੋ ਗਿਆ ਹੈ। ਸਰਕਾਰ ਵੱਲੋਂ ਇਹ ਪਲਾਂਟ ਕੁਝ ਪ੍ਰਾਈਵੇਟ ਕੰਪਨੀਆਂ ਦੇ ਸਹਿਯੋਗ ਨਾਲ ਲਗਾਏ ਗਏ ਸਨ।

ਜਿਲ੍ਹਾ ਮੁਕਤਸਰ ਵਿਚ ਸਾਲ 2022 'ਚ 47 ਫੀਸਦੀ ਪਾਣੀ ਦੇ ਨਮੂਨੇ ਫੇਲ੍ਹ ਹੋਏ ਸਨ। ਉਸੇ ਵੇਲੇ ਸਿਹਤ ਵਿਭਾਗ ਦੀਆਂ ਟੀਮਾਂ ਨੇ ਜ਼ਿਲ੍ਹੇ 'ਚ ਵੱਖ-ਵੱਖ ਥਾਵਾਂ ਤੋਂ ਪਾਣੀ ਦੇ 424 ਨਮੂਨੇ ਲਏ ਸਨ, ਜਿਨ੍ਹਾਂ 'ਚੋਂ 200 ਸੈਂਪਲ ਫੇਲ੍ਹ ਹੋ ਗਏ ਸਨ।

# ਪੰਜਾਬ ਸਰਕਾਰ ਵੱਲੋਂ ਪ੍ਰਚਾਰੀ ਜਾ ਰਹੀ ਖੇਤੀ ਨੀਤੀ ਮਹਿਜ਼ ਪ੍ਰਾਪੇਗੰਡਾ: ਜਾਖੜ

**ਚੰਡੀਗੜ੍ਹ:** ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਹੈ ਕਿ ਸਰਕਾਰ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਪ੍ਰਚਾਰੀ ਜਾ ਰਹੀ ਖੇਤੀ ਨੀਤੀ ਮਹਿਜ਼ ਪ੍ਰਾਪੇਗੰਡਾ ਹੀ ਸਾਬਤ ਹੋ ਰਹੀ ਹੈ। ਉਨ੍ਹਾਂ ਸਵਾਲ ਕੀਤਾ ਕਿ ਆਖਰ ਸਰਕਾਰ ਵੱਲੋਂ ਪ੍ਰਚਾਰੀ ਜਾ ਰਹੀ ਖੇਤੀ ਨੀਤੀ ਕਿੱਥੇ ਹੈ ਤੇ ਕਦੋਂ ਲਾਗੂ ਹੋਵੇਗੀ।

ਭਾਜਪਾ ਆਗੂ ਨੇ ਕਿਹਾ ਕਿ ਕਿਸਾਨਾਂ ਨੂੰ ਝੋਨੇ ਦਾ ਬਦਲ ਦੇਣ ਦੀ ਬਜਾਇ ਕਿਸਾਨਾਂ 'ਤੇ ਕੇਸ ਦਰਜ ਕੀਤੇ ਜਾ ਰਹੇ ਹਨ। ਸੁਪਰੀਮ ਕੋਰਟ ਵਿਚ ਪੰਜਾਬ ਦੇ ਐਡਵੋਕੇਟ ਜਨਰਲ ਵੱਲੋਂ ਗਲਤ ਤੱਥ ਪੇਸ਼ ਕੀਤੇ ਗਏ ਹਨ, ਜਿਸ ਤੋਂ ਸਾਫ ਹੈ ਕਿ ਖੇਤੀ ਮਸਲੇ 'ਤੇ ਸਰਕਾਰ ਗੰਭੀਰ ਨਹੀਂ ਹੈ ਜਿਸ ਕਾਰਨ ਕਿਸਾਨਾਂ ਦਾ ਨੁਕਸਾਨ ਹੋ ਰਿਹਾ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਸਾਲ ਪੰਜਾਬ ਸਰਕਾਰ ਵੱਲੋਂ ਮੂੰਗੀ 'ਤੇ ਐਮ.ਐਸ.ਪੀ. ਦੇਣ ਦੇ ਦਾਅਵੇ ਕੀਤੇ ਗਏ ਸਨ ਪਰ ਐਮ.ਐਸ.ਪੀ. ਸਿਰਫ 12 ਫੀਸਦੀ ਕਿਸਾਨਾਂ ਨੂੰ ਮਿਲ ਸਕੀ ਹੈ। ਖੇਤੀ ਵਿਭਿੰਨਤਾ ਤਹਿਤ ਵੀ ਸਰਕਾਰ ਨੇ 3 ਲੱਖ ਹੈਕਟੇਅਰ ਰਕਬੇ ਵਿਚ ਨਰਮਾ ਬੀਜਣ ਦਾ ਟੀਚਾ ਮਿਥਿਆ



ਸੀ ਜਿਸ ਤਹਿਤ ਸਿਰਫ 1 ਲੱਖ 75 ਹਜ਼ਾਰ ਹੈਕਟੇਅਰ ਵਿਚ ਹੀ ਨਰਮਾ ਬੀਜਿਆ ਗਿਆ।

ਪਰਾਲੀ ਲਈ ਪਿਛਲੇ ਸਾਲ ਦਿੱਲੀ ਨਾਲ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਸਮਝੌਤੇ ਤਹਿਤ 30 ਰੁਪਏ ਵਿਚ ਇਕ ਏਕੜ ਪਰਾਲੀ ਨੂੰ ਖਾਦ ਬਣਾਉਣ ਲਈ ਡੀਕੰਪੋਜ਼ਰ ਦੇਣ ਦਾ ਐਲਾਨ ਕੀਤਾ ਗਿਆ ਸੀ ਪਰ ਕਿਸਾਨਾਂ ਨੂੰ ਡੀਕੰਪੋਜ਼ਰ ਤਾਂ ਕੀ ਮਿਲਣਾ ਸੀ, ਇਸ਼ਤਿਹਾਰਾਂ ਉਪਰ 22 ਕਰੋੜ ਖਰਚ ਕਰ ਦਿੱਤੇ ਗਏ। ਨਾ ਪਰਾਲੀ ਦਾ ਹੱਲ ਹੋਇਆ ਤੇ ਨਾ ਹੀ ਕਿਸਾਨਾਂ ਨੂੰ ਡੀਕੰਪੋਜ਼ਰ ਮਿਲਿਆ। ਜਾਖੜ ਨੇ ਕਿਹਾ ਕਿ ਸੂਬੇ ਵਿਚ ਅਮਨ ਕਾਨੂੰਨ ਦੀ ਸਥਿਤੀ ਸੰਭਲ ਨਹੀਂ ਰਹੀ ਤੇ ਜੇਲ੍ਹਾਂ ਵਿਚੋਂ ਨਸ਼ਿਆਂ ਤੇ ਫਿਰੌਤੀਆਂ ਦਾ ਕਾਰੋਬਾਰ ਚੱਲ ਰਿਹਾ ਹੈ।

ਕੇਂਦਰ ਸਰਕਾਰ ਵੱਲੋਂ ਦਿੱਤੇ ਗਏ 1370 ਕਰੋੜ ਰੁਪਏ ਨਾਲ ਪੰਜ ਸਾਲਾਂ ਵਿਚ 1.17 ਲੱਖ ਮਸ਼ੀਨਾਂ ਕਿਸਾਨਾਂ ਨੂੰ ਦਿੱਤੀਆਂ ਗਈਆਂ ਜਿਨ੍ਹਾਂ ਵਿਚੋਂ 11,475 ਮਸ਼ੀਨਾਂ ਦਾ ਅਤਾ-ਪਤਾ ਨਹੀਂ। ਉਨ੍ਹਾਂ ਕਿਹਾ ਕਿ ਸਰਕਾਰ ਦੀ ਨੀਅਤ ਵਿਚ ਖੋਟ ਹੈ ਤੇ ਸਰਕਾਰ ਹਰ ਮਾਮਲੇ 'ਤੇ ਝੂਠ ਬੋਲ ਰਹੀ ਹੈ। ਇਸ ਨਾਲ ਮੁੱਖ ਮੰਤਰੀ ਦੀ ਕੁਰਸੀ ਦੀ ਭਰੋਸੇਯੋਗਤਾ ਖਤਮ ਹੋ ਗਈ ਹੈ।

# ਪੰਜਾਬ ਪੁਲਿਸ 'ਚ 1450 ਹੋਰ ਅਸਾਮੀਆਂ ਨੂੰ ਹਰੀ ਝੰਡੀ ਮਿਲੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਦੀਵਾਲੀ ਮੌਕੇ ਪੰਜਾਬ ਪੁਲਿਸ ਵਿਚ ਤਕਰੀਬਨ 1450 ਨਵੀਆਂ ਅਸਾਮੀਆਂ ਨੂੰ ਹਰੀ ਝੰਡੀ ਦੇ ਦਿੱਤੀ ਹੈ। ਜ਼ਿਲ੍ਹਾ ਪੁਲਿਸ ਕਾਡਰ 'ਚ ਇਨ੍ਹਾਂ ਨਵੀਆਂ ਅਸਾਮੀਆਂ ਬਾਰੇ ਫਾਈਲ ਵਿੱਤ ਵਿਭਾਗ ਨੂੰ ਭੇਜ ਦਿੱਤੀ ਗਈ ਹੈ।

ਮੁੱਖ ਮੰਤਰੀ ਨੇ ਪੁਲਿਸ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਸੂਬੇ ਦੀ ਅਮਨ ਕਾਨੂੰਨ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਇਸ ਮੀਟਿੰਗ ਵਿਚ ਜਾਂਚ ਨੂੰ ਸਮਾਂ ਬੱਧ ਕਰਨ ਅਤੇ ਅਮਨ ਕਾਨੂੰਨ ਦੀ ਵਿਵਸਥਾ ਕਾਇਮ ਰੱਖਣ ਵਾਸਤੇ ਨਵੀਆਂ ਅਸਾਮੀਆਂ ਦੀ ਪ੍ਰਕਿਰਿਆ ਅੱਗੇ ਵਧਾਉਣ ਲਈ ਕਿਹਾ ਗਿਆ। ਵੇਰਵਿਆਂ ਅਨੁਸਾਰ ਜ਼ਿਲ੍ਹਾ ਪੁਲਿਸ ਕਾਡਰ ਵਿਚ ਨਵੀਆਂ ਅਸਾਮੀਆਂ ਦੀ ਤਜਵੀਜ਼ ਵਿਚ ਇੰਸਪੈਕਟਰ ਦੀਆਂ 50



ਅਸਾਮੀਆਂ, ਸਬ-ਇੰਸਪੈਕਟਰ ਦੀਆਂ 150, ਏ.ਐਸ.ਆਈ. ਦੀਆਂ 500 ਤੋਂ ਇਲਾਵਾ ਹੈੱਡ ਕਾਂਸਟੇਬਲ ਦੀਆਂ 750 ਅਸਾਮੀਆਂ ਸ਼ਾਮਲ ਹਨ। ਇਨ੍ਹਾਂ ਨਵੀਆਂ ਅਸਾਮੀਆਂ ਨਾਲ ਸਾਲਾਨਾ ਕਰੀਬ 49 ਕਰੋੜ ਰੁਪਏ ਦਾ ਨਵਾਂ ਵਿੱਤੀ ਬੋਝ ਪਵੇਗਾ। ਮੁੱਖ ਮੰਤਰੀ ਨੇ ਇਨ੍ਹਾਂ ਦੀ ਕਾਇਮੀ ਲਈ ਪ੍ਰਵਾਨਗੀ ਦਿੱਤੀ ਅਤੇ ਹਰ ਵਰ੍ਹੇ ਪੁਲਿਸ ਭਰਤੀ ਨੂੰ ਯਕੀਨੀ ਬਣਾਉਣ ਦੇ ਆਦੇਸ਼ ਵੀ ਦਿੱਤੇ।

ਮੀਟਿੰਗ ਵਿਚ ਦੱਸਿਆ ਗਿਆ ਕਿ ਜ਼ਿਲ੍ਹਾ ਪੁਲਿਸ ਕਾਡਰ ਵਿਚ ਪਿਛਲੇ ਪੰਜ-ਛੇ ਵਰ੍ਹਿਆਂ ਤੋਂ ਕੰਮ ਦਾ ਭਾਰ ਕਾਫੀ ਵਧ ਗਿਆ ਹੈ ਅਤੇ ਪੰਜਾਬ ਨੂੰ ਕਈ ਫਰੰਟਾਂ 'ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਇਕ ਦਹਾਕੇ ਵਿਚ ਪੁਲਿਸ ਕੇਸਾਂ ਦੀ ਦਰ ਵਿਚ 50 ਫੀਸਦੀ ਵਾਧਾ ਹੋ ਗਿਆ ਹੈ।

ਮੌਜੂਦਾ ਪੁਲਿਸ ਫੋਰਸ ਦੀ ਕਮੀ ਦੀ ਪੂਰਤੀ ਲਈ ਅਤੇ ਅਪਰਾਧਕ ਕੇਸਾਂ ਵਿਚ ਤਫਤੀਸ਼ ਦੇ ਕੰਮ ਜਲਦੀ ਨੇਪਰੇ ਚਾੜ੍ਹਨ ਲਈ ਨਵੀਆਂ ਅਸਾਮੀਆਂ ਸਮੇਂ ਦੀ ਲੋੜ ਹੈ। ਸਰਕਾਰ ਦਾ ਕਹਿਣਾ ਹੈ ਕਿ ਨਵੀਆਂ ਅਸਾਮੀਆਂ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਹੋਰ ਮੌਕੇ ਪੈਦਾ ਹੋਣਗੇ।

ਮੁੱਖ ਮੰਤਰੀ ਨੇ ਅੱਜ ਪੁਲੀਸ ਅਧਿਕਾਰੀਆਂ ਨੂੰ ਨਵੀਆਂ ਅਸਾਮੀਆਂ ਦੀ ਪ੍ਰਕਿਰਿਆ ਜਲਦ ਤੋਂ ਜਲਦ ਮੁਕੰਮਲ ਕਰਨ ਦੇ ਹੁਕਮ ਵੀ ਜਾਰੀ ਕੀਤੇ ਹਨ। ਮੁੱਖ ਮੰਤਰੀ ਨੇ ਪਿਛਲੇ ਸਮੇਂ ਦੌਰਾਨ ਹੋਈ ਪੁਲੀਸ ਭਰਤੀ ਦੇ ਵੇਰਵੇ ਵੀ ਲਏ ਅਤੇ ਪੁਲਿਸ ਅਧਿਕਾਰੀਆਂ ਨੂੰ ਹਰ ਵਰ੍ਹੇ ਪੁਲਿਸ ਦੀਆਂ ਅਸਾਮੀਆਂ ਪ੍ਰਕਾਸ਼ਿਤ ਕੀਤੀਆਂ ਜਾਣ ਅਤੇ ਹਰ ਵਰ੍ਹੇ ਭਰਤੀ ਦੀ ਪ੍ਰਕਿਰਿਆ ਸਿਰੇ ਚਾੜ੍ਹਨੀਆਂ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ।

# ਪਰਾਲੀ: ਕੇਂਦਰ ਸਰਕਾਰ ਦੇ ਉੱਡਣ ਦਸਤਿਆਂ ਨੇ ਪੰਜਾਬ ਵਿਚ ਲਾਏ ਡੇਰੇ

**ਚੰਡੀਗੜ੍ਹ:** ਕੇਂਦਰ ਸਰਕਾਰ ਦੇ ਉੱਡਣ ਦਸਤਿਆਂ ਵੱਲੋਂ ਪੰਜਾਬ ਵਿਚ ਡੇਰੇ ਲਗਾ ਕੇ ਪਰਾਲੀ ਸਾੜੇ ਜਾਣ ਦੀਆਂ ਘਟਨਾਵਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਕੇਂਦਰ ਸਰਕਾਰ ਦੇ ਉੱਡਣ ਦਸਤੇ ਸੂਬੇ ਦੇ 22 ਜ਼ਿਲ੍ਹਿਆਂ ਵਿਚ ਪੁੱਜ ਗਏ ਸਨ। ਇਸੇ ਤਰ੍ਹਾਂ ਹਰਿਆਣਾ ਦੇ 11 ਜ਼ਿਲ੍ਹਿਆਂ ਵਿਚ ਕੇਂਦਰੀ ਉੱਡਣ ਦਸਤੇ ਤਾਇਨਾਤ ਕੀਤੇ ਗਏ ਹਨ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਕਰੀਬ 33 ਵਿਗਿਆਨੀ ਪੰਜਾਬ ਅਤੇ ਹਰਿਆਣਾ ਵਿਚ ਭੇਜੇ ਗਏ ਹਨ ਜੋ ਕੇਂਦਰ ਸਰਕਾਰ ਨੂੰ ਰੋਜ਼ਾਨਾ ਪਰਾਲੀ ਸਾੜਨ ਕਾਰਨ ਹੋਣ ਵਾਲੇ ਪ੍ਰਦੂਸ਼ਣ ਦੀ ਰਿਪੋਰਟ ਭੇਜ ਰਹੇ ਹਨ।



ਸੁਪਰੀਮ ਕੋਰਟ ਦੇ ਹੁਕਮਾਂ ਮਗਰੋਂ ਕੇਂਦਰੀ ਕੈਬਨਿਟ ਸਕੱਤਰ ਨੇ ਪੰਜਾਬ ਤੇ ਹਰਿਆਣਾ 'ਚ ਉੱਡਣ ਦਸਤੇ ਭੇਜਣ ਦਾ ਫੈਸਲਾ ਕੀਤਾ ਸੀ। ਸੁਪਰੀਮ ਕੋਰਟ ਨੇ ਉੱਤਰੀ ਭਾਰਤ ਦੇ ਸੂਬਿਆਂ ਵਿਚ ਪਰਾਲੀ ਸਾੜੇ ਜਾਣ ਦਾ ਸਖਤ ਨੋਟਿਸ ਲਿਆ ਸੀ ਅਤੇ ਇਸ ਦੇ ਮੱਦੇਨਜ਼ਰ ਕੇਂਦਰ ਨੇ ਰੋਜ਼ਾਨਾ ਦੀ ਪਹਿਰੇਦਾਰੀ ਸ਼ੁਰੂ ਕਰ ਦਿੱਤੀ ਹੈ। ਪੰਜਾਬ ਵਿਚ ਰੋਜ਼ਾਨਾ ਦੀ ਹਵਾ ਗੁਣਵੱਤਾ ਅਤੇ ਪਰਾਲੀ ਸਾੜਨ ਵਾਲੇ ਕਿਸਾਨਾਂ 'ਤੇ ਨਜ਼ਰਸਾਨੀ ਕੀਤੀ ਜਾਣ ਲੱਗੀ ਹੈ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਵਿਗਿਆਨੀਆਂ ਨਾਲ ਸਥਾਨਕ ਪੱਧਰ 'ਤੇ ਅਧਿਕਾਰੀ ਤਾਇਨਾਤ ਕੀਤੇ ਗਏ ਹਨ।

ਉੱਡਣ ਦਸਤਿਆਂ ਨੂੰ ਰੋਜ਼ਾਨਾ ਦੀ ਸਥਿਤੀ 'ਤੇ ਨਜ਼ਰਸਾਨੀ ਕਰਨ ਅਤੇ ਉਸ ਦੀ ਰਿਪੋਰਟ ਕੇਂਦਰ ਨੂੰ ਭੇਜਣ ਲਈ ਕਿਹਾ ਗਿਆ ਹੈ। ਸਥਾਨਕ ਪ੍ਰਸ਼ਾਸਨ ਵੱਲੋਂ ਇਨ੍ਹਾਂ ਵਿਗਿਆਨੀਆਂ ਨੂੰ ਵਾਹਨ ਆਦਿ ਮੁਹੱਈਆ ਕਰਾਏ ਗਏ ਹਨ। ਇਨ੍ਹਾਂ ਟੀਮਾਂ ਵੱਲੋਂ ਖੇਤਾਂ ਦੇ ਦੌਰੇ ਕੀਤੇ ਜਾ ਰਹੇ ਹਨ ਤੇ ਅਧਿਕਾਰੀਆਂ ਵੱਲੋਂ ਪਰਾਲੀ ਪ੍ਰਬੰਧਨ ਲਈ ਕੀਤੇ ਉਪਰਾਲਿਆਂ ਤੋਂ ਜਾਣੂ ਵੀ ਕਰਾਇਆ ਜਾ ਰਿਹਾ ਹੈ। ਕੇਂਦਰੀ ਵਿਗਿਆਨੀ ਕਿਸਾਨਾਂ ਨਾਲ ਵੀ ਗੱਲਬਾਤ ਕਰ ਰਹੇ ਹਨ। ਹਕੀਕਤ ਇਹ ਹੈ ਕਿ ਜਦੋਂ ਤੋਂ ਇਹ ਉੱਡਣ ਦਸਤੇ ਪੰਜਾਬ ਪੁੱਜੇ ਤਾਂ ਸੂਬੇ ਵਿੱਚ ਬਾਰਸ਼ ਹੋ ਗਈ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਸਖ਼ਤੀ ਵੀ ਵਧਾ ਦਿੱਤੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨ ਯੂਨੀਅਨਾਂ ਨੂੰ ਅਪੀਲ ਵੀ ਕੀਤੀ ਕਿ ਉਹ ਪਰਾਲੀ ਸਾੜਨ ਤੋਂ ਰੋਕਣ ਲਈ ਆਪਣੀ ਜ਼ਿੰਮੇਵਾਰੀ ਨਿਭਾਉਣ।

## ਕੇਂਦਰ ਵੱਲੋਂ ਸਖਤ ਕਦਮ ਚੁੱਕਣ ਦੀ ਹਦਾਇਤ

**ਨਵੀਂ ਦਿੱਲੀ:** ਪਰਾਲੀ ਸਾੜਨ ਕਾਰਨ ਹੋ ਰਹੇ ਪ੍ਰਦੂਸ਼ਣ ਦੇ ਮਾਮਲੇ 'ਚ ਪੰਜਾਬ ਦੀ ਖਿਚਾਈ ਕਰਦਿਆਂ ਕੈਬਨਿਟ ਸਕੱਤਰ ਰਾਜੀਵ ਗਾਬਾ ਨੇ ਸੂਬੇ ਨੂੰ ਨਿਰਦੇਸ਼ ਦਿੱਤੇ ਕਿ ਪਰਾਲੀ ਸਾੜਨ ਦਾ ਰੁਝਾਨ ਰੋਕਣ ਲਈ ਸਖਤ ਕਦਮ ਚੁੱਕੇ ਜਾਣ ਅਤੇ ਇਹ ਕਾਰਵਾਈ ਯਕੀਨੀ ਬਣਾਉਣ ਲਈ ਉਨ੍ਹਾਂ ਡਿਪਟੀ ਕਮਿਸ਼ਨਰਾਂ, ਐਸ.ਐਸ.ਪੀਜ਼. ਅਤੇ ਸਬੰਧਤ ਇਲਾਕਿਆਂ ਤੇ ਐਸ.ਐਚ.ਓਜ਼ ਦੀ ਜ਼ਿੰਮੇਵਾਰੀ ਤੈਅ ਕੀਤੀ ਹੈ। ਉਨ੍ਹਾਂ ਕਿਹਾ ਕਿ 8 ਨਵੰਬਰ ਤੱਕ 38 ਫੀਸਦ ਹਵਾ ਪ੍ਰਦੂਸ਼ਣ ਪਰਾਲੀ ਸਾੜਨ ਕਾਰਨ ਹੋਇਆ ਹੈ। 15 ਸਤੰਬਰ ਤੋਂ 7 ਨਵੰਬਰ ਤੱਕ ਪਰਾਲੀ ਸਾੜਨ ਦੀਆਂ ਕੁੱਲ 22,644 ਘਟਨਾਵਾਂ ਵਾਪਰੀਆਂ ਜਿਨ੍ਹਾਂ 'ਚੋਂ 20,978 (93 ਫੀਸਦ) ਘਟਨਾਵਾਂ ਪੰਜਾਬ ਅਤੇ 1605 (7 ਫੀਸਦ) ਘਟਨਾਵਾਂ ਹਰਿਆਣਾ 'ਚ ਵਾਪਰੀਆਂ ਹਨ। ਇਹ ਅੰਕੜੇ ਹਵਾ ਦੇ ਮਿਆਰ ਦੀ ਨਿਗਰਾਨੀ ਕਰਨ ਵਾਲੀ ਕੇਂਦਰੀ ਏਜੰਸੀ 'ਕਮਿਸ਼ਨ ਆਨ ਏਅਰ ਕੁਆਲਿਟੀ ਮੈਨੇਜਮੈਂਟ' (ਸੀ.ਏ.ਕਿਊ.ਐੱਮ) ਵੱਲੋਂ ਮੁਹੱਈਆ ਕਰਵਾਏ ਗਏ ਹਨ।

## ਕਿਸਾਨਾਂ 'ਤੇ ਸਖਤੀ ਤੋਂ ਪਹਿਲਾਂ ਆਪਣੀ ਅਸਫਲਤਾ ਜਾਂਚਣ ਮੁੱਖ ਮੰਤਰੀ: ਬਾਜਵਾ



**ਕਾਹਨੂੰਵਾਨ:** ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪਰਾਲੀ ਸਾੜਨ ਦੀਆਂ ਘਟਨਾਵਾਂ 'ਚ ਵਾਧੇ ਦੇ ਮੱਦੇਨਜ਼ਰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਕਿਸਾਨਾਂ 'ਤੇ ਸਖ਼ਤੀ ਕਰਨ ਤੋਂ ਪਹਿਲਾਂ ਸਰਕਾਰ ਦੀਆਂ ਨਾਕਾਮੀਆਂ ਦੀ ਜਾਂਚ ਕਰੇ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੂਬਾ ਵਾਸੀਆਂ ਨੂੰ ਦੱਸਣਾ ਚਾਹੀਦਾ ਹੈ ਕਿ ਉਹ ਵਾਅਦੇ ਦੇ ਬਾਵਜੂਦ ਝੋਨੇ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਕਿਸਾਨਾਂ ਨੂੰ 2500 ਰੁਪਏ ਪ੍ਰਤੀ ਏਕੜ ਨਕਦ ਪ੍ਰੋਤਸਾਹਨ ਦੇਣ ਵਿਚ ਅਸਫਲ ਰਹੇ ਹਨ। ਉਹ ਲਗਾਤਾਰ ਦੋ ਸੀਜ਼ਨਾਂ ਲਈ ਘੱਟੋ-ਘੱਟ ਸਮਰਥਨ ਮੁੱਲ 'ਤੇ ਮੂੰਗੀ ਦੀ ਫਸਲ ਖਰੀਦਣ ਦੇ ਵਾਅਦੇ ਤੋਂ ਕਿਉਂ ਮੁੱਕਰ ਗਏ ਹਨ। ਬਾਜਵਾ ਨੇ ਕਿਹਾ ਕਿ 'ਆਪ' ਸਰਕਾਰ ਫਸਲੀ ਪ੍ਰਬੰਧਨ ਨਾਲ ਸਬੰਧਤ ਮਸ਼ੀਨਰੀ ਮੁਹੱਈਆ ਕਰਵਾਉਣ ਵਿਚ ਵੀ ਅਸਫਲ ਰਹੀ ਹੈ। ਪੰਜਾਬ ਦੇ ਜ਼ਿਆਦਾਤਰ ਕਿਸਾਨ ਛੋਟੇ ਅਤੇ ਸੀਮਾਂਤ ਹਨ। ਉਹ ਮਹਿੰਗੀ ਮਸ਼ੀਨਰੀ ਨਹੀਂ ਖ਼ਰੀਦ ਸਕਦੇ। ਮਾਨ ਸਰਕਾਰ ਸਹਿਕਾਰੀ ਸਭਾਵਾਂ ਰਾਹੀਂ ਅਜਿਹੇ ਕਿਸਾਨਾਂ ਲਈ ਮਸ਼ੀਨਰੀ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਵਿਚ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਇਸ ਮੁੱਦੇ 'ਤੇ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ।

# ਕਿਸਾਨ ਜਥੇਬੰਦੀਆਂ ਵੱਲੋਂ ਪੁਲਿਸ ਕਾਰਵਾਈ ਖਿਲਾਫ ਮੋਰਚੇ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਪਰਾਲੀ ਸਾੜਨ ਵਾਲੇ ਕਿਸਾਨਾਂ ਖ਼ਿਲਾਫ਼ ਪੁਲਿਸ ਵੱਲੋਂ ਕੇਸ ਦਰਜ ਕਰਨ ਅਤੇ ਜ਼ਮੀਨੀ ਰਿਕਾਰਡ ਵਿਚ ਐਂਟਰੀਆਂ ਕਰਨ ਦੀ ਕਾਰਵਾਈ ਤੁਰਤ ਰੋਕਣ ਦੀ ਮੰਗ ਕਰਦਿਆਂ ਸਰਕਾਰ ਨੂੰ ਸੰਘਰਸ਼ ਦੀ ਚਿਤਾਵਨੀ ਦਿੱਤੀ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਅਤੇ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਆਗੂਆਂ ਮਨਜੀਤ ਸਿੰਘ ਧਨੇਰ ਨੇ ਵੱਖੋ ਵੱਖਰੇ ਬਿਆਨਾਂ ਰਾਹੀਂ ਕਿਹਾ ਕਿ ਮਸ਼ੀਨਰੀ ਦੀ ਅਣਹੋਂਦ ਅਤੇ ਸਰਕਾਰ ਦੀ ਲੋੜੀਂਦੀ ਮਦਦ ਨਾ ਹੋਣ ਕਾਰਨ ਮਜ਼ਬੂਰੀਵੱਸ ਫਸਲਾਂ ਦੀ ਰਹਿੰਦ-ਖੂੰਹਦ ਸਾੜਨ ਵਾਲੇ ਕਿਸਾਨਾਂ ਖ਼ਿਲਾਫ਼ ਸਰਕਾਰੀ ਕਾਰਵਾਈ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ 'ਤੇ ਜਬਰ ਲਈ ਸੁਪਰੀਮ ਕੋਰਟ ਦੇ ਫੈਸਲੇ ਦਾ ਬਹਾਨਾ ਬਣਾਉਣਾ ਸਰਾਸਰ ਕਿਸਾਨ ਵਿਰੋਧੀ ਹੈ,



ਕਿਉਂਕਿ ਕਿਸਾਨਾਂ ਦੀ ਹਾਲਤ ਦਾ ਧਿਆਨ ਰੱਖਣ ਬਾਰੇ ਅਦਾਲਤ ਦੀ ਟਿੱਪਣੀ ਨੂੰ ਵੀ ਨਜ਼ਰ-ਅੰਦਾਜ਼ ਕੀਤਾ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਦਿੱਲੀ ਵਿਚ ਪ੍ਰਦੂਸ਼ਣ ਵਧਣ ਦਾ ਦੋਸ਼ ਵੀ ਪੰਜਾਬ ਦੇ ਕਿਸਾਨਾਂ ਸਿਰ ਮੜ੍ਹਨਾ ਸਰਾਸਰ ਬੇਇਨਸਾਫ਼ੀ ਹੈ। ਉਨ੍ਹਾਂ ਕਿਹਾ ਕਿ ਇੱਥੇ ਪ੍ਰਦੂਸ਼ਣ ਦਾ ਮੁੱਖ ਕਾਰਨ ਤਾਂ ਹਰਿਆਣਾ ਅਤੇ ਯੂਪੀ ਵਿਚ ਦਿਨ-ਰਾਤ ਚਲਦੇ ਕਾਰਖਾਨਿਆਂ ਅਤੇ ਵਾਹਨਾਂ ਦੀ ਭਾਰੀ ਆਵਾਜਾਈ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਪਰਾਲੀ ਦੇ ਬੇਲਰਾਂ ਰਾਹੀਂ ਗੰਢਾਂ ਬੰਨ੍ਹ ਕੇ ਕਿਸੇ ਸਾਂਝੀ ਥਾਂ ਰੱਖਣ ਜਾਂ ਫਿਰ ਪਰਾਲੀ ਨੂੰ ਕੱਚੇ ਮਾਲ ਵਜੋਂ ਵਰਤ ਕੇ ਬਾਲਣ, ਰਸੋਈ ਗੈਸ, ਫਰਨੀਚਰ ਅਤੇ ਫਰਸ਼ੀ ਟਾਈਲਾਂ ਆਦਿ ਬਣਾਉਣ ਵਾਲੀਆਂ ਫੈਕਟਰੀਆਂ ਲਈ ਵਰਤਣਾ ਮੁਨਾਫੇ ਵਾਲੇ ਰੁਜ਼ਗਾਰ ਹਨ। ਕਿਸਾਨ ਤਾਂ ਪਰਾਲੀ ਸਾੜਨ ਦੀ ਬਜਾਏ ਇਸ ਤਰ੍ਹਾਂ ਦੇ ਲਾਭਦਾਇਕ ਕੰਮਾਂ ਲਈ ਮੁਫ਼ਤ ਦੇਣ ਲਈ ਵੀ ਤਿਆਰ ਹਨ, ਬਸ਼ਰਤੇ ਅਗਲੀ ਫਸਲ ਦੀ ਬਿਜਾਈ ਲਈ ਖੇਤ 5-7 ਦਿਨਾਂ ਵਿਚ ਵਿਹਲੇ ਕਰਨ ਦੀ ਜ਼ਿੰਮੇਵਾਰੀ ਸਰਕਾਰ ਵੱਲੋਂ ਖੁਦ ਲਈ ਜਾਵੇ। ਉਨ੍ਹਾਂ ਕਿਹਾ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਫੈਸਲੇ ਅਨੁਸਾਰ ਹੈਪੀ ਸੀਡਰ ਵਰਗੀ ਖੇਤੀ ਮਸ਼ੀਨਰੀ ਛੋਟੇ ਕਿਸਾਨਾਂ ਨੂੰ ਬਿਨਾਂ ਕਿਰਾਏ ਮੁਹੱਈਆ ਕਰਾਉਣ ਲਈ ਵੀ ਸਰਕਾਰ ਨੇ ਕੁੱਝ ਨਹੀਂ ਕੀਤਾ। ਕਿਸਾਨ ਆਗੂਆਂ ਨੇ ਕਿਸਾਨਾਂ ਨੂੰ ਸੱਦਾ ਦਿੱਤਾ ਹੈ ਕਿ ਜੁਰਮਾਨਾ ਬਿਲਕੁਲ ਨਾ ਭਰਿਆ ਜਾਵੇ ਅਤੇ ਜਥੇਬੰਦੀ ਤੱਕ ਤੁਰਤ ਪਹੁੰਚ ਕੀਤੀ ਜਾਵੇ। ਉਨ੍ਹਾਂ ਐਲਾਨ ਕੀਤਾ ਹੈ ਕਿ ਜਥੇਬੰਦੀ ਵੱਲੋਂ ਜਨਤਕ ਘੋਲ ਰਾਹੀਂ ਪੁਲਿਸ ਕੇਸਾਂ, ਲਾਲ ਐਂਟਰੀਆਂ ਤੇ ਜਰਮਾਨਿਆਂ ਦਾ ਖਾਤਮਾ ਕਰਾਉਣ ਲਈ ਲੜਾਈ ਵਿੱਢੀ ਜਾਵੇਗੀ।

# ਪਰਾਲੀ ਪ੍ਰਦੂਸ਼ਣ ਮਾਮਲੇ 'ਤੇ ਸਰਕਾਰ ਅਤੇ ਕਿਸਾਨ ਆਹਮੋ-ਸਾਹਮਣੇ

**ਚੰਡੀਗੜ੍ਹ:** ਪੰਜਾਬ ਵਿਚ ਪਰਾਲੀ ਦੀ ਰਹਿੰਦ-ਖੂੰਹਦ ਟਿਕਾਣੇ ਲਾਉਣ ਲਈ ਪੰਜਾਬ ਸਰਕਾਰ ਤੇ ਕਿਸਾਨ ਆਹਮੋ-ਸਾਹਮਣੇ ਆ ਗਏ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਬੇਲਰਾਂ ਦੀ ਘਾਟ ਕਾਰਨ ਪਰਾਲੀ ਸਾੜਨਾ ਉਨ੍ਹਾਂ ਦੀ ਮਜਬੂਰੀ ਹੈ ਜਦਕਿ ਪੰਜਾਬ ਸਰਕਾਰ ਨੇ ਦਾਅਵਾ ਕੀਤਾ ਕਿ ਪੰਜਾਬ ਵਿਚ ਬੇਲਰਾਂ ਦੀ ਕੋਈ ਕਮੀ ਨਹੀਂ ਹੈ।

ਕਿਸਾਨਾਂ ਦਾ ਤਰਕ ਹੈ ਕਿ ਸੂਬਾ ਸਰਕਾਰ ਹਰ ਪਿੰਡ ਨੂੰ ਬੇਲਰ ਮੁਹੱਈਆ ਨਹੀਂ ਕਰਵਾ ਸਕੀ ਹੈ ਅਤੇ ਦੂਰ-ਦੁਰਾਡੇ ਪੈਂਦੇ ਖੇਤਾਂ ਤੱਕ ਬੇਲਰ ਪਹੁੰਚੇ ਹੀ ਨਹੀਂ ਹਨ। ਦੂਜੇ ਪਾਸੇ ਸੂਬਾ ਸਰਕਾਰ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਦਿੱਤੀ ਮਸ਼ੀਨਰੀ ਦੇ ਅੰਕੜੇ ਪੇਸ਼ ਕਰ ਰਹੀ ਹੈ। ਦੱਸਣਯੋਗ ਹੈ ਕਿ ਪੰਜਾਬ ਵਿਚ ਇਸ ਵਰ੍ਹੇ ਸਰਕਾਰ ਨੇ 1840 ਨਵੇਂ ਬੇਲਰ ਖਰੀਦਣ ਦਾ ਫੈਸਲਾ ਕੀਤਾ ਸੀ ਅਤੇ ਕੁਝ ਸਮੇਂ ਮਗਰੋਂ ਸੂਬਾ ਸਰਕਾਰ ਨੇ ਇਸ ਟੀਚੇ ਵਿਚ ਕਟੌਤੀ ਕਰਦਿਆਂ 1300 ਬੇਲਰ ਦੇਣ ਦੀ ਗੱਲ ਆਖੀ ਸੀ ਪਰ ਅਸਲ 'ਚ ਇਸ ਵਰ੍ਹੇ ਸਿਰਫ 500 ਬੇਲਰ ਹੀ ਖਰੀਦੇ ਗਏ।

ਇਸ ਤੋਂ ਪਹਿਲਾਂ ਪੰਜਾਬ ਵਿਚ ਕਰੀਬ 1200 ਬੇਲਰ ਸਰਕਾਰੀ ਤੇ ਪ੍ਰਾਈਵੇਟ ਪੱਧਰ 'ਤੇ ਮੁਹੱਈਆ ਕਰਵਾਏ ਗਏ ਹਨ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਹਰ ਛੋਟੇ ਪਿੰਡ 'ਚ ਦੋ, ਵੱਡੇ ਪਿੰਡਾਂ 'ਚ 3 ਬੇਲਰਾਂ ਦੀ ਲੋੜ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਮਸ਼ੀਨਰੀ ਦਾ ਪ੍ਰਬੰਧ ਕਰਨ ਵਿੱਚ ਨਾਕਾਮ ਰਹੀ ਹੈ।

## ਕੇਸ ਦਰਜ ਕਰਨੇ ਸਰਕਾਰ ਦੀ ਮਜਬੂਰੀ: ਭਗਵੰਤ ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨ ਜਥੇਬੰਦੀਆਂ ਨੂੰ ਹਵਾ ਪ੍ਰਦੂਸ਼ਣ ਸਬੰਧੀ ਪਰਾਲੀ ਨੂੰ ਸਾੜੇ ਜਾਣ ਤੋਂ ਰੋਕਣ ਲਈ ਆਪਣੀ ਜ਼ਿੰਮੇਵਾਰੀ ਸਮਝਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਆਗੂਆਂ ਵੱਲੋਂ ਕਿਸਾਨਾਂ ਨੂੰ ਅੱਗ ਲੁਆਉਣ ਲਈ ਪ੍ਰੇਰਿਤ ਨਹੀਂ ਕਰਨਾ ਚਾਹੀਦਾ। ਉਨ੍ਹਾਂ ਸਪਸ਼ਟ ਕੀਤਾ ਕਿ ਸੂਬਾ ਸਰਕਾਰ ਕੋਲ ਪਰਾਲੀ ਸਾੜਨ ਵਾਲੇ ਕਿਸਾਨਾਂ 'ਤੇ ਪਰਚੇ ਦਰਜ ਕਰਨਾ ਸਰਕਾਰ ਦਾ ਕੋਈ ਸ਼ੌਕ ਨਹੀਂ ਹੈ ਅਤੇ ਸਰਕਾਰ ਕਿਸਾਨਾਂ ਦੀ ਵਿੱਤੀ ਮਜਬੂਰੀ ਨੂੰ ਵੀ ਸਮਝਦੀ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਤਜਵੀਜ਼ ਵੀ ਭੇਜੀ ਸੀ ਕਿ ਸਾਂਝੇ ਤੌਰ 'ਤੇ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਵਿੱਤੀ ਮਦਦ ਮੁਹੱਈਆ ਕਰਵਾਈ ਜਾਵੇ ਪਰ ਕੇਂਦਰ ਸਰਕਾਰ ਨੇ ਕੋਈ ਹੁੰਗਾਰਾ ਨਹੀਂ ਭਰਿਆ।

# ਪਰਾਲੀ ਦੇ ਮਸਲੇ ਉਤੇ ਸੁਪਰੀਮ ਕੋਰਟ ਦਾ ਰੁਖ਼ ਹੋਰ ਸਖਤ ਹੋਇਆ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਹਾ ਹੈ ਕਿ ਪੰਜਾਬ ਅਤੇ ਦਿੱਲੀ ਨਾਲ ਲੱਗਦੇ ਕੁਝ ਹੋਰ ਸੂਬਿਆਂ 'ਚ ਪਰਾਲੀ ਸਾੜਨਾ ਰੋਕਣਾ ਹੋਵੇਗਾ ਤੇ ਕੌਮੀ ਰਾਜਧਾਨੀ ਖੇਤਰ (ਐਨ.ਸੀ.ਆਰ) 'ਚ ਪ੍ਰਦੂਸ਼ਣ ਦਾ ਪੱਧਰ ਘਟਾਉਣ ਦਾ ਹੱਲ ਲੱਭਣਾ ਹੋਵੇਗਾ। ਦਿੱਲੀ-ਐਨ.ਸੀ.ਆਰ. 'ਚ ਹਵਾ ਪ੍ਰਦੂਸ਼ਣ ਨਾਲ ਜੁੜੇ ਇਕ ਮਾਮਲੇ ਦੀ ਸੁਣਵਾਈ ਕਰਦਿਆਂ ਜਸਟਿਸ ਸੰਜੈ ਕਿਸ਼ਨ ਕੌਲ ਦੀ ਅਗਵਾਈ ਹੇਠਲੇ ਬੈਂਚ ਨੇ ਕਿਹਾ ਕਿ ਜੇਕਰ ਪਰਾਲੀ ਸਾੜਨ ਤੋਂ ਰੋਕਣ ਦੇ ਉਪਰਾਲੇ ਨਾ ਕੀਤੇ ਗਏ ਤਾਂ ਉਹ ਪੰਜਾਬ, ਹਰਿਆਣਾ ਅਤੇ ਹੋਰ ਸਬੰਧਤ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਤਲਬ ਕਰਨਗੇ। ਪ੍ਰਦੂਸ਼ਣ ਦੇ ਮੁੱਦੇ 'ਤੇ ਕਈ ਰਿਪੋਰਟਾਂ ਤੇ ਕਮੇਟੀਆਂ ਹਨ ਪਰ ਜ਼ਮੀਨੀ ਪੱਧਰ 'ਤੇ ਕੁਝ ਵੀ ਨਹੀਂ ਹੋ ਰਿਹਾ ਹੈ। ਬੈਂਚ ਨੇ ਕਿਹਾ ਕਿ ਸਿਖਰਲੀ ਅਦਾਲਤ ਨਤੀਜੇ ਦੇਖਣਾ ਚਾਹੁੰਦੀ ਹੈ। ਸੁਪਰੀਮ ਕੋਰਟ ਨੂੰ ਇਹ ਦੱਸਿਆ ਗਿਆ ਕਿ ਖੇਤਾਂ 'ਚ ਪਰਾਲੀ ਸਾੜਨ ਨੂੰ ਰੋਕਣ ਲਈ ਹਰ ਸੰਭਵ



ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਜੰਗੀ ਪੱਧਰ 'ਤੇ ਕੰਮ ਕਰ ਰਹੀ ਹੈ ਤੇ ਪਿਛਲੇ ਤਿੰਨ ਦਿਨਾਂ 'ਚ ਪਰਾਲੀ ਸਾੜਨ ਦੀਆਂ ਘਟਨਾਵਾਂ 'ਚ ਇੱਕ ਤਿਹਾਈ ਕਮੀ ਆਈ ਹੈ। ਪੰਜਾਬ 'ਚ 51 ਐਫ.ਆਈ.ਆਰ. ਦਰਜ ਕਰਨ ਤੇ 1.3 ਕਰੋੜ ਰੁਪਏ ਜੁਰਮਾਨਾ ਵਸੂਲਣ ਦੀ ਜਾਣਕਾਰੀ ਦੇਣ 'ਤੇ ਬੈਂਚ ਨੇ ਕਿਹਾ ਕਿ ਇਹ ਸਿਆਸੀ ਮੁੱਦਾ ਹੈ ਕਿਉਂਕਿ ਤੁਸੀਂ ਬਾਅਦ ਵਿਚ ਐਫ.ਆਈ.ਆਰ. ਵਾਪਸ ਲੈ ਲਵੋਗੇ। ਜਸਟਿਸ ਕੌਲ ਨੇ ਕਿਹਾ ਕਿ ਕਿਸਾਨਾਂ ਨੂੰ ਇਨਸੈਂਟਿਵ ਮਿਲਣਾ ਚਾਹੀਦਾ ਹੈ ਪਰ ਇਸ ਦੇ ਨਾਲ ਕੋਤਾਹੀ ਕਰਨ 'ਤੇ ਉਨ੍ਹਾਂ ਨੂੰ ਸਜਾ ਵੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਜਿਹੜਾ ਵੀ ਖੇਤਾਂ 'ਚ ਅੱਗ ਲਗਾਉਣ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਸਬਸਿਡੀ ਨਾ ਦਿੱਤੀ ਜਾਵੇ। ਅਦਾਲਤੀ ਮਿੱਤਰ ਸੀਨੀਅਰ ਵਕੀਲ ਅਪਰਾਜਿਤਾ ਸਿੰਘ ਨੇ ਕਿਹਾ ਕਿ ਕਿਸਾਨਾਂ ਦਾ ਮੁੱਦਾ ਸੰਵੇਦਨਸ਼ੀਲ ਹੈ ਤੇ ਕੋਈ ਵੀ ਸਰਕਾਰ ਉਸ ਨੂੰ ਛੂਹਣਾ ਨਹੀਂ ਚਾਹੁੰਦੀ ਹੈ। ਇਸ 'ਤੇ ਜਸਟਿਸ ਕੌਲ ਨੇ ਕਿਹਾ ਕਿ ਕਿਸਾਨ ਵੀ ਸਮਾਜ ਦਾ ਹਿੱਸਾ ਹਨ ਤੇ ਉਨ੍ਹਾਂ ਤੋਂ ਵਧੇਰੇ ਜ਼ਿੰਮੇਵਾਰੀ ਦੀ ਤਵੱਕੋ ਰੱਖੀ ਜਾਂਦੀ ਹੈ। ਕੈਬਨਿਟ ਸਕੱਤਰ ਨੂੰ ਨਿਗਰਾਨੀ ਰੱਖਣ ਦੇ ਨਿਰਦੇਸ਼ ਦਿੰਦਿਆਂ ਬੈਂਚ ਨੇ ਮਾਮਲੇ ਦੀ ਸੁਣਵਾਈ 21 ਨਵੰਬਰ ਤੱਕ ਮੁਲਤਵੀ ਕਰ ਦਿੱਤੀ

## ਸਰਕਾਰਾਂ ਕਾਰਨ ਪਰਾਲੀ ਸਮੱਸਿਆ ਬਣੀ: ਉਗਰਾਹਾਂ

**ਬਠਿੰਡਾ:** ਬੀ.ਕੇ.ਯੂ. ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਪਰਾਲੀ ਸਾੜਨ ਦੇ ਮਾਮਲੇ ਨੂੰ ਲੈ ਕੇ ਕੇਂਦਰ ਅਤੇ ਪੰਜਾਬ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਦੋਵੇਂ ਸਰਕਾਰਾਂ ਵੱਲੋਂ ਲੋੜੀਂਦੇ ਕਦਮ ਨਾ ਚੁੱਕਣ ਕਾਰਨ ਪਰਾਲੀ ਹੁਣ ਸਮੱਸਿਆ ਬਣ ਗਈ ਹੈ। ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ ਝੋਨੇ ਦਾ ਸੀਜ਼ਨ ਨੇੜੇ ਆਉਂਦਾ ਹੈ, ਸਰਕਾਰਾਂ ਪਰਾਲੀ ਨਾ ਸਾੜਨ ਦੀ ਗੱਲ ਕਰਦੀਆਂ ਹਨ ਜਦਕਿ ਇਸ ਸਮੱਸਿਆ ਦੇ ਹੱਲ ਲਈ ਸਮੇਂ ਸਿਰ ਕਾਰਗਰ ਕਦਮ ਚੁੱਕਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕੋਲ ਪਰਾਲੀ ਦੀਆਂ ਗੰਢਾਂ ਬਣਾਉਣ ਲਈ ਲੋੜੀਂਦੀਆਂ ਮਸ਼ੀਨਾਂ ਨਹੀਂ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਉਨ੍ਹਾਂ ਦਾ ਗਰੁੱਪ ਕਿਸੇ ਵੀ ਅਧਿਕਾਰੀ ਨਾਲ ਦੁਰਵਿਹਾਰ ਦੇ ਸਮਰਥਨ ਵਿਚ ਨਹੀਂ ਹੈ।

# ਅਰਬ ਤੇ ਮੁਸਲਿਮ ਆਗੂਆਂ ਵੱਲੋਂ ਜੰਗ ਤੁਰੰਤ ਬੰਦ ਕਰਨ ਦਾ ਸੱਦਾ

**ਰਿਆਧ:** ਸਾਊਦੀ ਅਰਬ ਅਤੇ ਇਸਲਾਮਿਕ ਮੁਲਕਾਂ ਨੇ ਗਾਜ਼ਾ 'ਚ ਜੰਗ ਫੌਰੀ ਬੰਦ ਕਰਨ ਦਾ ਸੱਦਾ ਦਿੱਤਾ ਹੈ। ਰਿਆਧ 'ਚ ਇਸਲਾਮਿਕ-ਅਰਬ ਸਿਖਰ ਸੰਮੇਲਨ 'ਚ ਐਲਾਨ ਕੀਤਾ ਗਿਆ ਕਿ ਫਲਸਤੀਨੀਆਂ ਖ਼ਿਲਾਫ਼ ਕੀਤੇ ਜਾ ਰਹੇ ਅਪਰਾਧਾਂ ਲਈ ਇਜ਼ਰਾਈਲ ਜ਼ਿੰਮੇਵਾਰ ਹੈ। ਸਾਊਦੀ ਅਰਬ ਦੇ ਸ਼ਾਸਕ ਮੁਹੰਮਦ ਬਿਨ ਸਲਮਾਨ ਨੇ ਸਿਖਰ ਸੰਮੇਲਨ ਲਈ ਅਰਬ ਅਤੇ ਮੁਸਲਿਮ ਆਗੂਆਂ ਨੂੰ ਸੱਦਾ ਦਿੱਤਾ ਸੀ ਤਾਂ ਜੋ ਉਹ ਗਾਜ਼ਾ 'ਚ ਜੰਗ ਖਤਮ ਕਰਨ ਲਈ ਅਮਰੀਕਾ ਅਤੇ ਇਜ਼ਰਾਈਲ 'ਤੇ ਦਬਾਅ ਪਾ ਸਕਣ। ਮੀਟਿੰਗ 'ਚ ਇਰਾਨ ਦੇ ਰਾਸ਼ਟਰਪਤੀ ਇਬਰਾਹਿਮ ਰਾਇਸੀ, ਤੁਰਕੀ ਦੇ ਰਾਸ਼ਟਰਪਤੀ ਤਈਅਪ ਅਰਦੌਗਾਂ, ਕਤਰ ਦੇ ਅਮੀਰ ਸ਼ੇਖ ਤਮੀਮ ਬਿਨ ਹਮਦ ਅਲ ਥਾਨੀ ਅਤੇ ਸੀਰੀਆ ਦੇ ਰਾਸ਼ਟਰਪਤੀ ਬਸ਼ਰ ਅਲ-ਅਸਦ ਹਾਜਰ ਸਨ। ਸਾਊਦੀ ਅਰਬ ਦੇ ਸ਼ਹਿਜ਼ਾਦੇ ਮੁਹੰਮਦ ਨੇ ਕਿਹਾ,"ਅਸੀਂ ਫਲਸਤੀਨ 'ਚ ਆਪਣੇ ਭਰਾਵਾਂ ਖ਼ਿਲਾਫ਼ ਵਹਿਸ਼ੀਆਨਾ ਜੰਗ ਨੂੰ ਸਿਰੇ ਤੋਂ ਖਾਰਜ ਕਰਦਿਆਂ ਇਸ ਦੀ ਨਿਖੇਧੀ ਕਰਦੇ ਹਾਂ। ਅਸੀਂ ਮਾਨਵੀ ਤ੍ਰਾਸਦੀ ਦਾ ਸਾਹਮਣਾ ਕਰ ਰਹੇ ਹਾਂ ਜਿਸ ਨੇ ਸੁਰੱਖਿਆ ਪਰਿਸ਼ਦ ਅਤੇ ਕੌਮਾਂਤਰੀ ਭਾਈਚਾਰੇ ਦੀ ਨਾਕਾਮੀ ਸਾਬਤ ਕਰ ਦਿੱਤੀ ਹੈ ਜੋ ਇਜ਼ਰਾਈਲ ਵੱਲੋਂ ਕੀਤੇ ਜਾ ਰਹੇ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ 'ਤੇ ਰੋਕ ਲਾਉਣ 'ਚ ਨਾਕਾਮ ਰਹੇ ਹਨ।"




ਫਲਸਤੀਨੀ ਰਾਸ਼ਟਰਪਤੀ ਮਹਿਮੂਦ ਅੱਬਾਸ ਨੇ ਕਿਹਾ ਕਿ ਫਲਸਤੀਨੀ ਨਸਲਕੁਸ਼ੀ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਅਮਰੀਕਾ ਨੂੰ ਕਿਹਾ ਕਿ ਉਹ ਇਜ਼ਰਾਈਲ ਦੇ ਹਮਲਾਵਰ ਰੁਖ 'ਤੇ ਲਗਾਮ ਕਸੇ। ਰਾਇਸੀ ਨੇ ਇਜ਼ਰਾਈਲ ਖ਼ਿਲਾਫ਼ ਜੰਗ ਲਈ ਹਮਾਸ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਇਸਲਾਮਿਕ ਮੁਲਕਾਂ ਨੂੰ ਕਿਹਾ ਕਿ ਉਹ ਇਜ਼ਰਾਈਲ 'ਤੇ ਤੇਲ ਅਤੇ ਹੋਰ ਵਸਤਾਂ ਭੇਜਣ 'ਤੇ ਪਾਬੰਦੀ ਲਾਉਣ। ਰਾਇਸੀ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਇਜ਼ਰਾਈਲ ਦੇ ਟਾਕਰੇ ਲਈ ਹੋਰ ਕੋਈ ਰਾਹ ਨਹੀਂ ਬਚਿਆ ਹੈ। ਤੁਰਕੀ ਦੇ ਰਾਸ਼ਟਰਪਤੀ ਅਰਦੌਗਾਂ ਨੇ ਇਜ਼ਰਾਈਲ ਅਤੇ ਫਲਸਤੀਨੀਆਂ ਵਿਚਕਾਰ ਜੰਗ ਦੇ ਪੱਕੇ ਹੱਲ ਲਈ ਕੌਮਾਂਤਰੀ ਸ਼ਾਂਤੀ ਕਾਨਫਰੰਸ ਸੱਦਣ ਦਾ ਹੋਕਾ ਦਿੱਤਾ। ਉਨ੍ਹਾਂ ਕਿਹਾ ਕਿ ਗਾਜ਼ਾ 'ਚ ਕੁਝ ਘੰਟਿਆਂ ਦੀ ਬਜਾਏ ਪੱਕੇ ਤੌਰ 'ਤੇ ਜੰਗਬੰਦੀ ਹੋਣੀ ਚਾਹੀਦੀ ਹੈ। ਕਤਰ ਦੇ ਅਮੀਰ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਇਜ਼ਰਾਇਲੀ ਬੰਧਕਾਂ ਦੀ ਫੌਰੀ ਰਿਹਾਈ ਲਈ ਵਿਚੋਲਗੀ ਕਰਨ ਲਈ ਤਿਆਰ ਹੈ ਤਾਂ ਜੋ ਕਿਸੇ ਨਤੀਜੇ 'ਤੇ ਪਹੁੰਚਿਆ ਜਾ ਸਕੇ। ਅਰਬ ਵਿਦੇਸ਼ ਮੰਤਰੀ ਕੁਝ ਮੁੱਦਿਆਂ 'ਤੇ ਵੰਡੇ ਗਏ ਕਿਉਂਕਿ ਅਲਜੀਰੀਆ ਦੀ ਅਗਵਾਈ ਹੇਠ ਕੁਝ ਮੁਲਕਾਂ ਨੇ ਇਜ਼ਰਾਈਲ ਨਾਲੋਂ ਸਾਰੇ ਕੂਟਨੀਤਕ ਸਬੰਧ ਤੋੜਨ ਦੀ ਵਕਾਲਤ ਕੀਤੀ ਹੈ। ਇਸੇ ਦੌਰਾਨ ਉੱਚ ਅਧਿਕਾਰੀਆਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਸ ਜੰਗ ਦੌਰਾਨ ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ 11,000 ਤੋਂ ਟੱਪ ਚੁੱਕੀ ਹੈ। ਗਾਜ਼ਾ ਸ਼ਹਿਰ ਵਿਚ ਹਜ਼ਾਰਾਂ ਲੋਕ ਸੁਰੱਖਿਅਤ ਥਾਂ ਦੀ ਭਾਲ 'ਚ ਹਨ।

## ਟੈਕਸਸ ਵਿਚ ਦੋ ਕਾਰਾਂ ਵਿਚਾਲੇ ਟੱਕਰ; 8 ਮੌਤਾਂ

**ਟੈਕਸਸ:** ਅਮਰੀਕਾ ਦੀ ਜ਼ਾਵਾਲਾ ਕਾਊਂਟੀ, ਟੈਕਸਸ ਵਿਚ ਦੋ ਕਾਰਾਂ ਵਿਚਾਲੇ ਹੋਈ ਭਿਆਨਕ ਟੱਕਰ ਵਿਚ 8 ਮੌਤਾਂ ਹੋ ਗਈਆਂ। ਟੈਕਸਸ ਡਿਪਾਰਟਮੈਂਟ ਪਬਲਿਕ ਸੇਫਟੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸੰਭਾਵੀ ਤੌਰ 'ਤੇ ਇਹ ਹਾਦਸਾ ਮਨੁੱਖੀ ਤਸਕਰੀ ਵਿਚ ਸ਼ਾਮਿਲ ਇਕ ਕਾਰ ਦੇ ਡਰਾਈਵਰ ਵੱਲੋਂ ਪੁਲਿਸ ਅਫਸਰਾਂ ਤੋਂ ਬਚ ਕੇ ਤੇਜ਼ ਰਫਤਾਰ ਨਾਲ ਨਿਕਲ ਜਾਣ ਦੀ ਕੋਸ਼ਿਸ਼ ਦੌਰਾਨ ਵਾਪਰਿਆ ਹੈ। ਹਾਦਸਾ ਦੱਖਣ-ਪੱਛਮੀ ਟੈਕਸਸ ਵਿਚ ਬੇਟਸਵਿਲੇ ਕਸਬੇ ਨੇੜੇ ਮੈਕਸੀਕੋ ਬਾਰਡਰ ਤੋਂ ਤਕਰੀਬਨ 60 ਮੀਲ ਦੂਰ ਯੂ ਐਸ 57 ਮਾਰਗ ਉਪਰ ਵਾਪਰਿਆ। ਫਬਲਿਕ ਸੇਫਟੀ ਵਿਭਾਗ ਦੇ ਬੁਲਾਰੇ ਕ੍ਰਿਸ ਓਲੀਵਰੇਜ਼ ਅਨੁਸਾਰ ਸ਼ੱਕ ਹੈ ਕਿ ਹਾਂਡਾ ਕਾਰ ਦਾ ਡਰਾਈਵਰ ਮਨੁੱਖੀ ਤਸਕਰੀ ਵਿਚ ਸ਼ਾਮਿਲ ਸੀ ਤੇ ਉਹ ਪੁਲਿਸ ਤੋਂ ਬਚਣ ਦੀ ਕੋਸ਼ਿਸ਼ ਵਿਚ ਸੀ।

**-ਹੁਸਨ ਲੜੋਆ ਬੰਗਾ**

# ਫੌਜ ਨੇ ਗਾਜ਼ਾ ਦਾ ਸਭ ਤੋਂ ਵੱਡੇ ਸ਼ਿਫਾ ਹਸਪਤਾਲ ਘੇਰਿਆ

**ਦੀਰ ਅਲ-ਬਾਲਾਹ:** ਇਜ਼ਰਾਇਲੀ ਫੌਜ ਨੇ ਗਾਜ਼ਾ ਦੇ ਸਭ ਤੋਂ ਵੱਡੇ ਸ਼ਿਫਾ ਹਸਪਤਾਲ ਨੂੰ ਘੇਰ ਲਿਆ ਹੈ ਜਿਥੇ ਡਾਕਟਰਾਂ ਮੁਤਾਬਕ ਆਖਰੀ ਜਨਰੇਟਰ ਬੰਦ ਹੋਣ ਮਗਰੋਂ ਇਕ ਬੱਚੇ ਸਣੇ ਪੰਜ ਮਰੀਜ਼ਾਂ ਦੀ ਮੌਤ ਹੋ ਗਈ ਹੈ। ਇਜ਼ਰਾਈਲ ਮੁਤਾਬਕ ਸ਼ਿਫਾ ਹਸਪਤਾਲ ਹਮਾਸ ਦੀ ਮੁੱਖ ਕਮਾਂਡ ਚੌਕੀ ਹੈ ਅਤੇ ਅਤਿਵਾਦੀ ਆਮ ਨਾਗਰਿਕਾਂ ਨੂੰ ਮਨੁੱਖੀ ਢਾਲ ਵਜੋਂ ਵਰਤ ਰਹੇ ਹਨ।



ਉਨ੍ਹਾਂ ਮੁਤਾਬਕ ਹਸਪਤਾਲ 'ਚ ਕਈ ਬੰਕਰ ਬਣੇ ਹੋਏ ਹਨ। ਪਿਛਲੇ ਕੁਝ ਦਿਨਾਂ ਤੋਂ ਇਜ਼ਰਾਇਲੀ ਫੌਜ ਅਤੇ ਹਮਾਸ ਵਿਚਕਾਰ ਹਸਪਤਾਲ ਨੇੜੇ ਆਹਮੋ-ਸਾਹਮਣੇ ਦੀ ਜੰਗ ਹੋ ਰਹੀ ਸੀ। ਸ਼ਿਫਾ ਹਸਪਤਾਲ ਦੇ ਡਾਇਰੈਕਟਰ ਮੁਹੰਮਦ ਅਬੂ ਸੇਲਮੀਆ ਨੇ ਧਮਾਕਿਆਂ ਅਤੇ ਗੋਲੀਬਾਰੀ ਦੀ ਆਵਾਜ਼ ਦਰਮਿਆਨ ਫੋਨ 'ਤੇ ਦੱਸਿਆ,"ਹਸਪਤਾਲ 'ਚ ਬਿਜਲੀ ਨਹੀਂ ਹੈ। ਮੈਡੀਕਲ ਉਪਕਰਣ ਬੰਦ ਹੋ ਗਏ ਹਨ। ਮਰੀਜ਼ ਖਾਸ ਕਰਕੇ ਇੰਟੈਸਿਵ ਕੇਅਰ 'ਚ ਦਾਖਲ ਮਰੀਜ਼ ਮਰਨ ਲੱਗ ਪਏ ਹਨ।" ਉਨ੍ਹਾਂ ਕਿਹਾ ਕਿ ਇਜ਼ਰਾਇਲੀ ਫੌਜ ਹਸਪਤਾਲ ਦੇ ਅੰਦਰ ਅਤੇ ਬਾਹਰ ਹਰ ਕਿਸੇ ਨੂੰ ਨਿਸ਼ਾਨਾ ਬਣਾ ਰਹੀ ਹੈ। ਇਜ਼ਰਾਇਲੀ ਫੌਜ ਦੇ ਤਰਜਮਾਨ ਪੀਟਰ ਲੇਰਨਰ ਨੇ ਸਿਰਫ ਇੰਨਾ ਹੀ ਕਿਹਾ ਕਿ ਜਵਾਨ ਇਲਾਕੇ 'ਚ ਹਮਾਸ ਖ਼ਿਲਾਫ਼ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਫੌਜ ਆਮ ਨਾਗਰਿਕਾਂ ਨੂੰ ਨੁਕਸਾਨ ਤੋਂ ਰੋਕਣ ਦੇ ਉਪਰਾਲੇ ਕਰ ਰਹੀ ਹੈ। ਇਸ ਦੌਰਾਨ ਫੌਜ ਨੇ ਜਬਾਲੀਆ ਦੇ ਸ਼ਰਨਾਰਥੀ ਕੈਂਪ 'ਚ ਰਹਿ ਰਹੇ ਲੋਕਾਂ ਦੇ ਦੱਖਣ ਜਾਣ ਵਾਸਤੇ ਉਚੇਚੇ ਤੌਰ 'ਤੇ ਜੰਗ ਥੋੜੇ ਸਮੇਂ ਲਈ ਰੋਕੀ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਹੈ ਕਿ ਆਮ ਲੋਕਾਂ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਪਹੁੰਚਣ ਦੀ ਜ਼ਿੰਮੇਵਾਰੀ ਹਮਾਸ ਦੀ ਹੈ। ਉਨ੍ਹਾਂ ਕਿਹਾ ਕਿ ਹਮਾਸ ਲੋਕਾਂ ਨੂੰ ਇਲਾਕਾ ਖਾਲੀ ਕਰਨ ਤੋਂ ਰੋਕ ਰਿਹਾ ਹੈ। ਜ਼ਿਕਰਯੋਗ ਹੈ ਕਿ ਸ਼ਿਫਾ ਹਸਪਤਾਲ 'ਚ ਹਜ਼ਾਰਾਂ ਲੋਕਾਂ ਨੇ ਪਨਾਹ ਲਈ ਹੋਈ ਹੈ। ਸਿਹਤ ਮੰਤਰਾਲੇ ਦੇ ਤਰਜਮਾਨ ਅੱਬਾਸ ਨੇ ਕਿਹਾ ਕਿ ਹਸਪਤਾਲ ਕੰਪਲੈਕਸ 'ਚ ਹੁਣ ਭੋਜਨ, ਪਾਣੀ ਅਤੇ ਬਿਜਲੀ ਦੀ ਥੁੜ ਹੋ ਗਈ ਹੈ।

## ਯੂ.ਕੇ. ਭਾਰਤ ਨੂੰ ਸੁਰੱਖਿਅਤ ਮੁਲਕਾਂ ਦੀ ਸੂਚੀ 'ਚ ਸ਼ਾਮਲ ਕਰੇਗਾ



**ਲੰਡਨ:** ਯੂ.ਕੇ. ਸਰਕਾਰ ਭਾਰਤ ਨੂੰ ਸੁਰੱਖਿਅਤ ਦੇਸ਼ਾਂ ਦੀ ਵਿਆਪਕ ਸੂਚੀ ਵਿਚ ਸ਼ਾਮਲ ਕਰਨ ਲਈ ਇਕ ਯੋਜਨਾ 'ਤੇ ਵਿਚਾਰ ਕਰ ਰਹੀ ਹੈ। ਇਸ ਯੋਜਨਾ ਦੇ ਅਮਲੀ ਰੂਪ ਲੈਣ ਨਾਲ ਬਰਤਾਨੀਆ ਵਿਚ ਗੈਰਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲੇ ਭਾਰਤੀਆਂ ਨੂੰ ਵਾਪਸ ਭੇਜਣ ਦਾ ਅਮਲ ਤੇਜ ਹੋਵੇਗਾ ਤੇ ਅਜਿਹੇ ਵਿਅਕਤੀਆਂ ਦੇ ਬ੍ਰਿਟੇਨ ਵਿਚ ਸ਼ਰਨ ਲੈਣ ਦੀ ਸੰਭਾਵਨਾ ਵੀ ਖਤਮ ਹੋ ਜਾਵੇਗੀ। ਹਾਊਸ ਆਫ ਕਾਮਨਜ਼ ਵਿਚ ਰੱਖੇ ਕਾਨੂੰਨ ਦੇ ਇਸ ਮਸੌਦੇ ਵਿਚ ਭਾਰਤ ਤੇ ਜੌਰਜੀਆ ਜਿਹੇ ਮੁਲਕਾਂ ਨੂੰ ਸੂਚੀ ਵਿਚ ਸ਼ਾਮਲ ਕੀਤੇ ਜਾਣ ਦੀ ਤਜਵੀਜ਼ ਹੈ। ਯੂ.ਕੇ. ਦੇ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਇਸ ਪੇਸ਼ਕਦਮੀ ਦਾ ਮੁੱਖ ਮੰਤਵ ਦੇਸ਼ ਦੇ ਆਵਾਸ (ਇਮੀਗ੍ਰੇਸ਼ਨ) ਪ੍ਰਬੰਧ ਨੂੰ ਮਜ਼ਬੂਤ ਕਰਨਾ ਹੈ। ਬਰਤਾਨੀਆ ਦੀ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਨੇ ਕਿਹਾ, "ਸਾਨੂੰ ਲੋਕਾਂ ਨੂੰ ਮੌਲਿਕ ਰੂਪ ਵਿਚ ਸੁਰੱਖਿਅਤ ਮੁਲਕਾਂ ਤੋਂ ਯੂ.ਕੇ. ਲਈ ਖਤਰਨਾਕ ਤੇ ਗੈਰ-ਕਾਨੂੰਨੀ ਯਾਤਰਾ ਕਰਨ ਤੋਂ ਰੋਕਣਾ ਹੋਵੇਗਾ। ਇਸ ਲਿਸਟ ਦਾ ਘੇਰਾ ਵਧਾਉਣ ਨਾਲ ਅਸੀਂ ਉਨ੍ਹਾਂ ਲੋਕਾਂ ਨੂੰ ਇਥੋਂ ਤੇਜੀ ਨਾਲ ਹਟਾ ਸਕਾਂਗੇ ਜਿਨ੍ਹਾਂ ਨੂੰ ਇਥੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ।"

# ਏਅਰ ਇੰਡੀਆ ਦੇ ਯਾਤਰੀਆਂ ਨੂੰ ਮਿਲੀ 'ਧਮਕੀ' ਦੀ ਜਾਂਚ ਜਾਰੀ: ਕੈਨੇਡਾ

**ਓਟਵਾ:** ਸਿੱਖਸ ਫਾਰ ਜਸਟਿਸ ਦੇ ਬਾਨੀ ਗੁਰਪਤਵੰਤ ਸਿੰਘ ਪੰਨੂ ਵੱਲੋਂ 19 ਨਵੰਬਰ ਨੂੰ ਏਅਰ ਇੰਡੀਆ ਦੀਆਂ ਉਡਾਣਾਂ ਵਿਚ ਸਫਰ ਕਰਨ ਵਾਲੇ ਯਾਤਰੀਆਂ ਨੂੰ ਦਿੱਤੀ ਧਮਕੀ ਦੇ ਹਵਾਲੇ ਨਾਲ ਕੈਨੇਡਾ ਨੇ ਕਿਹਾ ਹੈ ਕਿ ਉਹ 'ਹਵਾਬਾਜ਼ੀ' (ਹਵਾਈ ਸਫਰ) ਨਾਲ ਸਬੰਧਤ ਕਿਸੇ ਵੀ 'ਧਮਕੀ' ਨੂੰ 'ਬੇਹੱਦ ਸੰਜੀਦਗੀ' ਨਾਲ ਲੈਂਦਾ ਹੈ ਅਤੇ ਆਨਲਾਈਨ ਮਿਲੀਆਂ ਚਿਤਾਵਨੀਆਂ ਦੀ ਜਾਂਚ ਕਰ ਰਿਹਾ ਹੈ। ਪੰਨੂ ਨੇ ਪਿਛਲੇ ਦਿਨੀਂ ਇਕ ਵੀਡੀਓ ਜਾਰੀ ਕਰਕੇ ਉਪਰੋਕਤ ਧਮਕੀ ਦਿੱਤੀ ਸੀ। ਚੇਤੇ ਰਹੇ ਕਿ 19 ਨਵੰਬਰ ਨੂੰ ਅਹਿਮਦਾਬਾਦ ਵਿਚ ਆਈ .ਸੀ.ਸੀ. ਕ੍ਰਿਕਟ ਵਿਸ਼ਵ ਕੱਪ ਦਾ ਖ਼ਿਤਾਬੀ ਮੁਕਾਬਲਾ ਖੇਡਿਆ ਜਾਣਾ ਹੈ। ਕੈਨੇਡਾ ਸਰਕਾਰ ਤੇ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ.) ਨੇ ਸੰਭਾਵੀ ਦਹਿਸ਼ਤੀ ਹਮਲੇ ਦੀ ਜਾਂਚ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ।



ਫੈਡਰਲ ਟਰਾਂਸਪੋਰਟੇਸ਼ਨ ਮੰਤਰੀ ਪਾਬਲੋ ਰੌਡਰਿਗਜ ਨੇ ਸੋਸ਼ਲ ਮੀਡੀਆ ਉਤੇ ਇਕ ਪੋਸਟ ਵਿਚ ਕਿਹਾ ਕਿ ਸਰਕਾਰ ਆਪਣੇ ਸੁਰੱਖਿਆ ਭਾਈਵਾਲਾਂ ਨਾਲ ਮਿਲ ਕੇ ਕਥਿਤ ਧਮਕੀ ਦੀ ਜਾਂਚ ਕਰ ਰਹੀ ਹੈ।

ਰੌਡਰਿਗਜ ਨੇ ਕਿਹਾ, ''ਸਾਡੀ ਸਰਕਾਰ ਹਵਾਬਾਜ਼ੀ ਨੂੰ ਦਰਪੇਸ਼ ਕਿਸੇ ਵੀ ਖਤਰੇ ਨੂੰ ਬੇਹੱਦ ਸੰਜੀਦਗੀ ਨਾਲ ਲੈਂਦੀ ਹੈ। ਅਸੀਂ ਆਨਲਾਈਨ ਸਰਕੂਲੇਟ ਹੋਈਆਂ ਧਮਕੀਆਂ ਦੀ ਨੇੜਿਓਂ ਜਾਂਚ ਕਰ ਰਹੇ ਹਾਂ। ਸੁਰੱਖਿਆ ਭਾਈਵਾਲਾਂ ਦੀ ਮਦਦ ਲਈ ਜਾ ਰਹੀ ਹੈ। ਅਸੀਂ ਕੈਨੇਡੀਅਨਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਜ਼ਰੂਰੀ ਕਦਮ ਚੁੱਕਾਂਗੇ।'' ਉਧਰ, ਭਾਰਤੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਰਿੰਦਮ ਬਾਗਚੀ ਨੇ ਕਿਹਾ ਸੀ ਕਿ ਨਵੀਂ ਦਿੱਲੀ ਅਜਿਹੀਆਂ ਦਹਿਸ਼ਤੀ ਧਮਕੀਆਂ ਦੀ ਜ਼ੋਰਦਾਰ ਢੰਗ ਨਾਲ ਨਿਖੇਧੀ ਕਰਦਾ ਹੈ ਤੇ ਉਹ ਸਾਰੇ ਲੋੜੀਂਦੇ ਜ਼ਰੂਰੀ ਸੁਰੱਖਿਆ ਉਪਰਾਲੇ ਯਕੀਨੀ ਬਣਾਏਗਾ।

# ਨਿੱਝਰ ਮਾਮਲਾ: ਬਲਿੰਕਨ ਨੇ ਭਾਰਤ ਨੂੰ ਕੈਨੇਡਾ ਨਾਲ ਜਾਂਚ 'ਚ ਸਹਿਯੋਗ ਲਈ ਕਿਹਾ

**ਨਵੀਂ ਦਿੱਲੀ:** ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਭਾਰਤ ਨੂੰ ਸਿੱਖ ਗਰਮ ਖਿਆਲੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ 'ਚ ਕੈਨੇਡਾ ਵੱਲੋਂ ਕੀਤੀ ਜਾ ਰਹੀ ਜਾਂਚ 'ਚ ਸਹਿਯੋਗ ਕਰਨ ਲਈ ਕਿਹਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਭਾਰਤ 'ਤੇ ਉਨ੍ਹਾਂ ਦੇ ਮੁਲਕ 'ਚ ਭਾਰਤੀ ਏਜੰਟਾਂ ਵੱਲੋਂ ਨਿੱਝਰ ਦੀ ਹੱਤਿਆ ਕਰਾਉਣ ਦੇ ਦੋਸ਼ ਲਾਏ ਸਨ। ਬਲਿੰਕਨ ਨੇ ਕਿਹਾ ਕਿ ਭਾਰਤ ਦਾ ਕੈਨੇਡਾ ਨਾਲ ਜਾਂਚ 'ਚ ਸਹਿਯੋਗ ਕਰਨਾ ਬਹੁਤ ਅਹਿਮ ਹੈ ਤਾਂ ਜੋ ਦੋਵੇਂ ਮੁਲਕਾਂ ਵਿਚਕਾਰ ਪੈਦਾ ਹੋਏ ਮਤਭੇਦਾਂ ਨੂੰ ਸੁਲਝਾਇਆ ਜਾ ਸਕੇ।



ਉਨ੍ਹਾਂ ਕਿਹਾ ਕਿ ਇਸ ਬਾਰੇ ਭਾਰਤੀ ਹਮਰੁਤਬਾ ਨਾਲ ਵੀ ਚਰਚਾ ਹੋਈ ਹੈ। ਇਸ ਤੋਂ ਪਹਿਲਾਂ ਭਾਰਤ ਨੇ ਕੈਨੇਡਾ 'ਚ ਖਾਲਿਸਤਾਨੀ ਹਮਾਇਤੀਆਂ ਦੀਆਂ ਵਧਦੀਆਂ ਗਤੀਵਿਧੀਆਂ ਨੂੰ ਲੈ ਕੇ ਆਪਣੀ ਚਿੰਤਾ ਤੋਂ ਅਮਰੀਕਾ ਨੂੰ ਜਾਣੂ ਕਰਵਾਇਆ। ਭਾਰਤ ਨੇ '2+2' ਮੰਤਰੀ ਪੱਧਰੀ ਮੀਟਿੰਗ 'ਚ ਇਹ ਮੁੱਦਾ ਚੁੱਕਿਆ। ਵਿਦੇਸ਼ ਸਕੱਤਰ ਵਿਨੈ ਕਵਾਤਰਾ ਨੇ ਦੱਸਿਆ, 'ਅਸੀਂ ਆਪਣੀਆਂ ਚਿੰਤਾਵਾਂ ਬਾਰੇ ਬਿਲਕੁਲ ਸਪੱਸ਼ਟ ਕਰ ਦਿੱਤਾ ਹੈ।' ਉਨ੍ਹਾਂ ਕਿਹਾ, 'ਸਾਡੀ ਮੁੱਖ ਚਿੰਤਾ ਸੁਰੱਖਿਆ ਨੂੰ ਲੈ ਕੇ ਹੈ ਤੇ ਯਕੀਨ ਹੈ ਕਿ ਤੁਸੀਂ ਸਾਰੇ ਹੁਣੇ ਸਾਹਮਣੇ ਆਈ ਵੀਡੀਓ ਤੋਂ ਜਾਣੂ ਹੋਵੋਗੇ।' ਉਨ੍ਹਾਂ ਕਿਹਾ ਕਿ ਅਮਰੀਕੀ ਪੱਖ ਨਵੀਂ ਦਿੱਲੀ ਦੀ ਚਿੰਤਾ ਨੂੰ ਸਮਝਦਾ ਹੈ।

# ਲਾਂਘਾ ਦੇਣ ਮਗਰੋਂ ਫਲਸਤੀਨੀ ਸ਼ਾਹਰਾਹ 'ਤੇ ਆਏ

**ਖਾਨ ਯੂਨਿਸ:** ਇਜ਼ਰਾਈਲ ਵੱਲੋਂ ਸੁਰੱਖਿਅਤ ਲਾਂਘੇ ਲਈ ਸਮਾਂ ਐਲਾਨੇ ਜਾਣ ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿਚ ਫਲਸਤੀਨੀ ਗਾਜ਼ਾ ਦੇ ਇਕੋ-ਇਕ ਸ਼ਾਹਰਾਹ 'ਤੇ ਆ ਗਏ ਅਤੇ ਉਨ੍ਹਾਂ ਉੱਤਰੀ ਗਾਜ਼ਾ ਤੋਂ ਦੱਖਣ ਵੱਲ ਨੂੰ ਚਾਲੇ ਪਾ ਦਿੱਤੇ ਹਨ। ਉਧਰ, ਅਧਿਕਾਰੀਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਜੰਗ ਵਿਚ ਹੁਣ ਤੱਕ ਮਰਨ ਵਾਲੇ ਫਲਸਤੀਨੀਆਂ ਦੀ ਗਿਣਤੀ 11,000 ਤੋਂ ਟੱਪ ਚੁੱਕੀ ਹੈ। ਗਾਜ਼ਾ ਸ਼ਹਿਰ ਵਿਚ ਹਵਾਈ ਹਮਲਿਆਂ ਤੇ ਮੈਦਾਨੀ ਜੰਗ ਵਿਚਾਲੇ ਹਜ਼ਾਰਾਂ ਲੋਕ ਸੁਰੱਖਿਅਤ ਥਾਂ ਦੀ ਭਾਲ ਵਿਚ ਉੱਤਰੀ ਗਾਜਾ ਤੋਂ ਦੱਖਣ ਵੱਲ ਨੂੰ ਨਿਕਲ ਚੁੱਕੇ ਹਨ। ਉੱਤਰੀ ਗਾਜਾ ਵਿਚ ਇਨ੍ਹਾਂ ਫਲਸਤੀਨੀਆਂ ਨੂੰ ਬੰਬਾਰੀ ਅਤੇ ਹੋਰ ਮੁਸ਼ਕਲ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਹੋਰ ਲੋਕ ਹਸਪਤਾਲਾਂ ਵਿਚ ਅਪਰੇਸ਼ਨ ਥੀਏਟਰਾਂ ਤੇ ਵਾਰਡਾਂ ਤੋਂ ਇਲਾਵਾ ਹਸਪਤਾਲਾਂ ਦੇ ਆਲੇ-ਦੁਆਲੇ ਰਹਿ ਰਹੇ ਹਨ।



ਗਾਜ਼ਾ ਦੇ ਮੈਡੀਕਲ ਅਧਿਕਾਰੀਆਂ ਨੇ ਇਜ਼ਰਾਈਲ 'ਤੇ ਹਸਪਤਾਲਾਂ ਨੇੜੇ ਹਮਲੇ ਕਰਨ ਦਾ ਦੋਸ਼ ਲਾਇਆ, ਹਾਲਾਂਕਿ ਇਜ਼ਰਾਈਲ ਦਾ ਕਹਿਣਾ ਹੈ ਕਿ ਹਸਪਤਾਲ ਨੇੜੇ ਧਮਾਕਾ ਫਲਸਤੀਨੀ ਰਾਕੇਟ ਦੇ ਗਲਤ ਦਿਸ਼ਾ ਵਿਚ ਡਿੱਗਣ ਕਾਰਨ ਹੋਇਆ ਸੀ। ਸਭ ਤੋਂ ਵੱਡਾ ਸ਼ਹਿਰ ਹੋਣ ਕਾਰਨ ਗਾਜ਼ਾ ਇਜ਼ਰਾਈਲ ਦੇ ਮੁੱਖ ਨਿਸ਼ਾਨੇ 'ਤੇ ਹੈ। ਗਾਜ਼ਾ ਦੇ ਸਿਹਤ ਮੰਤਰਾਲੇ ਦੇ ਤਰਜਮਾਨ ਅਸ਼ਰਫ-ਅਲ-ਕਿਦਰਾ ਨੇ ਦੱਸਿਆ ਕਿ ਇਜ਼ਰਾਈਲ ਵੱਲੋਂ ਸ਼ਿਫਾ ਹਸਪਤਾਲ ਦੇ ਵਿਹੜੇ ਅਤੇ ਪ੍ਰਸੂਤੀ ਵਿਭਾਗ 'ਤੇ ਹਮਲਾ ਕੀਤਾ ਗਿਆ, ਜਿੱਥੇ ਕਿ ਹਜ਼ਾਰਾਂ ਲੋਕ ਰਹਿ ਰਹੇ ਹਨ। ਉਧਰ, ਇਜ਼ਰਾਇਲੀ ਫੌਜ ਦਾ ਦੋਸ਼ ਹੈ ਕਿ ਹਮਾਸ ਦੇ ਅਤਿਵਾਦੀ ਹਸਪਤਾਲਾਂ ਦੇ ਅੰਦਰ ਛੁਪੇ ਹੋਏ ਹਨ ਅਤੇ ਉਨ੍ਹਾਂ ਨੇ ਸ਼ਿਫਾ ਹਸਪਤਾਲ ਵਿਚ ਕਮਾਂਡ ਸੈਂਟਰ ਬਣਾਇਆ ਹੋਇਆ ਹੈ ਜਦਕਿ ਹਸਪਤਾਲ ਦੇ ਸਟਾਫ ਤੇ ਹਮਾਸ ਨੇ ਇਸ ਦਾਅਵੇ ਨੂੰ ਖਾਰਜ ਕੀਤਾ ਹੈ।

# ਸੁਪਰੀਮ ਕੋਰਟ ਵੱਲੋਂ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਝਾੜ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਬਜਟ ਸੈਸ਼ਨ ਦੇ ਵਧੇ ਵਜੋਂ ਜੂਨ ਵਿਚ ਸੱਦੇ ਦੋ ਰੋਜ਼ਾ ਇਜਲਾਸ ਨੂੰ ਸੰਵਿਧਾਨਕ ਤੌਰ 'ਤੇ ਪ੍ਰਮਾਣਿਕ ਐਲਾਨਦਿਆਂ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਕਿਹਾ ਕਿ 'ਉਹ ਅੱਗ ਨਾਲ ਨਾ ਖੇਡਣ' ਤੇ ਅਸੈਂਬਲੀ ਵੱਲੋਂ ਪਾਸ ਚਾਰ ਬਿੱਲਾਂ ਬਾਰੇ ਫੈਸਲਾ ਲੈਣ। ਸਿਖਰਲੀ ਕੋਰਟ ਨੇ ਕਿਹਾ ਕਿ ਉਹ ਬਿੱਲਾਂ ਨੂੰ ਮਨਜ਼ੂਰੀ ਸਬੰਧੀ ਰਾਜਪਾਲ ਦੇ ਅਧਿਕਾਰ ਖੇਤਰ ਨਾਲ ਜੁੜੇ ਕਾਨੂੰਨ ਬਾਰੇ ਸੰਖੇਪ ਹੁਕਮ ਜਾਰੀ ਕਰੇਗੀ।

ਸੁਪਰੀਮ ਕੋਰਟ ਨੇ 6 ਨਵੰਬਰ ਨੂੰ ਕੇਸ ਦੀ ਪਿਛਲੀ ਸੁਣਵਾਈ ਮੌਕੇ ਕਿਹਾ ਸੀ ਕਿ ਸੂਬੇ ਦੇ ਰਾਜਪਾਲਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਹ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧ ਨਹੀਂ ਹਨ। ਬੈਂਚ ਨੇ ਹਾਲਾਂਕਿ ਮੁੜ ਸਾਫ ਕਰ ਦਿੱਤਾ ਕਿ ਰਾਜਪਾਲ ਨੂੰ ਕਾਨੂੰਨ ਮੁਤਾਬਕ ਬਿੱਲ ਨੂੰ ਮਨਜ਼ੂਰੀ ਦੇਣ ਜਾਂ ਰੋਕਣ ਜਾਂ ਫਿਰ ਰਾਸ਼ਟਰਪਤੀ ਕੋਲ ਭੇਜਣ ਦਾ ਪੂਰਾ ਅਧਿਕਾਰ ਹੈ।

ਚੀਫ ਜਸਟਿਸ ਡੀ.ਵਾਈ.ਚੰਦਰਚੂੜ ਅਤੇ ਜਸਟਿਸ ਜੇ.ਬੀ.ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਕਿਹਾ ਕਿ ਅਸੈਂਬਲੀ ਵੱਲੋਂ ਪਾਸ ਬਿੱਲਾਂ ਨੂੰ ਲੈ ਕੇ ਪੰਜਾਬ ਸਰਕਾਰ ਤੇ ਇਸ ਦੇ ਰਾਜਪਾਲ ਦਰਮਿਆਨ ਬਣਿਆ ਜਮੂਦ 'ਗੰਭੀਰ ਫਿਕਰਮੰਦੀ' ਦਾ ਵਿਸ਼ਾ ਹੈ। ਸਿਖਰਲੀ ਕੋਰਟ ਨੇ ਸਾਫ ਕਰ ਦਿੱਤਾ ਕਿ ਸੂਬੇ ਵਿਚ ਜੋ ਕੁਝ ਹੋ ਰਿਹੈ, ਉਸ ਤੋਂ ਉਹ ਨਾਖੁਸ਼ ਹੈ। ਬੈਂਚ ਨੇ ਪੰਜਾਬ ਸਰਕਾਰ ਤੇ ਰਾਜਪਾਲ ਨੂੰ ਮੁਖ਼ਾਤਬ ਹੁੰਦਿਆਂ ਕਿਹਾ, ''ਸਾਡਾ ਦੇਸ਼ ਸਥਾਪਿਤ ਰਵਾਇਤਾਂ



ਤੇ ਕਰਾਰਾਂ ਉਤੇ ਚੱਲਦਾ ਆ ਰਿਹਾ ਹੈ ਤੇ ਇਨ੍ਹਾਂ ਦੀ ਪਾਲਣਾ ਯਕੀਨੀ ਬਣਾਉਣ ਦੀ ਲੋੜ ਹੈ।'' ਸੁਪਰੀਮ ਕੋਰਟ ਨੇ ਸੂਬਾਈ ਅਸੈਂਬਲੀ ਵੱਲੋਂ ਪਾਸ (ਚਾਰ) ਬਿੱਲਾਂ ਨੂੰ ਲੋੜੀਂਦੀ ਪ੍ਰਵਾਨਗੀ ਨਾ ਦੇਣ ਲਈ ਰਾਜਪਾਲ ਦੀ ਝਾੜ-ਝੰਬ ਕਰਦਿਆਂ ਕਿਹਾ, ''ਤੁਸੀਂ ਅੱਗ ਨਾਲ ਖੇਡ ਰਹੇ ਹੋ।'' ਕੋਰਟ ਨੇ ਅਸੈਂਬਲੀ ਸੈਸ਼ਨ ਨੂੰ ਗੈਰ ਸੰਵਿਧਾਨਕ ਐਲਾਨੇ ਜਾਣ ਦੇ ਰਾਜਪਾਲ ਦੇ ਅਧਿਕਾਰ 'ਤੇ ਵੀ ਇਤਰਾਜ਼ ਜਤਾਇਆ।

ਬੈਂਚ ਨੇ ਪੰਜਾਬ ਸਰਕਾਰ ਨੂੰ ਵੀ ਸਵਾਲ ਕੀਤਾ ਕਿ ਉਸ ਨੇ ਅਸੈਂਬਲੀ ਦੇ ਬਜਟ ਸੈਸ਼ਨ ਨੂੰ ਮੁਲਤਵੀ ਕਿਉਂ ਕੀਤਾ ਤੇ ਅਣਮਿਥੇ ਸਮੇਂ ਲਈ ਕਿਉਂ ਨਹੀਂ ਉਠਾਇਆ।

ਕੋਰਟ ਨੇ ਪੰਜਾਬ ਸਰਕਾਰ ਦੇ ਬਜਟ ਸੈਸ਼ਨ ਨੂੰ ਮੁਲਤਵੀ ਨਾ ਕਰਨ ਅਤੇ ਇਸ ਨੂੰ ਸਰਦ ਰੁੱਤ ਸੈਸ਼ਨ ਨਾਲ ਮਿਲਾਉਣ ਦੇ ਰਵੱਈਏ ਨੂੰ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਬੈਂਚ ਨੇ ਪੰਜਾਬ ਸਰਕਾਰ ਵੱਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੂੰ ਕਿਹਾ, ''ਪੰਜਾਬ ਵਿਚ ਤੁਹਾਡੀ ਸਰਕਾਰ ਜੋ ਕੁਝ ਕਰ ਰਹੀ ਹੈ, ਉਹ ਵੀ ਸੰਵਿਧਾਨ ਦੀ ਖ਼ਿਲਾਫਵਰਜ਼ੀ ਹੈ। ਅਸੀਂ ਸਮਝ ਸਕਦੇ ਹਾਂ ਕਿ ਬਜਟ ਸੈਸ਼ਨ ਦਰਮਿਆਨ ਸਦਨ ਨੂੰ ਅਣਮਿਥੇ ਸਮੇਂ ਲਈ ਮੁਲਤਵੀ ਕਰਨਾ ਜ਼ਰੂਰੀ ਹੋ ਸਕਦਾ ਹੈ, ਪਰ ਹੁਣ ਤੁਹਾਡਾ ਬਜਟ ਇਜਲਾਸ ਮਾਨਸੂਨ ਤੱਕ ਜਾ ਰਿਹੈ, ਮਾਨਸੂਨ ਅੱਗੇ ਸਰਦ ਰੁੱਤ ਤੱਕ ਜਾਵੇਗਾ, ਜੇ ਜਮਹੂਰੀਅਤ ਨੇ ਕੰਮ ਕਰਨਾ ਹੈ ਤਾਂ ਇਹ ਮੁੱਖ ਮੰਤਰੀ ਤੇ ਰਾਜਪਾਲ ਦੇ ਹੱਥਾਂ ਰਾਹੀਂ ਕੰਮ ਕਰਨੀ ਚਾਹੀਦੀ ਹੈ। ਤੁਸੀਂ ਸਦਨ ਦੇ ਨੇਮਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ ਕਿ ਤਿੰਨ ਹੀ ਇਜਲਾਸ ਹੋਣੇ ਚਾਹੀਦੇ ਹਨ।''

ਸੁਪਰੀਮ ਕੋਰਟ ਨੇ ਸੂਬਾਈ ਅਸੈਂਬਲੀਆਂ ਵੱਲੋਂ ਪਾਸ ਬਿੱਲਾਂ 'ਤੇ ਰਾਜ ਭਵਨਾਂ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ 'ਤੇ ਆਪਣਾ ਫਿਕਰ ਜਤਾਉਂਦਿਆਂ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਹਦਾਇਤ ਕੀਤੀ ਕਿ ਉਹ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਸਬੰਧਤ ਬਿੱਲਾਂ ਬਾਰੇ ਹੁਣ ਤੱਕ ਕੀਤੀ ਕਾਰਵਾਈ ਨੂੰ ਰਿਕਾਰਡ 'ਤੇ ਰੱਖਣ। ਜਿਹੜੇ ਚਾਰ ਬਿੱਲ ਰਾਜਪਾਲ ਪੁਰੋਹਿਤ ਕੋਲ ਬਕਾਇਆ ਸਨ, ਉਨ੍ਹਾਂ 'ਚ ਸਿੱਖ ਗੁਰਦੁਆਰਾ (ਸੋਧ) ਬਿੱਲ 2023, ਪੰਜਾਬ ਯੂਨੀਵਰਸਿਟੀਜ਼ ਲਾਅਜ (ਸੋਧ) ਬਿੱਲ, ਪੰਜਾਬ ਪੁਲਿਸ ਸੋਧ ਬਿੱਲ ਤੇ ਪੰਜਾਬ ਐਫੀਲਿਏਟਿਡ ਕਾਲਜਿਜ਼ (ਸਕਿਉਰਿਟੀ ਆਫ ਸਰਵਿਸ) ਸੋਧ ਬਿੱਲ ਸ਼ਾਮਲ ਹਨ। ਇਹ ਬਿੱਲ ਪੰਜਾਬ ਅਸੈਂਬਲੀ ਦੇ 19 ਤੇ 20 ਜੂਨ ਨੂੰ ਸੱਦੇ ਇਜਲਾਸ ਦੌਰਾਨ ਪਾਸ ਕੀਤੇ ਗਏ ਸਨ। ਰਾਜਪਾਲ ਪੁਰੋਹਿਤ ਨੇ ਦੋ ਰੋਜ਼ਾ ਸੈਸ਼ਨ ਨੂੰ 'ਗੈਰਕਾਨੂੰਨੀ' ਕਰਾਰ ਦਿੱਤਾ ਸੀ। ਬੈਂਚ ਨੇ ਰਾਜਪਾਲ ਦਫਤਰ ਵੱਲੋਂ ਪੇਸ਼ ਵਧੀਕ ਸੌਲੀਸਿਟਰ ਜਨਰਲ ਸਤਿਆ ਪਾਲ ਜੈਨ ਨੂੰ ਕਿਹਾ, ''ਇਕ ਚੁਣੀ ਹੋਈ ਅਸੈਂਬਲੀ ਵੱਲੋਂ ਪਾਸ ਬਿੱਲਾਂ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਨਾ ਕਰੋ। ਇਹ ਬਹੁਤ ਗੰਭੀਰ ਮਸਲਾ ਹੈ।''

## ਸਰਕਾਰ ਸੰਵਿਧਾਨਕ ਅਹੁਦੇ ਵਾਲੇ ਕਿਸੇ ਵੀ ਸ਼ਖਸ ਦੇ ਖਿਲਾਫ ਨਹੀਂ: ਮੁੱਖ ਮੰਤਰੀ

**ਚੰਡੀਗੜ੍ਹ:** ਸੁਪਰੀਮ ਕੋਰਟ ਦੇ ਫੈਸਲੇ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਕਿਸੇ ਵਿਅਕਤੀ ਵਿਸ਼ੇਸ਼ ਜਾਂ ਕਿਸੇ ਸੰਵਿਧਾਨਕ ਅਹੁਦੇ 'ਤੇ ਬੈਠੇ ਸ਼ਖ਼ਸ ਵਿਰੁੱਧ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਦੀ ਕਿਸੇ ਜਿੱਤ ਹਾਰ ਦੀ ਖੇਡ ਵਿਚ ਪੈਣ ਦੀ ਕੋਈ ਮਨਸ਼ਾ ਹੈ। ਉਹ ਤਾਂ ਸਿਰਫ ਇੰਨਾ ਚਾਹੁੰਦੇ ਹਨ ਕਿ ਉਹ (ਮੁੱਖ ਮੰਤਰੀ) ਅਤੇ ਰਾਜ ਭਵਨ ਆਪਣੇ ਸੰਵਿਧਾਨਕ ਫਰਜ਼ ਨਿਭਾਉਣ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਭਲਾਈ ਦੇ ਮੱਦੇਨਜ਼ਰ ਮੁੱਖ ਮੰਤਰੀ ਅਤੇ ਰਾਜ ਭਵਨ ਦਰਮਿਆਨ ਰਿਸ਼ਤੇ ਚੰਗੇ ਹੋਣੇ ਚਾਹੀਦੇ ਹਨ। ਲੋਕਾਂ ਦੀ ਭਲਾਈ ਖਾਤਰ ਪਾਸ ਬਿੱਲਾਂ 'ਤੇ ਰਾਜਪਾਲ ਨੂੰ ਦਸਤਖ਼ਤ ਕਰਨੇ ਚਾਹੀਦੇ ਹਨ।

## ਕੈਨੇਡਾ 'ਚ ਪਿਓ ਪੁੱਤ ਦੀ ਹੱਤਿਆ





**ਓਟਵਾ:** ਕੈਨੇਡਾ ਦੇ ਐਡਮੰਟਨ ਵਿਚ ਵਧ ਰਹੀ ਗਰੋਹ ਹਿੰਸਾ ਵਿਚਾਲੇ ਭਾਰਤੀ ਮੂਲ ਦੇ ਸਿੱਖ ਅਤੇ ਉਸ ਦੇ 11 ਸਾਲਾ ਪੁੱਤਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਅਜਿਹਾ ਦੱਸਿਆ ਜਾ ਰਿਹਾ ਹੈ ਕਿ ਹਿੰਸਾ ਵਿਚ ਮਾਰਿਆ ਗਿਆ ਸਿੱਖ ਹਰਪ੍ਰੀਤ ਸਿੰਘ ਉੱਪਲ (41) ਕੈਨੇਡਾ ਦੇ ਸੰਗਠਿਤ ਅਪਰਾਧ ਦੇ ਖੇਤਰ ਵਿਚ ਕਾਫੀ ਮਸ਼ਹੂਰ ਸੀ।

ਐਡਮੰਟਨ ਪੁਲਿਸ ਸੇਵਾ ਦੇ ਕਾਰਜਕਾਰੀ ਸੁਪਰਡੈਂਟ ਕੋਲਿਨ ਡਰਕਸਨ ਨੇ ਮੀਡੀਆ ਨੂੰ ਦੱਸਿਆ ਕਿ ਉੱਪਲ ਤੇ ਉਸ ਦੇ ਪੁੱਤਰ ਦੀ ਦੁਪਹਿਰ ਸਮੇਂ ਇਕ ਗੈਸ ਸਟੇਸ਼ਨ ਦੇ ਬਾਹਰ ਦਿਨ-ਦਿਹਾੜੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਗੋਲੀਬਾਰੀ ਸਮੇਂ ਉੱਪਲ ਦੀ ਕਾਰ ਵਿਚ ਉਸ ਦੇ ਪੁੱਤਰ ਦਾ ਦੋਸਤ ਵੀ ਸੀ ਪਰ ਉਸ ਨੂੰ ਇਸ ਹਮਲੇ ਵਿਚ ਕੋਈ ਸੱਟ ਨਹੀਂ ਲੱਗੀ। ਡਰਕਸਨ ਨੇ ਕਿਹਾ ਕਿ ਪੁਲਿਸ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਹੈ ਕਿ ਜਦੋਂ ਹਮਲਾਵਰਾਂ ਨੇ ਗੋਲੀਬਾਰੀ ਸ਼ੁਰੂ ਕੀਤੀ ਤਾਂ ਉਨ੍ਹਾਂ ਨੂੰ ਕਾਰ ਵਿਚ ਬੱਚਿਆਂ ਦੇ ਹੋਣ ਬਾਰੇ ਪਤਾ ਸੀ ਜਾਂ ਨਹੀਂ।

## ਕੇਂਦਰ ਦਾ ਏਜੰਡਾ ਲਾਗੂ ਕਰਨ ਲੱਗੀ 'ਆਪ': ਹਰਸਿਮਰਤ ਬਾਦਲ

**ਚੰਡੀਗੜ੍ਹ:** ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਕੇਂਦਰ ਦਾ ਏਜੰਡਾ ਲਾਗੂ ਕਰਨ ਲਈ ਝੋਨੇ 'ਤੇ ਐਮ.ਐਸ.ਪੀ. ਖ਼ਤਮ ਕਰਨ ਦੀਆਂ ਚਾਲਾਂ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਨਾਲ ਪੰਜਾਬ ਪੰਜਾਹ ਸਾਲ ਪੱਛੜ ਜਾਵੇਗਾ ਤੇ ਇਸ ਦੇ ਖੇਤੀਬਾੜੀ ਅਰਥਚਾਰੇ ਨੂੰ ਵੱਡੀ ਢਾਹ ਲੱਗੇਗੀ। ਉਨ੍ਹਾਂ ਕਿਹਾ ਕਿ ਐਮ.ਐਸ.ਪੀ. ਖ਼ਤਮ ਕਰ ਕੇ ਪੰਜਾਬ ਵਿਚੋਂ ਝੋਨੇ ਦੀ ਪੈਦਾਵਾਰ ਖ਼ਤਮ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ। ਕੇਂਦਰ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਵੀ ਇਸੇ ਵਾਸਤੇ ਲਿਆਂਦੇ ਗਏ ਸਨ। ਉਨ੍ਹਾਂ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿਚੋਂ ਝੋਨੇ ਦੀ ਪੈਦਾਵਾਰ ਖ਼ਤਮ ਕਰਨ ਲਈ ਕੇਂਦਰ ਸਰਕਾਰ ਦੇ ਏਜੰਡੇ ਦੀ ਇਕ ਪਾਸੜ ਸਿਫਾਰਸ਼ ਕਰ ਰਹੀ ਹੈ। ਉਨ੍ਹਾਂ



ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ 'ਆਪ' ਵਿਧਾਇਕਾਂ ਦਾ ਘਿਰਾਓ ਕਰਨ ਤੇ ਉਨ੍ਹਾਂ ਨੂੰ ਇਸ ਸਬੰਧੀ ਸਵਾਲ ਕਰਨ।

## ਟਰੂਡੋ ਨੇ ਦੀਵਾਲੀ ਤੇ ਬੰਦੀ ਛੋੜ ਦਿਵਸ ਦੀਆਂ ਵਧਾਈਆਂ ਦਿੱਤੀਆਂ



**ਓਟਾਵਾ:** ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਓਟਾਵਾ ਵਿਚ ਪਾਰਲੀਮੈਂਟ ਹਿੱਲ 'ਤੇ ਰੋਸ਼ਨੀ ਦੇ ਤਿਉਹਾਰ ਦਾ ਜਸ਼ਨ ਮਨਾਉਣ ਲਈ ਦੀਵਾਲੀ ਸਮਾਗਮ ਵਿਚ ਸ਼ਿਰਕਤ ਕੀਤੀ। ਆਪਣੇ ਅਧਿਕਾਰਤ ਇੰਸਟਾਗ੍ਰਾਮ ਹੈਂਡਲ ਉਤੇ ਸਮਾਗਮ ਦੀ ਝਲਕ ਨੂੰ ਸਾਂਝਾ ਕਰਦੇ ਹੋਏ ਟਰੂਡੋ ਨੇ ਲਿਖਿਆ- 'ਦੇਸ਼ ਅਤੇ ਦੁਨੀਆਂ ਭਰ ਦੇ ਲੋਕ ਦੀਵਾਲੀ ਅਤੇ ਬੰਦੀ ਛੋੜ ਦਿਵਸ ਮਨਾਉਣਗੇ। ਦੋਵੇਂ ਜਸ਼ਨ ਹਨੇਰੇ ਉੱਤੇ ਰੌਸ਼ਨੀ ਦੀ ਜਿੱਤ ਅਤੇ ਆਸ਼ਾਵਾਦ ਬਾਰੇ ਹਨ। ਪਾਰਲੀਮੈਂਟ ਹਿੱਲ ਉਤੇ ਸਮਾਗਮ ਲਈ ਇਕੱਠੇ ਹੋਏ ਸਾਰਿਆਂ ਨੂੰ ਦੀਵਾਲੀ ਤੇ ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ! ਮੈਂ ਉਮੀਦ ਕਰਦਾ ਹਾਂ ਕਿ ਇਸ ਹਫਤੇ ਦੇ ਜਸ਼ਨ ਤੁਹਾਡੇ ਲਈ ਆਉਣ ਵਾਲੇ ਸਾਲ ਲਈ ਆਸ਼ਾਵਾਦੀ ਹੋਣਗੇ।'

## ਸੜਕ ਹਾਦਸੇ 'ਚ ਕੈਨੇਡਾ ਰਹਿੰਦੇ ਪੰਜਾਬੀ ਨੌਜਵਾਨ ਦੀ ਮੌਤ

**ਭੁਲੱਥ:** ਉਚੇਰੀ ਸਿੱਖਿਆ ਹਾਸਲ ਕਰਨ ਲਈ ਕੈਨੇਡਾ ਗਏ ਭੁਲੱਥ ਦੇ ਨੌਜਵਾਨ ਅਮਿਤ ਬਹਿਲ (26) ਪੁੱਤਰ ਰੌਣਕ ਬਹਿਲ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ ਹੈ। ਜਾਣਕਾਰੀ ਮੁਤਾਬਕ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਰਹਿੰਦਾ ਨੌਜਵਾਨ ਅਮਿਤ ਬਹਿਲ ਸੜਕ ਪਾਰ ਕਰ ਰਿਹਾ ਸੀ ਤਾਂ ਅਚਾਨਕ ਸਾਹਮਣੇ ਤੋਂ ਇਕ ਬੇਕਾਬੂ ਅਤੇ ਤੇਜ਼ ਰਫਤਾਰ ਕਾਰ ਨੇ ਉਸ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਦੌਰਾਨ ਅਮਿਤ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ, ਜਿਸ ਨੂੰ ਬਰੈਂਪਟਨ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਪਰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਅਮਿਤ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਤੇ ਚੰਗੇ ਸੁਭਾਅ ਦਾ ਮਾਲਕ ਸੀ। ਇਸ ਨੌਜਵਾਨ ਦੀ ਬੇਵਕਤੀ ਮੌਤ ਉਤੇ ਕਸਬਾ ਭੁਲੱਥ ਵਿਚ ਹਰ ਪਾਸੇ ਸੋਗ ਹੈ ਤੇ ਲੋਕਾਂ ਵੱਲੋਂ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਜਾ ਰਹੀ ਹੈ।

## ਸਿੱਖ ਸੈਲਾਨੀਆਂ ਲਈ ਆਨਲਾਈਨ ਪੋਰਟਲ

**ਲਾਹੌਰ:** ਪਾਕਿਸਤਾਨ ਦੀ ਪੰਜਾਬ ਸਰਕਾਰ ਨੇ ਪਹਿਲੀ ਵਾਰ ਤੀਰਥ ਯਾਤਰਾ ਲਈ ਭਾਰਤ ਅਤੇ ਦੁਨੀਆਂ ਦੇ ਹੋਰ ਹਿੱਸਿਆਂ ਤੋਂ ਆਉਣ ਵਾਲੇ ਸਿੱਖਾਂ ਲਈ ਆਨਲਾਈਨ ਹੋਟਲ ਬੁਕਿੰਗ ਅਤੇ ਸੁਰੱਖਿਆ ਸੇਵਾਵਾਂ ਪੋਰਟਲ ਲਾਂਚ ਕੀਤਾ ਹੈ। ਇਥੇ ਸ਼ੁਰੂ ਕੀਤੇ ਗਏ 'ਸਿੱਖ ਯਾਤਰਾ ਬੁਕਿੰਗ ਪੋਰਟਲ' ਨੂੰ ਪੰਜਾਬ ਦੇ ਕਾਰਜਕਾਰੀ ਮੁੱਖ ਮੰਤਰੀ ਮੋਹਸਿਨ ਨਕਵੀ ਨੇ 'ਸਿੱਖ ਯਾਤਰਾਵਾਂ ਦਾ ਮਹੱਤਵਪੂਰਨ ਪ੍ਰੋਗਰਾਮ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਣ ਦੁਨੀਆਂ ਭਰ ਤੋਂ ਸਿੱਖ ਸ਼ਰਧਾਲੂ ਇਸ ਆਨਲਾਈਨ ਪੋਰਟਲ ਰਾਹੀਂ ਹੋਟਲ, ਆਵਾਜਾਈ ਪ੍ਰਬੰਧ ਅਤੇ ਸੁਰੱਖਿਆ ਸੇਵਾਵਾਂ ਦੀ ਬੁਕਿੰਗ ਕਰਵਾ ਸਕਦੇ ਹਨ। ਨਕਵੀ ਨੇ ਪੰਜਾਬ ਵਿਚ ਧਾਰਮਿਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਇਕ ਸਮਰਪਿਤ 'ਸੈਰ ਸਪਾਟਾ ਪੁਲਿਸ ਫੋਰਸ' ਦੀ ਸਥਾਪਨਾ ਦਾ ਵੀ ਐਲਾਨ ਕੀਤਾ।

## ਸਰਕਾਰੀ ਗ੍ਰਾਂਟ: ਸ਼੍ਰੋਮਣੀ ਕਮੇਟੀ ਸਰਕਾਰ ਦੇ ਰਵੱਈਏ ਤੋਂ ਖਫਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਚਲਾਈਆਂ ਜਾ ਰਹੀਆਂ ਵਿਦਿਅਕ ਸੰਸਥਾਵਾਂ ਨੂੰ ਸਰਕਾਰ ਵੱਲੋਂ ਲੋੜੀਂਦੀ ਗਰਾਂਟ ਨਾ ਮਿਲਣ ਕਾਰਨ ਸਿੱਖ ਸੰਸਥਾ ਨੂੰ ਵਾਧੂ ਵਿੱਤੀ ਬੋਝ ਸਹਿਣਾ ਪੈ ਰਿਹਾ ਹੈ। ਇਸ ਸਹਾਇਤਾ ਰਾਸ਼ੀ ਵਿਚ ਐਸ.ਸੀ, ਐਸ.ਟੀ. ਸਕਾਲਰਸ਼ਿਪ ਦੀ ਗਰਾਂਟ ਵੀ ਸ਼ਾਮਲ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੂਬਾ ਸਰਕਾਰ ਦੇ ਅਜਿਹੇ ਰਵੱਈਏ ਕਾਰਨ ਸ਼੍ਰੋਮਣੀ ਕਮੇਟੀ ਵਾਧੂ ਵਿੱਤੀ ਬੋਝ ਝੱਲ ਰਹੀ ਹੈ। ਸਰਕਾਰ ਵੱਲੋਂ ਸਿੱਖ ਸੰਸਥਾ ਦੀਆਂ ਸਿੱਖਿਆ ਸੰਸਥਾਵਾਂ ਨੂੰ ਘੱਟੋ ਘੱਟ 50 ਕਰੋੜ ਰੁਪਏ ਦੀ ਗ੍ਰਾਂਟ ਦਾ ਭੁਗਤਾਨ ਕਰਨਾ ਬਾਕੀ ਹੈ। ਉਨ੍ਹਾਂ ਕਿਹਾ ਕਿ ਪੋਸਟ ਮੈਟਰਿਕ ਸਕਾਲਰਸ਼ਿਪ ਤਹਿਤ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ



ਪੱਛੜੀਆਂ ਸ਼੍ਰੇਣੀਆਂ ਦੇ ਵਜ਼ੀਫ਼ੇ ਦੀ ਗਰਾਂਟ, ਜੋ ਕਈ ਕਰੋੜ ਰੁਪਏ ਬਣਦੀ ਹੈ, ਦੀ ਵੀ ਉਡੀਕ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸਿੱਖਿਆ ਸੰਸਥਾਵਾਂ ਵਿਚ ਸਰਕਾਰ ਦੀਆਂ ਮਾਨਤਾ ਪ੍ਰਾਪਤ ਅਸਾਮੀਆਂ ਦੀਆਂ ਤਨਖਾਹਾਂ ਲਈ ਬਣਦਾ ਆਪਣੇ ਹਿੱਸੇ ਦਾ ਭੁਗਤਾਨ ਨਹੀਂ ਕੀਤਾ ਜਾ ਰਿਹਾ। ਇਸ ਕਾਰਨ ਇਸ ਵਰ੍ਹੇ ਗੁਰੂ ਦੀ ਗੋਲਕ 'ਤੇ ਲਗਭਗ 29.88 ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ।

ਪਿਛਲੇ ਸਾਲ ਵੀ ਵਿਦਿਅਕ ਸੰਸਥਾਵਾਂ ਨੂੰ ਚਲਾਉਣ ਲਈ ਲਗਭਗ 37 ਕਰੋੜ ਰੁਪਏ ਵਾਧੂ ਖਰਚ ਕਰਨੇ ਪਏ ਸਨ। ਸ਼੍ਰੋਮਣੀ ਕਮੇਟੀ ਵੱਲੋਂ ਆਪਣੀਆਂ ਵਿਦਿਅਕ ਸੰਸਥਾਵਾਂ ਵਿਚ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਆਪਣੇ ਪੱਧਰ 'ਤੇ ਵਜ਼ੀਫ਼ੇ ਦਿੱਤੇ ਜਾਂਦੇ ਹਨ। ਇਸ ਲਈ ਇਸ ਵਾਰ ਦੇ ਬਜਟ ਵਿਚ ਸਿੱਖ ਸੰਸਥਾ ਵੱਲੋਂ 21.81 ਕਰੋੜ ਰੁਪਏ ਦਾ ਫੰਡ ਰਾਖਵਾਂ ਰੱਖਿਆ ਗਿਆ। ਸ਼੍ਰੋਮਣੀ ਕਮੇਟੀ ਦੇ ਹਾਲ ਹੀ ਵਿਚ ਹੋਏ ਜਨਰਲ ਇਜਲਾਸ ਦੌਰਾਨ ਵੀ ਐਸ.ਸੀ, ਐਸ.ਟੀ. ਪੋਸਟ ਮੈਟਰਿਕ ਸਕਾਲਰਸ਼ਿਪ ਦੀ ਰਕਮ ਅਤੇ ਭੁਗਤਾਨ ਬਾਰੇ ਮਤਾ ਪਾਸ ਕਰਕੇ ਸਰਕਾਰ ਨੂੰ ਅਪੀਲ ਕੀਤੀ ਗਈ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 18 ਨਵੰਬਰ, 2023*

# ਹਵਾ ਪ੍ਰਦੂਸ਼ਣ ਬਾਰੇ ਹਕੀਕਤ

ਹਵਾ ਪ੍ਰਦੂਸ਼ਣ ਦੇ ਮਾਮਲੇ 'ਤੇ ਇਸ ਵਾਰ ਕਈ ਭੁਲੇਖੇ ਦੂਰ ਹੋ ਗਏ ਹਨ। ਕਈ ਕਾਰਨਾਂ ਕਰ ਕੇ ਦਿੱਲੀ ਪਹਿਲਾਂ ਹੀ ਪ੍ਰਦੂਸ਼ਣ ਦੀ ਮਾਰ ਝੱਲ ਰਹੀ ਹੈ ਪਰ ਇਨ੍ਹਾਂ ਦਿਨੀਂ ਜਦੋਂ ਝੋਨੇ ਦੀ ਰਹਿੰਦ-ਖੂੰਹਦ ਸਮੇਟਣ ਦਾ ਵੇਲਾ ਆਉਂਦਾ ਹੈ ਤਾਂ ਦਿੱਲੀ ਵਿਚਲੇ ਪ੍ਰਦੂਸ਼ਣ ਦਾ ਸਾਰਾ ਦੋਸ਼ ਪੰਜਾਬ ਵਿਚ ਝੋਨੇ ਦੀ ਰਹਿੰਦ-ਖੂੰਹਦ (ਪਰਾਲੀ) ਨੂੰ ਲਾਈ ਅੱਗ ਸਿਰ ਮੜ੍ਹ ਦਿੱਤਾ ਜਾਂਦਾ ਹੈ। ਬਿਨਾਂ ਸ਼ੱਕ, ਪਰਾਲੀ ਸਾੜਨ ਕਾਰਨ ਪ੍ਰਦੂਸ਼ਣ ਵਿਚ ਵਾਧਾ ਹੁੰਦਾ ਹੈ ਅਤੇ ਕਈ ਵਾਰ ਉਠਦੇ ਧੂੰਏਂ ਕਾਰਨ ਹਾਦਸੇ ਵੀ ਵਾਪਰਦੇ ਹਨ ਪਰ ਹਕੀਕਤ ਇਹ ਹੈ ਕਿ ਝੋਨੇ ਦੀ ਵਾਢੀ ਤੋਂ ਬਾਅਦ ਕਿਸਾਨਾਂ ਨੇ ਅਗਾਂਹ ਕਣਕ ਬੀਜਣੀ ਹੁੰਦੀ ਹੈ, ਇਸ ਲਈ ਉਹ ਇਸ ਤਰ੍ਹਾਂ ਦੇ ਅਹੁੜ-ਪਹੁੜ ਕਰਨ ਦਾ ਯਤਨ ਕਰਦਾ ਹੈ। ਹੁਣ ਹਾਲ ਇਹ ਹੈ ਕਿ ਦਿੱਲੀ ਵਿਚ ਪ੍ਰਦੂਸ਼ਣ ਜ਼ੋਰਾਂ 'ਤੇ ਸੀ। ਕੁਝ ਦਿਨ ਪਹਿਲਾਂ ਮੀਂਹ ਪੈਣ ਕਾਰਨ ਦਿੱਲੀ ਵਾਸੀਆਂ ਨੂੰ ਪ੍ਰਦੂਸ਼ਣ ਤੋਂ ਕੁਝ ਰਾਹਤ ਮਿਲੀ ਪਰ ਇਸੇ ਦੌਰਾਨ ਦੀਵਾਲੀ ਮੌਕੇ ਚੱਲੇ ਪਟਾਕਿਆਂ ਨੇ ਦਿੱਲੀ ਦਾ ਸ਼ੁਮਾਰ ਸੰਸਾਰ ਦੇ ਸਭ ਤੋਂ ਦੂਸ਼ਿਤ ਸ਼ਹਿਰ ਵਿਚ ਕਰਵਾ ਦਿੱਤਾ।

ਪਟਾਕਿਆਂ ਕਾਰਨ ਫੈਲੇ ਪ੍ਰਦੂਸ਼ਣ ਕਾਰਨ ਦਿੱਲੀ ਵਿਚ ਹਵਾ ਪ੍ਰਦੂਸ਼ਣ ਇੱਕ ਵਾਰ ਫਿਰ ਗੰਭੀਰ ਸ਼੍ਰੇਣੀ ਵਿਚ ਪਹੁੰਚ ਗਿਆ ਹੈ। ਅਜਿਹਾ ਪਹਿਲੀ ਵਾਰ ਨਹੀਂ ਹੋਇਆ ਕਿ ਜਦੋਂ ਦੀਵਾਲੀ ਦੀ ਰਾਤ ਨੂੰ ਬਿਨਾਂ ਕਿਸੇ ਰੋਕ-ਟੋਕ ਦੇ ਪਟਾਕੇ/ਆਤਿਸ਼ਬਾਜ਼ੀ ਚਲਾਏ ਜਾਣ ਕਾਰਨ ਦਿੱਲੀ ਗੈਸ ਚੈਂਬਰ ਵਿਚ ਬਦਲ ਗਈ ਹੋਵੇ। ਸਵਿੱਟਜ਼ਰਲੈਂਡ ਦੀ ਹਵਾ ਦੀ ਬਣਤਰ 'ਤੇ ਨਿਗ੍ਹਾਬਾਨੀ ਕਰਨ ਵਾਲੀ ਕੰਪਨੀ ਮੁਤਾਬਕ ਸੋਮਵਾਰ ਸਵੇਰੇ ਦਿੱਲੀ ਦਾ ਹਵਾ ਗੁਣਵੱਤਾ ਸੂਚਕ ਅੰਕ (ਏ.ਕਿਊ.ਆਈ.) 400 ਤੋਂ ਵੱਧ ਦੇ 'ਖ਼ਤਰਨਾਕ' ਪੱਧਰ ਤੱਕ ਪਹੁੰਚ ਗਿਆ ਹਾਲਾਂਕਿ ਸੁਪਰੀਮ ਕੋਰਟ ਨੇ ਬੀਤੇ ਹਫ਼ਤੇ ਸਪਸ਼ਟ ਕੀਤਾ ਸੀ ਕਿ ਪਟਾਕਿਆਂ ਵਿਚ ਬੇਰੀਅਮ ਅਤੇ ਪਾਬੰਦੀਸ਼ੁਦਾ ਰਸਾਇਣਾਂ ਦੀ ਵਰਤੋਂ ਉੱਤੇ ਰੋਕ ਲਾਉਣ ਵਾਲੇ ਉਸ ਦੇ ਹੁਕਮ ਮਹਿਜ਼ ਕੌਮੀ ਰਾਜਧਾਨੀ ਖੇਤਰ (ਐੱਨ.ਸੀ.ਆਰ.) ਲਈ ਨਹੀਂ ਸਗੋਂ ਸਾਰੇ ਮੁਲਕ ਲਈ ਹਨ। ਇਸ ਦੇ ਬਾਵਜੂਦ ਸਿਖਰਲੀ ਅਦਾਲਤ ਦੇ ਇਹ ਹੁਕਮ ਇਕ ਵਾਰੀ ਫਿਰ ਦਿੱਲੀ, ਗੁਰੂਗ੍ਰਾਮ, ਚੰਡੀਗੜ੍ਹ, ਕੋਲਕਾਤਾ, ਮੁੰਬਈ ਅਤੇ ਹੋਰ ਸ਼ਹਿਰਾਂ ਵਿਚ ਧੂੰਏਂ ਵਾਂਗ ਉੱਡ ਗਏ ਕਿਉਂਕਿ ਪਾਬੰਦੀਸ਼ੁਦਾ ਪਟਾਕਿਆਂ ਦਾ ਭੰਡਾਰ ਵੀ ਕੀਤਾ ਗਿਆ, ਖ਼ਰੀਦ-ਵੇਚ ਵੀ ਹੋਈ ਅਤੇ ਇਹ ਚਲਾਏ ਵੀ ਗਏ। ਅਦਾਲਤ ਨੇ 'ਗ੍ਰੀਨ' (ਪ੍ਰਦੂਸ਼ਣ ਨਾ ਕਰਨ ਵਾਲੇ) ਅਤੇ ਜ਼ਹਿਰੀਲਾ ਧੂੰਆਂ ਘੱਟ ਪੈਦਾ ਕਰਨ ਵਾਲੇ ਪਟਾਕਿਆਂ ਨੂੰ ਛੱਡ ਕੇ ਹੋਰ ਹਰ ਤਰ੍ਹਾਂ ਦੇ ਪਟਾਕਿਆਂ ਦੀ ਪੈਦਾਵਾਰ ਅਤੇ ਵਿਕਰੀ ਉੱਤੇ ਅਕਤੂਬਰ 2018 ਵਿਚ ਪਾਬੰਦੀ ਲਾਈ ਸੀ।

ਅਸਲ ਵਿਚ ਜਦੋਂ ਤੱਕ ਹਰ ਤਰ੍ਹਾਂ ਦੇ ਪਟਾਕਿਆਂ 'ਤੇ ਮੁਕੰਮਲ ਪਾਬੰਦੀ ਨਹੀਂ ਲਾਈ ਜਾਂਦੀ, ਉਦੋਂ ਤੱਕ ਜ਼ਮੀਨੀ ਪੱਧਰ 'ਤੇ ਕੋਈ ਫ਼ਰਕ ਨਹੀਂ ਪਵੇਗਾ। ਸੁਪਰੀਮ ਕੋਰਟ ਨੇ ਇਸ ਸਬੰਧੀ ਲੋੜੀਂਦੇ ਕਦਮ ਚੁੱਕਣ ਤੋਂ ਧਾਰਮਿਕ ਰਵਾਇਤਾਂ ਅਤੇ ਭਾਵਨਾਵਾਂ ਦੇ ਮੱਦੇਨਜ਼ਰ ਟਾਲਾ ਵੱਟਿਆ ਹੈ। ਉਧਰ, ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਪਹਿਲਾਂ ਹੀ ਇਸ ਨੂੰ ਧਾਰਮਿਕ ਤਿਉਹਾਰਾਂ ਨਾਲ ਜੋੜ ਕੇ ਦੇਖਦੀ ਹੈ, ਇਸੇ ਕਰ ਕੇ ਇਹ ਦੀਵਾਲੀ ਜਾਂ ਦਸਹਿਰੇ ਮੌਕੇ ਪਟਾਕਿਆਂ ਉਤੇ ਪਾਬੰਦੀ ਦੇ ਉਕਾ ਹੀ ਹੱਕ ਵਿਚ ਨਹੀਂ ਹੈ। ਬਹੁਤ ਸਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਲੋਕਾਂ ਦੇ ਸਾਹ ਲੈਣ ਵਾਲੀ ਹਵਾ ਵਿਚ ਜ਼ਹਿਰ ਘੋਲਣ ਵਾਲੀ ਅਜਿਹੀ ਗ਼ੈਰ-ਸਿਹਤਮੰਦ ਰਵਾਇਤ ਨੂੰ ਲੋਕ ਹਿੱਤ ਵਿਚ ਬੰਦ ਕਰ ਦਿੱਤਾ ਜਾਣਾ ਹੀ ਸਹੀ ਹੈ। ਅਜਿਹਾ ਕਰਦੇ ਸਮੇਂ ਆਤਿਸ਼ਬਾਜ਼ੀ ਸਨਅਤ ਦੇ ਨੁਕਸਾਨ ਦੀ ਪੂਰਤੀ ਲਈ ਵਿਆਪਕ ਪੈਕੇਜ ਅਤੇ ਇਸ ਸਨਅਤ ਵਿਚ ਕੰਮ ਕਰਦੇ ਮਜ਼ਦੂਰਾਂ ਦੇ ਮੁੜ-ਵਸੇਬੇ ਦੀ ਯੋਜਨਾ ਬਣਾਉਣੀ ਜ਼ਰੂਰੀ ਹੈ। ਹੁਣ ਘੱਟੋ-ਘੱਟ ਇਸ ਨੂੰ ਆਸਥਾ ਦੇ ਜਸ਼ਨਾਂ ਨਾਲ ਨਹੀਂ ਜੋੜਨਾ ਚਾਹੀਦਾ।

ਉਧਰ ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਹੋਰ ਸੂਬਿਆਂ ਵਿਚ ਪਰਾਲੀ ਨੂੰ ਲਾਈ ਜਾ ਰਹੀ ਅੱਗ ਪਰਾਲੀ ਦੇ ਖੇਤ ਵਿਚ ਨਿਬੇੜੇ ਦੇ ਸਹੀ ਤਰੀਕੇ ਦੀ ਨਾਕਾਮੀ ਦੀ ਹੀ ਮਿਸਾਲ ਹੈ। ਇਸ ਪੱਖੋਂ ਵੱਡੇ ਪੱਧਰ 'ਤੇ ਪ੍ਰਚਾਰਿਆ ਗਿਆ ਪੂਸਾ ਡੀਕੰਪੋਜ਼ਰ ਵੀ ਸਹਾਈ ਨਹੀਂ ਹੋਇਆ। ਦਾਅਵਾ ਕੀਤਾ ਜਾਂਦਾ ਹੈ ਕਿ ਪੂਸਾ ਡੀਕੰਪੋਜ਼ਰ ਮਿਕਸਚਰ ਦੇ 'ਉੱਲੀ ਆਧਾਰ ਪ੍ਰਜਾਤੀਆਂ ਵਿਚਲੇ ਅਣਗਿਣਤ ਸੂਖਮਜੀਵੀ' ਖੇਤਾਂ ਵਿਚ ਹੀ ਝੋਨੇ ਦੇ ਨਾੜ ਦੇ ਗ਼ਲਣ ਦੀ ਪ੍ਰਕਿਰਿਆ ਤੇਜ਼ ਕਰ ਦਿੰਦੇ ਹਨ ਅਤੇ ਇਸ ਦੇ ਛਿੜਕਾਅ ਨਾਲ ਪਰਾਲੀ/ਨਾੜ 20-25 ਦਿਨਾਂ ਦੌਰਾਨ ਹੀ ਗ਼ਲ ਜਾਂਦੀ ਹੈ। ਹਕੀਕਤ ਇਹ ਹੈ ਕਿ ਇਹ ਵੀ ਪਰਾਲੀ ਨੂੰ ਅੱਗ ਲਾਏ ਜਾਣ ਦੀ ਸਮੱਸਿਆ ਦੇ ਖ਼ਾਤਮੇ ਵਿਚ ਬਹੁਤਾ ਕਾਰਗਰ ਸਾਬਤ ਨਹੀਂ ਹੋਇਆ। ਇਸ ਤਕਨਾਲੋਜੀ ਨੂੰ ਪੰਜਾਬ ਵਿਚ ਤਵੱਜੋ ਵੀ ਨਹੀਂ ਦਿੱਤੀ ਗਈ। ਹੁਣ ਕੇਂਦਰ ਸਰਕਾਰ ਦੀ 2018-19 ਤੋਂ ਲਾਗੂ ਉਸ ਸਕੀਮ ਦੇ ਕਾਰਗਰ ਹੋਣ ਦਾ ਵੀ ਮੁਲੰਕਣ ਕੀਤਾ ਜਾਣਾ ਚਾਹੀਦਾ ਹੈ ਜਿਸ ਤਹਿਤ ਪਰਾਲੀ ਸਾੜਨ ਕਾਰਨ ਹੋਣ ਵਾਲਾ ਹਵਾ ਪ੍ਰਦੂਸ਼ਣ ਰੋਕਣ ਲਈ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਦਿੱਲੀ ਸਰਕਾਰਾਂ ਦੀਆਂ ਕੋਸ਼ਿਸ਼ਾਂ ਵਿਚ ਸਹਿਯੋਗ ਦੇਣ ਅਤੇ ਪਰਾਲੀ ਦੇ ਨਿਬੇੜੇ ਸਬੰਧੀ ਮਸ਼ੀਨਰੀ ਉੱਤੇ ਸਬਸਿਡੀ ਦਿੱਤੇ ਜਾਣ ਦਾ ਵਿਵਸਥਾ ਹੈ। ਇਸ ਮਾਮਲੇ ਵਿਚ ਵੀ ਪੰਜਾਬ ਦੀ ਹਾਲਤ ਗੰਭੀਰ ਹੈ। ਜਿਹੜਾ ਸੂਬਾ ਸਾਲਾਨਾ 220 ਲੱਖ ਟਨ ਪਰਾਲੀ ਪੈਦਾ ਕਰਦਾ ਹੈ, ਉਸ ਕੋਲ ਫ਼ਸਲਾਂ ਦੀ ਪਰਾਲੀ ਦੀਆਂ ਗੰਢਾਂ ਬਣਾਉਣ ਲਈ ਮੁਸ਼ਕਿਲ ਨਾਲ 2000 ਕੁ ਹੀ ਬੇਲਰ (ਸਬਸਿਡੀ ਵਾਲੇ ਤੇ ਪ੍ਰਾਈਵੇਟ) ਹਨ। ਇਸ ਮਸ਼ੀਨ ਦੀ ਕੀਮਤ 18 ਲੱਖ ਤੋਂ ਇਕ ਕਰੋੜ ਰੁਪਏ ਤੱਕ ਹੈ ਜਿਹੜੀ ਬਹੁਤੇ ਕਿਸਾਨਾਂ ਦੀ ਪਹੁੰਚ ਤੋਂ ਬਾਹਰ ਦੀ ਗੱਲ ਹੈ। ਪ੍ਰਦੂਸ਼ਣ ਕਾਰਨ ਦਿੱਲੀ ਵਾਸੀਆਂ ਨੂੰ ਹੀ ਨਹੀਂ ਸਗੋਂ ਪੰਜਾਬ, ਹਰਿਆਣਾ ਅਤੇ ਦੂਜੇ ਗੁਆਂਢੀ ਸੂਬਿਆਂ ਦੇ ਲੋਕਾਂ ਨੂੰ ਵੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਸਰਕਾਰਾਂ ਨੂੰ ਚਾਹੀਦਾ ਹੈ ਕਿ ਇਹ ਪਰਾਲੀ ਦੇ ਨਾਲ-ਨਾਲ ਪ੍ਰਦੂਸ਼ਣ ਫੈਲਾਉਣ ਵਾਲੇ ਹੋਰ ਕਾਰਕਾਂ ਵੱਲ ਵੀ ਪੂਰਾ ਧਿਆਨ ਦੇਵੇ ਅਤੇ ਇਸ ਸਬੰਧੀ ਬਾਕਾਇਦਾ ਨੀਤੀ ਬਣਾਈ ਜਾਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਾਣਹਾਨੀ ਕਾਹਦੀ?*

ਪਹਿਲਾਂ ਬੋਲਣ ਤੋਂ ਕਦੇ ਵੀ ਤੋਲਦੇ ਨਾ 'ਕਿੱਸੇ' ਮਾਤ ਪਾ ਦੇਣ ਨਾਦਾਨੀਆਂ ਦੇ।
ਅੱਗੇ ਮਾਈਕ ਦੇ ਆਉਂਦਿਆਂ ਫੁੱਟ ਪੈਂਦੇ ਫੋਲਣ 'ਪੋਤੜੇ' ਦਾਦੀਆਂ ਨਾਨੀਆਂ ਦੇ।
ਮਾਫੀ ਦੂਜਿਆਂ ਕੋ਼ਲੋਂ ਮੰਗਵਾਉਣ ਵਾ਼ਲੇ ਰਹਿੰਦੇ ਬੋਲਦੇ ਬੋਲ 'ਸ਼ੈਤਾਨੀਆਂ' ਦੇ।
ਨਾਢੂ ਖਾਂਹ ਇਹ ਸਮਝਦੇ ਆਪ ਤਾਈਂ ਲੋਕੀ ਕਹਿੰਦੇ ਐ ਬੰਦੇ 'ਦੁਆਨੀਆਂ' ਦੇ।
ਮਾਣ ਜਿਨ੍ਹਾਂ ਦਾ ਲੋਕਾਂ ਦੇ ਵਿੱਚ ਹੈ ਨਹੀਂ ਕਰਦੇ 'ਕੇਸ' ਫਿਰਦੇ ਮਾਣਹਾਨੀਆਂ ਦੇ।
'ਡਾਕਟ੍ਰੇਟ' ਹੈ ਇਨ੍ਹਾਂ ਨੇ ਕਰੀ ਲਗਦੀਵਿਸ਼ੇ 'ਬੇਹਿਆਈ ਤੇ ਬੇਈਮਾਨੀਆਂ' ਦੇ!

# ਪਰਾਲੀ ਨੂੰ ਅੱਗ ਲਾਉਣ ਦਾ ਮਸਲਾ ਤੇ ਸਰਕਾਰਾਂ ਦੀ ਕਾਰਗੁਜ਼ਾਰੀ

ਪਿਛਲੇ ਦੋ ਹਫਤਿਆਂ ਤੋਂ ਉੱਤਰੀ ਭਾਰਤ ਖਾਸਕਰ ਦਿੱਲੀ ਵਿਚ ਝੋਨੇ ਦੀ ਪਰਾਲੀ ਦਾ ਧੂੰਆਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਹਾਲਾਂਕਿ ਦੀਵਾਲੀ ਤੋਂ ਇੱਕ ਦਿਨ ਪਹਿਲਾਂ ਇਸ ਖਿੱਤੇ ਵਿਚ ਪਏ ਮੀਂਹ ਨਾਲ ਇਸ ਚਰਚਾ ਨੂੰ ਥੋੜ੍ਹੀ ਜਿਹੀ ਬਰੇਕ ਜ਼ਰੂਰ ਲੱਗੀ ਹੈ। ਵੈਸੇ ਇਹ ਚਰਚਾ ਪਹਿਲੀ ਵਾਰ ਨਹੀਂ ਛਿੜੀ ਬਲਕਿ ਪਿਛਲੇ ਕਈ ਸਾਲਾਂ ਤੋਂ ਹਰ ਵਰ੍ਹੇ ਇਨ੍ਹਾਂ ਦਿਨਾਂ ਵਿਚ ਸੁਰਖੀਆਂ ਬਟੋਰਦੀ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਦੀ ਆਪਸੀ ਰਾਜਨੀਤੀ ਵਿਚ ਫਸੇ ਇਸ ਮੁੱਦੇ ਦਾ ਅਜੇ ਤੱਕ ਕੋਈ ਸਥਾਈ ਹੱਲ ਨਹੀਂ ਹੋਇਆ ਹੈ; ਇਸ ਮਸਲੇ 'ਤੇ ਸਿਰਫ ਕਿਸਾਨ ਨੂੰ ਹੀ ਦੋਸ਼ੀ ਗਰਦਾਨਿਆ ਜਾ ਰਿਹਾ ਹੈ।

ਤੱਥ ਇਹ ਹੈ ਕਿ ਪਿਛਲੇ ਦਿਨੀਂ ਦਿੱਲੀ ਦੇ ਕੁਝ ਹਿੱਸਿਆਂ ਵਿਚ ਧੂੰਏ ਦੇ ਸੰਘਣੇ ਬੱਦਲ ਛਾਏ



ਹੋਣ ਕਾਰਨ ਦਿੱਲੀ ਵਿਚ ਹਵਾ ਦੀ ਗੁਣਵੱਤਾ (ਏ.ਕਿਊ.ਆਈ.) 'ਗੰਭੀਰ' ਸ਼੍ਰੇਣੀ ਵਿਚ ਬਣੀ ਰਹੀ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਪਰਾਲੀ ਨੂੰ ਅੱਗ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਨਹੀਂ ਲੱਗਣੀ ਚਾਹੀਦੀ ਅਤੇ ਇਸ ਦਾ ਕੋਈ ਠੋਸ ਹੱਲ ਹੋਣਾ ਚਾਹੀਦਾ ਹੈ ਪਰ ਪਰਾਲੀ ਦੇ ਮਸਲੇ ਦਾ ਕੋਈ ਢੁੱਕਵਾਂ ਹੱਲ ਕੀਤੇ ਬਗੈਰ ਸਰਕਾਰ ਅਤੇ ਅਦਾਲਤ ਵੱਲੋਂ ਪਰਾਲੀ ਫੂਕਣ ਵਾਲੇ ਕਿਸਾਨਾਂ ਖਿਲਾਫ ਕੇਸ ਦਰਜ ਕਰਨਾ, ਜੁਰਮਾਨੇ ਕਰਨੇ, ਜ਼ਮੀਨੀ ਰਿਕਾਰਡ (ਫਰਦਾਂ) ਵਿਚ ਰੈੱਡ ਐਂਟਰੀਆਂ ਕਰਨੀਆਂ ਮਸਲੇ ਦਾ ਹੱਲ ਨਹੀਂ।

ਮਨੁੱਖਤਾ ਦੇ ਬਹੁਤੇ ਮਾਮਲਿਆਂ ਵਿਚ ਚੁੱਪ ਵੱਟ ਜਾਣ ਵਾਲੇ 'ਸੱਤਾ' ਦੇ ਕਈ ਅਹਿਮ ਅਦਾਰੇ ਇਸ ਮਾਮਲੇ ਵਿਚ ਇਸ ਕਰ ਕੇ ਸਰਗਰਮ ਹੁੰਦੇ ਹਨ ਕਿ ਉਹਨਾਂ ਨੂੰ ਇਹ ਮਾਮਲਾ ਆਪਣੀ ਖੁਦ ਦੀ ਸਿਹਤ ਨਾਲ ਜੁੜਿਆ ਜਾਪਦਾ ਹੈ; ਜਿਵੇਂ ਸੁਪਰੀਮ ਕੋਰਟ ਨੇ ਪਿਛਲੇ ਹਫਤੇ ਸੁਣਵਾਈ ਦੌਰਾਨ ਇਸ ਮਸਲੇ ਨੂੰ ਸਖਤੀ ਨਾਲ ਨਜਿੱਠਣ ਦੇ ਨਿਰਦੇਸ਼ ਜਾਰੀ ਕੀਤੇ ਪਰ ਇਹਨਾਂ ਨੂੰ ਅਦਾਰਿਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਜ਼ਾ ਦੇਣ ਨਾਲ ਮਸਲੇ ਹੱਲ ਨਹੀਂ ਹੁੰਦੇ ਬਲਕਿ ਹੋਰ ਉਲਝਦੇ ਹਨ।

ਅਸਲ ਵਿਚ ਇਹ ਮਸਲਾ ਸਖਤੀ ਦੀ ਬਜਾਇ ਸੰਜੀਦਗੀ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ। ਸਭ ਤੋਂ ਪਹਿਲ-ਪ੍ਰਿਥਮੇ ਤਾਂ ਇਹ ਸਾਫ ਹੋਣਾ ਚਾਹੀਦਾ ਹੈ ਕਿ ਪ੍ਰਦੂਸ਼ਣ ਸਿਰਫ ਪਰਾਲੀ ਦੇ ਧੂੰਏ ਨਾਲ ਹੀ ਪੈਦਾ ਨਹੀਂ ਹੁੰਦਾ ਬਲਕਿ ਸਨਅਤਾਂ, ਫੈਕਟਰੀਆਂ, ਵਹੀਕਲਾਂ ਦੇ ਪੂਰੇ ਸਾਲ ਦੇ ਧੂੰਏ ਮੁਕਾਬਲੇ ਪਰਾਲੀ ਦਾ ਧੂੰਆਂ ਤਾਂ ਕੁੱਲ ਪ੍ਰਦੂਸ਼ਨ ਵਿਚ 'ਆਟੇ ਵਿਚ ਲੂਣ' ਬਰਾਬਰ ਹੈ। ਸਾਡੇ ਖਿੱਤੇ ਦੀ ਅਸਲ ਹਾਲਤ ਉਸ ਘੜੇ ਵਰਗੀ ਹੈ ਜੋ ਪਾਣੀ ਨਾਲ ਪੂਰਾ ਭਰਿਆ ਹੋਇਆ ਹੈ ਤੇ ਉਸ ਵਿਚ ਇੱਕ ਦੋ ਬੂੰਦਾਂ ਹੋਰ ਪਾਣੀ ਪਾਉਣ ਨਾਲ ਹੀ ਉਹ ਡੁੱਲ੍ਹਣ ਲੱਗ ਪੈਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਕਥਿਤ ਵੀ.ਆਈ.ਪੀ. ਸੱਭਿਆਚਾਰ ਤਹਿਤ 50-50 ਗੱਡੀਆਂ ਦੇ ਕਾਫਲੇ ਨਾਲ ਸਰਕਾਰੀ ਤੇਲ ਫੂਕ ਕੇ ਧੂੰਆਂ ਫੈਲਾਉਣ ਵਾਲੇ ਲੀਡਰ ਵੀ ਕਿਸਾਨਾਂ ਨੂੰ ਦੋਸ਼ੀ ਗਰਦਾਨ ਰਹੇ ਹਨ। ਜਦ ਹੁਣ ਪ੍ਰਦੂਸ਼ਣ ਦੇ ਮਸਲੇ 'ਤੇ ਬਹਿਸ ਛਿੜ ਹੀ ਪਈ ਹੈ ਤਾਂ ਪਰਾਲੀ ਦੇ ਧੂੰਏ ਸਮੇਤ ਇਸ ਦੇ ਸਮੂਹ ਕਾਰਕਾਂ ਦੀ ਨਿਸ਼ਾਨਦੇਹੀ ਕੀਤੇ ਬਗੈਰ ਸਿਰਫ ਕਿਸਾਨ ਨੂੰ ਨਿਸ਼ਾਨਾ ਬਣਾਉਣਾ ਸਿਰੇ ਦੀ ਬੇਈਮਾਨੀ ਹੈ। ਅਰਧ-ਜਗੀਰੂ ਸਾਮਰਾਜੀ ਸੱਭਿਆਚਾਰ ਵਾਲੇ ਭਾਰਤ ਵਿਚ ਪਬਲਿਕ ਟਰਾਂਸਪੋਰਟ ਵਰਤਣ ਦੀ ਥਾਂ ਬਗੈਰ ਕਿਸੇ ਕਾਰਨ ਆਪਣੀ ਨਿੱਜੀ ਗੱਡੀ 'ਤੇ ਜਾਣ ਨੂੰ ਰੁਤਬੇ ਵਾਲੀ ਗੱਲ (ਸਟੇਟਸ ਸਿੰਬਲ) ਮੰਨੀ ਜਾਂਦੀ ਹੈ ਤੇ ਇਹੀ ਫੋਕੀ ਟੌਹਰ ਕਿੰਨਾ ਪ੍ਰਦੂਸ਼ਣ ਫੈਲਾਉਂਦੀ ਹੈ, ਇਸ ਦੀ ਵੀ ਨਿਸ਼ਾਨਦੇਹੀ ਹੋਣੀ ਚਾਹੀਦੀ ਹੈ। ਫੈਕਟਰੀਆਂ, ਭੱਠੇ, ਬੇਲੋੜੇ ਏਅਰ ਕੰਡੀਸ਼ਨ ਨਿਯਮਾਂ ਦੀਆਂ ਧੱਜੀਆਂ ਉਡਾ ਰਹੇ ਹਨ।

ਖੈਰ! ਇਹ ਸਭ ਜਾਣਦੇ ਹੋਏ ਵੀ ਕਿ ਪਰਾਲੀ ਦਾ ਧੂੰਆਂ ਪ੍ਰਦੂਸ਼ਣ ਦਾ ਮੁੱਖ ਕਾਰਨ ਨਹੀਂ, ਸਾਨੂੰ ਇਸ ਪਾਸੇ ਵਧਣਾ ਚਾਹੀਦਾ ਹੈ ਕਿ ਪਰਾਲੀ ਦਾ ਠੋਸ ਤੇ ਢੁੱਕਵਾਂ ਹੱਲ ਹੋਵੇ ਜਿਸ ਨਾਲ ਇਸ ਨੂੰ ਅੱਗ ਲਾਉਣ ਦੀ ਨੌਬਤ ਹੀ ਨਾ ਆਵੇ ਕਿਉਂਕਿ ਸਾਡੇ ਸਮਾਜ ਵਿਚ ਮੁੱਢ ਤੋਂ ਹੀ ਕਿਸਾਨ ਦੀ ਪਛਾਣ ਪੈਦਾਵਾਰ ਕਰਨ ਵਾਲੇ ਵਜੋਂ ਹੈ, ਪਲੀਤ ਕਰਨ ਵਾਲੇ ਵਜੋਂ ਨਹੀਂ। ਇਹ ਤਾਂ ਅਖੌਤੀ ਹਰੀ ਕ੍ਰਾਂਤੀ ਦੇ ਨਾਮ ਹੇਠ ਪੰਜਾਬ ਵਿਚ ਝੋਨੇ ਵਰਗੀ ਫਸਲ ਥੋਪ ਕੇ ਸਰਕਾਰ ਪੱਖੀ ਖੇਤੀ ਵਿਗਿਆਨੀਆਂ ਨੇ ਰੇਹਾਂ, ਸਪਰੇਹਾਂ ਦੇ ਜਾਲ ਵਿਚ ਕਿਸਾਨ ਨੂੰ ਅਜਿਹਾ ਉਲਝਾਇਆ ਕਿ ਸਾਡੀ ਮਿੱਟੀ ਤੇ ਹਵਾ ਪਲੀਤ ਕਰ ਕੇ ਰੱਖ ਦਿੱਤੀ ਹੈ।

ਝੋਨੇ ਦੀ ਪਰਾਲੀ ਦੇ ਧੂੰਏ ਲਈ ਮੁੱਖ ਰੂਪ ਵਿਚ ਸਾਡੀਆਂ ਸਰਕਾਰਾਂ ਜ਼ਿੰਮੇਵਾਰ ਹਨ। ਜੇ ਸਰਕਾਰਾਂ ਚਾਹੁੰਦੀਆਂ ਤਾਂ ਝੋਨੇ ਦੀ ਪਰਾਲੀ ਦਾ



ਹੱਲ ਬੜੇ ਸੌਖੇ ਤਰੀਕੇ ਨਾਲ ਕੀਤਾ ਜਾ ਸਕਦਾ ਸੀ। ਪਹਿਲੀ ਗੱਲ, ਝੋਨਾ ਸਾਡੇ ਖਿੱਤੇ ਦੀ ਫਸਲ ਨਹੀਂ; ਪੰਜਾਬ ਵਿਚ ਕਣਕ, ਝੋਨੇ ਤੋਂ ਇਲਾਵਾ ਸਬਜ਼ੀਆਂ ਸਮੇਤ ਹੋਰ ਫਸਲਾਂ ਦੀ ਐਮ.ਐਸ.ਪੀ. ਤਹਿਤ ਖਰੀਦ ਦੀ ਗਾਰੰਟੀ ਯਕੀਨੀ ਬਣਾਈ ਜਾਵੇ ਤਾਂ ਖੇਤੀ ਵਿਭਿੰਨਤਾ ਦਾ ਰਾਹ ਖੁੱਲ੍ਹ ਸਕਦਾ ਹੈ ਜਿਸ ਨਾਲ ਬਹੁਤੇ ਕਿਸਾਨ ਤਾਂ ਝੋਨੇ ਦੀ ਥਾਂ ਹੋਰ ਫਸਲਾਂ ਦੀ ਬਿਜਾਈ ਨੂੰ ਤਰਜੀਹ ਦੇਣਗੇ। 'ਨਾ ਰਹੇਗਾ ਬਾਂਸ ਤੇ ਨਾ ਵੱਜੇਗੀ ਬੰਸਰੀ' ਵਾਂਗ ਜੇ ਹੋਰ ਫਸਲਾਂ ਦੇ ਲਾਹੇਬੰਦ ਭਾਅ ਮਿਲ ਜਾਣ ਤਾਂ ਕਿਸਾਨ ਝੋਨਾ ਲਾਉਣਾ ਹੀ ਛੱਡ ਦੇਣਗੇ ਜਿਸ ਨਾਲ ਸਾਡਾ ਪਾਣੀ ਵੀ ਬਚੇਗਾ ਤੇ ਵਾਤਾਵਰਨ ਵੀ ਪਲੀਤ ਹੋਣ ਤੋਂ ਬਚ ਜਾਵੇਗਾ।

ਦੂਸਰਾ ਬਾਸਮਤੀ ਸਮੇਤ ਝੋਨੇ ਦੀਆਂ ਬਹੁਤ ਸਾਰੀਆਂ ਅਜਿਹੀਆਂ ਕਿਸਮਾਂ ਹਨ ਜੋ ਪੱਕਦੀਆਂ ਵੀ ਛੇਤੀ ਹਨ ਤੇ ਉਹਨਾਂ ਦੀ ਪਰਾਲੀ ਵੀ ਬਹੁਤ ਥੋੜ੍ਹੀ ਹੁੰਦੀ ਹੈ। ਸਰਕਾਰਾਂ ਉਹਨਾਂ ਫਸਲਾਂ ਨੂੰ ਉਤਸ਼ਾਹਿਤ ਕਰਨ ਤਾਂ ਮਸਲਾ ਹੱਲ ਹੋ ਸਕਦਾ ਹੈ।

ਖੇਤੀ ਵਿਭਿੰਨਤਾ ਦੀ ਅਣਹੋਂਦ ਕਾਰਨ ਮੱਧੂ ਮੱਖੀ ਪਾਲਣ ਵਰਗੇ ਖੇਤੀ ਸਹਾਇਕ ਧੰਦੇ ਪੰਜਾਬ ਵਿਚ ਫੇਲ੍ਹ ਹੋ ਰਹੇ ਹਨ। ਕਣਕ-ਝੋਨੇ ਦੇ ਫਸਲੀ ਚੱਕਰ ਕਾਰਨ ਪੰਜਾਬ ਦੇ ਹਜ਼ਾਰਾਂ ਮਧੂ ਮੱਖੀ ਪਾਲਕ ਇਹਨੀਂ ਦਿਨੀਂ ਆਪਣੀ ਮੱਖੀ ਨਾਲ ਰਾਜਸਥਾਨ, ਹਰਿਆਣਾ, ਉੱਤਰ ਪ੍ਰਦੇਸ਼ ਦਾ ਰੁਖ ਕਰਦੇ ਹਨ।

ਪਿਛਲੇ ਸਾਲ ਭਗਵੰਤ ਮਾਨ ਸਰਕਾਰ ਨੇ ਯੋਜਨਾ ਉਲੀਕੀ ਸੀ ਕਿ ਪਰਾਲੀ ਦੇ ਨਿਬੇੜੇ ਲਈ ਕਿਸਾਨਾਂ ਨੂੰ ਸਰਕਾਰ ਰਾਸ਼ੀ ਦੇਵੇਗੀ ਜਿਸ ਵਿਚ ਇੱਕ ਹਿੱਸਾ ਸੂਬਾ ਸਰਕਾਰ, ਦਿੱਲੀ ਸਰਕਾਰ ਤੇ ਕੇਂਦਰ ਸਰਕਾਰ ਹਿੱਸਾ ਪਾਉਣਗੀਆਂ। ਕੇਂਦਰ ਸਰਕਾਰ ਨੇ ਇਸ ਤਜਵੀਜ਼ ਲਈ ਹਾਮੀ ਨਹੀਂ ਭਰੀ ਪਰ ਪੰਜਾਬ ਤੇ ਦਿੱਲੀ ਵਿਚ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਹੋਣ ਦੇ ਬਾਵਜੂਦ ਇਹਨਾਂ ਦੋਵਾਂ ਸਰਕਾਰਾਂ ਨੇ ਵੀ ਆਪਣਾ ਹਿੱਸਾ ਦੇਣ ਦੀ ਬਜਾਇ ਗੇਂਦ ਕੇਂਦਰ ਸਰਕਾਰ ਦੇ ਪਾਲੇ ਵਿਚ ਸੁੱਟ ਕੇ ਖੁਦ ਸੁਰਖਰੂ ਹੋ ਗਈਆਂ ਜਾਪਦੀਆਂ ਹਨ। ਚਾਹੀਦਾ ਇਹ ਸੀ ਕਿ ਪੰਜਾਬ ਤੇ ਦਿੱਲੀ ਸਰਕਾਰਾਂ ਆਪਣਾ ਹਿੱਸਾ ਕਿਸਾਨ ਨੂੰ ਦਿੰਦੀਆਂ ਤਾਂ ਕਿਸਾਨਾਂ ਦਾ ਸੰਘਰਸ਼ ਕੇਂਦਰ ਸਰਕਾਰ ਖਿਲਾਫ ਬਣਨਾ ਸੀ ਪਰ 'ਬਦਲਾਅ' ਦੀ ਗੱਲ ਕਰਨ ਵਾਲੀ ਇਹ ਸਰਕਾਰ ਪਰਾਲੀ ਦੇ ਨਿਬੇੜੇ ਦਾ ਹੱਲ ਕੀਤੇ ਬਗੈਰ ਕਿਸਾਨਾਂ ਖਿਲਾਫ ਕੇਸ ਦਰਜ ਕਰਨ ਦੇ ਰਾਹ ਤੁਰ ਪਈ ਹੈ।

ਝੋਨੇ ਦੀ ਪਰਾਲੀ ਦਾ ਦੋ ਤਰੀਕਿਆਂ ਨਾਲ ਨਿਬੇੜਾ ਹੋ ਸਕਦਾ ਹੈ; ਇੱਕ, ਇਸ ਨੂੰ ਖੇਤ ਵਿਚ ਹੀ ਮਿਲਾ ਦਿੱਤਾ ਜਾਵੇ ਤੇ ਦੂਜਾ, ਇਸ ਦੀਆਂ ਗੰਢਾਂ ਬਣਾ ਕੇ ਇਸ ਨੂੰ ਖੇਤ ਵਿਚੋਂ ਬਾਹਰ ਕੱਢ ਕੇ ਇਸ ਦੀ ਵਰਤੋਂ ਕੀਤੀ ਜਾਵੇ। ਪਿੱਛੇ ਜਿਹੇ ਖੇਤੀ ਵਿਗਿਆਨੀਆਂ ਨੇ ਕਿਹਾ ਕਿ ਪਰਾਲੀ 'ਤੇ ਪੂਸਾ ਡੀਕੰਪੋਜ਼ਰ ਦੇ ਛਿੜਕਾਅ ਨਾਲ ਝੋਨੇ ਦੀ ਪਰਾਲੀ ਦੇ ਗਲਣ ਦੀ ਪ੍ਰਕਿਰਿਆ ਤੇਜ਼ ਹੋ ਜਾਂਦੀ ਹੈ ਤੇ ਪਰਾਲੀ ਖੇਤ ਵਿਚ ਹੀ ਸੜ ਜਾਂਦੀ ਹੈ। ਕਈ ਕਿਸਾਨਾਂ ਨੇ ਇਹ ਪ੍ਰਕਿਰਿਆ ਅਪਣਾਈ ਵੀ ਪਰ ਇਸ ਦਾ ਨਤੀਜਾ ਕੋਈ ਖਾਸ ਨਹੀਂ ਨਿੱਕਲਿਆ।

ਪਰਾਲੀ ਨੂੰ ਖੇਤ ਵਿਚ ਮਿਲਾ ਕੇ ਕਣਕ ਦੀ ਬਿਜਾਈ ਕਰਨ ਵਾਲੇ ਜਿੰਨੇ ਵੀ ਸੰਦ ਹੈਪੀ ਸੀਡਰ, ਸੁਪਰ ਸੀਡਰ, ਰੋਟਾਵੇਟਰ ਆਦਿ ਸਰਕਾਰ ਨੇ ਸਬਸਿਡੀ 'ਤੇ ਦਿੱਤੇ ਪਰ ਉਹ ਸਾਰੇ ਹੀ ਸਿਰਫ ਵੱਡੇ ਟਰੈਕਟਰਾਂ ਨਾਲ ਵਰਤੋਂ ਵਿਚ ਆ ਸਕਦੇ ਹਨ। ਛੋਟੇ ਕਿਸਾਨ ਦਾ ਘੱਟ ਹਾਰਸ ਪਾਵਰ ਵਾਲਾ ਟਰੈਕਟਰ ਉਹਨਾਂ ਨੂੰ ਖਿੱਚ ਨਹੀਂ ਸਕਦਾ; ਭਾਵ ਇੱਥੇ ਵੀ ਸਬਸਿਡੀਆਂ ਦਾ ਫਾਇਦਾ ਵੱਡੇ ਕਿਸਾਨ ਲੈ ਰਹੇ ਹਨ।

ਸਰਕਾਰ ਚਾਹੇ ਤਾਂ ਧੂੰਆਂ ਪੈਦਾ ਕਰਨ ਵਾਲੀ ਪਰਾਲੀ ਦਾ ਸਹੀ ਢੰਗ ਨਾਲ ਉਪਯੋਗ ਕਰ ਕੇ ਇਸ ਤੋਂ ਬਿਜਲੀ ਵੀ ਪੈਦਾ ਕੀਤੀ ਜਾ ਸਕਦੀ ਹੈ, ਇਸ ਤੋਂ ਖਾਦ ਵੀ ਬਣਾਈ ਜਾ ਸਕਦੀ ਹੈ, ਇਸ ਤੋਂ ਗੱਤੇ ਸਮੇਤ ਕਈ ਚੀਜ਼ਾਂ ਬਣਾਈਆਂ ਜਾ ਸਕਦੀਆਂ ਹਨ; ਮਤਲਬ, ਪਰਾਲੀ ਦੀਆਂ ਗੰਢਾਂ ਬਣਾ ਕੇ ਫੈਕਟਰੀਆਂ ਵਿਚ ਵੇਚੀਆਂ ਜਾ ਸਕਦੀਆਂ ਹਨ ਪਰ ਪਰਾਲੀ ਦੀਆਂ ਗੰਢਾਂ ਬਣਾਉਣ ਵਾਲੇ ਬੇਲਰਾਂ ਦੀ ਕੀਮਤ ਲੱਗਭੱਗ 20 ਲੱਖ ਰੁਪਏ ਤੋਂ ਸ਼ੁਰੂ ਹੁੰਦੀ ਹੈ ਤੇ ਇੱਕ ਕਰੋੜ ਰੁਪਏ ਤੱਕ ਜਾਂਦੀ ਹੈ। ਗੰਢਾਂ ਬਣਾਉਣ ਵਾਲਾ ਚੰਗਾ ਬੇਲਰ ਤਾਂ 50 ਲੱਖ ਤੋਂ ਘੱਟ ਨਹੀਂ ਆਉਂਦਾ। ਇਹ ਤੱਥ ਹੈ ਕਿ ਪੰਜਾਬ ਵਿਚ ਛੋਟੇ-ਵੱਡੇ ਕੁੱਲ 2 ਹਜ਼ਾਰ ਦੇ ਕਰੀਬ ਬੇਲਰ ਹਨ ਜੋ ਪਰਾਲੀ ਦੇ ਹਿਸਾਬ ਨਾਲ ਬਹੁਤ ਥੋੜ੍ਹੇ ਹਨ। ਸਰਕਾਰਾਂ ਨੂੰ ਇਹ ਤਕਨੀਕ ਵਿਕਸਤ ਕਰਨੀ ਚਾਹੀਦੀ ਹੈ ਕਿ ਬੇਲਰਾਂ ਨਾਲ ਗੰਢਾਂ ਬਣਾਉਣ ਦੀ ਕਾਰਵਾਈ ਵੀ ਕੰਬਾਈਨ ਦੇ ਨਾਲ ਹੀ ਅਮਲ ਵਿਚ ਲਿਆਂਦੀ ਜਾਵੇ।

ਅਸਲ ਵਿਚ ਸਾਰੇ ਕਿਸਾਨਾਂ 'ਤੇ ਇੱਕੋ ਨੀਤੀ ਨਹੀਂ ਅਪਣਾਈ ਜਾਣੀ ਚਾਹੀਦੀ ਹੈ। ਸਰਕਾਰ ਪਰਾਲੀ ਦੇ ਨਿਬੇੜੇ ਲਈ 10 ਏਕੜ ਜ਼ਮੀਨ ਤੋਂ ਉੱਪਰਲੇ ਕਿਸਾਨਾਂ ਨੂੰ ਸਬਸਿਡੀ ਤਹਿਤ ਸੰਦ ਮੁਹੱਈਆ ਕਰਵਾਏ, 20 ਏਕੜ ਤੋਂ ਉਪਰਲੇ ਕਿਸਾਨ ਖੁਦ ਪਰਾਲੀ ਦਾ ਨਿਬੇੜਾ ਕਰਨ ਤੇ 10 ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਦੀ ਪਰਾਲੀ ਖੇਤ ਵਿਚੋਂ ਚੁੱਕ ਕੇ ਫੈਕਟਰੀਆਂ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਸਰਕਾਰ ਨੂੰ ਖੁਦ ਲੈਣੀ ਚਾਹੀਦੀ ਹੈ।

ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਗਏ ਕਿਸੇ ਅਫਸਰ ਤੋਂ ਅੱਗ ਲਵਾਉਣ ਜਿਹੀਆਂ ਵਧਵੀਆਂ ਕਾਰਵਾਈਆਂ ਕਿਸਾਨਾਂ ਦੇ ਅਕਸ ਨੂੰ ਢਾਹ ਲਾਉਂਦੀਆਂ ਹਨ, ਇਸ ਲਈ ਅਜਿਹੀਆਂ ਹੋਛੀਆਂ ਕਾਰਵਾਈਆਂ ਦੀ ਬਜਾਇ ਛੋਟੇ ਕਿਸਾਨਾਂ ਨੂੰ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਪਰਾਲੀ ਦੇ ਨਿਬੇੜੇ ਲਈ ਸਰਕਾਰ ਖਿਲਾਫ ਸੰਘਰਸ਼ ਦਾ ਰਸਤਾ ਅਖਤਿਆਰ ਕਰਨਾ ਚਾਹੀਦਾ ਹੈ। ਕਿਸਾਨ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਪਰਾਲੀ ਨੂੰ ਅੱਗ ਲਾਉਣ ਨੂੰ ਉਤਸ਼ਾਹਿਤ ਕਰਨ ਦੀ ਬਜਾਇ ਇਸਦੇ ਠੋਸ ਹੱਲ ਲਈ ਸੂਬਾ ਤੇ ਕੇਂਦਰ ਸਰਕਾਰ ਖਿਲਾਫ ਸੰਘਰਸ਼ ਕੀਤਾ ਜਾਵੇ ਹਾਲਾਂਕਿ ਕੁਝ ਖੱਬੇ ਪੱਖੀ ਕਿਸਾਨ ਜਥੇਬੰਦੀਆਂ ਦੀ ਇਸ ਮਾਮਲੇ 'ਤੇ ਪਹੁੰਚ ਪਹਿਲਾਂ ਹੀ ਦਰੁਸਤ ਹੈ।

# ਮਜ਼ਲੂਮ ਫ਼ਲਸਤੀਨੀਆਂ ਨਾਲ ਡੱਟ ਕੇ ਖੜ੍ਹਨ ਦਾ ਵੇਲਾ

9 ਨਵੰਬਰ ਨੂੰ ਸੰਯੁਕਤ ਰਾਸ਼ਟਰ ਦੇ ਮੈਂਬਰ 145 ਮੁਲਕਾਂ ਦਾ ਯੂ.ਐਨ. ਮਤੇ ਦੇ ਹੱਕ 'ਚ ਵੋਟ ਪਾਉਣਾ ਜਿਸ ਵਿਚ ਫ਼ਲਸਤੀਨੀ ਇਲਾਕਿਆਂ ਉੱਪਰ ਇਜ਼ਰਾਈਲੀ ਕਬਜ਼ੇ ਦੀ ਨਿਖੇਧੀ ਕੀਤੀ ਗਈ, ਦਿਖਾਉਂਦਾ ਹੈ ਕਿ ਇਜ਼ਰਾਈਲ ਦੀ ਹਮਾਇਤ ਕਰਨ ਵਾਲੀਆਂ ਹਕੂਮਤਾਂ ਵੀ ਹੁਣ ਖੁੱਲ੍ਹ ਕੇ ਹਮਾਇਤ ਤੋਂ ਟਾਲਾ ਵੱਟ ਰਹੀਆਂ ਹਨ।

ਇਸ ਵੋਟਿੰਗ ਸਮੇਂ ਸਿਰਫ਼ ਪੰਜ ਮੁਲਕਾਂ ਦੇ ਹੁਕਮਰਾਨ ਅਮਰੀਕਾ-ਇਜ਼ਰਾਈਲ ਨਾਲ ਖੜ੍ਹੇ। ਭਾਰਤ ਦੀ ਭਾਜਪਾ ਸਰਕਾਰ ਨੇ ਵੀ ਇਸ ਵਾਰ ਸੰਯੁਕਤ ਰਾਸ਼ਟਰ ਦੇ ਮਤੇ ਦੀ ਹਮਾਇਤ ਕੀਤੀ ਜਦਕਿ ਪਿਛਲੀ ਵਾਰ ਹਮਲੇ ਰੋਕਣ ਦਾ ਮਤਾ ਪੇਸ਼ ਕੀਤੇ ਜਾਣ 'ਤੇ ਸਰਕਾਰ ਨੇ ਇਹ ਬਹਾਨਾ ਬਣਾ ਕੇ ਵੋਟ ਪਾਉਣ ਤੋਂ ਟਾਲਾ ਵੱਟ ਲਿਆ ਸੀ ਕਿ ਮਤੇ ਵਿਚ ਹਮਾਸ ਦੇ ਦਹਿਸ਼ਤਵਾਦ ਦੀ ਨਿਖੇਧੀ ਨਹੀਂ ਕੀਤੀ ਗਈ। ਅਮਰੀਕਾ ਅਤੇ ਪੱਛਮੀ ਤਾਕਤਾਂ ਦੀ ਮਦਦ ਅਤੇ ਸ਼ਹਿ ਨਾਲ ਇਜ਼ਰਾਈਲੀ ਨਸਲਵਾਦੀ ਸਟੇਟ ਐਨਾ ਭੂਤਰਿਆ ਹੋਇਆ ਹੈ ਕਿ ਦੁਨੀਆ ਭਰ 'ਚੋਂ ਹੋ ਰਹੇ ਤਿੱਖੇ ਵਿਰੋਧ ਦੇ ਬਾਵਜੂਦ ਗਾਜ਼ਾ ਪੱਟੀ ਉੱਪਰ ਮਹਿਜ਼ ਰੋਜ਼ਾਨਾ ਚਾਰ ਘੰਟੇ ਲਈ ਹਮਲੇ ਰੋਕਣਾ ਮੰਨਿਆ ਹੈ। ਇਹ ਵੱਖਰੀ ਗੱਲ ਹੈ ਕਿ ਇਜ਼ਰਾਈਲ ਹੁਕਮਰਾਨ ਇਸ ਨੂੰ ਕਿੰਨੀ ਕੁ ਇਮਾਨਦਾਰੀ ਨਾਲ ਲਾਗੂ ਕਰਨਗੇ। ਬੈਂਜਾਮਿਨ ਨੇਤਨਯਾਹੂ ਦਾ ਸਪਸ਼ਟ ਕਹਿਣਾ ਹੈ ਕਿ ਇਸ ਨੂੰ ਯੁੱਧ ਰੋਕਣਾ ਨਾ ਸਮਝਿਆ ਜਾਵੇ, ਉਹ ਤਾਂ ਸਿਰਫ਼ ਨਾਗਰਿਕਾਂ ਨੂੰ ਯੁੱਧ-ਖੇਤਰ ਤੋਂ ਦੂਰ ਚਲੇ ਜਾਣ ਲਈ ਸੁਰੱਖਿਅਤ ਲਾਂਘੇ ਦੀ ਸਹੂਲਤ ਦੇਣਾ ਚਾਹੁੰਦੇ ਹਨ। ਯਾਨੀ ਇਜ਼ਰਾਈਲੀ ਨਸਲਵਾਦੀ ਹਕੂਮਤ ਹਰ ਹਾਲਤ 'ਚ ਫ਼ਲਸਤੀਨ ਦਾ ਇਹ ਇਲਾਕਾ ਖ਼ਾਲੀ ਕਰਾ ਕੇ ਮੁਕੰਮਲ ਕਬਜ਼ਾ ਕਰਨ ਲਈ ਬਜ਼ਿੱਦ ਹੈ। 7 ਅਕਤੂਬਰ ਤੋਂ ਚੱਲ ਰਹੀ ਭਿਆਨਕ ਤਬਾਹੀ ਅਤੇ ਫ਼ਲਸਤੀਨੀਆਂ ਦੀ ਨਸਲਕੁਸ਼ੀ ਦੌਰਾਨ ਇਹ ਇਜ਼ਰਾਈਲੀ ਹਕੂਮਤ ਦਾ ਅਜਿਹਾ ਪਹਿਲਾ ਐਲਾਨ ਹੈ। ਹੁਣ ਤੱਕ 11000 ਤੋਂ ਉੱਪਰ ਫ਼ਲਸਤੀਨੀ ਨਾਗਰਿਕ ਕਤਲ ਕੀਤੇ ਗਏ ਹਨ ਜਿਨ੍ਹਾਂ ਵਿਚ 6000 ਬੱਚੇ ਹਨ। 2800 ਫ਼ਲਸਤੀਨੀ ਲਾਪਤਾ ਹਨ। ਸੰਸਾਰ ਸਿਹਤ ਸੰਸਥਾ ਅਨੁਸਾਰ ਹਰ ਦਸ ਮਿੰਟ 'ਚ ਇਕ ਫ਼ਲਸਤੀਨੀ ਬੱਚਾ ਅਤੇ ਹਰ ਘੰਟੇ 'ਚ 14 ਫ਼ਲਸਤੀਨੀ ਮਾਰੇ ਜਾ ਰਹੇ ਹਨ। ਕਈ ਪੂਰੇ ਦੇ ਪੂਰੇ ਪਰਿਵਾਰ ਹੀ ਮਾਰ ਦਿੱਤੇ ਗਏ ਹਨ।

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

ਹੁਣ ਸ਼ਾਇਦ ਹੀ ਕਿਸੇ ਨੂੰ ਕੋਈ ਭੁਲੇਖਾ ਹੋਵੇ ਕਿ ਇਹ ਹਮਾਸ ਦੇ ਹਮਲੇ ਵਿਰੁੱਧ ਪ੍ਰਤੀਕਰਮ ਹੈ। ਦਰਅਸਲ, ਇਹ ਤਾਂ ਨਿਰੋਲ ਰੂਪ 'ਚ ਪੂਰੇ ਫ਼ਲਸਤੀਨ ਨੂੰ ਹੜੱਪਣ ਲਈ ਇਜ਼ਰਾਈਲੀ ਸਟੇਟ ਵੱਲੋਂ ਵਿੱਢੀ ਨਸਲਕੁਸ਼ੀ ਹੈ। ਦੁਨੀਆ ਦੇ ਆਪੇ ਬਣੇ ਥਾਣੇਦਾਰ ਅਮਰੀਕਾ ਅਤੇ ਉਸ ਦੀਆਂ ਜੋਟੀਦਾਰ ਹਕੂਮਤਾਂ ਵੱਲੋਂ ਇਸ ਨਸਲਕੁਸ਼ੀ ਨੂੰ ਦਹਿਸ਼ਤਵਾਦ ਵਿਰੁੱਧ 'ਇਜ਼ਰਾਈਲ ਦਾ ਸਵੈ-ਰੱਖਿਆ ਦਾ ਹੱਕ' ਦੱਸ ਕੇ ਜਾਇਜ਼ ਠਹਿਰਾਉਣ ਲਈ ਜੋ ਕਾਰਨ ਗਿਣਾਏ ਜਾ ਰਹੇ ਹਨ, ਉਹ ਸਾਮਰਾਜੀਆਂ ਦੀ ਧਾੜਵੀ ਦਲੀਲ ਤੋਂ ਸਿਵਾਇ ਹੋਰ ਕੁਝ ਨਹੀਂ ਹਨ। ਅਮਰੀਕਨ ਹੁਕਮਰਾਨ ਸ਼ੁਰੂ ਤੋਂ ਹੀ ਬਹਾਨੇ ਬਣਾ ਕੇ ਪੂਰੀ ਦੁਨੀਆ ਉੱਪਰ ਅਜਿਹੇ ਨਸਲਕੁਸ਼ੀ ਯੁੱਧ ਥੋਪਦੇ ਆ ਰਹੇ ਹਨ। ਦੂਜੇ ਮੁਲਕਾਂ ਦਾ ਲੱਕ ਤੋੜਨ ਲਈ ਉਨ੍ਹਾਂ ਉੱਪਰ ਨਹੱਕੇ ਯੁੱਧ ਥੋਪਣ, ਚੁਣੀਆਂ ਹੋਈਆਂ ਸਮਾਜਵਾਦੀ ਸਰਕਾਰਾਂ ਨੂੰ ਖ਼ਤਮ ਕਰਨ ਲਈ ਪਿਛਾਖੜੀ ਰਾਜ ਪਲਟੇ ਕਰਾਉਣ ਅਤੇ ਅਗਾਂਹਵਧੂ ਲੋਕਾਂ ਦੇ ਕਤਲੇਆਮ ਸਮੇਤ ਹਰ ਹਰਬਾ ਵਰਤਣ ਅਤੇ ਜਨਰਲ ਸੁਹਾਰਤੋ ਵਰਗੇ ਆਪਣੇ ਹੱਥ-ਠੋਕੇ ਤਾਨਾਸ਼ਾਹਾਂ ਨੂੰ ਸੱਤਾ ਵਿਚ ਲਿਆ ਕੇ ਉਨ੍ਹਾਂ ਦੀ ਪੁਸ਼ਤ-ਪਨਾਹੀ ਅਤੇ ਸੱਤਾ ਵਿਚ ਬਣੇ ਰਹਿਣ ਲਈ ਮਦਦ ਕਰਨ ਦਾ ਅਮਰੀਕਨ ਸਾਮਰਾਜੀਆਂ ਦਾ ਬਹੁਤ ਲੰਮਾ ਇਤਿਹਾਸ ਹੈ। ਇਸੇ ਕਰ ਕੇ ਬੇਹੱਦ ਮਕਬੂਲ ਅਮਰੀਕਨ ਬੁੱਧੀਜੀਵੀ ਨੌਮ ਚੌਮਸਕੀ ਕਹਿੰਦੇ ਹਨ ਕਿ "ਮੈਨੂੰ ਲੱਗਦਾ ਹੈ ਕਾਨੂੰਨੀ ਤੌਰ 'ਤੇ ਗੱਲ ਕਰੀਏ ਤਾਂ ਦੂਜੇ ਆਲਮੀ ਯੁੱਧ ਤੋਂ ਬਾਅਦ ਹਰ ਅਮਰੀਕੀ ਰਾਸ਼ਟਰਪਤੀ ਉੱਪਰ ਮਹਾਂ-ਮੁਕੱਦਮਾ ਚਲਾਉਣ ਦਾ ਬੇਹੱਦ ਠੋਸ ਕੇਸ ਬਣਦਾ ਹੈ। ਉਹ ਸਾਰੇ ਜਾਂ ਤਾਂ ਪੂਰੀ ਤਰ੍ਹਾਂ ਯੁੱਧ ਮੁਜਰਿਮ ਹਨ ਜਾਂ ਗੰਭੀਰ ਯੁੱਧ ਜੁਰਮਾਂ 'ਚ ਸ਼ਾਮਿਲ ਹਨ।"

ਅਮਰੀਕਾ ਸਮੇਤ ਪੱਛਮੀ ਸਾਮਰਾਜੀ ਸਰਪ੍ਰਸਤੀ ਨਾਲ ਕੀਤੀ ਜਾ ਰਹੀ ਇਸ ਨਸਲਕੁਸ਼ੀ ਦਾ ਅਜੋਕਾ ਚਿਹਰਾ ਐਨਾ ਕਰੂਰ ਹੈ ਕਿ ਸੰਯੁਕਤ ਰਾਸ਼ਟਰ ਦੇ ਮੰਚ ਉੱਪਰ ਤੁਰੰਤ ਯੁੱਧਬੰਦੀ ਦੀ ਮੰਗ ਲਗਾਤਾਰ ਉੱਠ ਰਹੀ ਹੈ। ਯੂ.ਐਨ ਦੇ ਜਨਰਲ ਸਕੱਤਰ ਐਂਤੋਨੀਓ ਗੁਟੇਰੇਜ਼ ਨੂੰ ਵੀ ਹਮਾਸ ਦੇ ਹਮਲੇ ਪਿੱਛੇ ਕੰਮ ਕਰਦੇ ਕਾਰਨਾਂ ਅਤੇ ਤੱਥਾਂ ਦੀ ਗੱਲ ਇਹ ਕਹਿ ਕੇ ਕਰਨੀ ਪਈ ਕਿ ਹਮਾਸ ਦੇ ਹਮਲੇ 'ਖ਼ਲਾਅ 'ਚ ਨਹੀਂ ਹੋਏ ਹਨ'। ਇਸ ਬਿਆਨ ਨਾਲ ਪੱਛਮੀ ਗੁੱਟ ਅਤੇ ਉਨ੍ਹਾਂ ਦੇ ਪਾਲਤੂ ਇਜ਼ਰਾਈਲੀ ਨਸਲਵਾਦੀ ਹੁਕਮਰਾਨ ਐਨਾ ਔਖਲਾ ਗਏ ਕਿ ਗੁਟੇਰੇਜ਼ ਦੇ ਬਿਆਨ ਨੂੰ 'ਸ਼ਰਮਨਾਕ' ਕਰਾਰ ਦੇ ਕੇ ਉਸ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਹਨ। ਗੁਟੇਰੇਜ਼ ਵੱਲੋਂ ਇਹ ਸਟੈਂਡ ਲਏ ਜਾਣ ਪਿੱਛੇ ਕੀ ਗਿਣਤੀਆਂ-ਮਿਣਤੀਆਂ ਅਤੇ ਹਿਤ ਕੰਮ ਕਰਦੇ ਹਨ, ਇਹ ਵੱਖਰਾ ਸਵਾਲ ਹੈ ਪਰ ਇਜ਼ਰਾਈਲ ਅਤੇ ਇਸ ਦੇ ਪੱਛਮੀ ਸਾਮਰਾਜੀ ਬੌਸਾਂ ਨੂੰ ਸੰਯੁਕਤ ਰਾਸ਼ਟਰ 'ਚ ਓਨਾ ਚਿਰ ਹੀ 'ਨਿਰਪੱਖਤਾ ਅਤੇ ਨੈਤਿਕਤਾ' ਨਜ਼ਰ ਆਉਂਦੀ ਹੈ ਜਦੋਂ ਤੱਕ ਇਹ ਆਲਮੀ ਸੰਸਥਾ ਸਾਮਰਾਜੀ ਹਿਤਾਂ ਦਾ ਸੰਦ ਬਣ ਕੇ ਨਹੱਕੇ ਯੁੱਧਾਂ ਅਤੇ ਧਾੜਵੀ ਹਮਲਿਆਂ ਨੂੰ ਵਾਜਬੀਅਤ ਮੁਹੱਈਆ ਕਰਦੀ ਰਹਿੰਦੀ ਹੈ ਜਾਂ ਸਾਮਰਾਜੀਆਂ ਦੇ ਜੰਗੀ ਜੁਰਮਾਂ ਪ੍ਰਤੀ ਖ਼ਾਮੋਸ਼ ਦਰਸ਼ਕ ਬਣੀ ਰਹਿੰਦੀ ਹੈ। ਗੁਟੇਰੇਜ਼ ਨੇ ਫ਼ਲਸਤੀਨ-ਇਜ਼ਰਾਈਲ ਟਕਰਾਅ ਦੀ ਮੂਲ ਵਜ੍ਹਾ ਵੱਲ ਉਂਗਲ ਕਰ ਦਿੱਤੀ ਤਾਂ ਇਜ਼ਰਾਈਲੀ ਹੁਕਮਰਾਨਾਂ ਨੇ ਚੀਕ-ਚਿਹਾੜਾ ਪਾਉਣਾ ਸ਼ੁਰੂ ਕਰ ਦਿੱਤਾ ਕਿ 'ਸੰਯੁਕਤ ਰਾਸ਼ਟਰ ਅਸਫ਼ਲ ਹੋ ਰਿਹਾ ਹੈ'। ਅਮਰੀਕੀ ਹੁਕਮਰਾਨ ਇਸ ਵਿਵਾਦ ਉੱਪਰ




ਸ਼ਾਤਰਾਨਾ ਚੁੱਪ ਧਾਰ ਕੇ ਤਮਾਸ਼ਾ ਦੇਖ ਰਹੇ ਹਨ ਜਦਕਿ ਬਰਤਾਨੀਆ ਨੇ ਗੁਟੇਰੇਜ਼ ਦੇ ਬਿਆਨ ਦੀ ਆਲੋਚਨਾ ਕਰਦੇ ਹੋਏ ਉਸ ਵੱਲੋਂ ਦਿੱਤੇ ਸਪਸ਼ਟੀਕਰਨ ਨੂੰ ਨਾਕਾਫ਼ੀ ਕਰਾਰ ਦਿੱਤਾ ਹੈ।

ਉਂਞ ਫ਼ਲਸਤੀਨ ਦੇ ਸਵਾਲ ਉੱਪਰ ਸੰਯੁਕਤ ਰਾਸ਼ਟਰ ਦੀ ਭੂਮਿਕਾ ਹਮਦਰਦੀ ਦੇ ਢੌਂਗ ਤੋਂ ਸਿਵਾਇ ਕੁਝ ਨਹੀਂ ਹੈ। ਸੰਯੁਕਤ ਰਾਸ਼ਟਰ ਨੇ 1947 'ਚ ਇਸ 'ਝਗੜੇ' ਦੇ ਹੱਲ ਲਈ ਦੋ ਮੁਲਕ ਬਣਾਏ ਜਾਣ ਦਾ ਮਤਾ ਪਾਸ ਕੀਤਾ ਸੀ। ਹੁਣ ਵੀ ਸੰਯੁਕਤ ਰਾਸ਼ਟਰ ਅਤੇ ਪੱਛਮੀ ਗੁੱਟ 'ਦੋ ਸਟੇਟ ਹੱਲ' ਦੀ ਗੱਲ ਤਾਂ ਕਰਦਾ ਹੈ ਪਰ ਇਸ ਬਾਰੇ ਚੁੱਪ ਹੈ ਕਿ ਫ਼ਲਸਤੀਨ ਦੀ ਜ਼ਮੀਨ ਉੱਪਰ ਕਬਜ਼ਾ ਕਰਕੇ ਇਜ਼ਰਾਈਲ ਮੁਲਕ ਤਾਂ ਬਣ ਗਿਆ ਪਰ ਦੂਜਾ ਮੁਲਕ ਫ਼ਲਸਤੀਨ ਕਿੱਥੇ ਹੈ।

ਫ਼ਲਸਤੀਨੀ ਬੇਹੱਦ ਸੀਮਤ ਵਸੀਲਿਆਂ ਨਾਲ ਬੇਮੇਚੀ ਲੜਾਈ ਲੜ ਰਹੇ ਹਨ ਅਤੇ ਬਹੁਤ ਹੀ ਹੌਸਲੇ ਤੇ ਬਹਾਦਰੀ ਨਾਲ ਇਸ ਨਸਲਕੁਸ਼ੀ ਤੇ ਸਾਮਰਾਜੀ ਚਾਲਾਂ ਦਾ ਟਾਕਰਾ ਕਰ ਰਹੇ ਹਨ।

ਦੁਨੀਆ ਵੀ ਚੁੱਪ ਨਹੀਂ ਹੈ। ਇਸ ਨਸਲਕੁਸ਼ੀ ਨੂੰ ਰੋਕਣ ਲਈ ਲੰਦਨ, ਆਇਰਲੈਂਡ, ਸਕਾਟਲੈਂਡ, ਜਰਮਨੀ, ਇਟਲੀ, ਫਰਾਂਸ, ਸਪੇਨ, ਤੁਰਕੀ, ਡੈਨਮਾਰਕ, ਸਵੀਡਨ, ਇੰਡੋਨੇਸ਼ੀਆ, ਦੱਖਣੀ ਕੋਰੀਆ, ਕੈਨੇਡਾ, ਅਮਰੀਕਾ ਅਤੇ ਦੁਨੀਆ ਦੇ ਹੋਰ ਹਿੱਸਿਆਂ 'ਚ ਜ਼ੋਰਦਾਰ ਮੁਜ਼ਾਹਰੇ ਹੋਏ ਹਨ ਅਤੇ ਹੋ ਰਹੇ ਹਨ। ਫ਼ਲਸਤੀਨੀਆਂ ਨਾਲ ਇਕਮੁੱਠਤਾ ਪ੍ਰਗਟਾਈ ਜਾ ਰਹੀ ਤੇ ਨਸਲਕੁਸ਼ੀ ਬੰਦ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

ਮਲੇਸ਼ੀਆ ਵਿਚ ਵੱਡੀ ਗਿਣਤੀ 'ਚ ਪ੍ਰਦਰਸ਼ਨਕਾਰੀਆਂ ਨੇ ਕੁਆਲਾਲੰਪੁਰ ਵਿਚ ਅਮਰੀਕੀ ਸਫ਼ਾਰਤਖ਼ਾਨੇ ਦੇ ਬਾਹਰ ਨਾਅਰੇਬਾਜ਼ੀ ਕੀਤੀ। ਇਸਤਾਂਬੁਲ (ਤੁਰਕੀ) ਵਿਚ ਹਜ਼ਾਰਾਂ ਲੋਕਾਂ ਦੀ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਨੇ ਕਿਹਾ ਕਿ ਇਜ਼ਰਾਈਲ ਨਜਾਇਜ਼ ਕਾਬਜ਼ ਹੈ ਅਤੇ ਹਮਾਸ 'ਦਹਿਸ਼ਤਵਾਦੀ' ਨਹੀਂ ਹੈ। ਨਿਊਜ਼ੀਲੈਂਡ ਦੀ ਰਾਜਧਾਨੀ ਵਲਿੰਗਟਨ ਵਿਚ ਹਜ਼ਾਰਾਂ ਲੋਕਾਂ ਨੇ ਫ਼ਲਸਤੀਨ ਦੇ ਝੰਡੇ ਅਤੇ 'ਫਰੀ ਫ਼ਲਸਤੀਨ' ਵਾਲੀਆਂ ਤਖ਼ਤੀਆਂ ਫੜ ਕੇ ਸੰਸਦ ਭਵਨ ਵੱਲ ਮਾਰਚ ਕੀਤਾ। ਪੈਰਿਸ ਵਿਚ ਦਸ ਹਜ਼ਾਰ ਲੋਕ ਫ਼ਲਸਤੀਨ ਨਾਲ ਇਕਜੁੱਟਤਾ ਰੈਲੀ ਵਿਚ ਇਕੱਠੇ ਹੋਏ। ਫ੍ਰੈਂਚ ਅਤੇ ਫਲਸਤੀਨੀ ਪਰਵਾਸੀ ਜਥੇਬੰਦੀਆਂ ਦੇ ਨਾਲ-ਨਾਲ ਪਾਰਟੀਜ਼ਨ ਸਮੇਤ ਤੁਰਕੀ ਦੀਆਂ ਇਨਕਲਾਬੀ ਅਤੇ ਜਮਹੂਰੀ ਜਥੇਬੰਦੀਆਂ ਨੇ ਰੈਲੀ ਦੀ ਹਮਾਇਤ ਕੀਤੀ। ਐਂਟੀ-ਇੰਪੀਰੀਅਲਿਸਟ ਐਕਸ਼ਨ ਆਇਰਲੈਂਡ ਨੇ ਬਿਆਨ ਜਾਰੀ ਕਰ ਕੇ ਫ਼ਲਸਤੀਨੀ ਕੌਮੀ ਟਾਕਰੇ ਨਾਲ ਇਕਮੁੱਠਤਾ ਪ੍ਰਗਟਾਈ ਅਤੇ ਅਲ-ਅਕਸਾ ਫਲੱਡ ਓਪਰੇਸ਼ਨ ਦੇ ਹੱਕ 'ਚ ਮਜ਼ਬੂਤੀ ਨਾਲ ਸਟੈਂਡ ਲਿਆ। ਆਇਰਲੈਂਡ ਵਿਚ ਫ਼ਲਸਤੀਨ ਦੀ ਹਮਾਇਤ 'ਚ ਵੱਡੇ-ਵੱਡੇ ਪ੍ਰਦਰਸ਼ਨ ਹੋਏ। ਕਾਰਕੁਨਾਂ ਨੇ ਫ਼ਲਸਤੀਨ ਦੀ ਹਮਾਇਤ 'ਚ ਪਰਚੇ ਵੰਡੇ ਅਤੇ ਫ਼ਲਸਤੀਨੀ ਝੰਡੇ ਲਹਿਰਾਏ। 11 ਅਕਤੂਬਰ ਨੂੰ ਪ੍ਰਦਰਸ਼ਨਕਾਰੀਆਂ ਨੇ ਓਕੋਨੋਲੀ ਸਟਰੀਟ ਬਰਿੱਜ ਉੱਪਰ ਜਾਮ ਲਾ ਕੇ ਡਬਲਿਨ ਵਿਚ ਮਾਰਚ ਕੀਤਾ। 14 ਅਕਤੂਬਰ ਨੂੰ ਡਬਲਿਨ ਦੀ ਮੁੱਖ ਸੜਕ ਤੋਂ ਲੈ ਕੇ ਇਜ਼ਰਾਈਲ ਦੇ ਸਫ਼ਾਰਤਖ਼ਾਨੇ ਤੱਕ ਜ਼ਬਰਦਸਤ ਨਾਅਰੇ ਲਾਉਂਦੇ ਹੋਏ ਵੱਡਾ ਮੁਜ਼ਾਹਰਾ ਹੋਇਆ। ਇਸੇ ਤਰ੍ਹਾਂ 21 ਅਕਤੂਬਰ ਨੂੰ ਡਬਲਿਨ ਅਤੇ ਹੋਰ ਕਈ ਸ਼ਹਿਰਾਂ ਵਿਚ ਜ਼ੋਰਦਾਰ ਮੁਜ਼ਾਹਰੇ ਕੀਤੇ ਗਏ। ਦਹਿ-ਹਜ਼ਾਰਾਂ ਫ਼ਲਸਤੀਨ ਪੱਖੀ ਪ੍ਰਦਰਸ਼ਨਕਾਰੀਆਂ ਨੇ ਫ਼ਲਸਤੀਨੀ ਝੰਡੇ ਅਤੇ 'ਨਦੀ ਤੋਂ ਸਮੁੰਦਰ ਤੱਕ, ਫ਼ਲਸਤੀਨ ਆਜ਼ਾਦ ਹੋਵੇਗਾ' ਦੇ ਬੈਨਰ ਚੁੱਕ ਕੇ ਸੈਂਟਰਲ ਲੰਡਨ ਵਿਚ ਮੁਜ਼ਾਹਰਾ ਕਰ ਕੇ ਤੁਰੰਤ ਜੰਗਬੰਦੀ ਦੀ ਮੰਗ ਕੀਤੀ। ਇਹ ਹਫ਼ਤੇ ਦੇ ਅੰਤ 'ਚ ਬਰਤਾਨਵੀ ਰਾਜਧਾਨੀ ਵਿਚ ਫ਼ਲਸਤੀਨੀ ਦੇ ਹੱਕ 'ਚ ਤੀਜੀ ਵੱਡੀ ਰੈਲੀ ਸੀ। ਇੱਥੇ ਨੌਂ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਨ੍ਹਾਂ ਵਿਚੋਂ ਕੁਝ ਨੂੰ ਨਫ਼ਰਤ ਦਾ ਸ਼ੱਕੀ ਜੁਰਮ ਮੰਨਿਆ ਜਾ ਰਿਹਾ ਹੈ। ਗਾਜ਼ਾ ਅਤੇ ਹੋਰ ਫ਼ਲਸਤੀਨੀ ਇਲਾਕਿਆਂ ਉੱਪਰ ਹਮਲਿਆਂ ਵਿਰੁੱਧ ਸੈਂਕੜੇ ਲੋਕਾਂ ਨੇ ਰੋਮ ਦੇ ਸਭ ਤੋਂ ਗਹਿਮਾ-ਗਹਿਮੀ ਵਾਲੇ ਚੌਕ ਵਿਚ ਫ਼ਲਸਤੀਨੀ ਦੇ ਝੰਡੇ ਲਹਿਰਾਉਂਦੇ ਹੋਏ ਫ਼ਲਸਤੀਨੀਆਂ ਨਾਲ ਇਕਮੁੱਠਤਾ ਪ੍ਰਗਟਾਈ। ਕੋਲੰਬੀਆ ਦੇ ਮੇਡੇਲਿਨ ਸ਼ਹਿਰ ਵਿਚ ਡੇਢ ਸੌ ਲੋਕਾਂ ਨੇ ਫ਼ਲਸਤੀਨ ਦੇ ਹੱਕ 'ਚ ਮਾਰਚ ਕੀਤਾ। ਵੱਖ-ਵੱਖ ਇਨਕਲਾਬੀ ਅਤੇ ਜਮਹੂਰੀ ਗਰੁੱਪ ਵੀ ਫਲਸਤੀਨ ਦੀ ਮੌਜੂਦਾ ਹਾਲਤ ਬਾਰੇ ਵਿਚਾਰ ਕਰਨ ਲਈ ਇਕ ਮੰਚ 'ਤੇ ਇਕੱਠੇ ਹੋਏ।

ਬਰਤਾਨੀਆ ਵਿਚ 'ਵਰਕਰਜ਼ ਫਾਰ ਅ ਫਰੀ ਫਲਸਤੀਨ' ਦੇ ਝੰਡੇ ਹੇਠ ਇਕਜੁੱਟ ਹੋ ਕੇ ਯੂਨਾਈਟ, ਯੂਨੀਸਨ, ਜੀ.ਐੱਮ.ਬੀ., ਐੱਨ.ਈ.ਯੂ., ਬੀ.ਐੱਮ.ਏ., ਯੂ.ਸੀ.ਯੂ., ਬੀਈਸੀਟੂਯੂ ਅਤੇ ਬੀ.ਐਫ.ਏ.ਡਬਲਿਊ.ਯੂ. ਦੇ ਮੈਂਬਰਾਂ ਨੇ ਬੀ.ਏ.ਯੂ. ਸਿਸਟਮਜ਼ ਨਾਲ ਸਬੰਧਤ ਫੈਕਟਰੀ ਦਾ ਕੰਮ ਬੰਦ ਕਰਵਾ ਕੇ ਗਾਜ਼ਾ ਉੱਪਰ ਬੰਬਾਰੀ ਦਾ ਵਿਰੋਧ ਕੀਤਾ ਅਤੇ ਤੁਰੰਤ ਯੁੱਧਬੰਦੀ ਦੀ ਮੰਗ ਕੀਤੀ। ਬੀ.ਏ.ਯੂ. ਸਿਸਟਮਜ਼ ਬਰਤਾਨੀਆ ਦਾ ਸਭ ਤੋਂ ਵੱਡੀ ਹਥਿਆਰ ਨਿਰਮਾਤਾ ਕੰਪਨੀ ਹੈ ਜੋ ਇਜ਼ਰਾਈਲ ਦੇ ਐਫ-35 ਲੜਾਕੂ ਜਹਾਜ਼ਾਂ ਲਈ ਪੁਰਜੇ ਬਣਾਉਂਦੀ ਹੈ।

ਭਾਰਤ ਦੇ ਦੱਖਣੀ ਸੂਬੇ ਕੇਰਲ 'ਚ 100,000 ਲੋਕਾਂ ਨੇ ਫ਼ਲਸਤੀਨ ਨਾਲ ਇਕਮੁੱਠਤਾ ਰੈਲੀ ਕੀਤੀ। ਭਾਰਤ ਦੀਆਂ ਖੱਬੀਆਂ ਪਾਰਟੀਆਂ ਵੱਲੋਂ ਵੀ ਹੋਰ ਥਾਵਾਂ ਉੱਪਰ ਵੱਡੇ ਪ੍ਰਦਰਸ਼ਨ ਕੀਤੇ ਜਾਣ ਦੀਆਂ ਰਿਪੋਰਟਾਂ ਹਨ। ਪੰਜਾਬ ਵਿਚ ਵੀ ਮਜ਼ਦੂਰ, ਕਿਸਾਨ ਅਤੇ ਜਮਹੂਰੀ ਜਥੇਬੰਦੀਆਂ ਵੱਲੋਂ ਵੀ ਫ਼ਲਸਤੀਨ ਦੀ ਹਮਾਇਤ 'ਚ ਬਹੁਤ ਸਾਰੇ ਵਿਰੋਧ ਪ੍ਰਦਰਸ਼ਨ ਕੀਤੇ ਗਏ ਹਨ। ਸੰਘ ਬ੍ਰਿਗੇਡ ਇਨ੍ਹਾਂ ਆਵਾਜ਼ਾਂ ਨੂੰ ਹਰ ਹਰਬਾ ਵਰਤ ਕੇ ਦਬਾਉਣ 'ਤੇ ਤੁਲਿਆ ਹੋਇਆ ਹੈ। ਉੱਤਰ ਪ੍ਰਦੇਸ਼ (ਭਾਰਤ) ਵਿਚ ਇਕ ਮੁਸਲਿਮ ਧਾਰਮਿਕ ਆਗੂ ਨੂੰ ਫ਼ਲਸਤੀਨ ਦੀ ਹਮਾਇਤ ਕਾਰਨ 'ਨਫ਼ਰਤ ਫੈਲਾਉਣ' ਲਈ ਗ੍ਰਿਫ਼ਤਾਰ ਕੀਤਾ ਗਿਆ ਅਤੇ ਚਾਰ ਵਿਦਿਆਰਥੀਆਂ ਨੂੰ ਫ਼ਲਸਤੀਨ ਪੱਖੀ ਸਮਾਗਮ ਜਥੇਬੰਦ ਕਰਨ ਲਈ ਗ੍ਰਿਫ਼ਤਾਰ ਕੀਤਾ ਗਿਆ। ਦਿੱਲੀ ਵਿਚ ਵਿਦਿਆਰਥੀਆਂ, ਅਧਿਆਪਕਾਂ ਤੇ ਬੁੱਧੀਜੀਵੀਆਂ ਵੱਲੋਂ ਫ਼ਲਸਤੀਨ ਦੇ ਹੱਕ 'ਚ ਰੈਲੀ ਕਰਨ ਵਾਲੇ 60 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਮੁੰਬਈ ਵਿਚ ਫ਼ਲਸਤੀਨ ਨਾਲ ਇਕਮੁੱਠਤਾ ਮਾਰਚ ਹੋਇਆ ਅਤੇ ਇਜ਼ਰਾਈਲੀ ਝੰਡੇ ਦਾ ਅਪਮਾਨ ਕਰਨ ਲਈ ਚਾਰ ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਇੰਡੋ-ਕੈਨੇਡੀਅਨ ਕਵਿਤਰੀ ਰੂਪੀ ਕੌਰ ਨੇ ਜੋਅ ਬਾਇਡਨ ਹਕੂਮਤ ਦਾ ਦੀਵਾਲੀ ਸਮਾਗਮ ਦਾ ਸੱਦਾ ਠੁਕਰਾ ਕੇ ਦੁਨੀਆ ਦੇ ਲੋਕਾਂ ਨੂੰ ਇਕ ਸੰਦੇਸ਼ ਦਿੱਤਾ ਹੈ ਕਿ ਅਜਿਹੇ ਨਹੱਕੇ ਯੁੱਧਾਂ ਸਮੇਂ ਸਾਨੂੰ ਕਿਸ ਤਰ੍ਹਾਂ ਦੀ ਸੰਵੇਦਨਸ਼ੀਲਤਾ ਦਿਖਾਉਣੀ ਚਾਹੀਦੀ ਹੈ। ਲਹੂ ਲਿਬੜੇ ਜਬਾੜਿਆਂ ਵਾਲੇ ਹੁਕਮਰਾਨਾਂ ਦੇ ਜਸ਼ਨੀ ਸਮਾਗਮਾਂ ਦਾ ਹਿੱਸਾ ਬਣਨ ਦੀ ਬਜਾਏ ਮਜ਼ਲੂਮਾਂ ਲਈ ਹਾਅ ਦਾ ਨਾਅਰਾ ਮਾਰਨ ਦਾ ਜੇਰਾ ਕਰਨਾ ਹੀ ਇਨਸਾਨੀਅਤ ਦਾ ਫ਼ਰਜ਼ ਹੈ। ਰੂਪੀ ਕੌਰ ਨੇ ਆਪਣੇ ਟਵੀਟ ਵਿਚ ਲਿਖਿਆ, 'ਮੈਨੂੰ 8 ਨਵੰਬਰ ਨੂੰ ਉਪ ਰਾਸ਼ਟਰਪਤੀ ਵੱਲੋਂ ਆਯੋਜਤ ਦੀਵਾਲੀ ਸਮਾਗਮ ਦੇ ਲਈ ਬਾਇਡਨ ਪ੍ਰਸ਼ਾਸਨ ਤੋਂ ਸੱਦਾ ਆਇਆ। ਮੈਂ ਅਜਿਹੀ ਸੰਸਥਾ ਦੇ ਕਿਸੇ ਵੀ ਸੱਦੇ ਨੂੰ ਨਾ-ਮਨਜ਼ੂਰ ਕਰਦੀ ਹਾਂ ਜੋ ਘਿਰੀ ਹੋਈ ਨਾਗਰਿਕ ਆਬਾਦੀ - ਜਿਨ੍ਹਾਂ ਵਿਚ 50 ਫ਼ੀਸਦੀ ਤੋਂ ਵੱਧ ਬੱਚੇ ਹਨ - ਨੂੰ ਸਮੂਹਿਕ ਸਜ਼ਾ ਦਿੱਤੇ ਜਾਣ ਦੀ ਹਮਾਇਤੀ ਹੈ। ... ਬਤੌਰ ਭਾਈਚਾਰਾ ਅਸੀਂ ਮੇਜ਼ ਉੱਪਰ ਮਹਿਜ਼ ਇਕ ਸੀਟ ਲੈਣ ਲਈ ਖ਼ਾਮੋਸ਼ ਨਹੀਂ ਰਹਿ ਸਕਦੇ ਜਾਂ ਸਹਿਮਤੀ ਨਹੀਂ ਦੇ ਸਕਦੇ।' ਰੂਪੀ ਕੌਰ ਲਈ ਪ੍ਰੇਰਨਾ ਦੀਵਾਲੀ ਨੂੰ 'ਬੰਦੀ ਛੋੜ ਦਿਵਸ' ਵਜੋਂ ਲੈਣ ਅਤੇ ਦਾਬੇ ਵਿਰੁੱਧ ਆਜ਼ਾਦੀ ਲਈ ਜੂਝਣ ਦੀ ਸਿੱਖ ਪਰੰਪਰਾ ਹੈ। ਉਸ ਨੇ ਨਿਆਂ ਲਈ ਆਵਾਜ਼ ਉਠਾਉਣ ਦਾ ਇਖ਼ਲਾਕੀ ਫ਼ਰਜ਼ ਨਿਭਾਉਣ ਦਾ ਰਾਹ ਚੁਣ ਕੇ ਸਭ ਨੂੰ ਪਟੀਸ਼ਨਾਂ 'ਤੇ ਦਸਤਖ਼ਤ ਕਰਨ, ਵਿਰੋਧ ਪ੍ਰਦਰਸ਼ਨਾਂ ਵਿਚ ਸ਼ਾਮਲ ਹੋਣ, ਬਾਈਕਾਟ ਕਰਨ ਅਤੇ ਆਪਣੀਆਂ ਸਰਕਾਰਾਂ ਦੇ ਨੁਮਾਇੰਦਿਆਂ ਉੱਪਰ 'ਨਸਲਕੁਸ਼ੀ ਬੰਦ ਕਰੋ' ਦੀ ਮੰਗ ਕਰਨ ਲਈ ਦਬਾਅ ਪਾਉਣ ਦਾ ਹੋਕਾ ਦਿੱਤਾ ਹੈ।

ਉਮੀਦ ਹੈ ਕਿ ਆਉਣ ਵਾਲੇ ਦਿਨਾਂ 'ਚ ਫ਼ਲਸਤੀਨ ਦੇ ਹੱਕ 'ਚ ਹੋਰ ਵੀ ਜ਼ੋਰਦਾਰ ਅਤੇ ਵਿਆਪਕ ਆਵਾਜ਼ ਉੱਠੇਗੀ ਅਤੇ ਫ਼ਲਸਤੀਨੀਆਂ ਦੇ ਖ਼ੂਨ ਦੇ ਤਿਹਾਏ ਇਜ਼ਰਾਈਲੀ ਨਸਲਵਾਦੀਆਂ ਨੂੰ ਪਿੱਛੇ ਹਟਣਾ ਪਵੇਗਾ। ਇਸ ਲਈ, ਹਰ ਜਾਗਦੀ ਜ਼ਮੀਰ ਵਾਲੇ ਇਨਸਾਨ ਨੂੰ ਆਪਣੇ ਨੇੜੇ-ਤੇੜੇ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਦਾ ਹਿੱਸਾ ਬਣ ਕੇ ਅਮਰੀਕਨ-ਇਜ਼ਰਾਈਲੀ ਹੁਕਮਰਾਨਾਂ ਦੇ ਘਿਨਾਉਣੇ ਮਨਸੂਬਿਆਂ ਵਿਰੁੱਧ ਮਜ਼ਲੂਮ ਧਿਰ ਨਾਲ ਖੜ੍ਹਨਾ ਚਾਹੀਦਾ ਹੈ।

# ਮਹਾਂਨਗਰਾਂ ਅਤੇ ਵਿਕਾਸ ਦੀ ਮਾਰ

ਦਹਾਕਿਆਂ ਤੋਂ ਕੌਮੀ ਰਾਜਧਾਨੀ ਖੇਤਰ (ਐਨ.ਸੀ.ਆਰ.) ਜਿਸ ਵਿਚ ਦਿੱਲੀ ਅਤੇ ਲਾਗਲੇ ਸ਼ਹਿਰ ਜਿਵੇਂ ਗੁੜਗਾਉਂ, ਨੋਇਡਾ ਆਦਿ ਸ਼ਾਮਲ ਹਨ, ਉਸਾਰੀ ਦਾ ਖ਼ਾਸ ਖੇਤਰ ਰਿਹਾ ਹੈ। ਬੀਤੇ 15 ਸਾਲਾਂ ਦੌਰਾਨ ਇਥੇ ਦੁਨੀਆ ਦੇ ਸਭ ਤੋਂ ਵੱਡੇ ਹਵਾਈ ਅੱਡਿਆਂ ਵਿਚ ਸ਼ੁਮਾਰ ਹਵਾਈ ਅੱਡੇ ਦੀ ਪੜਾਅਵਾਰ ਉਸਾਰੀ ਕੀਤੀ ਗਈ ਅਤੇ ਨਾਲ ਹੀ ਵਿਸ਼ਾਲ ਮੈਟਰੋ ਨੈੱਟਵਰਕ ਉਸਾਰਿਆ ਗਿਆ। ਲਾਗਲੇ ਸ਼ਹਿਰਾਂ ਵਿਚ ਰਿਹਾਇਸ਼ੀ ਅਤੇ ਦਫ਼ਤਰੀ ਟਾਵਰ ਤਾਮੀਰ ਹੋ ਗਏ ਹਨ ਅਤੇ ਇਨ੍ਹਾਂ ਨੂੰ ਜੋੜਨ ਲਈ ਐਕਸਪ੍ਰੈੱਸ ਵੇਅਜ਼ ਅਤੇ ਮੈਟਰੋ ਲਿੰਕਸ ਬਣਾਏ ਗਏ ਹਨ। ਇਸ ਦੌਰਾਨ ਉਚਾਈ-ਰਕਬਾ ਅਨੁਪਾਤ ਦੇ ਨਿਯਮਾਂ ਨੇ ਮੌਜੂਦਾ ਇਕਹਿਰੀਆਂ ਰਿਹਾਇਸ਼ਾਂ ਨੂੰ ਬਹੁ-ਮੰਜ਼ਿਲਾ ਅਪਾਰਟਮੈਂਟਸ ਵਿਚ ਬਦਲਣ ਦਾ ਰਾਹ ਸੌਖਾ ਕਰ ਦਿੱਤਾ ਹੈ। ਅਸਲ ਵਿਚ, ਘਣਤਾ ਵਿਚ ਹੋ ਰਹੇ ਵਾਧੇ ਕਾਰਨ ਨਵੇਂ ਫਲਾਈਓਵਰ ਅਤੇ ਓਵਰਹੈੱਡ ਕ੍ਰਾਸ ਸਿਟੀ ਫ੍ਰੀਵੇਅਜ਼ ਵੀ ਵਧਦੀ ਆਬਾਦੀ ਅਤੇ ਟਰੈਫਿਕ ਸਮੱਸਿਆ ਨਾਲ ਸਿੱਝਣ ਵਿਚ ਨਾਕਾਮ ਰਹੇ ਹਨ। ਇਥੋਂ ਤੱਕ ਕਿ ਸ਼ਹਿਰ ਦਾ ਆਪਣੀ ਮਾੜੀ ਹਵਾ ਕਾਰਨ ਦਮ ਘੁਟ ਰਿਹਾ ਹੈ।

ਟੀ.ਐਨ. ਨੈਨਾਨ

ਹੁਣ ਇਸ ਮਾਮਲੇ ਵਿਚ ਮੁੰਬਈ ਦੀ ਵਾਰੀ ਹੈ। ਦੇਸ਼ ਦੀ ਆਰਥਿਕ ਰਾਜਧਾਨੀ ਵਜੋਂ ਜਾਣੇ ਜਾਂਦੇ ਇਸ ਸ਼ਹਿਰ ਨੇ ਪਛੜ ਕੇ ਸ਼ੁਰੂ ਹੋਈ ਆਪਣੇ ਬੁਨਿਆਦੀ ਢਾਂਚੇ ਦੀ ਉਸਾਰੀ ਅਤੇ ਇਸ ਦੇ ਨਾਲ ਹੀ ਰੀਅਲ ਅਸਟੇਟ ਦੀਆਂ ਉਸਾਰੀਆਂ ਵਿਚ ਆਈ ਤੇਜ਼ੀ ਸਦਕਾ ਇਸ ਮਾਮਲੇ ਵਿਚ ਦਿੱਲੀ ਨੂੰ ਪਿਛਾਂਹ ਛੱਡ ਦਿੱਤਾ ਹੈ। ਕੁੱਲ ਮਿਲਾ ਕੇ ਤੁਸੀਂ ਸ਼ਹਿਰ ਵਿਚ ਭਾਵੇਂ ਕਿਤੇ ਵੀ ਜਾਓ, ਤੁਹਾਨੂੰ ਵੱਡੀਆਂ ਵੱਡੀਆਂ ਉਸਾਰੀ ਮਸ਼ੀਨਾਂ ਮਿੱਟੀ ਦੇ ਟਿੱਲੇ ਪੁੱਟਦੀਆਂ ਤੇ ਖੁਦਾਈ ਕਰਦੀਆਂ ਦਿਖਾਈ ਦੇਣਗੀਆਂ। ਇਸੇ ਤਰ੍ਹਾਂ ਮੈਟਰੋ ਲਾਈਨਾਂ ਅਤੇ ਓਵਰਹੈੱਡ ਸੜਕਾਂ ਦੀ ਕੀਤੀ ਉਸਾਰੀ ਦੇਖੀ ਜਾ ਸਕਦੀ ਹੈ; ਸੁਰੰਗਾਂ ਪੁੱਟਣ ਦਾ ਕੰਮ ਵੀ ਲਗਾਤਾਰ ਚੱਲ ਰਿਹਾ ਹੈ ਜਿਹੜੀਆਂ ਜ਼ਮੀਨ ਦੇ ਹੇਠੋਂ ਸ਼ਹਿਰ ਨੂੰ ਵੱਖੋ-ਵੱਖ ਦਿਸ਼ਾਵਾਂ ਵਿਚ ਵੰਡ ਕੇ ਕੱਟ ਦੇਣਗੀਆਂ। ਇਸ ਦੀ ਕੀਮਤ ਉਸਾਰੀ ਕਾਰਜਾਂ ਕਾਰਨ ਵਧੇ ਪ੍ਰਦੂਸ਼ਣ ਵਜੋਂ ਚੁਕਾਉਣੀ ਪੈ ਰਹੀ ਹੈ, ਅਜਿਹਾ ਪ੍ਰਦੂਸ਼ਣ ਜਿਹੜਾ ਇਕ ਦਿਨ ਦਿੱਲੀ ਵਾਲੇ ਪ੍ਰਦੂਸ਼ਣ ਨੂੰ ਵੀ ਮਾਤ ਪਾ ਜਾਵੇਗਾ।

ਵਾਅਦਾ ਇਹ ਹੈ ਕਿ ਇਸ ਸਭ ਕਾਸੇ ਨਾਲ ਰਵਾਇਤੀ ਤੌਰ 'ਤੇ ਬੁਨਿਆਦੀ ਆਵਾਜਾਈ ਢਾਂਚੇ ਦੀ ਕਮੀ ਵਾਲੇ ਇਸ ਸ਼ਹਿਰ ਨੂੰ ਬਦਲ ਦਿੱਤਾ ਜਾਵੇਗਾ।

ਉਸਾਰੀਆਂ ਦੇ ਇਸ ਵਿਸ਼ਾਲ ਪੈਮਾਨੇ ਨੇ ਪਹਿਲਾਂ ਦੇ ਅਜਿਹੇ ਪ੍ਰੋਜੈਕਟਾਂ ਜਿਵੇਂ ਵਰਲੀ-ਬਾਂਦਰਾ ਸਮੁੰਦਰੀ ਲਿੰਕ, ਬਾਂਦਰਾ-ਕੁਰਲਾ ਵਿੱਤੀ ਜ਼ਿਲ੍ਹਾ ਅਤੇ ਮੂਲ ਬੈਕਬੇਅ ਵਿਚ ਕੀਤਾ ਗਿਆ ਸੁਧਾਰ ਜਿਸ ਨਾਲ ਨਰੀਮਨ ਪੁਆਇੰਟ ਬਿਜ਼ਨਸ ਜ਼ਿਲ੍ਹੇ ਦਾ ਨਿਰਮਾਣ ਹੋਇਆ, ਆਦਿ ਨੂੰ ਬੌਣੇ ਬਣਾ ਦਿੱਤਾ ਹੈ। ਆਵਾਜਾਈ ਨਾਲ ਸਬੰਧਤ ਪ੍ਰੋਜੈਕਟਾਂ ਤੋਂ ਇਲਾਵਾ ਰੀਅਲ ਅਸਟੇਟ ਪ੍ਰੋਜੈਕਟਾਂ ਦਾ ਘੇਰਾ ਹੋਰ ਵੀ ਵਿਸ਼ਾਲ ਹੈ ਜਿਨ੍ਹਾਂ ਦੇ ਨਰੀਮਨ ਪੁਆਇੰਟ ਤੋਂ ਪੰਜ ਗੁਣਾ ਵੱਡੇ ਹੋਣ ਦਾ ਅੰਦਾਜ਼ਾ ਲਾਇਆ ਜਾਂਦਾ ਹੈ ਅਤੇ ਇਹ 15 ਕਰੋੜ ਵਰਗ ਫੁੱਟ ਰਕਬੇ ਵਿਚ ਫੈਲੇ ਦੱਸੇ ਜਾਂਦੇ ਹਨ। ਸਾਹਿਲੀ ਸੜਕਾਂ ਦੇ ਪ੍ਰੋਜੈਕਟਾਂ ਵਿਚ ਸਮੁੰਦਰ ਤੋਂ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਜ਼ਮੀਨ ਲਈ ਜਾ ਰਹੀ ਹੈ।

ਅਜਿਹਾ ਇਸ ਕਾਰਨ ਕਿਉਂਕਿ ਟਰਾਂਸਪੋਰਟ ਲਿੰਕ ਮਿਲਣ ਨਾਲ ਆਵਾਜਾਈ ਹੋਰ ਵਧਦੀ ਹੈ, ਸ਼ਹਿਰ ਅਤੇ ਮੁੱਖ ਧਰਤੀ ਨੂੰ ਜੋੜਨ ਵਾਲੇ ਬਿਹਤਰ ਸੰਪਰਕ ਮਿਲ ਜਾਂਦੇ ਹਨ, ਜਿਵੇਂ ਗੁੜਗਾਉਂ ਤੇ ਨੋਇਡਾ, ਦਿੱਲੀ ਨਾਲ ਮਿਲ ਕੇ ਵਿਸ਼ਾਲ ਸ਼ਹਿਰੀ ਪਸਾਰ ਬਣਾਉਂਦੇ ਹਨ। ਮੁੰਬਈ ਦੇ ਮਾਮਲੇ ਵਿਚ ਮੁੱਖ ਧਰਤੀ ਨਾਲ ਬਿਹਤਰ ਸੰਪਰਕਾਂ ਸਦਕਾ ਜ਼ਮੀਨ ਦੀ ਕਮੀ ਤੋਂ ਬਾਹਰ ਆਉਣ ਵਿਚ ਮਦਦ ਮਿਲੇਗੀ ਜਿਸ ਨੇ ਇਸ ਦੇ ਵਿਕਾਸ ਵਿਚ ਅੜਿੱਕਾ ਪਾਇਆ ਹੈ। ਇਸ ਦੇ ਨਾਲ ਹੀ ਰਿਹਾਇਸ਼ੀ ਪ੍ਰੋਜੈਕਟਾਂ ਅਤੇ ਦਫ਼ਤਰਾਂ ਦੀਆਂ ਉਸਾਰੀਆਂ ਨੂੰ ਮਨਜ਼ੂਰੀਆਂ ਮਿਲਣ ਨਾਲ ਪਹਿਲਾਂ ਹੀ ਬਹੁਤ ਭੀੜ-ਭੜੱਕੇ ਵਾਲੇ ਇਸ ਸ਼ਹਿਰ ਵਿਚ ਆਬਾਦੀ 'ਚ ਹੋਰ ਇਜ਼ਾਫ਼ਾ ਹੋਵੇਗਾ ਜਿਸ ਨਾਲ ਧਾਰਾਵੀ ਝੁੱਗੀ-ਝੌਂਪੜੀ ਬਸਤੀ ਦੇ ਮੁੜ ਵਿਕਾਸ ਦੀ ਵੀ ਸੰਭਾਵਨਾ ਬਣੇਗੀ। ਇਸ ਦੌਰਾਨ ਪਾਣੀ ਦੀ ਸਪਲਾਈ ਅਤੇ ਕੂੜੇ ਦਾ ਨਿਬੇੜਾ ਹੋਰ ਵੀ ਵੱਡੇ ਮਾਮਲੇ ਬਣ ਜਾਣਗੇ।


ਇਹ ਸ਼ਾਇਦ ਸ਼ੁਰੂਆਤ ਹੋਵੇ। ਦਿੱਲੀ ਨੇ 65 ਕਿਲੋਮੀਟਰ ਦੂਰ ਮੇਰਠ ਨਾਲ ਤੇਜ਼ ਰਫ਼ਤਾਰ ਰੇਲ ਲਿੰਕ ਦਾ ਉਦਘਾਟਨ ਦੇਖਿਆ ਤੇ ਅਲਵਰ ਵਰਗੀਆਂ ਥਾਵਾਂ ਸਣੇ ਹੋਰ ਦਿਸ਼ਾਵਾਂ ਵਿਚ ਵੀ ਅਜਿਹੀਆਂ ਲਾਈਨਾਂ ਵਿਛਾਉਣ ਦੀ ਯੋਜਨਾ ਹੈ। ਮੁੰਬਈ ਇਲਾਕੇ ਵਿਚ ਵੀ ਮੁਸਾਫ਼ਿਰ ਪਹਿਲਾਂ ਹੀ ਮੁੰਬਈ, ਠਾਣੇ ਤੇ ਨਵੀਂ ਮੁੰਬਈ ਦਰਮਿਆਨ ਸਫ਼ਰ ਕਰਦੇ ਹਨ। ਇਸ ਕਾਰਨ ਇਸ ਪਾਸੇ ਵੀ ਤੇਜ਼ ਰਫ਼ਤਾਰ ਟਰਾਂਸਪੋਰਟ ਸੰਪਰਕਾਂ ਦੀ ਕਲਪਨਾ ਕੀਤੀ ਜਾ ਸਕਦੀ ਹੈ।

## ਕਤਲੇਆਮ 84 ਅਤੇ ਜਾਂਚ ਕਮਿਸ਼ਨਾਂ ਦੇ ਪਾਪ

# ਸਰਕਾਰੀ ਜਾਂਚਾਂ ਨੇ ਸਚਾਈ ਨੂੰ ਧੁੰਦਲਾ ਕਿਵੇਂ ਕੀਤਾ?-2

***ਨਵੰਬਰ ਦਾ ਪਹਿਲਾ ਹਫਤਾ ਸਿੱਖਾਂ ਲਈ ਬਹੁਤ ਭਿਆਨਕ ਸੁਫਨਾ ਹੋ ਨਿੱਬੜਿਆ ਸੀ। 31 ਅਕਤੂਬਰ ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਅਤੇ ਮੁਲਕ ਦੇ ਕੁਝ ਹੋਰ ਸ਼ਹਿਰਾਂ ਵਿਚ ਸਿੱਖਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਇਸ ਲੰਮੇ ਲੇਖ ਵਿਚ ਉਘੇ ਪੱਤਰਕਾਰ ਹਰਤੋਸ਼ ਸਿੰਘ ਬੱਲ ਨੇ ਉਸ ਵੇਲੇ ਦੇ ਹਾਲਾਤ ਕਲਮਬੱਧ ਕੀਤੇ ਹਨ। ਇਹ ਲਿਖਤ ਤਕਰੀਬਨ ਇਕ ਦਹਾਕਾ ਪੁਰਾਣੀ ਹੈ ਪਰ ਇਸ ਵਿਚ ਦਰਜ ਤੱਥ ਦੱਸਦੇ ਹਨ ਕਿ ਕਿਸ ਤਰ੍ਹਾਂ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਜਾਂਚ ਕਮਿਸ਼ਨਾਂ ਨੇ ਕੀ ਕੁਝ ਕੀਤਾ। ਇਸ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਇਸ ਦੀ ਦੂਜੀ ਕਿਸ਼ਤ ਪੇਸ਼ ਹੈ।***

ਵਕੀਲ ਐਚ.ਐਸ. ਫੂਲਕਾ 1984 ਦੀ ਹਿੰਸਾ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਕਾਨੂੰਨੀ ਲੜਾਈ ਵਿਚ ਸਭ ਤੋਂ ਅੱਗੇ ਰਹੇ ਹਨ। ਜਦੋਂ ਮੈਂ ਉਸ ਨੂੰ ਅਵਤਾਰ ਸਿੰਘ ਗਿੱਲ ਨਾਲ ਹੋਈ ਆਪਣੀ ਗੱਲਬਾਤ ਬਾਰੇ ਦੱਸਿਆ ਤਾਂ ਉਹ ਤੁਰੰਤ ਗੁਰਦੁਆਰਾ ਵੋਟਰ ਸੂਚੀਆਂ ਦੇ ਜ਼ਿਕਰ ਨਾਲ ਸਹਿਮਤ ਹੋ ਗਏ ਜਿਸ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਵੋਟ ਪਾਉਣ ਦੇ ਯੋਗ ਵਿਅਕਤੀਆਂ ਦੇ ਨਾਂ ਸਨ। ਫੂਲਕਾ ਨੇ ਕਿਹਾ, "ਅਸੀਂ ਹਮੇਸ਼ਾ ਸੋਚਦੇ ਸੀ ਕਿ ਸਰਕਾਰੀ ਵੋਟਰ ਸੂਚੀਆਂ ਕਿਸੇ ਸਿੱਖ ਦੀ ਸਿੰਘ ਦੀ ਮਦਦ ਨਾਲ ਬਾਕੀ ਲੋਕਾਂ ਤੋਂ ਅੱਡ ਸ਼ਨਾਖ਼ਤ ਕਰਨ ਲਈ ਕਾਫ਼ੀ ਕਿਵੇਂ ਸਨ।... ਪਰ ਨਿਸ਼ਚੇ ਹੀ ਜਿੰਨੀ ਸੌਖ ਨਾਲ ਸਿੱਖ ਘਰਾਂ ਦੀ ਸ਼ਨਾਖ਼ਤ ਕਰ ਲਈ ਗਈ, ਇਸ ਦੀ ਤਾਂ ਹੀ ਕੋਈ ਤੁਕ ਬਣਦੀ ਹੈ ਜੇ ਗੁਰਦੁਆਰਾ ਵੋਟਰ ਸੂਚੀਆਂ ਉਪਲਬਧ ਸਨ।" ਆਮ ਵੋਟਰ ਸੂਚੀਆਂ ਸਥਾਨਕ ਕਾਂਗਰਸੀ ਆਗੂਆਂ ਦੀ ਪਹੁੰਚ 'ਚ ਹੋ ਸਕਦੀਆਂ ਹਨ ਜਾਂ ਉਹ ਇਨ੍ਹਾਂ ਤੋਂ ਜਾਣੂ ਹੋ ਸਕਦੇ ਹਨ ਪਰ ਹੇਠਲੇ ਪੱਧਰ ਦੇ ਸਿਆਸਤਦਾਨਾਂ ਕੋਲ ਡੀ.ਐਸ.ਜੀ.ਐਮ.ਸੀ.



**ਹਰਤੋਸ਼ ਸਿੰਘ ਬੱਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

(ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ) ਦੀਆਂ ਸੂਚੀਆਂ ਦੀਆਂ ਕਾਪੀਆਂ ਹੋਣ ਦੀ ਕੋਈ ਵਜ੍ਹਾ ਨਹੀਂ ਹੈ, ਇਹ ਚੋਣ ਮੁਹਿੰਮਾਂ 'ਚ ਕਿਸੇ ਕੰਮ ਨਹੀਂ ਆਉਂਦੀਆਂ। ਇਹ ਵੀ ਸਮਝ ਤੋਂ ਬਾਹਰ ਹੈ ਕਿ ਹਿੰਸਾ ਸ਼ੁਰੂ ਹੋਣ ਤੋਂ ਬਾਅਦ ਇਹ ਸੂਚੀਆਂ ਸਥਾਨਕ ਗੁਰਦੁਆਰਿਆਂ ਤੋਂ ਪ੍ਰਾਪਤ ਕੀਤੀਆਂ ਗਈਆਂ। ਹਾਲਾਂਕਿ ਫੂਲਕਾ ਕੋਲ ਇਹ ਮੰਨਣ ਦਾ ਕਾਰਨ ਸੀ ਕਿ ਸੂਚੀਆਂ ਸ਼ਾਸਨ ਦੇ ਉੱਚ ਅਹੁਦੇ ਵਾਲੇ ਲੋਕਾਂ ਲਈ ਉਪਲਬਧ ਸਨ। ਉਸ ਨੇ ਕਿਹਾ, "ਜਦੋਂ ਅਸੀਂ ਮਿਸ਼ਰਾ ਕਮਿਸ਼ਨ ਅੱਗੇ ਪੇਸ਼ ਕਰਨ ਲਈ ਸਮੱਗਰੀ ਇਕੱਠੀ ਕਰ ਰਹੇ ਸੀ ਤਾਂ ਸਾਨੂੰ ਖ਼ੁਫ਼ੀਆ ਵਿਭਾਗ ਦੇ ਕੁਝ ਲੋਕਾਂ ਨੇ ਦੱਸਿਆ ਕਿ ਸਾਕਾ ਨੀਲਾ ਤਾਰਾ ਤੋਂ ਥੋੜ੍ਹਾ ਸਮਾਂ ਪਹਿਲਾਂ ਦਿੱਲੀ ਦੇ ਸਿੱਖਾਂ ਦੇ ਪ੍ਰਤੀਕਰਮ ਦੇ ਡਰੋਂ, ਸਰਕਾਰ ਵੱਲੋਂ ਭਾਈਚਾਰੇ ਬਾਰੇ ਵਿਸਤਾਰਤ ਜਾਣਕਾਰੀ ਇਕੱਠੀ ਕੀਤੀ ਗਈ ਸੀ।... ਬਦਕਿਸਮਤੀ ਨਾਲ ਅਸੀਂ ਕੋਈ ਸੁਤੰਤਰ ਸਬੂਤ ਹਾਸਲ ਕਰਨ ਦੇ ਯੋਗ ਨਹੀਂ ਸੀ।"

ਦਿੱਲੀ ਪੁਲਿਸ ਵੱਲੋਂ ਹਮਲਿਆਂ ਨੂੰ ਹੱਲਾਸ਼ੇਰੀ ਦੇਣ ਦੀ ਜ਼ੋਰਦਾਰ ਪੁਸ਼ਟੀ ਦਿੱਲੀ ਦੇ ਸਭ ਤੋਂ ਪ੍ਰਭਾਵਤ ਇਲਾਕੇ ਤ੍ਰਿਲੋਕਪੁਰੀ ਵਿਚ ਹੋਏ ਕਤਲੇਆਮ ਦਾ ਰਿਕਾਰਡ ਕਰਦਾ ਹੈ। ਇੱਥੇ ਤਿੰਨ ਦਿਨਾਂ 'ਚ ਬਲਾਕ 32 ਵਿਚ ਲੱਗਭੱਗ 250 ਗੁਣਾ 250 ਮੀਟਰ ਦੇ ਖੇਤਰ ਵਿਚ ਤਿੰਨ ਸੌ ਤੋਂ ਵੱਧ ਲੋਕਾਂ ਦਾ ਕਤਲੇਆਮ ਕੀਤਾ ਗਿਆ। ਬਹੁਤ ਸਾਰੀਆਂ ਔਰਤਾਂ ਦਾ ਸਮੂਹਿਕ ਬਲਾਤਕਾਰ ਕੀਤਾ ਗਿਆ, ਤ੍ਰਾਸਦੀ ਦੇ ਇਸ ਹਿੱਸੇ ਦੀ ਰਿਪੋਰਟ ਸਭ ਤੋਂ ਘੱਟ ਹੋਈ ਹੈ; ਕਿਸੇ ਵੀ ਕਮਿਸ਼ਨ ਨੇ ਬੇਹੱਦ ਸਰਸਰੀ ਜ਼ਿਕਰ ਤੋਂ ਸਿਵਾਇ ਹਿੰਸਾ ਦੇ ਇਸ ਪਹਿਲੂ ਨੂੰ ਕਿਸੇ ਵੀ ਰੂਪ ਵਿਚ ਦਰਜ ਨਹੀਂ ਕੀਤਾ।

ਮਿਸ਼ਰਾ ਕਮਿਸ਼ਨ ਦੇ ਸਾਹਮਣੇ ਪੇਸ਼ ਕੀਤੇ ਗਏ ਤਿੰਨ ਸੌ ਗਵਾਹਾਂ ਦੇ ਹਲਫ਼ਨਾਮਿਆਂ ਵਿਚੋਂ ਤੀਹ ਤੋਂ ਵੱਧ ਤ੍ਰਿਲੋਕਪੁਰੀ ਦੇ ਸਨ। ਇਨ੍ਹਾਂ ਵਿਚੋਂ ਭਾਰੀ ਬਹੁਗਿਣਤੀ ਇਸ ਜਾਇਜ਼ੇ ਨੂੰ ਪ੍ਰਮਾਣਿਤ ਕਰਦੀ ਹੈ ਕਿ ਹਿੰਸਾ ਵੱਡੇ ਪੱਧਰ 'ਤੇ ਯੋਜਨਾਬਧ ਸੀ। ਕਤਲੇਆਮ ਦੌਰਾਨ ਹਮਲੇ ਦਾ ਸ਼ਿਕਾਰ ਹੋਏ 37 ਸਾਲਾ ਤਜਿੰਦਰ ਸਿੰਘ (ਬਲਾਕ 29 ਦੇ ਵਸਨੀਕ) ਵੱਲੋਂ ਸਭ ਤੋਂ ਵੱਧ ਭਰਵੀਂ ਜਾਣਕਾਰੀ ਦਿੱਤੀ ਗਈ: "ਪਹਿਲੀ ਨਵੰਬਰ 84 ਨੂੰ ਸਵੇਰੇ 10-11 ਵਜੇ ਮੈਨੂੰ ਪਤਾ ਲੱਗਾ ਕਿ ਭੀੜ ਨੇ ਬਲਾਕ ਨੰਬਰ 36 ਦੇ ਗੁਰਦੁਆਰਾ ਸਾਹਿਬ 'ਤੇ ਹਮਲਾ ਕਰ ਦਿੱਤਾ ਹੈ ਅਤੇ ਅੱਗ ਲਗਾ ਦਿੱਤੀ ਹੈ। ਉਸ ਸਮੇਂ ਗੁਰਦੁਆਰੇ ਵਿਚੋਂ ਕਾਫ਼ੀ ਧੂੰਆਂ ਨਿਕਲਦਾ ਨਜ਼ਰ ਆ ਰਿਹਾ ਸੀ ਅਤੇ ਕਾਫ਼ੀ ਰੌਲਾ ਸੁਣ ਰਿਹਾ ਸੀ...

ਸਵੇਰੇ 11:30 ਵਜੇ ਜਦੋਂ ਭੀੜ ਸਾਡੇ ਵੱਲ ਆਈ ਤਾਂ ਇਹ ਨਾਅਰੇ ਲਾ ਰਹੀ ਸੀ, "ਇੰਦਰਾ ਤੇਰਾ ਨਾਮ ਰਹੇਗਾ। ਸਿੱਖੋਂ ਕੋ ਮਾਰ ਡਾਲੋ। ਸਿੱਖ ਗ਼ੱਦਾਰ ਹੈਂ। ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ। ਸਰਦਾਰੋਂ ਕੇ ਘਰ ਜਲਾ ਡਾਲੋ।" ਜਦੋਂ ਭੀੜ ਗੁਰਦੁਆਰੇ ਵੱਲ ਵਧੀ ਤਾਂ ਕੁਝ ਸਿੱਖਾਂ ਨੇ ਭੀੜ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਭੀੜ ਨੇ ਬੋਤਲਾਂ ਅਤੇ ਅੱਗ ਲਗਾ ਕੇ ਕੁਝ ਬੰਬ ਵਰਗੀਆਂ ਚੀਜ਼ਾਂ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ ਜੋ ਜ਼ੋਰਦਾਰ ਧਮਾਕੇ ਨਾਲ ਫਟਦੀਆਂ ਸਨ। ਭੀੜ ਸਰਦਾਰਾਂ ਉੱਪਰ ਬੋਤਲਾਂ, ਬੰਬ ਅਤੇ ਪੱਥਰ ਸੁੱਟ ਰਹੀ ਸੀ। ਅੱਗੋਂ ਜਵਾਬ 'ਚ ਸਿਰਫ਼ ਪੱਥਰ ਹੀ ਮਾਰੇ ਜਾ ਰਹੇ ਸਨ। ਫਿਰ ਵੀ ਭੀੜ ਸੈਕਟਰ-32 ਦੇ ਗੁਰਦੁਆਰੇ ਵੱਲ ਅੱਗੇ ਵਧਣ ਦੀ ਹਿੰਮਤ ਨਾ ਜੁਟਾ ਸਕੀ।"



ਤੇਜਿੰਦਰ ਦੇ ਅਨੁਸਾਰ, ਟਕਰਾਅ ਦੁਪਹਿਰ 3 ਵਜੇ ਤੱਕ ਜਾਰੀ ਰਿਹਾ, ਜਦੋਂ ਸਥਾਨਕ ਹੌਲਦਾਰ ਰਾਜਬੀਰ ਕੁਝ ਪੁਲਸੀਆਂ ਨੂੰ ਨਾਲ ਲੈ ਕੇ ਉੱਥੇ ਆ ਗਿਆ:

ਮੈਂ ਰਾਜਬੀਰ ਨੂੰ ਜਾਣਦਾ ਹਾਂ ਅਤੇ ਉਸ ਨੂੰ ਪਛਾਣ ਸਕਦਾ ਹਾਂ। ਰਾਜਬੀਰ ਨੇ ਸਰਦਾਰਾਂ ਨੂੰ ਇਸ਼ਾਰਾ ਕੀਤਾ ਕਿ ਉਹ ਆਪਣੇ ਘਰਾਂ ਨੂੰ ਵਾਪਸ ਚਲੇ ਜਾਣ। ਉਸ ਨੇ ਕੁਝ ਰਾਊਂਡ ਫਾਇਰ ਵੀ ਕੀਤੇ ਅਤੇ ਇਸ ਨਾਲ ਸਰਦਾਰਾਂ ਦੇ ਮਨਾਂ 'ਚ ਡਰ ਵੀ ਪੈਦਾ ਹੋ ਗਿਆ। ਪੁਲਸੀਆਂ ਨੇ ਜ਼ੋਰ ਦਿੱਤਾ ਕਿ ਸਰਦਾਰ ਆਪਣੀਆਂ 'ਕਿਰਪਾਨਾਂ' ਉਨ੍ਹਾਂ ਨੂੰ ਸੌਂਪ ਦੇਣ ਕਿਉਂਕਿ ਜਦੋਂ ਉਹ ਆਪਣੇ ਘਰਾਂ 'ਚ ਚਲੇ ਗਏ ਤਾਂ ਉਹ ਉਨ੍ਹਾਂ ਦੀ ਰੱਖਿਆ ਕਰਨਗੇ...

ਜਿਉਂ ਹੀ ਸਰਦਾਰ ਆਪਣੇ ਘਰਾਂ ਨੂੰ ਪਰਤੇ ਤਾਂ ਭੀੜ ਨੇ ਪੁਲਿਸ ਤੋਂ ਕਿਰਪਾਨਾਂ ਲੈ ਕੇ ਸਰਦਾਰਾਂ ਉੱਪਰ ਹਮਲਾ ਕਰ ਦਿੱਤਾ ਜੋ ਪੁਲਿਸ ਨੇ ਸਿੱਖਾਂ ਤੋਂ ਖੋਹ ਲਈਆਂ ਸਨ ਅਤੇ ਸ਼ਾਮ 4 ਵਜੇ ਦੇ ਕਰੀਬ ਸਰਦਾਰਾਂ ਦਾ ਕਤਲੇਆਮ ਸ਼ੁਰੂ ਹੋ ਗਿਆ। ਜੇਕਰ ਪੁਲਿਸ ਪਾਰਟੀ ਨੇ ਉਸ ਸਮੇਂ ਭੀੜ ਦੀ ਮਦਦ ਨਾ ਕੀਤੀ ਹੁੰਦੀ ਤਾਂ ਸਰਦਾਰਾਂ ਨੇ ਭੀੜ ਦਾ ਡੱਟ ਕੇ ਮੁਕਾਬਲਾ ਕਰਨਾ ਸੀ ਅਤੇ ਭੀੜ ਤੋਂ ਆਪਣਾ ਬਚਾ ਕਰ ਲੈਣਾ ਸੀ।"

ਮਿਸ਼ਰਾ ਕਮਿਸ਼ਨ ਨੇ ਆਪਣੇ ਨਤੀਜਿਆਂ ਵਿਚ ਅੰਸ਼ਕ ਤੌਰ 'ਤੇ ਅਜਿਹੀ ਗਵਾਹੀ ਦੀਆਂ ਅਰਥ-ਸੰਭਾਵਨਾਵਾਂ ਨੂੰ ਮੰਨਿਆ। ਕਮਿਸ਼ਨ ਨੇ ਨੋਟ ਕੀਤਾ, "ਰਿਕਾਰਡ 'ਤੇ ਇਹ ਦਰਸਾਉਣ ਲਈ ਕਾਫ਼ੀ ਸਮੱਗਰੀ ਹੈ ਕਿ ਬਹੁਤ ਸਾਰੀਆਂ ਥਾਵਾਂ 'ਤੇ ਪੁਲਿਸ ਨੇ ਉਨ੍ਹਾਂ ਦੇ ਹਥਿਆਰ ਜਾਂ ਹੋਰ ਚੀਜ਼ਾਂ ਖੋਹ ਲਈਆਂ ਸਨ ਜਿਨ੍ਹਾਂ ਨਾਲ ਉਹ ਭੀੜ ਦੇ ਹਮਲਿਆਂ ਤੋਂ ਆਪਣਾ ਬਚਾ ਕਰ ਸਕਦੇ ਸਨ।... ਉਨ੍ਹਾਂ ਨੂੰ ਪੂਰੀ ਸੁਰੱਖਿਆ ਕੀਤੇ ਜਾਣ ਦਾ ਭਰੋਸਾ ਦੇ ਕੇ ਘਰਾਂ ਨੂੰ ਵਾਪਸ ਚਲੇ ਜਾਣ ਲਈ ਮਨਾਏ ਜਾਣ ਤੋਂ ਬਾਅਦ ਹੀ ਉਨ੍ਹਾਂ 'ਤੇ ਹਮਲੇ ਸ਼ੁਰੂ ਹੋਏ ਸਨ। ਇਹ ਸਭ ਕੁਝ ਨਹੀਂ ਸੀ ਹੋ ਸਕਦਾ ਜੇਕਰ ਇਹ ਮਹਿਜ਼ ਗੁੱਸੇ 'ਚ ਆਏ ਲੋਕਾਂ ਦਾ ਆਪਮੁਹਾਰਾ ਪ੍ਰਤੀਕਰਮ ਹੀ ਹੁੰਦਾ।"

ਜਿਸ ਉੱਪਰ ਕਮਿਸ਼ਨ ਟਿੱਪਣੀ ਕਰਨ ਜਾਂ ਢੁਕਵੀਂ ਜਾਂਚ ਕਰਨ 'ਚ ਅਸਫਲ ਰਿਹਾ ਉਹ ਇਹ ਗਵਾਹੀ ਸੀ ਕਿ ਪੁਲਿਸ ਹਿੰਸਾ ਵਿਚ ਸਰਗਰਮੀ ਨਾਲ ਸ਼ਾਮਲ ਸੀ, ਇਹ ਤਾਂ ਭੀੜ ਨੂੰ ਪੀੜਤਾਂ ਵੱਲ ਭੇਜ ਰਹੀ ਸੀ। ਤੇਜਿੰਦਰ ਦਾ ਹਲਫ਼ਨਾਮਾ ਕਹਿੰਦਾ ਹੈ, 2 ਨਵੰਬਰ ਦੀ ਅੱਧੀ ਰਾਤ ਨੂੰ ਸ਼ਰਾਬੀ ਭੀੜ ਬਲਾਕ 29 'ਚ ਪਹੁੰਚੀ:

ਜ਼ਿਆਦਾਤਰ ਵਿਅਕਤੀਆਂ ਦੇ ਹੱਥਾਂ 'ਚ ਛੁਰੇ ਸਨ। ਉਨ੍ਹਾਂ 'ਚੋਂ ਇਕ ਬਦਮਾਸ਼ ਆਪਣੇ ਛੁਰੇ ਨਾਲ ਮੇਰੇ 'ਤੇ ਹਮਲਾ ਕਰਨ ਹੀ ਵਾਲਾ ਸੀ ਕਿ ਨਿਸਾਰ ਨਾਂ ਦੇ ਇਕ ਮੁਸਲਮਾਨ ਦੇ ਦਖ਼ਲ ਦੇਣ ਨਾਲ ਮੇਰੀ ਜਾਨ ਬਚ ਗਈ। ਭੀੜ ਵਿਚ ਜ਼ਿਆਦਾਤਰ ਲੋਕ ਸਥਾਨਕ ਸਨ...

ਇਹ ਭੀੜ ਸਾਰੀ ਰਾਤ ਆਪਣੀਆਂ ਨੀਚ ਹਰਕਤਾਂ ਕਰਦੀ ਰਹੀ। ਉਨ੍ਹਾਂ ਨੇ ਬਲਾਕ 29 'ਚ ਦੁਕਾਨਾਂ ਦੇ ਸ਼ਟਰ ਤੋੜ ਦਿੱਤੇ। ਉਹ ਹੋਰ ਬਲਾਕਾਂ ਵਿਚ ਵੀ ਗਏ ਅਤੇ ਜੇਕਰ ਉਨ੍ਹਾਂ ਦੇ ਹੱਥ ਕੋਈ ਸਕੂਟਰ ਪਾਇਆ ਤਾਂ ਉਹ ਉਸ ਨੂੰ ਚੌਕ ਵਿਚ ਲਿਆ ਕੇ ਅੱਗ ਲਗਾ ਦਿੰਦੇ। ਇਸ ਸਮੇਂ ਦੌਰਾਨ ਮੈਂ ਪੁਲਿਸ ਦੀ ਜੀਪ ਨੂੰ ਕਈ ਵਾਰ ਇਸ ਇਲਾਕੇ ਵਿਚੋਂ ਲੰਘਦਿਆਂ ਭੀੜ ਨੂੰ ਭੜਕਾਉਂਦੇ ਹੋਏ ਦੇਖਿਆ ਜੋ ਲੁੱਟ-ਖੋਹ, ਅੱਗਜ਼ਨੀ ਅਤੇ ਕਤਲ ਕਰਨ ਦਾ ਆਪਣਾ ਕੰਮ ਹੋਰ ਤੇਜ਼ ਕਰ ਦਿੰਦੀ।

ਪੁਲਿਸ ਨੇ ਇਨ੍ਹਾਂ ਬਦਮਾਸ਼ਾਂ ਨੂੰ ਕੁਝ ਸਰਦਾਰਾਂ ਬਾਰੇ ਵੀ ਸੂਹ ਦਿੱਤੀ ਜੋ ਬਲਾਕ 32 ਦੇ ਕੁਝ ਘਰਾਂ ਵਿਚ ਲੁਕੇ ਹੋਏ ਸਨ। ਪੁਲਿਸ ਤੋਂ ਸੂਹ ਮਿਲਣ 'ਤੇ ਭੀੜ 32 ਬਲਾਕ 'ਚ ਗਈ ਅਤੇ ਉਨ੍ਹਾਂ ਸਰਦਾਰਾਂ ਨੂੰ ਮਾਰ ਕੇ ਵਾਪਸ ਆ ਗਈ।

ਤੇਜਿੰਦਰ ਨੇ ਕਿਹਾ, 2 ਨਵੰਬਰ ਦੀ ਅੱਧੀ ਰਾਤ ਤੋਂ ਸਵੇਰੇ 4 ਵਜੇ ਦੇ ਵਿਚਕਾਰ "ਪੁਲਿਸ ਬਲਾਕ 30 ਅਤੇ 32 ਦੇ ਸਿੱਖਾਂ ਦੀਆਂ ਲਾਸ਼ਾਂ ਟਰੱਕਾਂ 'ਚ ਲੱਦ ਕੇ ਉੱਥੋਂ ਲੈ ਗਈ। ਮੈਂ ਖ਼ੁਦ ਪੁਲਿਸ ਨੂੰ ਅਜਿਹੇ ਅੱਠ ਟਰੱਕ ਲਿਜਾਂਦੇ ਦੇਖਿਆ ਸੀ।" ਉਸ ਦੀ ਗਵਾਹੀ ਅੱਗੇ ਦੱਸਦੀ ਹੈ:

2-11-84 ਨੂੰ ਸਾਰਾ ਦਿਨ ਭੀੜ ਲਾਠੀਆਂ ਅਤੇ ਡੰਡੇ ਲੈ ਕੇ ਘੁੰਮਦੀ ਰਹੀ। ਰਾਤ 11 ਵਜੇ ਦੇ ਕਰੀਬ, ਮੇਰਾ ਇਕ ਮੁਸਲਮਾਨ ਜਾਣੂ ਮੇਰੇ ਘਰ ਆਇਆ ਅਤੇ ਮੈਨੂੰ ਚਿਤਾਵਨੀ ਦਿੱਤੀ ਕਿ ਉਨ੍ਹਾਂ ਲਈ ਹੁਣ ਮੈਨੂੰ ਬਚਾਉਣਾ ਸੰਭਵ ਨਹੀਂ ਹੈ ਅਤੇ ਮੈਂ ਆਪਣਾ ਖ਼ਿਆਲ ਆਪ ਰੱਖਾਂ। ਥੋੜ੍ਹੇ ਚਿਰ 'ਚ ਹੀ ਭੀੜ ਨੇ ਇਕ ਵਾਰ ਫਿਰ ਮੇਰੇ ਘਰ 'ਤੇ ਹਮਲਾ ਕੀਤਾ ਅਤੇ ਮੈਨੂੰ ਫੜ ਲਿਆ। ਉਹ ਮੇਰੇ ਲੰਮੇ ਕੇਸ ਕੱਟ ਰਹੇ ਸਨ ਜਦੋਂ ਅਚਾਨਕ ਪੁਲਿਸ ਦੀ ਜੀਪ ਆ ਗਈ। ਪੁਲਸੀਆਂ ਨੇ ਚੀਕ ਕੇ ਭੀੜ ਨੂੰ ਉੱਥੋਂ ਭੱਜ ਜਾਣ ਲਈ ਕਿਹਾ ਕਿ ਸੀ.ਆਰ.ਪੀ. ਦੇ ਬੰਦੇ ਇਲਾਕੇ ਵਿਚ ਆ ਰਹੇ ਹਨ। ਇਹ ਸੁਣ ਕੇ ਬਦਮਾਸ਼ ਭੱਜ ਗਏ ਅਤੇ ਇੰਝ ਮੇਰੀ ਜਾਨ ਬਚ ਗਈ। ਮੇਰੇ ਘਰ ਦਾ ਇਕ ਹਿੱਸਾ ਛੋਟੀ ਜਿਹੀ ਦੁਕਾਨ ਚਲਾਉਣ ਲਈ ਵਰਤਿਆ ਜਾ ਰਿਹਾ ਸੀ। ਕੁਝ ਸਮਾਨ ਮੈਂ ਪਹਿਲਾਂ ਹੀ ਸਾਂਭ ਲਿਆ ਸੀ ਅਤੇ ਕੁਝ ਭੀੜ ਨੇ ਲੁੱਟ ਲਿਆ।

3 ਨਵੰਬਰ ਨੂੰ ਅੱਧੀ ਰਾਤ ਤੋਂ ਅੱਧਾ ਕੁ ਘੰਟਾ ਬਾਅਦ ਕੇਂਦਰੀ ਰਿਜ਼ਰਵ ਪੁਲਿਸ ਦੀ ਫੋਰਸ ਓੜਕ ਇਲਾਕੇ 'ਚ ਪਹੁੰਚ ਗਈ। ਤੇਜਿੰਦਰ ਨੇ ਦੱਸਿਆ, "ਉਨ੍ਹਾਂ ਨੇ ਭੀੜ ਦੇ ਕੁਝ ਬੰਦੇ ਗ੍ਰਿਫ਼ਤਾਰ ਕਰ ਲਏ ਜਿਨ੍ਹਾਂ ਕੋਲ ਛੁਰੇ ਅਤੇ ਤਲਵਾਰਾਂ ਸਨ।... ਉਨ੍ਹਾਂ ਨੇ ਲਾਸ਼ਾਂ ਚੁੱਕਣ ਅਤੇ ਅਜੇ ਤੱਕ ਜ਼ਿੰਦਾ ਤੇ ਕੁਝ ਥਾਵਾਂ 'ਤੇ ਲੁਕੇ ਹੋਏ ਕੁਝ ਸਰਦਾਰਾਂ ਨੂੰ ਬਚਾਉਣ ਲਈ ਕੁਝ ਟਰੱਕ ਵੀ ਭੇਜ ਅਤੇ ਉਨ੍ਹਾਂ ਨੂੰ ਰਾਹਤ ਕੈਂਪਾਂ 'ਚ ਭਿਜਵਾ ਦਿੱਤਾ।"

ਹੌਲਦਾਰ ਰਾਜਬੀਰ ਅਤੇ ਉਸ ਦੇ ਸਾਥੀ ਸਿਪਾਹੀ ਤਾਂ ਸੰਗਠਿਤ ਹਿੰਸਾ ਵਿਚ ਸ਼ਾਮਲ ਅਧਿਕਾਰੀਆਂ ਵਿਚੋਂ ਸਭ ਤੋਂ ਜੂਨੀਅਰ ਸਨ। 1985 ਦੀ ਮੌਨਸੂਨ 'ਚ ਐੱਚ.ਐੱਸ. ਫੂਲਕਾ ਕਲਿਆਣਪੁਰੀ ਥਾਣੇ ਦੇ ਇੰਚਾਰਜ ਸੂਰਵੀਰ ਸਿੰਘ ਤਿਆਗੀ ਦੇ ਸੰਪਰਕ ਵਿਚ ਆਇਆ ਜਿਸ ਦਾ ਅਧਿਕਾਰ ਖੇਤਰ ਉਦੋਂ ਤ੍ਰਿਲੋਕਪੁਰੀ ਸੀ। ਫੂਲਕਾ ਨੇ ਪੱਤਰਕਾਰ ਮਨੋਜ ਮਿੱਟਾ ਨਾਲ ਮਿਲ ਕੇ 2007 ਵਿਚ 'ਵੈੱਨ ਅ ਟ੍ਰੀ ਸ਼ੁੱਕ ਡੇਲੀ' ਕਿਤਾਬ ਵਿਚ ਲਿਖਿਆ, "ਮੇਰਾ ਤਿਆਗੀ ਨਾਲ ਮੇਲ ਇਸ ਕਰ ਕੇ ਹੋ ਗਿਆ ਕਿਉਂਕਿ ਜਦੋਂ ਮੈਂ ਦੰਗਾ ਪੀੜਤਾਂ ਤੋਂ ਹਲਫ਼ੀਆ ਬਿਆਨ ਇਕੱਠੇ ਕਰ ਰਿਹਾ ਸੀ ਤਾਂ ਉਹ ਵੀ ਕਰ ਰਿਹਾ ਸੀ ਪਰ ਉਹ ਅਜਿਹਾ ਬਿਲਕੁਲ ਵੱਖਰੇ ਮਕਸਦ ਲਈ - ਆਪਣੀ ਖੱਲ ਬਚਾਉਣ ਲਈ - ਕਰ ਰਿਹਾ ਸੀ।" ਇਲਾਕੇ ਦੇ ਪੀੜਤਾਂ ਦੀ ਮਦਦ ਨਾਲ ਜਿਨ੍ਹਾਂ ਨੇ ਤਿਆਗੀ ਨੂੰ ਦੱਸਿਆ ਕਿ ਉਹਦੇ ਅਨੁਕੂਲ ਗਵਾਹੀ ਦੇਣ ਲਈ ਤਿਆਰ ਹਨ, ਫੂਲਕਾ ਨੇ ਸ਼ਟਿੰਗ ਅਪ੍ਰੇਸ਼ਨ ਕੀਤਾ: "ਕਲਿਆਣਪੁਰੀ ਦੇ ਹਿੰਸਾ-ਪੀੜਤਾਂ ਦੇ ਵਕੀਲ ਹੋਣ ਦਾ ਮੇਰਾ ਦਿਖਾਵਾ ਨਿਰਸੰਦੇਹ ਪੁਖ਼ਤਾ ਸੀ। ਤਿਆਗੀ ਨੇ ਮੈਨੂੰ ਯਕੀਨ ਦਿਵਾਉਣ ਦੀ ਕੋਸ਼ਿਸ਼ 'ਚ ਭੇਤ ਖੋਲ੍ਹਿਆ ਕਿ ਉਸ ਨੂੰ ਤਾਂ ਬਲੀ ਦਾ ਬੱਕਰਾ ਬਣਾਇਆ ਗਿਆ ਸੀ। ਸਨਸਨੀਖੇਜ਼ ਖ਼ੁਲਾਸਾ ਕਰਦਿਆਂ ਉਸ ਨੇ ਕਿਹਾ ਕਿ ਇਹ ਕਤਲੇਆਮ 31 ਅਕਤੂਬਰ ਦੀ ਸ਼ਾਮ ਨੂੰ ਭਗਤ ਦੇ ਘਰ ਰਚੀ ਗਈ ਸਾਜ਼ਿਸ਼ ਦਾ ਨਤੀਜਾ ਸੀ। ਤਿਆਗੀ ਦੇ ਮੁਤਾਬਿਕ, ਇਹ ਗੁਪਤ ਮੀਟਿੰਗ ਸੀ ਜਿਸ ਵਿਚ ਜਾਟਵ ਸਮੇਤ ਪੂਰਬੀ ਦਿੱਲੀ ਦੇ ਪੁਲਿਸ ਅਧਿਕਾਰੀ ਸ਼ਾਮਲ ਸਨ। ਅਧਿਕਾਰੀਆਂ ਨੂੰ ਇਹ ਫ਼ੈਸਲਾ ਸੁਣਾਇਆ ਗਿਆ ਕਿ ਕਤਲ ਹੋਣ ਦਿੱਤੇ ਜਾਣ ਅਤੇ ਫਿਰ ਜੁਰਮ ਦੇ ਸਾਰੇ ਨਿਸ਼ਾਨ ਮਿਟਾ ਦਿੱਤੇ ਜਾਣ।

ਐਚ.ਕੇ.ਐਲ. ਭਗਤ ਪੂਰਬੀ ਦਿੱਲੀ ਤੋਂ ਕਾਂਗਰਸ ਦਾ ਸੰਸਦ ਮੈਂਬਰ ਸੀ। ਉਸੇ ਸਾਲ ਬਾਅਦ ਵਿਚ ਉਸ ਨੂੰ ਰਾਜੀਵ ਗਾਂਧੀ ਦੇ ਮਤਹਿਤ ਸੂਚਨਾ ਤੇ ਪ੍ਰਸਾਰਨ ਮੰਤਰੀ ਬਣਾਇਆ ਗਿਆ ਸੀ। ਜਾਟਵ ਦਿੱਲੀ ਦੇ ਉੱਤਰੀ, ਮੱਧ ਅਤੇ ਪੂਰਬੀ ਜ਼ਿਲ੍ਹਿਆਂ ਲਈ ਵਧੀਕ ਪੁਲਿਸ ਕਮਿਸ਼ਨਰ ਹੁਕਮ ਚੰਦ ਜਾਟਵ ਸੀ।

ਫੂਲਕਾ ਆਪਣੀ ਗੱਲ ਜਾਰੀ ਰੱਖਦਾ ਹੈ: "ਤਿਆਗੀ ਨੇ ਰੋਣਾ ਰੋਇਆ ਕਿ ਭਾਵੇਂ ਵਿਆਪਕ ਕਤਲੇਆਮ ਤਾਂ ਕਈ ਥਾਣਿਆਂ 'ਚ ਹੋਏ ਸਨ ਪਰ ਉਹ ਇਕੱਲਾ ਹੀ ਮੁਸੀਬਤ ਵਿਚ ਫਸਿਆ ਸੀ ਅਤੇ ਇਹ ਉਸ ਦੀ ਮਹੱਤਵਪੂਰਨ ਗ਼ਲਤੀ ਕਾਰਨ ਹੋਇਆ ਸੀ। ਉਹ ਲਾਸ਼ਾਂ ਨੂੰ ਟਿਕਾਣੇ ਲਾਉਣ 'ਚ ਅਸਫ਼ਲ ਰਿਹਾ। ਹੋਰ ਥਾਵਾਂ 'ਤੇ ਜ਼ਿਆਦਾਤਰ ਲਾਸ਼ਾਂ ਜਾਂ ਤਾਂ ਸਾੜ ਦਿੱਤੀਆਂ ਗਈਆਂ ਸਨ ਜਾਂ ਕਿਤੇ ਹੋਰ ਸੁੱਟ ਦਿੱਤੀਆਂ ਗਈਆਂ ਸਨ। ਤ੍ਰਿਲੋਕਪੁਰੀ ਦੇ ਬਲਾਕ 32 ਵਿਚ ਲਾਸ਼ਾਂ ਦੇ ਢੇਰ ਲੱਗ ਜਾਣ ਲਈ ਤਿਆਗੀ ਦਾ ਸਪਸ਼ਟੀਕਰਨ ਇਹ ਸੀ ਕਿ ਇਲਾਕੇ 'ਚ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦੀਆਂ ਲਾਸ਼ਾਂ ਸਨ। ਜਦੋਂ ਜਾਟਵ ਨੇ ਉਸ ਨੂੰ ਲਾਸ਼ਾਂ ਨੂੰ ਟਿਕਾਣੇ ਲਾਉਣ ਲਈ ਕਿਹਾ ਤਾਂ ਤਿਆਗੀ ਨੇ ਕਿਹਾ ਕਿ ਉਸ ਇਲਾਕੇ ਵਿਚ ਕਤਲੇਆਮ ਵੱਡੇ ਪੱਧਰ 'ਤੇ ਹੋਣ ਕਾਰਨ ਕੁਝ ਕਤਲ ਤਾਂ ਦਿਖਾਉਣੇ ਹੀ ਪੈਣਗੇ। ਤਿਆਗੀ ਦੇ ਅਨੁਸਾਰ ਉਸ ਦੇ ਜਵਾਬ ਨਾਲ ਜਾਟਵ ਨਾਰਾਜ਼ ਹੋ ਗਿਆ ਜਿਸ ਨੇ ਬਾਅਦ ਵਿਚ ਉਸ ਨੂੰ ਮੁਅੱਤਲ ਕਰ ਦਿੱਤਾ।

ਫੂਲਕਾ ਨੇ ਮੈਨੂੰ ਦੱਸਿਆ ਕਿ ਉਸ ਨੇ ਇਸ ਗੱਲਬਾਤ ਨੂੰ ਰਿਕਾਰਡ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਟੇਪ ਮਸ਼ੀਨ ਨੇ ਸਿਰਫ਼ ਉਸ ਦੇ ਸ਼ਬਦ ਹੀ ਰਿਕਾਰਡ ਕੀਤੇ ਅਤੇ ਉਸ ਦੇ ਕੋਲ ਹੁਣ ਕੈਸੇਟ ਨਹੀਂ ਸੀ। ਉਸ ਨੇ ਅੱਗੇ ਕਿਹਾ, "ਜਦੋਂ ਇਹ ਸਭ ਸ਼ੁਰੂ ਹੋਇਆ, ਅਸੀਂ ਕਿਵੇਂ ਜਾਣ ਲੈਂਦੇ ਕਿ ਤੀਹ ਸਾਲ ਬਾਅਦ ਵੀ ਅਸੀਂ ਕੇਸ ਲੜਨ ਲਈ ਅਦਾਲਤ ਵਿਚ ਪੇਸ਼ ਹੋ ਰਹੇ ਹੋਵਾਂਗੇ?" ਪਰ ਜੋ ਤਿਆਗੀ ਨੇ ਕਥਿਤ ਤੌਰ 'ਤੇ ਫੂਲਕਾ ਨੂੰ ਕਿਹਾ ਉਹ ਗਿੱਲ ਦੇ ਦਾਅਵਿਆਂ ਦਾ ਦੁਹਰਾਓ ਹੈ। ਜਾਪਦਾ ਹੈ, ਹਿੰਸਾ ਲਈ ਨਿਰਦੇਸ਼ ਪ੍ਰਸ਼ਾਸਨਿਕ ਅਤੇ ਰਾਜਨੀਤਕ ਤੌਰ 'ਤੇ ਸਿਖ਼ਰ ਤੋਂ ਆਏ ਸਨ।

ਤਿਆਗੀ ਦੀ ਮੌਜੂਦਗੀ 'ਚ ਤ੍ਰਿਲੋਕਪੁਰੀ ਵਿਚ ਕੀ ਵਾਪਰਿਆ, ਅਧਿਕਾਰਕ ਦਾਅਵਾ ਇਹ ਹੈ ਕਿ ਇਸ ਬਾਰੇ ਦਿੱਲੀ ਦੇ ਪੁਲਿਸ ਕਮਿਸ਼ਨਰ ਸੁਭਾਸ਼ ਟੰਡਨ ਨੂੰ 2 ਨਵੰਬਰ ਦੇ ਰਾਤ 8 ਵਜੇ ਤੱਕ ਪਤਾ ਨਹੀਂ ਲੱਗਾ। ਅਪਰੈਲ 1986 ਦੇ ਸ਼ੁਰੂ 'ਚ ਮਿਸ਼ਰਾ ਕਮਿਸ਼ਨ ਦੇ ਸਾਹਮਣੇ ਪੇਸ਼ ਹੋਏ ਟੰਡਨ ਨੇ ਕਿਹਾ ਕਿ ਉਸ ਨੂੰ ਸ਼ਾਮ 6 ਵਜੇ ਦੇ ਕਰੀਬ ਪੁਲਿਸ ਹੈੱਡਕੁਆਰਟਰ ਤੋਂ ਇਤਲਾਹ ਮਿਲੀ ਕਿ "ਤ੍ਰਿਲੋਕਪੁਰੀ ਵਿਚ ਦੰਗਾ ਹੋਇਆ ਸੀ ਅਤੇ ਲਾਸ਼ਾਂ ਉੱਥੇ ਪਈਆਂ ਸਨ।" ਟੰਡਨ ਨੇ ਕਿਹਾ ਕਿ ਉਸ ਨੇ ਆਪਣੇ ਇਕ ਸਾਥੀ ਅਧਿਕਾਰੀ ਨੂੰ ਤਫ਼ਤੀਸ਼ ਕਰਨ ਦੇ ਨਿਰਦੇਸ਼ ਦਿੱਤੇ। "ਉਹ ਲੱਗਭੱਗ ਦੋ ਘੰਟੇ ਬਾਦ ਵਾਪਸ ਆਇਆ ਅਤੇ ਪੁਸ਼ਟੀ ਕੀਤੀ ਕਿ ਤ੍ਰਿਲੋਕਪੁਰੀ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ।"

ਇਹ ਸਪਸ਼ਟ ਹੈ ਕਿ ਟੰਡਨ ਨੂੰ ਹਿੰਸਾ ਬਾਰੇ ਪਹਿਲੀ ਸੁਚੇਤ ਕਰਨ ਵਾਲੀ ਇਤਲਾਹ ਤਿਆਗੀ ਜਾਂ ਪੁਲਿਸ ਫੋਰਸ ਦੇ ਕਿਸੇ ਹੋਰ ਮੈਂਬਰ ਨੇ ਨਹੀਂ ਸਗੋਂ ਪੱਤਰਕਾਰਾਂ ਦੇ ਇਕ ਸਮੂਹ ਨੇ ਦਿੱਤੀ ਸੀ। ਪਹਿਲੀ ਨਵੰਬਰ ਨੂੰ ਤ੍ਰਿਲੋਕਪੁਰੀ ਨਿਵਾਸੀ ਮੋਹਨ ਸਿੰਘ- ਜਿਸ ਦੇ ਦੋ ਭਰਾ ਪਹਿਲਾਂ ਹੀ ਕਤਲ ਕਰ ਦਿੱਤੇ ਗਏ ਸਨ- ਨੇ ਕਿਸੇ ਤੋਂ ਆਪਣੇ ਕੇਸ ਕਟਵਾਏ, ਉੱਥੋਂ ਬਚ ਨਿੱਕਲਿਆ ਅਤੇ ਨੇੜਲੇ ਥਾਣੇ ਚਲਾ ਗਿਆ। ਉਸ ਨੇ ਕਮਿਸ਼ਨ ਨੂੰ ਦੱਸਿਆ, "ਮੈਂ ਪੁਲਿਸ ਨੂੰ ਮਦਦ ਲਈ ਬੇਨਤੀ ਕੀਤੀ ਪਰ ਇਸ ਦੇ ਉਲਟ ਉਨ੍ਹਾਂ ਨੇ ਮੈਨੂੰ ਡੰਡਿਆਂ ਨਾਲ ਕੁੱਟਿਆ ਅਤੇ ਮੈਨੂੰ ਥਾਣੇ ਤੋਂ ਬਾਹਰ ਕੱਢ ਦਿੱਤਾ।" ਮੋਹਨ ਫਿਰ ਪੁਲਿਸ ਹੈੱਡਕੁਆਰਟਰ ਗਿਆ ਪਰ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਮੈਂ ਸਿੱਖ ਹਾਂ ਤਾਂ ਉਨ੍ਹਾਂ ਨੇ ਮੈਨੂੰ ਬਾਹਰ ਕੱਢ ਦਿੱਤਾ। ਫਿਰ ਮੋਹਨ ਇੰਡੀਅਨ ਐਕਸਪ੍ਰੈੱਸ ਸਮੂਹ ਦੀ ਅਖ਼ਬਾਰ ਜਨਸੱਤਾ ਦੇ ਦਫ਼ਤਰ ਗਿਆ ਅਤੇ ਉੱਥੇ ਕਈ ਪੱਤਰਕਾਰਾਂ ਨੂੰ ਸਾਰੀ ਗੱਲ ਦੱਸੀ।

ਰਾਹੁਲ ਬੇਦੀ ਉਨ੍ਹਾਂ 'ਚੋਂ ਇਕ ਸੀ। ਅਗਸਤ 1985 ਵਿਚ ਮਿਸ਼ਰਾ ਕਮਿਸ਼ਨ ਦੇ ਸਾਹਮਣੇ ਦਿੱਤਾ ਉਸ ਦਾ ਬਿਆਨ ਮੋਹਨ ਦੀ ਕਹਾਣੀ ਬਿਆਨ ਕਰਦਾ ਹੈ। ਬੇਦੀ ਦੇ ਅਨੁਸਾਰ ਮੋਹਨ ਨੇ ਦਾਅਵਾ ਕੀਤਾ ਕਿ "ਉਸ ਦੇ ਬਲਾਕ ਨੰਬਰ 32 ਵਿਚ ਭੀੜ ਦੁਆਰਾ 300 ਤੋਂ ਵੱਧ ਲੋਕਾਂ ਦਾ ਕਤਲੇਆਮ ਕੀਤਾ ਗਿਆ ਸੀ।" ਬੇਦੀ ਨੇ ਇਹ 2 ਨਵੰਬਰ ਨੂੰ ਸਵੇਰੇ 11.30 ਵਜੇ ਸੁਣਿਆ; ਦੁਪਹਿਰ 2 ਵਜੇ ਤੱਕ ਉਹ ਆਪਣੇ ਇੰਡੀਅਨ ਐਕਸਪ੍ਰੈਸ ਵਾਲੇ ਸਾਥੀ ਜੋਸਫ਼ ਮਲਿਆਕਨ ਅਤੇ ਜਨਸੱਤਾ ਦੇ ਰਿਪੋਰਟਰ ਆਲੋਕ ਤੋਮਰ ਦੇ ਨਾਲ ਉੱਥੇ ਗਿਆ।

***(ਬਾਕੀ ਅਗਲੇ ਸਫੇ 'ਤੇ)***

# ਸਰਮਾਏਦਾਰੀ ਦਾ ਸੰਕਟ ਅਤੇ 'ਸ਼ੈਡੋ ਬੈਂਕ' ਵਰਤਾਰਾ

ਕੌਮਾਂਤਰੀ ਮਸਲਿਆਂ ਖਾਸਕਰ ਕੌਮਾਂਤਰੀ ਆਰਥਿਕ ਮਸਲਿਆਂ ਵਿਚ ਰੁਚੀ ਰੱਖਦੇ ਪਾਠਕਾਂ ਨੇ ਪਿਛਲੇ 3-4 ਮਹੀਨਿਆਂ ਵਿਚ ਆਮ ਹੀ ਇੱਕ ਸ਼ਬਦ 'ਸ਼ੈਡੋ ਬੈਂਕਿੰਗ' ਵਾਰ-ਵਾਰ ਪੜ੍ਹਿਆ ਸੁਣਿਆ ਹੋਵੇਗਾ। ਇਸ ਦਾ ਇਸਤੇਮਾਲ ਆਮ ਹੀ ਆਰਥਿਕ ਸੰਕਟ ਦੇ ਸਬੰਧ ਵਿਚ ਕੀਤਾ ਜਾ ਰਿਹਾ ਹੈ। ਕਈ ਵਿਚਾਰਵਾਨ ਸ਼ੈਡੋ ਬੈਂਕਾਂ ਨੂੰ ਹੀ ਪੱਛਮ ਦੇ ਕਈ ਮੁਲਕਾਂ ਵਿਚ ਆਰਥਿਕ ਸੰਕਟ ਜਾਂ ਆਰਥਿਕ ਖੜੋਤ ਦਾ ਮੁੱਖ ਜ਼ਿੰਮੇਵਾਰ ਦੱਸ

**ਨਵਜੋਤ ਨਵੀ**
ਫੋਨ: +91-85578-12341

ਰਹੇ ਹਨ ਤੇ ਇਹ ਮੰਗ ਚੁੱਕੀ ਜਾ ਰਹੀ ਹੈ ਕਿ ਜੇ ਇਨ੍ਹਾਂ ਵਿੱਤੀ ਅਦਾਰਿਆਂ ਉੱਤੇ ਵਧੇਰੇ ਸਖਤੀ ਨਾਲ਼ ਸਰਕਾਰ ਨਿਯਮ ਲਾਗੂ ਕਰੇ ਤਾਂ ਵਿੱਤੀ ਬੇਨਿਯਮੀਆਂ ਕਾਰਨ ਹੋਣ ਵਾਲਾ ਆਰਥਿਕ ਸੰਕਟ ਰੋਕਿਆ ਜਾ ਸਕਦਾ ਹੈ। ਅਜਿਹੇ ਸਿਧਾਂਤ ਹੀ ਕਈ ਬੁੱਧੀਜੀਵੀਆਂ ਨੇ ਅਮਰੀਕਾ ਦੀ 2008 ਦੀ ਮੰਦੀ ਬਾਰੇ ਦਿੱਤੇ ਸਨ ਜਾਂ ਦਿੱਤੇ ਜਾ ਰਹੇ ਹਨ ਜਿਨ੍ਹਾਂ ਦਾ ਤੱਤ ਇਹ ਹੈ ਕਿ ਆਰਥਿਕ ਸੰਕਟ ਸਰਮਾਏਦਾਰਾ ਢਾਂਚੇ ਦਾ ਕੋਈ ਵਜੂਦ ਸਮੋਇਆ ਨਿਯਮ ਨਹੀਂ ਸਗੋਂ 2008 ਦਾ ਆਰਥਿਕ ਸੰਕਟ ਰੀਅਲ ਅਸਟੇਟ ਖੇਤਰ ਵਿਚ ਅਮਰੀਕੀ ਬੈਂਕਾਂ ਅਤੇ ਹੋਰਾਂ ਵਿੱਤੀ ਅਦਾਰਿਆਂ ਦੀ ਸੱਟੇਬਾਜ਼ੀ ਦਾ ਸਿੱਟਾ ਸੀ। ਜੇ ਇਨ੍ਹਾਂ ਵਿੱਤੀ ਬੇਨਿਯਮੀਆਂ ਉੱਤੇ ਕਾਬੂ ਪਾ ਲਿਆ ਜਾਂਦਾ ਤਾਂ ਅਮਰੀਕੀ ਅਰਥਚਾਰੇ ਨੇ ਆਰਥਿਕ ਸੰਕਟ ਦਾ ਸ਼ਿਕਾਰ ਨਹੀਂ ਸੀ ਹੋਣਾ। ਇਸ ਸਿਧਾਂਤ ਦੇ ਪੈਰੋਕਾਰ ਇਨ੍ਹਾਂ ਗੱਲਾਂ ਦਾ ਜਵਾਬ ਦੇਣ ਤੋਂ ਉੱਕਾ ਹੀ ਅਸਮਰੱਥ ਰਹਿੰਦੇ ਹਨ ਕਿ ਆਖਰਕਾਰ ਸਰਮਾਏਦਾਰ ਇੰਨੇ ਵੱਡੇ ਪੱਧਰ ਉੱਤੇ ਸੱਟੇਬਾਜ਼ੀ ਕਿਉਂ ਕਰਦੇ ਹਨ ਜਿਸ ਵਿਚ ਪੈਸੇ ਡੁੱਬਣ ਦਾ ਕਾਫੀ ਖਤਰਾ ਮੌਜੂਦ ਰਹਿੰਦਾ ਹੈ? ਕਿਉਂ ਅਰਥਚਾਰੇ ਵਿਚ ਸਰਮਾਏਦਾਰਾਂ ਦਾ ਵੱਡਾ ਹਿੱਸਾ ਪੈਦਾਵਾਰੀ ਖੇਤਰ ਵਿਚ ਨਿਵੇਸ਼ ਕਰ ਕੇ ਮੁਨਾਫ਼ੇ ਕਮਾਉਣ ਦੀ ਥਾਵੇਂ ਸੱਟੇਬਾਜ਼ੀ ਜਿਹੇ ਗੈਰ-ਪੈਦਾਵਾਰੀ ਖੇਤਰ ਵਿਚ ਨਿਵੇਸ਼ ਕਰਨ ਨੂੰ ਤਰਜੀਹ ਦਿੰਦੇ ਹਨ ਜਿਸ ਕਰ ਕੇ ਹੀ ਇਹੋ ਜਹੇ ਵਿੱਤੀ ਗੁਬਾਰੇ ਫੁੱਲਦੇ ਹਨ ਜਿਹੋ ਜਿਹਾ 2008 ਵਿਚ ਫੁੱਟਿਆ ਸੀ। 'ਸ਼ੈਡੋ ਬੈਂਕਿੰਗ' ਜਿਹੇ ਵਰਤਾਰੇ ਦੇ ਵਧਣ, ਪੈਦਾਵਾਰੀ ਖੇਤਰ ਦੇ ਨਿਸਬਤਨ ਸੱਟੇਬਾਜ਼ੀ ਜਹੇ ਗੈਰ-ਪੈਦਾਵਾਰੀ ਖੇਤਰ ਵਿਚ ਨਿਵੇਸ਼ ਰਾਹੀਂ ਵਧੇਰੇ ਮੁਨਾਫ਼ਾ ਕਮਾਉਣ ਦੇ ਵਰਤਾਰੇ ਦੀ ਵਿਆਖਿਆ ਨਿਰੋਲ ਕੁੱਝ ਸਰਮਾਏਦਾਰਾਂ ਦੀਆਂ ਖਬਤਾਂ (ਜਿਵੇਂ ਵਧੇਰੇ ਖਤਰਾ ਚੁੱਕਣ ਦੀ ਆਦਤ ਆਦਿ) ਰਾਹੀਂ ਨਹੀਂ ਹੋ ਸਕਦੀ। ਇਸ ਦੀਆਂ ਜੜ੍ਹਾਂ ਇਨ੍ਹਾਂ ਇਸ ਸਮਾਜਿਕ-ਆਰਥਿਕ ਪ੍ਰਬੰਧ ਜਾਣੀ ਸਰਮਾਏਦਾਰਾ ਪ੍ਰਬੰਧ ਵਿਚ ਤਲਾਸ਼ੀਆਂ ਜਾਣੀਆਂ ਚਾਹੀਦੀਆਂ ਹਨ।

ਸ਼ੈਡੋ ਬੈਂਕ ਅਸਲ ਵਿਚ ਗੈਰ-ਬੈਂਕ ਵਿੱਤੀ ਅਦਾਰਿਆਂ ਦਾ ਹੀ ਦੂਜਾ ਨਾਮ ਹੈ ਜਿਨ੍ਹਾਂ ਦਾ ਕਾਰਜ ਤੇ ਕਾਰਜ ਪ੍ਰਣਾਲੀ ਆਮ ਬੈਂਕਾਂ ਦੇ ਕਈ ਕਾਰਜਾਂ ਨਾਲ਼ ਕਾਫੀ ਮਿਲ਼ਦੀ ਜੁਲਦੀ ਹੁੰਦੀ ਹੈ ਪਰ ਇਨ੍ਹਾਂ ਅਦਾਰਿਆਂ ਉੱਤੇ ਬੈਂਕਿੰਗ ਨਿਯਮ



ਲਾਗੂ ਨਹੀਂ ਹੁੰਦੇ। ਇਨ੍ਹਾਂ ਸ਼ੈਡੋ ਬੈਂਕਾਂ ਵਿਚ ਮੁੱਖ ਤੌਰ ਉੱਤੇ ਨਿਵੇਸ਼ ਫੰਡ, ਬੀਮਾ ਫੰਡ, ਪੈਨਸ਼ਨ ਫੰਡ ਤੇ ਹੋਰ ਵਿੱਤੀ ਵਿਚੋਲੀਏ ਆਉਂਦੇ ਹਨ। ਇਸ ਸਮੇਂ ਪੂਰੀ ਦੁਨੀਆਂ ਵਿਚ ਦਿੱਤੀਆਂ ਜਾਣ ਵਾ਼ਲੀਆਂ ਵਿੱਤੀ ਸੇਵਾਵਾਂ ਦਾ ਲਗਭਗ 50% ਹਿੱਸਾ ਇਨ੍ਹਾਂ ਸ਼ੈਡੋ ਬੈਂਕਾਂ ਜਾਂ ਗੈਰ-ਬੈਂਕ ਵਿੱਤੀ ਅਦਾਰਿਆਂ ਵੱਲੋਂ ਦਿੱਤਾ ਜਾਂਦਾ ਹੈ। ਇਨ੍ਹਾਂ ਉੱਤੇ ਬੈਂਕਿੰਗ ਨਿਯਮ ਲਾਗੂ ਨਾ ਹੋਣ ਕਾਰਨ ਇਹ ਵਿੱਤੀ ਅਦਾਰੇ (ਇਨ੍ਹਾਂ ਵਿਚੋਂ ਖ਼ਾਸਕਰ ਨਿਵੇਸ਼ ਫੰਡ) ਵਧੇਰੇ ਖਤਰੇ ਵਾ਼ਲੇ ਨਿਵੇਸ਼, ਖਾਸ ਕਰ ਸੱਟਾ ਬਾਜ਼ਾਰ ਵਿਚ, ਕਰ ਸਕਦੇ ਹਨ ਜਿਨ੍ਹਾਂ ਵਿਚ ਜੇ ਪੈਸੇ ਡੁੱਬਣ ਦਾ ਖਤਰਾ ਵਧੇਰੇ ਆਉਂਦਾ ਹੈ ਤਾਂ ਮੁਨਾਫ਼ਾ ਵੀ ਵਧੇਰੇ ਮਿ਼ਲਣ ਦੀ ਆਸ ਹੁੰਦੀ ਹੈ। ਬਹੁਤ ਸਾਰੇ ਬੈਂਕ ਖੁਦ ਆਪਣਾ ਮੁਨਾਫ਼ਾ ਵਧਾਉਣ ਲਈ ਇਨ੍ਹਾਂ ਗੈਰ ਵਿੱਤੀ ਅਦਾਰਿਆਂ ਰਾਹੀਂ ਵਧੇਰੇ ਖਤਰੇ ਵਾ਼ਲੇ ਪ੍ਰੋਜੈਕਟਾਂ ਵਿਚ ਨਿਵੇਸ਼ ਕਰਦੇ ਹਨ। ਕਰੈਡਿਟ ਸੁਇਸ ਬੈਂਕ, ਸਵਿਟਜ਼ਰਲੈਂਡ ਦਾ ਵੱਡਾ ਨਿਵੇਸ਼ ਬੈਂਕ ਜੋ 2023 ਵਿਚ ਡੁੱਬਿਆ ਸੀ, ਦਾ ਗੈਰ-ਬੈਂਕਿੰਗ ਵਿੱਤੀ ਅਦਾਰੇ ਅਰਚੇਗੋਸ ਵਿਚ ਨਿਵੇਸ਼ ਰਾਹੀਂ 5.5 ਅਰਬ ਅਮਰੀਕੀ ਡਾਲਰ ਦਾ ਨੁਕਸਾਨ ਹੋਇਆ ਸੀ। ਇੰਝ ਹੀ ਅਮਰੀਕਾ ਤੇ ਪੱਛਮੀ ਯੂਰਪ ਦੇ ਕਈ ਬੈਕਾਂ, ਕੰਪਨੀਆਂ ਦਾ ਇਨ੍ਹਾਂ ਸ਼ੈਡੋ ਬੈਂਕਾਂ ਵਿਚ ਵਧੇਰੇ ਮੁਨਾਫ਼ੇ ਲਈ ਕੀਤਾ ਨਿਵੇਸ਼ ਹੁਣ ਘਾਟੇ ਦਾ ਸੌਦਾ ਬਣਿਆ ਹੋਇਆ ਹੈ ਤੇ ਇਨ੍ਹਾਂ ਬੈਂਕਾਂ, ਕੰਪਨੀਆਂ ਨੂੰ ਦਿਵਾਲੀਏਪਣ ਵੱਲ ਧੱਕ ਰਿਹਾ ਹੈ।

ਉਨ੍ਹਾਂ ਬੈਂਕਾਂ ਤੇ ਕੰਪਨੀਆਂ ਨੂੰ ਜੋ ਗੈਰ-ਬੈਂਕ ਵਿੱਤੀ ਅਦਾਰਿਆਂ ਜਾਂ ਸ਼ੈਡੋ ਬੈਂਕਾਂ ਵਿਚ ਨਿਵੇਸ਼ ਰਾਹੀਂ ਆਮ ਤੌਰ ਉੱਤੇ ਮੋਟਾ ਮੁਨਾਫ਼ਾ ਕਮਾ ਰਹੇ ਸਨ, ਹੁਣ ਨੁਕਸਾਨ ਕਿਉਂ ਹੋਣ ਲੱਗ ਪਿਆ ਹੈ? ਅਸਲ ਵਿਚ ਇਹ ਸ਼ੈਡੋ ਬੈਂਕਾਂ ਦਾ ਵੱਡਾ ਹਿੱਸਾ ਆਪਣਾ ਮੁਨਾਫ਼ਾ ਸੱਟਾ ਬਾਜ਼ਾਰ ਉੱਤੇ ਸੱਟੇਬਾਜ਼ੀ ਰਾਹੀਂ ਮੁਨਾਫ਼ੇ ਕਮਾਉਂਦਾ ਹੈ। ਇਹ ਸੱਟੇਬਾਜ਼ੀ ਜਾਰੀ ਰੱਖਣ ਦਾ ਇੱਕ ਜ਼ਰੂਰੀ ਅੰਗ ਬੈਂਕਿੰਗ ਖੇਤਰ ਵਿਚ ਸਸਤੇ ਕਰਜ਼ੇ ਦੀ ਉਪਲਬਧਤਾ ਹੁੰਦੀ ਹੈ ਕਿਉਂ ਜੋ ਵਧੇਰੇ ਤੋਂ ਵਧੇਰੇ ਸੱਟੇਬਾਜ਼ੀ ਕਰਨ ਲਈ ਸਸਤਾ ਕਰਜ਼ਾ ਇੱਕ ਲੋੜੀਂਦੀ ਸ਼ਰਤ ਹੈ। ਕਰਜ਼ੇ ਮਹਿੰਗੇ ਹੋਣ ਦੀ ਸੂਰਤ ਵਿਚ ਗੈਰ-ਬੈਂਕ ਵਿੱਤੀ ਅਦਾਰਿਆਂ ਵਿਚ ਖਤਰੇ ਦੀ ਸਥਤਿੀ ਦਾ ਬਣਨਾ ਲਗਭਗ ਲਾਜ਼ਮੀ ਹੁੰਦਾ ਹੈ। ਹਾਲ ਹੀ ਵਿਚ ਪੱਛਮੀ ਮੁਲਕਾਂ ਖਾਸਕਰ ਯੂਨਾਈਟਡ ਕਿੰਗਡਮ, ਜਰਮਨੀ, ਅਮਰੀਕਾ ਆਦਿ ਦੇ ਸ਼ੈਡੋ ਬੈਂਕਾਂ ਦੇ ਸੰਕਟ ਦਾ ਕਾਰਨ ਇਨ੍ਹਾਂ ਮੁਲਕਾਂ ਦੇ ਕੇਂਦਰੀ ਬੈਂਕਾਂ ਵੱਲੋਂ ਵਿਆਜ ਦਰਾਂ ਵਿਚ ਕੀਤਾ ਵਾਧਾ ਹੈ ਜਿਸ ਨੇ ਕਰਜ਼ੇ ਮਹਿੰਗੇ ਕਰ ਦਿੱਤੇ ਹਨ। ਕਰੋਨਾ ਕਾਲ ਮਗਰੋਂ ਖਾਸਕਰ ਰੂਸ ਯੂਕਰੇਨ ਜੰਗ ਮਗਰੋਂ ਬਣੀਆਂ ਕੌਮਾਂਤਰੀ ਹਾਲਤਾਂ ਤੇ ਇਨ੍ਹਾਂ ਦੇਸ਼ਾਂ ਦੇ ਅਰਥਚਾਰੇ ਦੀਆਂ ਹਾਲਤਾਂ ਸਦਕਾ ਇੱਥੇ ਮਹਿੰਗਾਈ ਨੇ ਛੜੱਪੇ ਮਾਰ ਵਾਧਾ ਕੀਤਾ ਹੈ। ਇਸ ਮਹਿੰਗਾਈ ਉੱਤੇ ਕਾਬੂ ਪਾਉਣਾ ਇਨ੍ਹਾਂ ਦੇਸ਼ਾਂ ਦੀਆਂ ਹਕੂਮਤਾਂ ਦੀ ਲੋੜ ਬਣ ਚੁੱਕੀ ਹੈ ਕਿਉਂ ਜੋ ਮਹਿੰਗਾਈ ਦੇ ਵਿਰੋਧ ਵਿਚ ਲੋਕਾਂ ਦਾ ਰੋਹ ਖਾਸਕਰ ਜਰਮਨੀ, ਫਰਾਂਸ ਤੇ ਯੂਨਾਈਟਡ ਕਿੰਗਡਮ ਵਿਚ ਸੜਕਾਂ ਉੱਤੇ ਵੀ ਫੁੱਟਣ ਲੱਗ ਪਿਆ ਸੀ। ਮਹਿੰਗਾਈ ਨੂੰ ਕਾਬੂ ਕਰਨ ਦਾ ਇੱਕ ਤਰੀਕਾ ਕੇਂਦਰੀ ਬੈਂਕ ਵੱਲੋਂ ਵਿਆਜ ਦਰਾਂ ਵਿਚ ਵਾਧਾ ਹੁੰਦਾ ਹੈ ਜਿਸ ਨਾ਼ਲ ਕੁੱਲ ਅਰਥਚਾਰੇ ਵਿਚ ਨਿਵੇਸ਼ ਘਟਦਾ ਹੈ ਜਿਸ ਦੇ ਸਿੱਟੇ ਵਜੋਂ ਵਸਤਾਂ ਦੀ ਮੰਗ ਵਿਚ ਕਟੌਤੀ ਹੁੰਦੀ ਹੈ ਤੇ ਕੀਮਤਾਂ ਹੇਠਾਂ ਆਉਂਦੀਆਂ ਹਨ। ਵਿਆਜ ਦਰਾਂ ਵਧਾਉਣ ਦਾ ਇਹ ਹਥਿਆਰ ਦੋ ਧਾਰੀ ਹੈ ਕਿਉਂ ਜੋ ਇਸ ਨਾ਼ਲ ਅਰਥਚਾਰੇ ਵਿਚ ਕੁੱਲ ਮੁਨਾਫ਼ੇ ਉੱਤੇ ਵੀ ਕਾਟ ਲੱਗਦੀ ਹੈ ਤੇ ਅਰਥਚਾਰੇ ਵਿਚ ਆਰਥਿਕ ਖੜੋਤ ਤੇ ਇੱਥੋਂ ਤੱਕ ਸੰਕਟ ਜਿਹੀ ਸਥਤਿੀ ਬਣ ਸਕਦੀ ਹੁੰਦੀ ਹੈ।

ਅਸਲ ਵਿਚ ਜੋ ਮੂਲ ਗੱਲ ਦਾ ਜਵਾਬ ਇਨ੍ਹਾਂ ਸ਼ੈਡੋ ਬੈਂਕਾਂ ਦੇ ਮਾਮਲੇ ਵਿਚ ਦੇਣਾ ਬਣਦਾ ਹੈ, ਉਹ ਇਹ ਹੈ ਕਿ ਆਖਰਕਾਰ ਇਨ੍ਹਾਂ ਸੱਟੇਬਾਜ਼ੀ ਦੇ ਕੇਂਦਰਾਂ ਦਾ ਸਰਮਾਏਦਾਰਾ ਅਰਥਚਾਰਿਆਂ ਵਿਚ ਐਨਾ ਵਿਸਥਾਰ ਕਿਉਂ ਹੋਇਆ ਹੈ? ਆਖਰ ਕੀ ਕਾਰਨ ਹੈ ਕਿ ਪੱਛਮੀ ਮੁਲਕਾਂ ਵਿਚ ਪਿਛਲੇ ਅਰਸੇ ਅੰਦਰ ਤੇ ਅਮਰੀਕਾ ਵਿਚ 2008 ਦੇ ਸੰਕਟ ਤੋਂ ਪਹਿਲਾਂ ਸਰਮਾਏਦਾਰਾਂ ਵੱਲੋਂ ਨਿਵੇਸ਼ ਦਾ ਵੱਡਾ ਹਿੱਸਾ ਪੈਦਾਵਾਰੀ ਖੇਤਰ ਦੀ ਥਾਵੇਂ ਸੱਟੇਬਾਜ਼ੀ ਵਿਚ ਲਾਇਆ ਗਿਆ ਤਾਂ ਜੋ ਵਧੇਰੇ ਮੁਨਾਫ਼ਾ ਕਮਾਇਆ ਜਾ ਸਕੇ? ਇਸ ਦੀਆਂ ਜੜ੍ਹਾਂ ਇਸ ਸਰਮਾਏਦਾਰਾ ਢਾਂਚੇ ਵਿਚ ਪਈਆਂ ਹਨ। ਸਰਮਾਏਦਾਰਾ ਪ੍ਰਬੰਧ ਵਿਚ ਪੈਦਾਵਾਰ ਦੇ ਸਾਧਨਾਂ ਉੱਤੇ ਸਰਮਾਏਦਾਰਾਂ ਦਾ ਕੰਟਰੋਲ ਹੁੰਦਾ ਹੈ। ਸਰਮਾਏਦਾਰ ਜਮਾਤ ਲਈ ਪੈਦਾਵਾਰ ਦਾ ਮੁੱਖ ਮਕਸਦ ਵਧੇਰੇ ਤੋਂ ਵਧੇਰੇ ਮੁਨਾਫ਼ਾ ਕਮਾਉਣਾ ਹੁੰਦਾ ਹੈ ਜਿਸ ਦਾ ਇੱਕੋ-ਇੱਕੋ ਸਰੋਤ ਮਜ਼ਦੂਰ ਜਮਾਤ ਤੋਂ ਲੁੱਟੀ ਵਾਫ਼ਰ ਕਦਰ ਹੁੰਦੀ ਹੈ। ਸਰਮਾਏਦਾਰਾ ਅਰਥਚਾਰੇ ਦਾ ਵਜੂਦ ਸਮੋਇਆ ਨਿਯਮ ਹੈ ਕਿ ਲੰਮੇ ਦਾਅ ਵਿਚ ਅਰਥਚਾਰੇ ਅੰਦਰ ਮੁਨਾਫ਼ੇ ਦੀ ਦਰ ਨੇ ਹੇਠਾਂ ਡਿੱਗਣਾ ਹੁੰਦਾ ਹੈ, ਭਾਵੇਂ ਅਜਿਹੇ ਕਾਰਕ ਵੀ ਕੰਮ ਕਰਦੇ ਹਨ ਜੋ ਵਕਤੀ ਤੌਰ ਉੱਤੇ ਮੁਨਾਫ਼ੇ ਦੀ ਦਰ ਨੂੰ ਉੱਪਰ ਚੁੱਕ ਸਕਦੇ ਹਨ। ਮੁਨਾਫ਼ੇ ਦੀ ਦਰ ਦੇ ਇੱਕ ਹੱਦ ਤੋਂ ਵਧੇਰੇ ਡਿੱਗਣ ਮਗਰੋਂ ਕੁੱਲ ਮੁਨਾਫ਼ੇ ਵਿਚ ਗਿਰਾਵਟ ਦਰਜ ਹੁੰਦੀ ਹੈ। ਇਸੇ ਨੂੰ ਆਰਥਿਕ ਸੰਕਟ ਦਾ ਨਾਮ ਦਿੱਤਾ ਜਾਂਦਾ ਹੈ।

ਸ਼ੈਡੋ ਬੈਂਕਿੰਗ ਦੇ ਵਰਤਾਰੇ ਨੂੰ ਸਮਝਣ ਲਈ ਮੁਨਾਫ਼ੇ ਦੀ ਦਰ ਦੇ ਡਿੱਗਣ ਦੇ ਨਿਯਮ ਨੂੰ ਸਮਝਣਾ ਜ਼ਰੂਰੀ ਹੈ। ਅਸਲ ਵਿਚ ਇੱਕ ਸਮੇਂ ਮਗਰੋਂ ਜਦ ਪੈਦਾਵਾਰੀ ਖੇਤਰ ਵਿਚ ਮੁਨਾਫ਼ਾ ਵਧੇਰੇ ਤੋਂ ਵਧੇਰੇ ਡਿੱਗਦਾ ਜਾਂਦਾ ਹੈ ਤਾਂ ਸਰਮਾਏਦਾਰ ਆਪਣਾ ਮੁਨਾਫ਼ਾ ਵਧਾਉਣ ਲਈ ਕਈ ਤਰ੍ਹਾਂ ਦੇ ਤਰੀਕਿਆਂ ਦਾ ਇਸਤੇਮਾਲ ਕਰਦੇ ਹਨ ਜਿਸ ਵਿਚ ਸਰਕਾਰ ਵੱਲੋਂ ਕਰਜ਼ ਵਿਸਥਾਰ ਦੀਆਂ ਨੀਤੀਆਂ ਤੇ ਉਹਦੇ ਰਾਹੀਂ ਕੀਤੀ ਜਾਂਦੀ ਸੱਟੇਬਾਜ਼ੀ ਪ੍ਰਮੁੱਖ ਤਰੀਕਿਆਂ ਵਿਚੋਂ ਹਨ। ਸੱਟੇਬਾਜ਼ੀ ਰਾਹੀਂ ਅਜਿਹਾ ਵਿੱਤੀ ਗੁਬਾਰਾ ਫੁਲਾਇਆ ਜਾਂਦਾ ਹੈ ਜਿਸ ਦਾ ਅਰਥਚਾਰੇ ਦੀ ਅਸਲ ਸਥਤਿੀ (ਜਾਣੀ ਪੈਦਾਵਾਰੀ ਖੇਤਰ ਵਿਚ ਮੁਨਾਫ਼ੇ ਦੀ ਦਰ) ਨਾ਼ਲ ਬੇਮੇਲ ਹੁੰਦਾ ਹੈ ਤੇ ਇਹ ਵਿੱਤੀ ਗੁਬਾਰਾ ਅੰਤਹੀਣ ਨਹੀਂ ਬਣਿਆ ਰਹਿ ਸਕਦਾ, ਭਾਵੇਂ ਇਹ ਵਕਤੀ ਰਾਹਤ ਦੇਣ ਵਿਚ ਸਹਾਈ ਵੀ ਹੁੰਦਾ ਹੈ ਸਗੋਂ ਇਸ ਦਾ ਇੱਕ ਨਾ ਇੱਕ ਦਿਨ ਫੁੱਟਣਾ ਲਾਜ਼ਮੀ ਹੁੰਦਾ ਹੈ (ਇਹ ਸਮਾਂ ਅੱਗੇ ਜਾਂ ਪਿੱਛੇ ਹੋ ਸਕਦਾ ਹੈ)।

ਉਦਹਾਰਨ ਵਜੋਂ, ਭਾਵੇਂ ਸੱਟੇਬਾਜ਼ੀ ਰਾਹੀਂ ਕਿਸੇ ਕੰਪਨੀ ਦੇ ਸ਼ੇਅਰਾਂ ਦੀ ਮੰਗ ਰਾਹੀਂ ਉਸ ਦੀ ਸ਼ੇਅਰਾਂ ਦੀ ਕੀਮਤ ਕਾਫੀ ਉੱਚੀ ਚੁੱਕੀ ਜਾ ਸਕਦੀ ਹੈ ਪਰ ਅੰਤ ਵਿਚ ਇਨ੍ਹਾਂ ਸ਼ੇਅਰਾਂ ਉੱਤੇ ਭੁਗਤਾਨ ਉਸ ਦੇ ਅਸਲ ਮੁਨਾਫਿਆਂ ਉੱਤੇ ਨਿਰਭਰ ਕਰਦਾ ਹੈ। ਪੈਦਾਵਾਰ ਵਿਚੋਂ ਮੁਨਾਫਿਆਂ ਦੀ ਤੋਟ ਨੂੰ ਭਰਨ ਲਈ ਸਰਕਾਰ ਸਰਮਾਏਦਾਰਾਂ ਨੂੰ ਸਸਤੇ ਕਰਜ਼ੇ ਉਪਲਬਧ ਕਰਵਾਉਂਦੀ ਹੈ ਜਿਸ ਦਾ ਵੱਡਾ ਹਿੱਸਾ ਸਰਮਾਏਦਾਰ ਪੈਦਾਵਾਰੀ ਖੇਤਰ ਵਿਚ ਮੁਨਾਫਿਆਂ ਦੀ ਤੋਟ ਸਦਕਾ ਸੱਟੇਬਾਜ਼ੀ ਉੱਤੇ ਲਗਾ ਦਿੰਦੇ ਹਨ, ਭਾਵੇਂ ਇੱਕ ਹਿੱਸਾ ਪੈਦਾਵਾਰੀ ਖੇਤਰ ਵਿਚ ਵੀ ਨਿਵੇਸ਼ ਕਰਦੇ ਹਨ। ਕੁੱਲ ਮਿਲ਼ਾ ਕੇ ਵਧੇਰੇ ਤੋਂ ਵਧੇਰੇ ਸਰਮਾਏਦਾਰਾਂ ਵੱਲੋਂ ਸੱਟੇਬਾਜ਼ੀ ਰਾਹੀਂ ਮੁਨਾਫ਼ੇ ਕਮਾਉਣ ਦਾ ਢੰਗ ਇਸੇ ਲਈ ਅਪਣਾਇਆ ਜਾਂਦਾ ਹੈ ਕਿਉਂ ਜੋ ਪੈਦਾਵਾਰੀ ਖੇਤਰ ਵਿਚ ਮੁਨਾਫ਼ੇ ਦੀ ਦਰ ਕਾਫੀ ਡਿੱਗ ਚੁੱਕੀ ਹੁੰਦੀ ਹੈ।

ਦੂਜੀ ਸੰਸਾਰ ਜੰਗ ਮਗਰੋਂ ਸਰਮਾਏਦਾਰਾਂ ਦੀਆਂ ਚਾਕਰ ਸਰਕਾਰਾਂ ਵੱਲੋਂ ਆਪਣਾਈਆਂ ਕਰਜ਼ ਵਿਸਥਾਰ ਦੀਆਂ ਨੀਤੀਆਂ ਰਾਹੀਂ ਕਈ ਦੇਸ਼ਾਂ ਵਿਚ ਲੰਮੇ ਸਮੇਂ ਤੋਂ ਆਰਥਿਕ ਸੰਕਟ ਟਲ਼ਿਆ ਰਿਹਾ, ਭਾਵੇਂ ਵਿਚ-ਵਿਚ ਇਸ ਦੇ ਫੁਟਾਰੇ ਵੀ ਹੁੰਦੇ ਗਏ। ਇਸ ਤੋਂ ਕਈ ਆਰਥਿਕ ਮਾਹਿਰਾਂ ਵਿਚ ਇਹ ਭੁਲੇਖਾ ਵੀ ਸਿਰਜਿਆ ਗਿਆ ਕਿ ਸਰਮਾਏਦਾਰਾ ਢਾਂਚਾ ਆਰਥਿਕ ਸੰਕਟ ਤੋਂ ਮੁਕਤ ਹੋ ਸਕਦਾ ਹੈ। 2008 ਦੇ ਸੰਕਟ ਤੇ ਪੱਛਮੀ ਦੇਸ਼ਾਂ ਦੀ ਇਸ ਸਮੇਂ ਦੀ ਆਰਥਿਕ ਸਥਤਿੀ ਨੇ ਅਜਿਹੇ ਭੁਲੇਖਿਆਂ ਦੀ ਹਕੀਕਤ ਸਾਫ ਉਜਾਗਰ ਕਰ ਦਿੱਤੀ ਹੈ।

ਵੱਖੋ-ਵੱਖ ਪੱਛਮੀ ਦੇਸ਼ਾਂ ਦੇ ਮੁਲਕਾਂ ਵਿਚ ਆਰਥਿਕ ਖੜੋਤ ਤੇ ਸੰਕਟ ਜਿਹੀ ਹਾਲਤ ਬਣੀ ਹੋਈ ਹੈ। ਅਰਥਚਾਰੇ ਦੀ ਇਹ ਹਾਲਤ ਵਧਦੀ ਬੇਰੁਜ਼ਗਾਰੀ, ਗਰੀਬੀ, ਮਹਿੰਗਾਈ ਆਦਿ ਰਾਹੀਂ ਲੋਕਾਈ ਉੱਤੇ ਦੁੱਖਾਂ-ਤਕਲੀਫ਼ਾਂ ਦਾ ਬੋਝ ਦੂਣ-ਸਵਾਇਆ ਕਰ ਰਹੀ ਹੈ। ਨਾ਼ਲ ਹੀ ਅਰਥਚਾਰੇ ਦੀ ਇਹ ਹਾਲਤ ਲੋਕਾਈ ਅੱਗੇ ਇਸ ਜਰਜਰ ਢਾਂਚੇ ਦੀ ਅਸਲੀਅਤ ਨੂੰ ਵੀ ਨੰਗਾ ਕਰ ਰਹੀ ਹੈ। ਲੋਕਾਂ ਦੇ ਰੋਹ ਦਾ ਫੁਟਾਰਾ ਪਿਛਲੇ ਸਾਲ ਡੇਢ ਸਾਲ ਦੌਰਾਨ ਇਨ੍ਹਾਂ ਦੇਸ਼ਾਂ ਵਿਚ ਵੱਖੋ-ਵੱਖ ਰੂਪਾਂ ਵਿਚ ਹੁੰਦਾ ਰਿਹਾ ਹੈ। ਸਰਮਾਏਦਾਰੀ ਦੇ ਅਖੌਤੀ ਆਦਰਸ਼ ਮੁਲਕਾਂ ਵਿਚ ਵੀ ਲੋਕਾਈ ਇਸ ਦੇ ਲੋਕ ਵਿਰੋਧੀ ਖ਼ਾਸੇ ਨੂੰ ਸਮਝਣ ਅਤੇ ਇਸ ਖਿਲਾਫ ਲੜਨ ਲਈ ਲਗਾਤਾਰ ਮੁੜ ਸਰਗਰਮ ਹੋ ਰਹੀ ਹੈ।

# ਸਰਕਾਰੀ ਜਾਂਚਾਂ ਨੇ ਸਚਾਈ ਨੂੰ ਧੁੰਦਲਾ ਕਿਵੇਂ ਕੀਤਾ?-2

*(ਪਿਛਲੇ ਸਫੇ ਦੀ ਬਾਕੀ)*

ਉਸ ਦਾ ਬਿਆਨ ਕਹਿੰਦਾ ਹੈ, "ਬਲਾਕ 32 ਤੋਂ ਲੱਗਭੱਗ 300 ਗਜ ਦੀ ਦੂਰੀ 'ਤੇ ਕਈ ਸੈਂਕੜਿਆਂ ਦੀ ਭੀੜ ਸਾਡਾ ਰਾਹ ਰੋਕੀ ਖੜ੍ਹੀ ਸੀ।"

ਇਸ ਤੋਂ ਪਹਿਲਾਂ ਕਿ ਅਸੀਂ ਉਨ੍ਹਾਂ ਤੱਕ ਪਹੁੰਚਦੇ, ਮੋਟਰ ਸਾਈਕਲ 'ਤੇ ਸਵਾਰ ਇਕ ਹੈੱਡ ਕਾਂਸਟੇਬਲ ਅਤੇ ਇਕ ਕਾਂਸਟੇਬਲ ਬਲਾਕ 32 ਵੱਲੋਂ ਸਾਡੇ ਵੱਲ ਆਏ। ਮੈਂ ਇਸ਼ਾਰਾ ਕਰ ਕੇ ਮੋਟਰ ਸਾਈਕਲ ਨੂੰ ਰੋਕ ਲਿਆ ਅਤੇ ਵਾਹਨ ਚਲਾ ਰਹੇ ਹੈੱਡ ਕਾਂਸਟੇਬਲ ਨੂੰ ਪੁੱਛਿਆ ਕਿ ਕੀ ਬਲਾਕ 32 ਵਿਚ ਕੋਈ ਕਤਲ ਹੋਇਆ ਹੈ? ਪੁਲਸੀਏ ਨੇ ਦੱਸਿਆ ਕਿ ਬਲਾਕ 32 ਵਿਚ 'ਅਮਨ-ਅਮਾਨ' ਹੈ। ਹੋਰ ਪੁੱਛਗਿੱਛ ਕਰਨ 'ਤੇ ਉਸ ਨੇ ਮੰਨਿਆ ਕਿ 'ਸਿਰਫ਼' ਦੋ ਜਣੇ ਮਾਰੇ ਗਏ ਸਨ, ਜ਼ਿਆਦਾ ਨਹੀਂ।

ਤੇਜਿੰਦਰ ਸਿੰਘ ਦੀ ਗਵਾਹੀ ਅਨੁਸਾਰ ਇਹ ਉਸ ਇਲਾਕੇ ਤੋਂ ਅੱਠ ਟਰੱਕਾਂ ਵਿਚ ਲਾਸ਼ਾਂ ਚੁੱਕੇ ਜਾਣ ਤੋਂ ਲੱਗਭੱਗ 12 ਘੰਟੇ ਬਾਅਦ ਦੀ ਗੱਲ ਸੀ।

ਬੇਦੀ, ਮਲਿਆਕਨ ਅਤੇ ਤੋਮਰ ਫਿਰ ਕਲਿਆਣਪੁਰੀ ਥਾਣੇ ਗਏ ਅਤੇ ਇਹੀ ਸਵਾਲ ਡਿਊਟੀ ਅਫਸਰ ਨੂੰ ਪੁੱਛਿਆ। ਡਿਊਟੀ ਅਫਸਰ ਨੇ ਵੀ ਕਿਹਾ ਕਿ ਉੱਥੇ 'ਅਮਨ-ਅਮਾਨ' ਹੈ ਅਤੇ ਕਿਸੇ ਮੌਤ ਦੀ ਇਤਲਾਹ ਨਹੀਂ ਮਿਲੀ ਹੈ। ਥਾਣੇ ਦੇ ਬਾਹਰ ਖੜ੍ਹੇ ਟਰੱਕ ਨੇ ਪੱਤਰਕਾਰਾਂ ਦਾ ਧਿਆਨ ਖਿੱਚਿਆ:

"ਨੇੜੇ ਜਾ ਕੇ ਦੇਖਣ 'ਤੇ ਸਾਨੂੰ ਵਾਹਨ ਦੇ ਪਿਛਲੇ ਹਿੱਸੇ ਵਿਚ ਤਿੰਨ, ਬੇਪਛਾਣ ਸੜੀਆਂ ਹੋਈਆਂ ਲਾਸ਼ਾਂ ਅਤੇ ਇਕ ਅੱਧਾ ਸੜਿਆ ਜ਼ਿੰਦਾ ਸਿੱਖ ਨੌਜਵਾਨ ਮਿਲਿਆ ਜੋ ਉਨ੍ਹਾਂ ਦੇ ਉੱਪਰ ਪਿਆ ਸੀ। ਨੀਮ-ਹੋਸ਼ 'ਚ ਉਸ ਆਦਮੀ ਨੇ ਸਾਨੂੰ ਦੱਸਿਆ ਕਿ ਉਹ ਪੰਜਾਬ ਦਾ ਰਹਿਣ ਵਾਲਾ ਹੈ ਅਤੇ ਤ੍ਰਿਲੋਕਪੁਰੀ ਵਿਚ ਰਿਸ਼ਤੇਦਾਰਾਂ ਨੂੰ ਮਿਲਣ ਆਇਆ ਹੋਇਆ ਸੀ। ਉਸ ਨੇ ਦੱਸਿਆ ਕਿ ਉਸੇ ਦਿਨ ਸਵੇਰ ਸਾਝਰੇ ਇਕ ਭੜਕੀ ਹੋਈ ਭੀੜ ਨੇ ਉਸਦੇ ਮੇਜ਼ਬਾਨ ਨੂੰ ਮਾਰ ਦਿੱਤਾ ਸੀ ਅਤੇ ਉਸ ਦੇ ਸਰੀਰ 'ਤੇ ਮਿੱਟੀ ਦਾ ਤੇਲ ਪਾ ਕੇ ਉਸ ਨੂੰ ਅੱਗ ਲਗਾ ਦਿੱਤੀ ਸੀ। ਉਸ ਦੀ ਸਾਡੇ ਨਾਲ ਗੱਲ ਹੋਣ ਤੋਂ ਤਕਰੀਬਨ ਚਾਰ ਘੰਟੇ ਪਹਿਲਾਂ ਸਵੇਰੇ 11 ਵਜੇ ਦੇ ਕਰੀਬ ਥਾਣੇ ਲਿਆਂਦਾ ਗਿਆ ਸੀ। ਉਹ ਉਦੋਂ ਤੋਂ ਉੱਥੇ ਪਿਆ ਸੀ।

ਬੇਦੀ ਨੇ ਕਮਿਸ਼ਨ ਨੂੰ ਦੱਸਿਆ, ਉਸ ਨੇ ਸੂਰ ਵੀਰ ਸਿੰਘ ਤਿਆਗੀ ਨੂੰ ਦੋ ਕਾਂਸਟੇਬਲਾਂ ਨਾਲ ਤ੍ਰਿਲੋਕਪੁਰੀ ਪਹੁੰਚਦੇ ਦੇਖਿਆ। ਤਿਆਗੀ ਨੇ ਦਾਅਵਾ ਕੀਤਾ ਕਿ ਉਸ ਨੇ ਕਤਲੇਆਮ ਬਾਰੇ 'ਆਪਣੇ ਸੀਨੀਅਰ ਅਫਸਰ ਨੂੰ ਬੇਤਾਰ ਸੰਦੇਸ਼' ਭੇਜਿਆ ਸੀ। ਬੇਦੀ ਨੇ ਅੱਗੇ ਕਿਹਾ, "ਬਲਾਕ 32 ਵਿਚ ਸੈਂਕੜੇ ਲੂਹੀਆਂ ਹੋਈਆਂ ਅਤੇ ਵੱਢੀਆਂ-ਟੁੱਕੀਆਂ ਲਾਸ਼ਾਂ ਦੇ ਸਮੁੰਦਰ ਦੇ ਉੱਪਰ ਤੁਰਦੇ ਹੋਏ ਸੂਰਵੀਰ ਸਿੰਘ ਨੇ ਮੈਨੂੰ ਕਿਹਾ, 'ਇਸ ਦੇ ਲਈ ਮੁਸਲਮਾਨ ਜ਼ਿੰਮੇਵਾਰ ਹਨ।' ਮੈਂ ਇਕ ਘੰਟੇ ਤੱਕ ਬਲਾਕ 32 ਵਿਚ ਸੀ ਉਦੋਂ ਤੱਕ ਉੱਥੇ ਸਦਮੇ 'ਚ ਡੁੱਬੇ ਦੰਗਾ ਪੀੜਤਾਂ ਦੀ ਸੁਰੱਖਿਆ ਲਈ ਕੋਈ ਹੋਰ ਪੁਲਿਸ ਫੋਰਸ ਨਹੀਂ ਪਹੁੰਚੀ।"

ਬੇਦੀ ਅਤੇ ਮਲਿਆਕਨ 3 ਨਵੰਬਰ ਦੀ ਸਵੇਰ ਨੂੰ ਤ੍ਰਿਲੋਕਪੁਰੀ ਵਾਪਸ ਗਏ। ਬੇਦੀ ਦੇ ਅਨੁਸਾਰ, ਉਨ੍ਹਾਂ ਨੇ "ਕਲੋਨੀ ਦੇ ਪ੍ਰਵੇਸ਼ ਦੁਆਰ ਦੇ ਅੰਦਰ ਦੋ ਲਾਸ਼ਾਂ ਧੁਖਦੀਆਂ ਵੇਖੀਆਂ। 45 ਮਿੰਟ ਬਾਅਦ, ਬਲਾਕ 32 ਦੇ ਦੌਰੇ ਤੋਂ ਬਾਅਦ ਵਾਪਸ ਮੁੜਨ 'ਤੇ ਅਸੀਂ ਉਸੇ ਢੇਰ 'ਤੇ ਦੋ ਹੋਰ ਲਾਸ਼ਾਂ ਦੇਖੀਆਂ।"

ਪਿੱਛੋਂ ਬੇਦੀ ਨੇ ਜੋ ਸਟੋਰੀ ਲਿਖੀ, ਉਹ ਇੰਡੀਅਨ ਐਕਸਪ੍ਰੈੱਸ 'ਚ ਛਪੀ ਜੋ ਕਤਲੇਆਮ ਦੀ ਭਰੋਸੇਯੋਗ ਰਿਪੋਰਟ ਕਰਨ ਵਾਲੇ ਕੁਝ ਕੁ ਅਖ਼ਬਾਰਾਂ ਵਿਚੋਂ ਇਕ ਸੀ।

ਹੋਰ ਕਈ ਅਖ਼ਬਾਰਾਂ ਦੇ ਸੰਪਾਦਕਾਂ ਨੇ ਆਪਣੇ ਪੱਤਰਕਾਰਾਂ ਦੇ ਕੰਮ ਕਰਨ ਤੋਂ ਪਹਿਲਾਂ ਹੀ ਹਿੰਸਾ ਬਾਰੇ ਆਪਣਾ ਮਨ ਬਣਾ ਲਿਆ ਸੀ। "ਦੀ ਟਾਈਮਜ਼ ਆਫ ਇੰਡੀਆ ਦੇ ਸੰਪਾਦਕ ਗਿਰੀਲਾਲ ਜੈਨ ਨੇ ਹਿੰਸਾ ਦੀ ਵਾਜਬ ਵਜ੍ਹਾ ਇਹ ਲੱਭੀ, ਉਸ ਨੇ ਲਿਖਿਆ, ਹਿੰਦੂਆਂ ਦੇ ਸਬਰ ਦਾ ਪਿਆਲਾ ਭਰ ਗਿਆ ਸੀ।" ਖੁ਼ਸ਼ਵੰਤ ਸਿੰਘ ਨੇ ਕਤਲੇਆਮ ਦੀ 20ਵੀਂ ਵਰ੍ਹੇਗੰਢ ਦੇ ਮੌਕੇ 'ਤੇ ਆਊਟਲੁਕ ਵਿਚ ਲਿਖਿਆ। "ਐੱਨ.ਸੀ. ਮੈਨਨ ਜੋ ਮੇਰੇ ਤੋਂ ਬਾਦ ਦੀ ਹਿੰਦੁਸਤਾਨ ਟਾਈਮਜ਼ ਦਾ ਸੰਪਾਦਕ ਬਣਿਆ, ਨੇ ਲਿਖਿਆ ਕਿ ਸਿੱਖਾਂ ਨੇ ਕਿਵੇਂ 'ਖੁ਼ਸ਼ਹਾਲੀ ਦਾ ਰਾਹ ਬਣਾ ਲਿਆ' ਸੀ ਅਤੇ ਇਹ ਉਨ੍ਹਾਂ ਤੱਕ ਪਹੁੰਚਣ ਹੀ ਵਾਲੀ ਸੀ।"

ਫੂਲਕਾ ਨੇ ਮੈਨੂੰ ਦੱਸਿਆ ਕਿ ਇਸ ਤੋਂ ਬਾਅਦ ਬਹੁਤੀ ਪਰਦਾਪੋਸ਼ੀ ਇਸ ਕਰ ਕੇ ਸੰਭਵ ਹੋਈ ਕਿਉਂਕਿ ਇਸ ਤਰ੍ਹਾਂ ਦੇ ਸੰਪਾਦਕਾਂ ਦੀ ਅਗਵਾਈ ਵਿਚ ਮੀਡੀਆ ਨੇ ਹਿੰਸਾ ਦੇ ਦੌਰਾਨ ਅਤੇ ਇਸ ਤੋਂ ਬਾਅਦ ਆਪਣੀ ਭੂਮਿਕਾ ਨੂੰ ਬਹੁਤ ਹੱਦ ਤੱਕ ਤਿਲਾਂਜਲੀ ਦੇ ਦਿੱਤੀ ਸੀ। ਇਹ 1984 ਦੇ ਕਤਲੇਆਮ ਅਤੇ 2002 ਵਿਚ ਗੁਜਰਾਤ ਵਿਚ ਹੋਈ ਹਿੰਸਾ ਦਰਮਿਆਨ ਵਧੇਰੇ ਮਹੱਤਵਪੂਰਨ ਫ਼ਰਕਾਂ 'ਚੋਂ ਹੈ; ਜਦੋਂ ਕਿ ਜਾਪਦਾ ਇੰਵ ਸੀ ਕਿ ਭਾਰਤੀ ਰਾਜ ਦੀ ਕਿਸੇ ਵੀ ਸੰਸਥਾ ਨੇ ਅਤੀਤ ਤੋਂ ਸਬਕ ਨਹੀਂ ਲਿਆ, 2002 ਵਿਚ ਮੀਡੀਆ ਦਾ ਪ੍ਰਤੀਕਰਮ ਬਹੁਤ ਵੱਖਰਾ ਸੀ। ਇਸ ਪ੍ਰਤੀਕਰਮ ਉੱਪਰ ਨਿੱਜੀ ਨਿਊਜ਼ ਚੈਨਲਾਂ ਦਾ ਪ੍ਰਭਾਵ ਖ਼ਾਸ ਤੌਰ 'ਤੇ ਪ੍ਰਤੱਖ ਸੀ।

1984 'ਚ ਮੁਲਕ ਦੀ ਇੱਕੋ-ਇਕ ਟੈਲੀਵਿਜ਼ਨ ਕਵਰੇਜ ਦੂਰਦਰਸ਼ਨ ਦੁਆਰਾ ਮੁਹੱਈਆ ਕੀਤੀ ਗਈ ਸੀ। ਇੱਥੋਂ ਤੱਕ ਕਿ ਮਿਸ਼ਰਾ ਕਮਿਸ਼ਨ ਨੇ ਵੀ ਮੰਨਿਆ ਕਿ ਰਾਜ ਦੇ ਕੰਟਰੋਲ ਵਾਲੇ ਪ੍ਰਸਾਰਨ ਨੇ ਮਾਮਲੇ ਨੂੰ ਹੋਰ ਵਿਗੜਿਆ ਹੋ ਸਕਦਾ ਹੈ। ਕਮਿਸ਼ਨ ਨੇ ਨੋਟ ਕੀਤਾ, ਪਹਿਲੀ ਨਵੰਬਰ ਨੂੰ ਇੰਦਰਾ ਗਾਂਧੀ ਦੀ ਦੇਹ ਤੀਨ ਮੂਰਤੀ ਭਵਨ ਲਿਜਾਏ ਜਾਣ ਤੋਂ ਬਾਅਦ "ਜਨਤਕ ਦਰਸ਼ਨਾਂ ਲਈ ਰੱਖੀ ਲਾਸ਼ ਨੂੰ ਕਵਰ ਕਰਨ ਲਈ ਲਾਈਵ ਟੈਲੀਕਾਸਟ ਦਾ ਪ੍ਰਬੰਧ ਕੀਤਾ ਗਿਆ ਸੀ।" ਉਸ ਸਵੇਰ ਲੋਕਾਂ ਦੇ ਇਕ ਸਮੂਹ ਨੇ ਲਾਸ਼ ਦੇ ਕੋਲੋਂ ਲੰਘਦੇ ਹੋਏ 'ਖ਼ੂਨ ਕਾ ਬਦਲਾ ਖ਼ੁਨ' ਦੇ ਨਾਅਰੇ ਲਗਾਏ। ਸਿੱਧਾ ਪ੍ਰਸਾਰਨ ਚੱਲ ਰਿਹਾ ਹੋਣ ਕਾਰਨ ਨਾਅਰੇ ਸਮੇਤ ਭੀੜ ਦਾ ਪ੍ਰਸਾਰਨ ਟੀ.ਵੀ. 'ਤੇ ਹੋ ਗਿਆ ਸੀ ਅਤੇ ਉਨ੍ਹਾਂ ਦਾ ਨਾਅਰਾ ਸੁਣ ਗਿਆ ਸੀ।"

ਚੈਨਲ ਦੇ ਡਾਇਰੈਕਟਰ ਜਨਰਲ ਨੇ ਕਮਿਸ਼ਨ ਨੂੰ ਸਪਸ਼ਟੀਕਰਨ ਦਿੱਤਾ ਕਿ "ਦੂਰਦਰਸ਼ਨ ਦੇ ਅਧਿਕਾਰੀਆਂ ਨੂੰ ਹਰਗਿਜ਼ ਖ਼ਦਸ਼ਾ ਨਹੀਂ ਸੀ ਕਿ ਮ੍ਰਿਤਕ ਆਗੂ ਨੂੰ ਸ਼ਰਧਾਂਜਲੀ ਦੇਣ ਵਾਲੀ ਭੀੜ ਅਜਿਹਾ ਨਾਅਰਾ ਲਾਏਗੀ ਜੋ ਲਾਈਵ ਪ੍ਰੋਗਰਾਮ ਚੱਲਦਾ ਹੋਣ ਕਾਰਨ ਟੈਲੀਵਿਜ਼ਨ 'ਤੇ ਆ ਜਾਵੇਗਾ। ਇਸ ਗੱਲ ਦਾ ਅਹਿਸਾਸ ਹੁੰਦੇ ਹੀ ਸਿੱਧਾ ਪ੍ਰਸਾਰਨ ਬੰਦ ਕਰ ਦਿੱਤਾ ਗਿਆ ਸੀ।" ਹਾਲਾਂਕਿ ਜਦੋਂ ਪ੍ਰਸਾਰਨ ਦੀ ਰਿਕਾਰਡਿੰਗ ਚਲਾ ਕੇ ਦੇਖੀ ਗਈ ਤਾਂ "ਕਮਿਸ਼ਨ ਨੇ ਦੇਖਿਆ ਕਿ ਇਹ ਨਾਅਰਾ 37 ਸਕਿੰਟਾਂ 'ਚ 18 ਵਾਰ ਦੁਹਰਾਇਆ ਗਿਆ ਸੀ।" ***(ਚੱਲਦਾ)***

# ਕਵਿਤਾ ਨੂੰ ਨਮਨ

ਨਮਨ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਸਿਰ ਝੁਕਾਉਣਾ ਹੈ। ਇਸ ਸ਼ਬਦ ਨੂੰ ਅੰਗਰੇਜ਼ੀ ਭਾਸ਼ਾ ਵਿਚ ਵਰਤੇ ਜਾਂਦੇ ਲਾਤੀਨੀ ਸ਼ਬਦ ਨਯੂਮਿਨ (ਨੁਮਇਨ) ਦੀ ਸਹਾਇਤਾ ਨਾਲ ਵੀ ਸਮਝਿਆ ਜਾ ਸਕਦਾ ਹੈ। ਨਯੂਮਿਨ ਦਾ ਮੂਲ ਅਰਥ ਵੀ ਨੌਡ (ਨੋਦ) ਅਰਥਾਤ ਸਿਰ ਝੁਕਾਉਣਾ ਹੀ ਹੈ। ਭਾਈ ਕਪੂਰ ਸਿੰਘ ਜੀ ਨੇ ਧਾਰਮਿਕ ਅਨੁਭਵ ਅਤੇ ਅਭਿਆਸ ਵਜੋਂ ਭਾਰਤੀ ਧਰਮ ਪਰੰਪਰਾ ਵਿਚ ਬੇਹੱਦ ਪ੍ਰਚਲਿਤ ਨਾਮ ਨੂੰ ਲਾਤੀਨੀ ਨਯੂਮਿਨ ਅਤੇ ਸੰਸਕ੍ਰਿਤ ਦੇ ਨਮਨ ਦਾ ਹੀ ਸਗੋਤੀ, ਪਰਿਆਇ ਅਤੇ ਬਦਲਿਆ ਰੂਪ ਮੰਨਿਆ ਹੈ। ਨਯੂਮਿਨ ਦਾ ਅਰਥ ਪਾਰਬ੍ਰਹਮ ਦਾ ਹੁਕਮ (ਧਿ-ਵਨਿਇ ਅਪ-ਪਰੋਵਅਲ) ਦੱਸਿਆ ਗਿਆ ਹੈ।


ਇਸ ਹਿਸਾਬ ਨਾਲ ਨਾਮ ਪ੍ਰਭੂ ਦਾ ਹੁਕਮ ਹੈ ਤੇ ਜਦ



**ਅਵਤਾਰ ਸਿੰਘ (ਪ੍ਰੋ.)**
**ਫੋਨ: +91-94175-18384**

ਅਸੀਂ ਉਸ ਹੁਕਮ ਅਗੇ ਨਤਮਸਤਕ ਹੁੰਦੇ ਹੋਏ, ਉਸ ਨੂੰ ਆਪਣੇ ਅਭਿਆਸ ਵਿਚ ਉਤਾਰਦੇ ਹਾਂ ਤਾਂ ਇਹ ਵੀ ਸਾਡਾ ਨਾਮ ਜਪਣਾ ਹੀ ਹੋ ਜਾਂਦਾ ਹੈ। ਇਸ ਤਰ੍ਹਾਂ ਨਾਮ ਪਾਰਬ੍ਰਹਮ ਦੇ ਹੁਕਮ ਅਤੇ ਮਨੁਖ ਦੇ ਸਮਰਪਣ ਵਜੋਂ ਦੋ ਤਰਫ਼ਾ ਅਭਿਆਸ ਹੈ। ਮੈਂ ਸਮਝਦਾ ਹਾਂ ਕਿ ਸ਼ਾਇਰ ਵੀ ਆਪਣੇ ਚਿੰਤਨ ਵਿਚ ਏਨੇ ਗਹਿਰੇ ਹੋ ਜਾਂਦੇ ਹਨ ਕਿ ਉਨ੍ਹਾਂ ਦਾ ਅਨੁਭਵ ਵੀ ਪਾਰਬ੍ਰਹਮ ਤਕ ਜਾ ਪੁੱਜਦਾ ਹੈ। ਇਸ ਕਰਕੇ ਉਨ੍ਹਾਂ ਦੇ ਕਾਵਿ ਆਵੇਸ਼ ਅਤੇ ਆਦੇਸ਼ ਵੀ ਨਾਮ ਹੋ ਜਾਂਦੇ ਹਨ। ਕਵੀਆਂ ਦਾ ਕਵਿਤਾ ਲਿਖਣਾ ਤੇ ਪਾਠਕ ਵੱਲੋਂ ਉਸ ਨੂੰ ਪੜ੍ਹਨਾ ਵੀ ਨਮਨ ਦੇ ਅਰਥਾਂ ਵਿਚ ਨਾਮ ਜਪਣਾ ਹੋ ਜਾਂਦਾ ਹੈ।

ਪੰਜਾਬੀ ਕਵਿਤਾ ਵਿਚ ਸੁਰਜੀਤ ਪਾਤਰ ਸਾਡੇ ਸਮਿਆਂ ਦਾ ਸਭ ਤੋਂ ਵਧੇਰੇ ਹਰ ਦਿਲ ਅਜ਼ੀਜ਼ ਅਤੇ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਸ਼ਾਇਰ ਹੈ। ਕਈ ਵੱਡੇ ਵੱਡੇ ਕਵੀ ਆਪਣੇ ਕਈ ਸ਼ਿਅਰਾਂ ਤੇ ਕਵਿਤਾਵਾਂ ਨੂੰ ਵੀ ਕਿਸੇ ਵੇਲੇ ਆਪ ਹੀ ਨਾਪਸੰਦ ਕਰ ਕੇ ਖਾਰਜ ਕਰ ਦਿੰਦੇ ਹਨ। ਪਰ ਸੁਰਜੀਤ ਪਾਤਰ ਅਜਿਹਾ ਸ਼ਾਇਰ ਹੈ, ਜਿਸ ਦੀ ਕਵਿਤਾ ਦਾ ਕੋਈ ਵੀ ਸ਼ਿਅਰ ਜਾਂ ਬੰਦ ਖਾਰਿਜ ਨਹੀਂ ਕੀਤਾ ਜਾ ਸਕਦਾ। ਉਸ ਦੀ ਕਵਿਤਾ ਦਾ ਹਰ ਸ਼ਬਦ, ਵਾਕ ਅਤੇ ਬੰਦ ਜੀਵਨ ਦੇ ਬੜੇ ਹੀ ਗਹਿਰੇ ਅਤੇ ਮਹੀਨ ਰਹੱਸ ਨੂੰ ਸੁਚੇਤ, ਸੰਖੇਪ ਅਤੇ ਸੂਖਮ ਅੰਦਾਜ਼ ਵਿਚ ਖੋਲ੍ਹਦਾ ਹੈ। ਇਸੇ ਲਈ ਉਸ ਦੀ ਹਰ ਕਵਿਤਾ ਵਿਚ ਬਹੁਰੰਗੇ ਵਿਸਮਾਦ ਦਾ ਅੰਸ਼ ਘੁਲਿਆ ਹੁੰਦਾ ਹੈ, ਜੋ ਕਿ ਪੜ੍ਹਨ ਵਾਲੇ ਦੇ ਮਨ ਨੂੰ ਵੀ ਰੰਗ ਦਿੰਦਾ ਹੈ। ਉਸ ਦੀ ਕਵਿਤਾ ਹਰ ਨਿਜ਼ਾਮ 'ਤੇ ਸਵਾਲ ਕਰਦੀ ਹੈ ਤੇ ਉਸ ਨੂੰ ਇਨਸਾਫ਼ ਦੇ ਕਟਹਿਰੇ ਵਿਚ ਲਿਆ ਖੜ੍ਹਾ ਕਰਦੀ ਹੈ। ਪਰ ਉਹ ਜੀਵਨ ਦੀ ਹਰ ਤਰੰਗ ਅਤੇ ਰਮਜ਼ ਨੂੰ ਨਮਨ ਕਰਦੀ ਹੋਈ ਉਸ ਦੇ ਸਮਰਪਣ ਵਿਚ ਖੁੱਲ੍ਹਦੀ ਹੈ। ਕਿਤੇ ਉਹ ਮੋਮਬੱਤੀਆਂ ਬਣ ਬਲਦੀ ਹੈ, ਕਿਤੇ ਤਾਰਿਆਂ ਦੀ ਤਰ੍ਹਾਂ ਚੜ੍ਹਦੀ ਹੈ, ਕਿਤੇ ਰੁੱਖ ਦੇ ਪੱਤੇ ਬਣ-ਬਣ ਝੜਦੀ ਹੈ। ਕਿਤੇ ਉਹ ਕਿਰਪਾਨ ਦੀ ਧਾਰ ਦੀ ਤਰ੍ਹਾਂ ਲਿਸ਼ਕਦੀ ਹੈ, ਕਿਤੇ ਜੋਬਨਮੱਤੀ ਮੁਟਿਆਰ ਦੀ ਤਰ੍ਹਾਂ ਝਿਜਕਦੀ ਹੈ, ਕਿਤੇ ਕਾਲੀ-ਬੋਲੀ ਹਨੇਰੀ ਬਣ ਸਭ ਕੁਝ ਉਡਾ ਕੇ ਲੈ ਜਾਂਦੀ ਹੈ ਤੇ ਕਿਤੇ ਰੁਮਕਦੀ ਪੌਣ ਬਣ ਉਜੜੇ ਹੋਏ ਮਨ ਨੂੰ ਨੀਂਦ ਦਾ ਝੂਟਾ ਦੇ ਜਾਂਦੀ। ਕਿਤੇ ਉਹ ਬੀਆਬਾਨ ਹੁੰਦੀ ਹੈ, ਕਿਤੇ ਚੱਲਦੀ ਫਿਰਦੀ ਦੁਨੀਆ ਤੇ ਕਿਤੇ ਘੁੱਗ ਵਸਦੀ ਨਗਰੀ। ਉਹ ਕਿਤੇ ਉਦਾਸ, ਕਿਤੇ ਚੰਚਲ, ਕਿਤੇ ਗੰਭੀਰ ਤੇ ਕਿਤੇ ਉਦਾਤ ਹੋ ਜਾਂਦੀ ਹੈ। ਅਸਲ ਵਿਚ ਉਹ ਅਜਿਹੀ ਨਦੀ ਦੀ ਤਰ੍ਹਾਂ ਵਗਦੀ ਹੈ, ਜਿਸ ਦਾ ਇੱਕ ਕਿਨਾਰਾ ਧਰਤੀ ਹੋਵੇ ਤੇ ਦੂਸਰਾ ਅਸਮਾਨ। ਅਜਿਹੀ ਕਵਿਤਾ ਨੂੰ ਨਮਨ ਨਾ ਕਰੀਏ ਤਾਂ ਕੀ ਕਰੀਏ! ਇਸੇ ਕਰਕੇ ਮੈਂ ਸੁਰਜੀਤ ਪਾਤਰ ਦੀ ਕਵਿਤਾ ਨੂੰ ਨਾਮ ਦੇ ਅਹਿਸਾਸ ਵਿਚ ਪੜ੍ਹਦਾ ਹਾਂ। ਜੇ ਮੈਂ ਇਸ ਨੂੰ



ਪਾਠ ਕਰਨ ਜਿਹਾ ਅਨੁਭਵ ਵੀ ਕਹਿ ਦੇਵਾਂ ਤਾਂ ਹੋ ਸਕਦਾ ਹੈ ਕੋਈ ਇਸ ਨੂੰ ਖੁਨਾਮੀ ਸਮਝੇ। ਪਰ ਅਜਿਹੀ ਕਵਿਤਾ ਲਿਖਣ ਵਾਲਾ ਕਵੀ ਕਦੇ ਕਦੇ ਹੀ ਪ੍ਰਗਟ ਹੁੰਦਾ ਹੈ ਤੇ ਸ਼ਾਇਦ ਇਹ ਗੱਲ ਵੀ ਕਈਆਂ ਨੂੰ ਪਸੰਦ ਨਾ ਆਵੇ ਕਿ ਅਜਿਹੇ ਕਵੀ ਦੀ ਕਵਿਤਾ ਦੀ ਸ਼ਨਾਖਤ ਕਰਨ ਵਾਲਾ ਵੀ ਕਦੇ ਕਦੇ ਹੀ ਅਵਤਾਰ ਲੈਂਦਾ ਹੈ।

ਅਜੋਕੇ ਜੀਵਨ ਵਿਚ ਸੱਚ ਬੜਾ ਹੀ ਅਸਹਿਜ ਵਰਤਾਰਾ ਹੋ ਗਿਆ ਹੈ ਤੇ ਝੂਠ ਏਨੀ ਸਹਿਜਤਾ ਨਾਲ ਸਾਡੇ ਜੀਵਨ ਵਿਚ ਧਸ ਗਿਆ ਹੈ ਕਿ ਹੁਣ ਝੂਠ ਬਗੈਰ ਜੀਣਾ ਸੰਭਵ ਹੀ ਨਹੀਂ ਰਿਹਾ। ਇਸੇ ਲਈ ਸੱਚੇ ਹੋਣਾ ਇਕੱਲਤਾ ਦੇ ਸ਼ਿਕਾਰ ਹੋਣਾ ਹੈ ਤੇ ਅਖੀਰ ਸੂਲੀ 'ਤੇ ਟੰਗੇ ਜਾਣ ਜਿਹਾ ਹੈ। ਪਾਤਰ ਸਾਹਿਬ ਦਾ ਸ਼ਿਅਰ ਹੈ: 'ਏਨਾ ਸੱਚ ਨਾ ਬੋਲ ਕਿ ਕੱਲਾ ਰਹਿ ਜਾਵੇਂ। ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ।' ਇਸ ਸ਼ਿਅਰ ਵਿਚ ਲਗਦਾ ਹੈ ਜਿਵੇਂ ਬਹੁਤਾ ਸੱਚ ਬੋਲਣ ਤੋਂ ਗੁਰੇਜ਼ ਕਰਨ ਲਈ ਨਸੀਹਤ ਦਿਤੀ ਗਈ ਹੋਵੇ। ਪਰ ਕਵਿਤਾ ਨਸੀਹਤ ਨਹੀਂ ਹੁੰਦੀ ਤੇ ਨਸੀਹਤ ਕਵਿਤਾ ਨਹੀਂ ਹੁੰਦੀ। ਕਵਿਤਾ ਨਸੀਹਤ ਦੀ ਬਜਾਏ ਨਸੀਹਤਨੁਮਾ ਹੋ ਸਕਦੀ ਹੈ ਤੇ ਇਹ ਕਵਿਤਾ ਇੱਕ ਅੰਦਾਜ਼ ਹੁੰਦਾ ਹੈ। ਇਸ ਸ਼ਿਅਰ ਵਿਚ ਪਾਤਰ ਸਾਹਿਬ ਨੇ ਬਹੁਤਾ ਜਾਂ ਹਮੇਸ਼ਾ ਸੱਚ ਬੋਲਣ ਵਾਲੇ ਦਾ ਹਸ਼ਰ ਬਿਆਨ ਕੀਤਾ ਹੈ ਕਿ ਉਹ ਅੰਤ ਵਿਚ ਇਕੱਲਤਾ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਮਰਨ ਉਪਰੰਤ ਉਸ ਦੀ ਅਰਥੀ ਨੂੰ ਮੋਢਾ ਦੇਣ ਵਾਲੇ ਚਾਰ ਬੰਦੇ ਵੀ ਨਹੀਂ ਲੱਭਦੇ।

ਮੈਂ ਆਪਣੇ ਜੀਵਨ ਵਿਚ ਸੱਚ ਦੀ ਅਹਿਮੀਅਤ ਸਮਝਣ ਦੇ ਰਾਹ ਪਿਆ ਹੋਇਆ ਹਾਂ ਤੇ ਇਸ ਦੀ ਸ਼ਨਾਖਤ ਕਰਨ ਲਈ ਜਦੋ-ਜਹਿਦ ਕਰ ਰਿਹਾ ਹਾਂ। ਇਹ ਮਾਰਗ ਏਨਾ ਖੰਡੇਧਾਰ ਹੈ ਕਿ ਇਸ 'ਤੇ ਚੱਲਣਾ ਮੇਰੇ ਵਰਗੇ ਸਧਾਰਣ ਮਨੁਖ ਲਈ ਨਾਮੁਮਕਿਨ ਹੀ ਪ੍ਰਤੀਤ ਹੁੰਦਾ ਹੈ। ਪਰ ਮੈਂ ਦੇਖਿਆ ਹੈ ਕਿ ਸੱਚ ਦੇ ਇਸ ਖੰਡੇਧਾਰ ਮਾਰਗ ਉਤੇ ਚੱਲਣਾ ਤਾਂ ਕਿਤੇ ਰਿਹਾ ਇਸ ਦੀ ਗੱਲ ਕਰਨ ਵਾਲਾ ਵੀ ਹੌਲੀ ਹੌਲੀ ਇਕੱਲਤਾ ਵਿਚ ਘਿਰਨਾ ਸ਼ੁਰੂ ਹੋ ਜਾਂਦਾ ਹੈ। ਲੋਕ ਉਸ ਤੋਂ ਅੱਖਾਂ ਚੁਰਾਉਣ ਲੱਗ ਜਾਂਦੇ ਹਨ ਤੇ ਉਸ ਨੂੰ ਦੇਖ ਕੇ ਮਿਲਣ ਦੀ ਬਜਾਏ ਇੱਧਰ-ਉੱਧਰ ਟਿਭਣਾ ਸ਼ੁਰੂ ਕਰ ਦਿੰਦੇ ਹਨ। ਇੱਥੇ ਤਕ ਵੀ ਰਹਿਣ ਤਾਂ ਵੀ ਕੋਈ ਹਰਜ ਨਹੀਂ, ਉਹ ਤਾਂ ਅਜਿਹੇ ਇਨਸਾਨ ਦੀ ਏਨੀ ਬਦਖੋਈ ਕਰਨੀ ਸ਼ੁਰੂ ਕਰ ਦਿੰਦੇ ਹਨ, ਜਿਵੇਂ ਸੱਚ ਦੀ ਗੱਲ ਕਰਨੀ ਸਿਰੇ ਦੀ ਮੁਜਰਮਾਨਾ ਕਾਰਵਾਈ ਹੋਵੇ। ਸੱਚ ਬੋਲਣ ਵਾਲਾ ਤਾਂ ਕਿਤੇ ਰਿਹਾ, ਸੱਚ ਦੀ ਗੱਲ ਕਰਨ ਵਾਲਾ ਹੀ ਇਕੱਲਤਾ ਦੀ ਸੂਲੀ 'ਤੇ ਟੰਗਿਆ ਜਾਂਦਾ ਹੈ। ਇਸ ਅਹਿਸਾਸ ਨੂੰ ਨਦੀਮ ਕਾਸਮੀ ਨੇ ਆਪਣੇ ਸ਼ਿਅਰ ਵਿਚ ਇਸ ਤਰਾਂ ਬਿਆਨ ਕੀਤਾ:

'ਆਜ ਤਨਹੀ ਕੀ ਯੂੰ
ਆਖਰੀ ਤਕਮੀਲ ਹੂਈ।
ਮਰ ਗਏ ਸਾਏ ਭੀ ਆ ਕਰ
ਤੇਰੀ ਦੀਵਾਰ ਕੇ ਪਾਸ।'

ਪਾਤਰ ਸਾਹਿਬ ਨੇ ਆਪਣੀ ਕਵਿਤਾ ਵਿਚ ਸੂਲੀ ਦਾ ਵੀ ਬੜਾ ਦਰਦਨਾਕ ਜ਼ਿਕਰ ਕੀਤਾ ਹੈ। ਅਸੀਂ ਸਮਝਦੇ ਹਾਂ ਜਿਵੇਂ ਸਿਰਫ ਮਨਸੂਰ ਨੂੰ ਹੀ ਸੂਲੀ 'ਤੇ ਚੜ੍ਹਾਇਆ ਗਿਆ ਸੀ ਤੇ ਅਸੀਂ ਇਹ ਵੀ ਸਮਝਦੇ ਹਾਂ ਕਿ ਉਹ ਕੋਈ ਕੋਈ ਨਿਜ਼ਾਮ ਹੁੰਦਾ ਹੈ, ਜਿਸ ਵਿਚ ਕਿਸੇ ਨੂੰ ਸੂਲੀ 'ਤੇ ਚਾੜ੍ਹਿਆ ਜਾਂਦਾ ਹੈ। ਪਰ ਸੁਰਜੀਤ ਪਾਤਰ ਕਹਿੰਦੇ ਹਨ: ਯਾਰੋ ਐਸਾ ਕੋਈ ਨਿਜ਼ਾਮ ਨਹੀਂ ਹੈ, ਜਿਥੇ ਸੂਲੀ ਦਾ ਇੰਤਜ਼ਾਮ ਨਹੀਂ ਹੈ। ਨਿਜ਼ਾਮ ਚਾਹੇ ਵਿਸ਼ਵ ਦਾ ਹੋਵੇ, ਦੇਸ਼ ਦਾ, ਸੂਬੇ ਦਾ, ਪਿੰਡ ਦਾ ਜਾਂ ਕਿਸੇ ਵੀ ਸਭਾ, ਸੁਸਾਇਟੀ, ਸੰਸਥਾ ਦਾ ਹੀ ਕਿਉਂ ਨਾ ਹੋਵੇ। ਹਰ ਨਿਜ਼ਾਮ ਵਿਚ ਸੂਲੀ ਦਾ ਇੰਤਜ਼ਾਮ ਹਰ ਹਾਲਤ ਵਿਚ ਹੁੰਦਾ ਹੈ। ਅਸਲ ਵਿਚ ਸੂਲੀ ਤੋਂ ਬਿਨਾ ਕੋਈ ਨਿਜ਼ਾਮ ਹੁੰਦਾ ਹੀ ਨਹੀਂ। ਵੈਸੇ ਪਾਤਰ ਸਾਹਿਬ ਨੇ ਇਸ ਤੋਂ ਵੀ ਹੋਰ ਅਗੇ ਜਾ ਕੇ ਕਿਹਾ ਹੈ ਕਿ ਉਨ੍ਹਾਂ ਦੀ ਸੂਲੀ ਉਨ੍ਹਾਂ ਦੇ ਅੰਦਰ ਹੀ ਹੈ, ਜਿਸ 'ਤੇ ਉਹ ਹਮੇਸ਼ਾ ਚੜ੍ਹੇ ਰਹਿੰਦੇ ਹਨ ਤੇ ਜਿਸ ਕਰਕੇ ਉਹ ਵੀ ਆਪਣੀ ਕਿਸਮ ਦੇ ਮਨਸੂਰ ਹੀ ਹਨ। ਨਦੀਮ ਕਾਸਮੀ ਨੇ ਵੀ ਅਜਿਹਾ ਸ਼ਿਅਰ ਲਿਖਿਆ:

'ਮੁਨਸਫ਼ੋ ਕੁਛ ਤੋ ਕਹੋ, ਕਿਉਂ ਸਰੇ ਬਾਜ਼ਾਰੇ ਹਯਾਤ, ਮੁਝਕੋ ਅਹਿਸਾਸ ਨੇ ਸੂਲੀ ਪੇ ਚੜ੍ਹਾ ਰੱਖਾ ਹੈ।' ਮੁੱਕਦੀ ਗੱਲ ਇਹ ਹੈ ਕਿ ਪਾਤਰ ਸਾਹਿਬ ਨੇ ਵੀ ਆਪਣੀ ਕਵਿਤਾ ਵਿਚ ਇਹੀ ਸੰਕੇਤ ਕੀਤਾ ਹੈ ਕਿ ਨਾਮ ਅਤੇ ਨਯੂਮਿਨ ਦੀ ਤਰ੍ਹਾਂ ਸੱਚ ਅਤੇ ਸੂਲੀ ਸ਼ਬਦ ਬੇਸ਼ਕ ਸਗੋਤੀ ਜਾਂ ਪਰਿਆਇ ਨਹੀਂ ਹਨ। ਪਰ ਇਨ੍ਹਾਂ ਦਾ ਅਭਿਆਸ ਏਨਾ ਸਗੋਤੀ, ਪਰਿਆਇ ਜਾਂ ਪੜੋਸੀ ਹੈ ਕਿ ਸੱਚ ਬੋਲਣ ਵਾਲਾ ਤਾਂ ਕਿਤੇ ਰਿਹਾ, ਸੱਚ ਦੀ ਗੱਲ ਕਰਨ ਵਾਲਾ ਵੀ ਸੂਲੀ ਚੜ੍ਹਨ ਦੇ ਰਾਹ ਪੈ ਜਾਂਦਾ ਹੈ।

# ਤਾਰਾ ਸਿੰਘ ਕਾਮਿਲ ਨੂੰ ਚੇਤੇ ਕਰਦਿਆਂ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਪੰਜਾਬੀ ਕਵੀ ਤਾਰਾ ਸਿੰਘ ਕਾਮਿਲ (15.08.29 – 02.02.93) ਹੁਸ਼ਿਆਰਪੁਰ ਦੇ ਪਿੰਡ ਹੁਕੜਾਂ ਦਾ ਜੰਮਪਲ ਸੀ। ਉਹ ਰੋਜ਼ੀ-ਰੋਟੀ ਦੀ ਭਾਲ ਵਿਚ ਛੋਟੀ ਉਮਰੇ ਦਿੱਲੀ ਚਲਾ ਗਿਆ ਸੀ। ਸ਼ਾਇਦ ਵਿਆਹ ਦੇ ਬੰਧਨ ਤੋਂ ਡਰਦਾ। ਉਹ ਲਿਖਦਾ ਹੈ:

ਉਦੋਂ ਜਦ ਤੁਰਿਆ ਸਾਂ ਮੈਂ ਪਰਦੇਸ ਨੂੰ
ਤੂੰ ਦੂਰ ਤੱਕ ਆਈ ਸੈਂ ਸਮਝਾਵਣ ਲਈ
ਜਲਦੀ ਵਿਆਹ ਲਈ ਮੰਨ ਜਾ
ਹੁਣ ਤਾਂ ਪਾ ਦੇ ਫਕੀਰਨੀ
ਮਾਂ ਦੀ ਝੋਲੀ 'ਚ ਖੈਰ

ਉਹ ਆਪਣੀ ਮਾਂ ਦੀ ਝੋਲੀ 'ਚ ਖੈਰ ਪਾਏ ਬਿਨਾ ਇਹੋ ਜਿਹਾ ਦਿੱਲੀ ਵੜਿਆ ਕਿ 1993 ਵਿਚ ਅੰਤਮ ਸੁਆਸ ਲੈਣ ਤੱਕ ਉਥੇ ਹੀ ਰਿਹਾ। ਇਹ ਗੱਲ ਵੱਖਰੀ ਹੈ ਕਿ ਦਿੱਲੀ ਪਹੁੰਚ ਕੇ ਕੰਮ-ਕਾਰ ਕਰਦਿਆਂ ਉਸ ਨੇ ਨਿਰਮਲ ਕੌਰ ਨਾਲ ਵਿਆਹ ਵੀ ਕਰਵਾਇਆ ਤੇ ਗੁਰਮਿੰਦਰ, ਸਵਿੰਦਰ, ਸਮਰਜੀਤ ਤੇ ਸੰਦੇਹ ਨਿਵਿਰਤ ਨਾਂ ਦੀਆਂ ਚਾਰ ਬੇਟੀਆਂ ਦਾ ਪਿਤਾ ਵੀ ਬਣਿਆ। ਅਸੀਂ ਉਨ੍ਹਾਂ ਨੂੰ ਪੋਪੀ, ਗਿੰਨੀ, ਸਿੰਮੀ ਤੇ ਚਿੰਕੀ ਆਖਦੇ ਹਾਂ। ਅੱਜ ਦੀ ਗੱਲ ਦਾ ਸਬੰਧ ਵੀ ਉਨ੍ਹਾਂ ਨਾਲ ਹੋਈ ਸੱਜਰੀ ਮੁਲਾਕਾਤ ਹੀ ਸਮਝੋ।

ਤਾਰਾ ਸਿੰਘ ਕਿੰਨਾ ਵੀ ਦਿੱਲੀ ਰਿਹਾ ਹੋਵੇ। ਉਹਦੇ ਪਿੰਡ ਵਾਲਿਆਂ ਨੂੰ ਉਹ ਨਹੀਂ ਭੁੱਲਿਆ। ਉਸ ਪਿੰਡ ਦਾ ਜੰਮਪਲ ਰਾਮ ਦਿਆਲ ਸਾਡੇ ਚੰਡੀਗੜ੍ਹ ਵਾਲੇ 36 ਸੈਕਟਰ ਦੇ ਥਾਣੇ ਵਿਚ ਕੰਮ ਕਰਦਿਆਂ ਮੈਨੂੰ ਮਿਲਿਆ ਤਾਂ ਇਹ ਜਾਣ ਕੇ ਬੜਾ ਖੁਸ਼ ਹੋਇਆ ਕਿ ਮੈਂ ਉਸਦੇ ਗਰਾਈਂ ਤਾਰਾ ਸਿੰਘ ਦਾ ਮਿੱਤਰ ਰਿਹਾ ਹਾਂ। ਜਦੋਂ ਉਸਨੂੰ ਪਤਾ ਲੱਗਿਆ ਕਿ ਹੁਣ ਉਸ ਪਿੰਡ ਵਿਚ ਨਵੀਂ ਦਿੱਲੀ ਦੀ ਪੰਜਾਬੀ ਸਾਹਿਤ ਸਭਾ ਤਾਰਾ ਸਿੰਘ ਕਾਮਿਲ ਯਾਦਗਾਰੀ ਲਾਇਬ੍ਰੇਰੀ ਦਾ ਪ੍ਰਬੰਧ ਕਰ ਰਹੀ ਹੈ ਤਾਂ ਉਸਨੇ ਆਪਣੇ ਪਿੰਡ ਵਿਚ 4 ਨਵੰਬਰ ਨੂੰ ਅਜਿਹਾ ਸਮਾਗਮ ਰਚਾਇਆ ਜਿਹੜਾ 'ਮਿੱਤਰਾਂ ਦਾ ਮੇਲਾ' ਹੋ ਨਿਬੜਿਆ। ਮੈਂ ਖੁਦ ਚੰਡੀਗੜ੍ਹ ਤੋਂ ਚੱਬੇਵਾਲ



ਤਾਰਾ ਸਿੰਘ ਕਾਮਿਲ

ਪਹੁੰਚਿਆ ਤਾਂ ਉਥੋਂ ਦੇ ਗੁਰਦੀਪ ਸਿੰਘ ਨੇ ਆਪਣਾ ਮੋਟਰ ਸਾਈਕਲ ਮੇਰੀ ਕਾਰ ਦੇ ਅੱਗੇ ਤੋਰ ਲਿਆ ਤੇ ਸਾਨੂੰ ਆਪਣੀ ਬੇਟੀ ਵਲੋਂ ਚਲਾਈ ਜਾ ਰਹੀ ਦੁਕਾਨ (ਕਿਸਾਨ ਸਟੋਰ) ਅੱਗੋਂ ਦੀ ਲੰਘਾ ਕੇ ਵਿੰਗ ਵਲੇਵਿਆਂ ਵਾਲੀਆਂ ਕੱਚੀਆਂ ਤੇ ਪੱਕੀਆਂ ਸੜਕਾਂ ਉਤੋਂ ਦੀ ਘੁਮਾਉਂਦਾ ਹੁਕੜਾਂ ਲੈ ਗਿਆ।

ਮੇਰੇ ਲਈ ਖੁਸ਼ੀ ਦੀ ਗੱਲ ਇਹ ਵੀ ਕਿ ਏਥੇ ਤਾਰਾ ਸਿੰਘ ਦੀਆਂ ਚਾਰੇ ਬੇਟੀਆਂ ਪਹਿਲਾਂ ਹੀ ਦਿੱਲੀ ਤੋਂ ਆ ਚੁੱਕੀਆਂ ਸਨ। ਭਾਵੇਂ ਪਿੰਡ ਵਿਚ ਉਨ੍ਹਾਂ ਦਾ ਆਪਣਾ ਘਰ ਤਾਂ ਢਹਿ ਚੁੱਕਿਆ ਹੈ ਪਰ ਹੁਕੜਾਂ ਪਿੰਡ ਦੇ ਸੇਵਾਮੁਕਤ ਅਧਿਆਪਕ ਭੁਪਿੰਦਰ ਸਿੰਘ ਨੇ ਉਨ੍ਹਾਂ ਨੂੰ ਪਿੰਡ ਦੀਆਂ ਧੀ-ਧਿਆਣੀਆਂ ਹੋਣ ਦੇ ਨਾਤੇ ਏਦਾਂ ਸਾਂਭਿਆ ਹੋਇਆ ਸੀ ਜਿਵੇਂ ਉਹ ਉਸਦੇ ਪਰਿਵਾਰ ਦੀਆਂ ਮੈਂਬਰ ਹੋਣ।

ਮੈਨੂੰ ਇਹ ਜਾਣ ਕੇ ਹੋਰ ਵੀ ਚੰਗਾ ਲੱਗਿਆ ਕਿ ਬਣਨ ਵਾਲੀ ਲਾਇਬ੍ਰੇਰੀ ਲਈ ਲੋੜੀਂਦਾ ਕਮਰਾ ਪਿੰਡ ਵਾਲੇ ਤਾਰਾ ਸਿੰਘ ਦੇ ਜੱਦੀ ਘਰ ਵਿਚ ਉਸਾਰ ਰਹੇ ਹਨ। ਭਾਵੇਂ ਇਸ ਉੱਦਮ ਦੀ ਰੂਹੇ ਰਵਾਂ ਰਾਮਦਿਆਲ ਸੀ ਪਰ ਸਮਾਗਮ ਵਿਚ ਭਾਸ਼ਾ ਵਿਭਾਗ ਵਾਲਾ ਜਸਵੰਤ ਰਾਏ ਤੇ ਬੀਡੀਓ ਦੇ ਦਫਤਰ ਵਾਲਾ ਜਗਤਾਰ ਸਿੰਘ ਹੀ ਨਹੀਂ ਗਵਾਂਢੀ ਪਿੰਡ ਦੇ ਹੋਰ ਪਤਵੰਤੇ ਵੀ ਚਾਅ ਨਾਲ ਪਹੁੰਚੇ ਹੋਏ ਸਨ।

ਨੋਟ ਕਰਨ ਵਾਲੀ ਗੱਲ ਇਹ ਵੀ ਕਿ ਜਸਵੰਤ ਰਾਏ ਨੇ ਲਾਇਬ੍ਰੇਰੀ ਲਈ ਜਿਹੜੀ ਪੁਸਤਕ ਮੌਕੇ ਉਤੇ ਪੇਸ਼ ਕੀਤੀ। ਉਹ ਸ਼ਹੀਦ ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਦੀ ਜੀਵਨੀ ਹੈ। ਉਸਨੇ ਇਹ ਵੀ ਦੱਸਿਆ ਕਿ ਸ਼ਹੀਦ ਹਰਨਾਮ ਸਿੰਘ ਨੂੰ ਗੋਰੀ ਸਰਕਾਰ ਨੇ ਨਵੰਬਰ ਮਹੀਨੇ ਦੀ 14 ਤਰੀਕ ਨੂੰ ਫਾਂਸੀ ਚਾੜ੍ਹਿਆ ਸੀ, 1916 ਵਿਚ। ਜਸਵੰਤ ਰਾਇ ਦੁਖੀ ਸੀ ਕਿ ਜਲੰਧਰ ਵਾਲੀ ਦੇਸ਼ ਭਗਤ ਯਾਦਗਾਰੀ ਕਮੇਟੀ ਵਰਗੀਆਂ ਸੰਸਥਾਵਾਂ ਗਲਤੀ ਨਾਲ ਏਸ ਫਾਂਸੀ ਦੀ ਮਿਤੀ 10 ਨਵੰਬਰ ਮਿਥੀ ਬੈਠੀਆਂ ਹਨ ਜਿਹੜੀ ਕਿ ਸੋਹਨ ਲਾਲ ਪਾਠਕ ਦੀ ਸ਼ਹੀਦੀ ਮਿਤੀ ਸੀ। ਬਾਬੂ ਹਰਨਾਮ ਸਿੰਘ ਦੀ ਨਹੀਂ। ਜਸਵੰਤ ਰਾਏ ਦੇ ਖੋਜ ਕਾਰਜ ਅਤੇ ਉਸਦੀ ਰਚਨਾ ਬਾਰੇ ਕਦੀ ਫੇਰ ਸਹੀ, ਹਾਲ ਦੀ ਘੜੀ ਤਾਰਾ ਸਿੰਘ ਦੀ ਗੱਲ ਕਰੀਏ ਜਿਸਨੂੰ ਸੱਜਰਾ ਸਮਾਗਮ ਸਮਰਪਤ ਸੀ। ਉਥੇ ਇਹ ਗੱਲ ਵੀ ਹੋਈ ਕਿ ਤਾਰਾ ਸਿੰਘ ਦੀ ਪ੍ਰਥਮ ਪੁਸਤਕ 'ਸਿੰਮਦੇ ਪੱਥਰ' ਛਪਣ ਸਮੇਂ ਖੁਸ਼ਵੰਤ ਸਿੰਘ ਵਰਗੇ ਮਹਾਰਥੀ ਨੇ ਹਿੰਦੁਸਤਾਨ ਟਾਈਮਜ਼ ਵਿਚ ਜਿਹੜਾ ਕਾਲਮ ਲਿਖਿਆ। ਉਹਦਾ ਸਿਰਲੇਖ 'ਕਾਰਪੈਂਟਰ ਪੋਇਟ ਤਾਰਾ ਸਿੰਘ' ਸੀ ਤੇ ਇਸ ਵਿਚ ਤਾਰਾ ਸਿੰਘ ਦੀ ਉਹ ਤਸਵੀਰ ਸੀ। ਜਿਸ ਵਿਚ ਉਹ ਰੰਦਾ ਵਾਹੁੰਦਾ ਦੇਖਿਆ ਜਾ ਸਕਦਾ ਸੀ।

ਏਸ ਕਾਲਮ ਨੇ ਤਾਰਾ ਸਿੰਘ ਦੀ ਕਾਵਿ ਕਲਾ ਉੱਤੇ ਅਜਿਹੀ ਮੋਹਰ ਲਾਈ ਕਿ ਉਹ ਸਾਹਿਤਕ ਜਗਤ ਵਿਚ ਛਾ ਗਿਆ। ਉਸਨੇ 'ਸਿੰਮਦੇ ਪੱਥਰ' ਤੋਂ ਪਿਛੋਂ 'ਮੇਘਲੇ', 'ਅਸੀਂ ਤੁਸੀਂ', 'ਸੂਰਜ ਦਾ ਲੈਟਰ ਬੋਕਸ' ਤੇ 'ਕਹਿਕਸ਼ਾਂ' ਨਾਂ ਦੇ ਅੱਧੀ ਦਰਜਨ ਕਾਵਿ-ਸੰਗ੍ਰਹਿ ਪੰਜਾਬੀ ਜਗਤ ਦੀ ਝੋਲੀ ਪਾਏ। 'ਨਾਥਬਾਣੀ' ਨਾਂ ਦੇ ਕਾਵਿ ਵਿਅੰਗ ਸਮੇਤ। ਉਸ ਦੀਆਂ ਹਰਮਨ-ਪਿਆਰੀਆਂ ਰਚਨਾਵਾਂ ਦੇ ਨਾਂ 'ਦਰਪਣ ਬੁਲਬੁਲਿਆ ਦੇ' ਤੇ 'ਸਰਗੋਸ਼ੀਆਂ' ਹਨ। ਇਹ ਵਾਲੀਆਂ ਪੁਸਤਕਾਂ ਨੇ ਉਸਦਾ ਸਾਹਿਤਕ ਕੱਦ ਤਾਂ ਵਧਾਇਆ ਪਰ ਆਮਦਨ ਦਾ ਸਾਧਨ ਨਾ ਬਣੀਆਂ। ਇਹਦੇ ਲਈ ਉਸਨੇ (1) ਅਬਦੁਲ ਹਲੀਮ ਸ਼ਰਰ ਦੀ ਉਰਦੂ ਪੁਸਤਕ 'ਗੁਜ਼ਸ਼ਤਾ ਲਖਨਊ', (2) ਰੂਸੀ ਨਾਵਲ 'ਫਾਲ ਆਫ ਏ ਟਾਈਟਨ', (3) ਰਾਜਿੰਦਰ ਸਿੰਘ ਬੇਦੀ ਦੇ ਸੱਤ ਉਰਦੂ ਇਕਾਂਗੀ, (4) ਬੇਗਮ ਅਨੀਸ ਕਿਦਵਾਈ ਦੀ 'ਆਜ਼ਾਦੀ ਦੀ ਛਾਓਂ ਮੇਂ' ਅਤੇ ਸਤਯਦੇਵ ਤ੍ਰਿਵੇਦੀ ਦੀ ਹਿੰਦੀ ਪੁਸਤਕ 'ਪ੍ਰਾਚੀਨ ਭਾਰਤ ਮੇਂ ਗੁਪਤਚਰ ਸੇਵਾ' ਦਾ ਪੰਜਾਬੀ ਅਨੁਵਾਦ ਕੀਤਾ। ਇਸ ਤੋਂ ਬਿਨਾ ਉਹ ਰੋਜ਼ਾਨਾ 'ਖਾਲਸਾ ਸੇਵਕ' ਤੇ ਸਪਤਾਹਿਕ 'ਲੋਕ ਰੰਗ' ਦਾ ਸੰਪਾਦਕ ਵੀ ਰਿਹਾ।

ਇਨ੍ਹਾਂ ਗਤੀਵਿਧੀਆਂ ਸਦਕਾ ਭਾਸ਼ਾ ਵਿਭਾਗ ਪੰਜਾਬ ਨੇ ਉਸਨੂੰ ਸ਼੍ਰੋਮਣੀ ਪੱਤਰਕਾਰ, ਦਿੱਲੀ ਸਰਕਾਰ ਨੇ ਸ਼੍ਰੋਮਣੀ ਕਵੀ ਤੇ ਭਾਰਤੀ ਸਾਹਿਤ ਅਕਾਡਮੀ ਨੇ ਆਪਣੇ ਰਾਸ਼ਟਰੀ ਪੁਰਸਕਾਰ ਨਾਲ ਨਿਵਾਜ਼ਿਆ।

ਕੇਵਲ 67 ਸਾਲ ਦੀ ਅਲਪ ਉਮਰ ਵਾਲੇ 'ਕਾਰਪੈਂਟਰ ਪੋਇਟ' ਤਾਰਾ ਸਿੰਘ ਬਾਰੇ ਮਨਿੰਦਰ ਸਿੰਘ ਕਾਂਗ ਨੇ 'ਤਾਰਾ ਸਿੰਘ ਕਾਵਿ ਜਗਤ' ਤੇ ਗੁਰਮੋਹਿੰਦਰ ਸਿੰਘ ਨੇ 'ਤਾਰਾ ਸਿੰਘ ਦੀ ਕਵਿਤਾ ਦਾ ਵਿਕਾਸ' ਨਾਂ ਦੀਆਂ ਪੁਸਤਕਾਂ ਰਚੀਆਂ, ਜਿਨ੍ਹਾਂ ਨੂੰ ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ ਵਰਗੇ ਪ੍ਰਕਾਸ਼ਕਾਂ ਨੇ ਸਲਾਹਿਆ ਤੇ ਪ੍ਰਕਾਸ਼ਤ ਕੀਤਾ।

ਮੇਰੇ ਲਈ ਹੁਸ਼ਿਆਰਪੁਰ ਦੇ ਪਿੰਡ ਹੁਕੜਾਂ ਵਿਚ ਹੋਏ ਇਸ ਸਮਾਗਮ ਦਾ ਹਾਸਲ ਇਹ ਵੀ ਸੀ ਕਿ ਏਥੇ ਸ਼ਹੀਦ ਹਰਨਾਮ ਸਿੰਘ ਕਾਹਰੀ ਸਾਹਰੀ ਨੂੰ ਚੇਤੇ ਕੀਤਾ ਗਿਆ ਜਿਹੜਾ ਵਡੇਰੇ ਕਾਲਮ ਦੀ ਮੰਗ ਕਰਦਾ ਹੈ। ਇਹੋ ਜਿਹੇ ਮਰਜੀਵੜਿਆਂ ਦੀ ਯਾਦ ਕਿਸੇ ਦਿਵਸ ਦੀ ਮੁਹਤਾਜ ਨਹੀਂ ਹੁੰਦੀ।

**ਅੰਤਿਕਾ**

—ਅਨੂਪ ਸਿੰਘ ਵਿਰਕ—

ਮੇਰੇ ਬੋਲ ਹਵਾ ਵਿਚ ਰਹਿਣ ਸਦਾ
ਮੇਰਾ ਐਸਾ ਕੋਈ ਵਿਸ਼ਵਾਸ ਨਹੀਂ।
ਲੋਕੀ ਨਾਮ ਹਮੇਸ਼ਾ ਲੈਣ ਮੇਰਾ
ਐਸੀ ਵੀ ਕੋਈ ਖ੍ਵਾਹਿਸ਼ ਨਹੀਂ।
ਬੱਸ ਮਹਿਕ ਨਾ ਭੁੱਲਣ ਮਿੱਟੀ ਦੀ
ਜਿਹੜੇ ਗੀਤ ਸਮੁੰਦਰੋਂ ਪਾਰ ਗਏ।

## ਗੁਰਜਤਿੰਦਰ ਸਿੰਘ ਰੰਧਾਵਾ ਨੂੰ ਸਦਮਾ; ਜੀਜਾ ਗੁਰਸਰਨ ਸਿੰਘ ਘੁੰਮਣ ਦਾ ਦੇਹਾਂਤ



**ਫਰਿਜ਼ਨੋ:** ਫਰਿਜ਼ਨੋ ਨਿਵਾਸੀ ਗੁਰਸਰਨ ਸਿੰਘ ਘੁੰਮਣ ਪ੍ਰਮਾਤਮਾ ਵੱਲੋਂ ਬਖਸ਼ੀ ਉਮਰ ਭੋਗ ਕੇ ਬੀਤੀ 9 ਨਵੰਬਰ ਨੂੰ ਪਰਲੋਕ ਸਿਧਾਰ ਗਏ ਹਨ। ਉਹ 65 ਵਰ੍ਹਿਆਂ ਦੇ ਸਨ। ਸ. ਘੁੰਮਣ ਲੰਮੇ ਸਮੇਂ ਤੋਂ ਬਿਮਾਰੀ ਨਾਲ ਪੀੜਤ ਸਨ। ਉਹ ਫਰਿਜ਼ਨੋ ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੇ ਸਨ। ਗੁਰਸਰਨ ਸਿੰਘ ਘੁੰਮਣ ਆਪਣੇ ਪਿੱਛੇ ਪਤਨੀ ਨਵਪ੍ਰੀਤ ਕੌਰ, ਬੇਟੇ ਸਨਮੀਤ ਸਿੰਘ ਸਨੀ ਘੁੰਮਣ, ਪਰਮਪ੍ਰੀਤ ਸਿੰਘ ਗੈਰੀ ਘੁੰਮਣ ਤੋਂ ਇਲਾਵਾ ਆਪਣਾ ਭਰੇ-ਪੂਰੇ ਪਰਿਵਾਰ ਨੂੰ ਛੱਡ ਗਏ ਹਨ। ਸ. ਘੁੰਮਣ, ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਚੈਨਲ ਦੇ ਮੁੱਖ ਸੰਪਾਦਕ ਅਤੇ ਕਮਿਸ਼ਨਰ ਗੁਰਜਤਿੰਦਰ ਸਿੰਘ ਰੰਧਾਵਾ ਦੇ ਜੀਜਾ ਜੀ ਸਨ। ਗੁਰਸਰਨ ਸਿੰਘ ਘੁੰਮਣ ਦਾ ਪਿਛੋਕੜ ਰੁਦਰਪੁਰ (ਯੂ.ਪੀ.) ਨਾਲ ਸੰਬੰਧਤ ਸੀ ਅਤੇ ਉਹ ਲੰਮਾ ਸਮਾਂ ਇਲਾਹਾਬਾਦ ਵੀ ਰਹੇ। ਸ. ਗੁਰਸਰਨ ਸਿੰਘ ਘੁੰਮਣ ਦਾ ਅੰਤਿਮ ਸੰਸਕਾਰ ਬੁੱਧਵਾਰ 15 ਨਵੰਬਰ ਨੂੰ ਦੁਪਹਿਰ 11 ਵਜੇ ਸ਼ਾਂਤ ਭਵਨ 4800 5 31Ayton Ave, Fofler, 31 93625 ਵਿਖੇ ਹੋਵੇਗਾ। ਉਪਰੰਤ ਗੁਰਦੁਆਰਾ ਸਾਹਿਬ 4250 5 Üincoln ave. Fresno, 31 93725 ਵਿਖੇ ਅੰਤਿਮ ਅਰਦਾਸ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸਨੀ ਘੁੰਮਣ ਨੂੰ 916-949-5185 ਜਾਂ ਗੁਰਜਤਿੰਦਰ ਸਿੰਘ ਰੰਧਾਵਾ ਨੂੰ 916-320-9444 'ਤੇ ਸੰਪਰਕ ਕੀਤਾ ਜਾ ਸਕਦਾ ਹੈ।


THE BAINS FIRM



Manpreet S. Bains

Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377


Website: www.caials.com e-mail: rosy@caials.com

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।



Homeopathicvibes

Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਕਿਸ਼ਤੀਆਂ ਵਿਚ ਜਹਾਜ਼: ਡਾ. ਦੀਵਾਨ ਸਿੰਘ ਕਾਲੇਪਾਣੀ

ਕਲਾ ਪਰਿਕਰਮਾ



ਜਸਵੰਤ ਸਿੰਘ ਜ਼ਫ਼ਰ

ਡਾ. ਦੀਵਾਨ ਸਿੰਘ ਕਾਲੇਪਾਣੀ ਦਾ ਸਾਹਿਤਕਾਰ ਦੇ ਤੌਰ 'ਤੇ ਨਾਂ ਤਾਂ ਸਭ ਨੇ ਸਕੂਲਾਂ ਕਾਲਜਾਂ ਦੇ ਪਾਠਕ੍ਰਮਾਂ ਵਿਚ ਸੁਣਿਆ ਪੜ੍ਹਿਆ ਹੁੰਦਾ ਹੈ ਪਰ ਉਹਨਾਂ ਦਾ ਪੂਰਾ ਜੀਵਨ ਬਿਰਤਾਂਤ ਬਹੁਤ ਥੋੜ੍ਹੇ ਲੋਕਾਂ ਨੂੰ ਪਤਾ ਹੈ। ਮੈਨੂੰ ਵੀ ਇਹ ਜਨਵਰੀ 2023 ਵਿਚ ਅੰਡੇਮਾਨ ਦੀ ਯਾਤਰਾ ਦੌਰਾਨ ਹੀ ਪਤਾ ਲੱਗਾ। ਉਥੇ ਉਹਨਾਂ ਦੁਆਰਾ ਸਥਾਪਤ ਹੋਏ ਗੁਰਦੁਆਰੇ ਅਤੇ ਸਕੂਲ ਨੂੰ ਦੇਖ ਕੇ, ਸਿਹਤ ਖੇਤਰ ਦੇ ਨਾਲ ਨਾਲ ਧਰਮ ਅਤੇ ਸਿੱਖਿਆ ਖੇਤਰ ਵਿਚ ਦੂਰਅੰਦੇਸ਼ੀ ਨਾਲ ਪਾਏ ਅਹਿਮ ਅਤੇ ਗੁਣਾਤਮਕ ਯੋਗਦਾਨ ਬਾਰੇ ਜਾਣ ਕੇ, ਬਹੁਤ ਪ੍ਰੇਰਨਾਮਈ ਅਹਿਸਾਸ ਹੋਇਆ।

ਲੋਕਾਂ ਦੀ ਸਮਾਜਿਕ, ਮਾਨਸਿਕ ਅਤੇ ਆਰਥਿਕ ਤਰੱਕੀ ਲਈ ਉਹਨਾਂ ਵਲੋਂ ਘਾਲੀ ਗਈ ਘਾਲਣਾ ਦੀ ਕਹਾਣੀ ਅੰਡੇਮਾਨ ਦੀ ਧਰਤੀ ਦੇ ਚੱਪੇ-ਚੱਪੇ 'ਤੇ ਲਿਖੀ ਮਹਿਸੂਸ ਹੋਈ। ਉਹਨਾਂ ਦਾ ਨਾਂ ਮੇਰੇ ਅੰਦਰਲੀ ਸਿੱਖਾਂ ਦੀ ਉਸ ਸੂਚੀ ਵਿਚ ਜੁੜ ਗਿਆ ਜਿਹਨਾਂ ਦੀ ਜੀਵਨ ਗਾਥਾ ਸੁਣ, ਪੜ੍ਹ ਜਾਂ ਜਾਣ ਕੇ ਮੈਨੂੰ ਪਤਾ ਲੱਗਦਾ ਹੈ ਕਿ ਸਿੱਖ ਹੋਣ ਦਾ ਮਤਲਬ ਕੀ ਹੁੰਦਾ ਹੈ। ਪੂਰੇ ਅੱਸੀ ਦਿਨ ਜਪਾਨੀ ਹਾਕਮਾਂ ਦਾ ਤਸ਼ੱਦਦ ਸਹਾਰਦਿਆਂ ਸ਼ਹੀਦ ਹੋ ਕੇ ਉਹਨਾਂ ਆਜ਼ਾਦੀ ਲਈ ਲੋਕਾਂ ਨੂੰ ਜਾਗ੍ਰਿਤ ਤੇ ਜਥੇਬੰਦ ਕਰਨ ਅਤੇ ਹਰਮਨ ਪਿਆਰਾ ਲੋਕ ਨਾਇਕ ਹੋਣ ਦਾ ਜਿੰਨਾ ਮੁੱਲ ਤਾਰਿਆ, ਉਹ ਸਭ ਮਹਿਸੂਸ ਕਰ ਕੇ ਕਲੇਜਾ ਮੂੰਹ ਨੂੰ ਆਇਆ, ਧੁਰ ਤੱਕ ਰੂਹ ਕੰਬ ਗਈ। ਇਥੋਂ ਦੇ ਹਵਾਈ ਅੱਡੇ ਦਾ ਨਾਂ ਭਾਵੇਂ ਸਾਵਰਕਰ ਦੇ ਨਾਂ 'ਤੇ ਹੈ ਪਰ ਇਥੋਂ ਦੀਆਂ ਹਵਾਵਾਂ ਵਿਚ ਫਰਿਸ਼ਤਿਆਂ ਵਰਗੇ ਡਾ. ਦੀਵਾਨ ਸਿੰਘ ਦਾ ਨਾਂ ਘੁਲਿਆ ਹੋਇਆ ਮਹਿਸੂਸ ਕੀਤਾ।

ਵਾਪਸੀ ਵੇਲੇ ਇਸ ਹਵਾਈ ਅੱਡੇ 'ਤੇ ਬੈਠਿਆਂ ਇਹ ਖਿਆਲ ਆ ਰਿਹਾ ਸੀ ਕਿ ਡਾ. ਦੀਵਾਨ ਸਿੰਘ ਦੀ ਸ਼ਖ਼ਸੀਅਤ ਦੇ ਸਾਰੇ ਪਾਸਾਰ ਉਹਨਾਂ ਨੂੰ ਇਸ ਗੱਲ ਦਾ ਅਧਿਕਾਰੀ ਬਣਾਉਂਦੇ ਹਨ ਕਿ ਉਹਨਾਂ ਦੇ ਜੀਵਨ, ਯੋਗਦਾਨ ਅਤੇ ਸ਼ਹੀਦੀ ਨੂੰ ਬਿਆਨਦੀ ਬਹੁਤ ਵੱਡੇ ਅਤੇ ਉੱਚੇ ਪੱਧਰ ਦੀ ਫਿਲਮ ਬਣੇ ਪਰ ਆਪਣੀ ਇਹ ਇੱਛਾ ਸਾਂਝੀ ਕਰਨ ਅਤੇ ਡਾ. ਦੀਵਾਨ ਸਿੰਘ ਦੇ ਨਾਂ ਦੀ ਦੱਸ ਪਾਉਣ ਲਈ ਇਸ ਪੱਧਰ ਦਾ ਕੋਈ ਫਿਲਮਸਾਜ਼ ਮੇਰਾ ਜਾਣੂ ਨਹੀਂ ਸੀ। ਫਿਰ ਸੋਚਿਆ ਕਿ ਘੱਟੋ-ਘੱਟ ਅਜਿਹਾ ਕੋਈ ਨਾਟਕ ਤਾਂ ਹੋਣਾ ਹੀ ਚਾਹੀਦਾ ਹੈ ਜਿਸ ਵਿਚ ਲੋਕਾਂ ਦੀ ਰੂਹ ਨੂੰ ਉਸ ਤਰ੍ਹਾਂ ਪ੍ਰੇਰਨ ਜਾਂ ਬੇਚੈਨ ਕਰਨ ਜਾਂ ਝੰਜੋੜਨ ਦੀ ਸ਼ਕਤੀ ਹੋਵੇ ਜਿਸ ਤਰ੍ਹਾਂ ਮੈਂ ਝੰਜੋੜਿਆ ਹੋਇਆ ਸੀ।



ਡਾ. ਦੀਵਾਨ ਸਿੰਘ ਕਾਲੇਪਾਣੀ



ਡਾ. ਆਤਮਜੀਤ

ਪੰਜਾਬੀ ਦੇ ਸਿਰਮੌਰ ਨਾਟਕਕਾਰ ਡਾ. ਆਤਮਜੀਤ ਨੂੰ ਫੋਨ ਕੀਤਾ, ਆਪਣੇ ਮਨ ਦੀ ਗੱਲ ਸਾਂਝੀ ਕੀਤੀ। ਮੇਰੀ ਇੱਛਾ ਸੁਣ ਕੇ ਉਹ ਹੈਰਾਨ ਅਤੇ ਖੁਸ਼ ਹੋਏ। ਕਹਿਣ ਲੱਗੇ, "ਡਾ. ਦੀਵਾਨ ਸਿੰਘ ਬਹੁਤ ਵੱਡਾ ਬੰਦਾ ਸੀ। ਮੇਰੀ ਬੜੀ ਦੇਰ ਦੀ ਇੱਛਾ ਸੀ ਕਿ ਉਹਨਾਂ ਦੀ ਜੀਵਨ ਗਾਥਾ ਨੂੰ ਨਾਟਕੀ ਰੂਪ ਦਿਆਂ ਪਰ ਉਹ ਜਿੰਨਾ ਵੱਡਾ ਬੰਦਾ ਸੀ, ਉਸ ਦੇ ਮੁਕਾਬਲੇ ਮੇਰੀ ਨਾਟਕੀ ਯੋਗਤਾ ਮੈਨੂੰ ਛੋਟੀ ਲੱਗਦੀ ਰਹੀ। ਹੁਣ ਕਾਫੀ ਮਿਹਨਤ ਮਗਰੋਂ ਮੈਂ ਇਹ ਨਾਟਕ ਮੁਕੰਮਲ ਕਰ ਲਿਆ ਹੈ, ਤੈਨੂੰ ਇਸ ਦਾ ਖਰੜਾ ਭੇਜਾਂਗਾ, ਪੜ੍ਹ ਕੇ ਆਪਣੀ ਰਾਇ ਦੇਣਾ।"

ਕੁਝ ਦਿਨਾਂ ਬਾਅਦ ਉਹਨਾਂ ਨਾਟਕ 'ਕਿਸ਼ਤੀਆਂ ਵਿਚ ਜਹਾਜ਼' ਭੇਜਿਆ ਪਰ ਮੈਂ ਇਸ ਨੂੰ ਆਪ ਪੜ੍ਹਨ ਦੀ ਥਾਂ ਉਹਨਾਂ ਦੇ ਮੂੰਹੋਂ ਸੁਣਨਾ ਚਾਹੁੰਦਾ ਸੀ। ਇਸ ਤੋਂ ਪਹਿਲਾਂ ਉਹਨਾਂ ਦੇ ਕਈ ਨਾਟਕਾਂ ਦੀ ਪੜ੍ਹਤ ਉਹਨਾਂ ਦੇ ਮੂੰਹੋਂ ਸੁਣੀ ਹੋਈ ਸੀ। ਉਹਨਾਂ ਵਲੋਂ ਕੀਤਾ ਜਾਂਦਾ ਨਾਟਕ-ਪਾਠ ਨਾਟਕ ਦੇ ਮੰਚਨ ਦੇ ਨੇੜੇ-ਤੇੜੇ ਦਾ ਪ੍ਰਭਾਵ ਪਾਉਣ ਵਾਲਾ ਹੁੰਦਾ ਹੈ। ਕਈ ਪੱਖਾਂ ਤੋਂ ਤਾਂ ਉਸ ਤੋਂ ਵੀ ਵਧੇਰੇ। ਆਵਾਜ਼ ਦੇ ਉਤਰਾ-ਚੜ੍ਹਾਅ ਨਾਲ ਉਹ ਪਾਠ ਨੂੰ ਕਮਾਲ ਦੀ ਸ਼ਿੱਦਤ ਨਾਲ ਭਰ ਦਿੰਦੇ ਹਨ। ਪਤਾ ਲੱਗਾ ਕਿ ਉਹਨਾਂ ਚੰਡੀਗੜ੍ਹ ਵਿਚ 'ਕਿਸ਼ਤੀਆਂ ਵਿਚ ਜਹਾਜ਼' ਦਾ ਪਾਠ ਪੇਸ਼ ਕਰਨਾ ਹੈ ਪਰ ਮੈਂ ਦੇਸ਼ੋਂ ਬਾਹਰ ਹੋਣ ਕਰ ਕੇ ਇਸ ਨੂੰ ਮਾਣ ਨਾ ਸਕਿਆ।

28-29 ਅਕਤੂਬਰ, 2023 ਨੂੰ ਕੈਲੀਫੋਰਨੀਆ ਦੀ ਸਾਲਾਨਾ ਸਾਹਿਤਕ ਕਾਨਫਰੰਸ ਹੋਈ। ਇਸ ਦੌਰਾਨ ਡਾ. ਆਤਮਜੀਤ ਨੇ ਆਪਣੇ ਨਾਟਕ 'ਕਿਸ਼ਤੀਆਂ ਵਿਚ ਜਹਾਜ਼' ਦੀ ਪੜ੍ਹਤ ਪੇਸ਼ ਕੀਤੀ। ਇਹ ਪੇਸ਼ਕਾਰੀ ਇਸ ਕਾਨਫਰੰਸ ਦੀ ਸਭ ਤੋਂ ਮਹੱਤਵਪੂਰਨ ਅਤੇ ਸਿਖਰਲੀ ਪ੍ਰਾਪਤੀ ਸਾਬਤ ਹੋਈ। ਹਾਜ਼ਰ ਪੰਜਾਬੀਆਂ ਨੇ ਡੇਢ ਘੰਟੇ ਦੇ ਕਰੀਬ ਇਸ ਨੂੰ ਸਾਹ ਰੋਕ ਕੇ ਸੁਣਿਆ। ਸਾਰੇ ਇਤਿਹਾਸਕ ਤੱਥਾਂ ਨੂੰ ਬਹੁਤ ਕਲਾਤਮਿਕ ਤਰੀਕੇ ਨਾਲ ਇਸ ਨਾਟਕ ਵਿਚ ਪਰੋਇਆ ਹੋਇਆ ਸੀ। ਸਾਰੇ ਬਿਰਤਾਂਤ ਵਿਚ ਡਾ. ਦੀਵਾਨ ਸਿੰਘ ਦੀ ਸ਼ਖ਼ਸੀਅਤ ਦਾ ਬੜਾ ਪ੍ਰਮਾਣਕ ਚਿਤਰਨ ਕੀਤਾ ਗਿਆ। ਨਾਟਕ ਲਗਾਤਾਰ ਡਾ. ਦੀਵਾਨ ਸਿੰਘ ਦੀ ਸ਼ਹੀਦੀ ਘਟਨਾ ਵੱਲ ਵਧ ਰਿਹਾ ਸੀ। ਸਰੋਤਿਆਂ ਦੇ ਪ੍ਰਾਣ ਸੂਤੇ ਜਾਂਦੇ ਹਨ। ਅਖੀਰ 'ਤੇ ਸੁੰਨ ਵਰਤ ਜਾਂਦੀ ਹੈ। ਇਹ ਸੁੰਨ ਵਿਚੋਂ ਇਤਿਹਾਸ ਸ਼ਫ਼ਾਫ ਸ਼ੀਸ਼ੇ ਵਾਂਗ ਦਰਸ਼ਕਾਂ ਦੇ ਸਨਮੁਖ ਹੁੰਦਾ ਹੈ ਜਿਸ ਵਿਚੋਂ ਅਸੀਂ ਆਪਣੇ ਵਰਤਮਾਨ ਦਾ ਮੂੰਹ ਦੇਖ ਸਕਦੇ ਹਾਂ।

ਅੱਜ ਪੰਜਾਬ, ਦੇਸ਼, ਦੁਨੀਆ ਵਿਚ ਬਦਸਿਆਸਤ ਜਿਸ ਤਰ੍ਹਾਂ ਧਰਮ ਦਾ ਮੁੱਖ ਕੋਝਾ ਕਰ ਰਹੀ ਹੈ, ਡਾ. ਦੀਵਾਨ ਸਿੰਘ ਜਿਹੇ ਮਹਾਂ ਨਾਇਕਾਂ ਦੇ ਉਜਲੇ ਮੁੱਖ ਦੇ ਲੋਕਾਈ ਨੂੰ ਦਰਸ਼ਨ ਕਰਾਉਣੇ ਬਹੁਤ ਜ਼ਰੂਰੀ ਹਨ। ਇਸ ਸਫਲ ਉਦਮ ਲਈ ਡਾ. ਆਤਮਜੀਤ ਸਾਡੇ ਵਲੋਂ ਧੰਨਵਾਦ, ਸ਼ਾਬਾਸ਼ ਅਤੇ ਵਧਾਈ ਦੇ ਹੱਕਦਾਰ ਹਨ। ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਸੂਝ, ਸਿਆਣਪ, ਸੁਹਿਰਦਤਾ, ਸਿਰੜ, ਸਿਦਕ, ਸੰਜਮ ਅਤੇ ਸ਼ਹਾਦਤ ਨੂੰ ਸਲਾਮ। ਡਾ. ਆਤਮਜੀਤ ਦੀ ਨਾਟਕੀ ਯੋਗਤਾ, ਕੁਸ਼ਲਤਾ ਅਤੇ ਮਿਹਨਤ ਨੂੰ ਸਲਾਮ।



ਚੰਡੀਗੜ੍ਹ ਨੇੜੇ ਕੁਰਾਲੀ-ਬੱਦੀ ਸੜਕ 'ਤੇ ਸਿਸਵਾਂ ਵਿਖੇ ਬਣਿਆ ਸ਼ਹੀਦ ਡਾ. ਦੀਵਾਨ ਸਿੰਘ ਕਾਲੇਪਾਣੀ ਅਜਾਇਬਘਰ।



ਡਾ. ਦੀਵਾਨ ਸਿੰਘ ਕਾਲੇਪਾਣੀ ਦਾ ਬੁੱਤ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਨਵੰਬਰ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-613



*ਨਗੌਰੋਂ ਲਿਆਂਦਾ ਨਾਲ ਸ਼ੌਕ ਦੇ ਬੰਨੇ-ਚੰਨੇ ਚਰਚਾ ਹੋਈ।*
*ਵਿੱਚ ਸਿੰਙਾਂ ਦੇ ਦਿਲ ਸੀ ਛੁਪਿਆ ਨੇੜੇ ਤੇੜੇ ਜੋੜ ਨਾ ਕੋਈ।*
*ਬੁੜ੍ਹੇ ਹੋਏ ਦੀ ਨੱਥ ਕੱਢਤੀ ਹੁਣ ਨਾ ਮਿਲਦੀ ਕਿਧਰੇ ਢੋਈ।*

### ਕੈਪਸ਼ਨ ਮੁਕਾਬਲਾ-611



ਭਾਈਚਾਰਾ ਸੀ ਪਿੰਡਾਂ ਦੇ ਵਿਚ
ਹੱਥ ਨਾਲ ਹੱਥ ਵਟਾਉਂਦੇ ਸੀ।
ਜੀਵਨ ਹੈ ਸੀ ਸਾਦ ਮੁਰਾਦਾ
ਰ਼ਲ ਮਿ਼ਲ ਸਾਥ ਨਿਭਾਉਂਦੇ ਸੀ।
ਦੁੱਖ-ਸੁੱਖ ਹੈ ਸੀ ਸਾਂਝਾ ਸਭ ਦਾ
ਕਰ ਬੀੜ੍ਹੀਆਂ ਸਾਂਝ ਵਧਾਉਂਦੇ ਸੀ
'ਹੈ' ਤਾਂ 'ਸੀ' ਦੇ ਵਿਚ ਬਦਲ ਗਈ
ਤਰੱਕੀਆਂ ਦਾ ਰੌ਼ਲਾ ਪਾਉਂਦੇ ਸੀ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਡਲਿਆਂ 'ਤੇ ਬਹਿ ਕਰਨ ਮਸ਼ਵਰਾ
ਮਿੱਟੀ ਦੇ ਪੁੱਤ ਹਾਲੀ।
ਭਲਦ ਵੀ ਹਲ ਰੋਕ ਕੇ ਵੇਖੋ
ਪੈ ਗਏ ਨੇ ਉਗਾਲੀ।

ਸੱਜਰ ਵਾਹਣ ਵੀ ਗੁਰਬਤ ਦਾ
ਭਰਦੇ ਨੇ ਹੁੰਗਾਰਾ
ਬੀਜ ਕੇਰਨ ਦੀ ਕਰੇ ਤਿਆਰੀ
ਜੁੜ ਬੈਠਾ ਭਾਈਚਾਰਾ।
***-ਹਰਜੋਤ ਕੌਰ ਮਹੇਸ਼ਪੁਰਾ***
***ਫੋਨ: 734-883-6704***

---

ਅੱਸੂ ਕੱਤੇ ਦੇ ਦਿਨ ਨੇ ਆਏ,
ਲੰਘਦੀ ਜਾਂਦੀ ਵੱਤ ਹੈ,
ਗੁਰਾਈਂ ਸਾਰੇ 'ਕੱਠੇ ਨੇ ਹੋਏ,
ਲਾ ਲਈ ਆਹਵਤ ਹੈ।
ਜੋੜ ਹਰਨਾਲੀ ਆ ਗਏ ਨੇ,
ਬਿਜਾਈ ਲਈਏ ਮੁਕਾ,
ਪਿਆਰ ਮੁਹੱਬਤ ਨਿਭਾਈਏ,
ਪੁੰਨ ਵੀ ਲਈਏ ਕਮਾ।
***-ਸੇਵਾ ਸਿੰਘ 'ਨੂਰਪੁਰੀ"'***

ਵੱਤ ਆਈ ਜ਼ਮੀਨ ਬੀਜਣਾ ਜ਼ਰੂਰੀ
ਸੱਦ ਦੋਸਤ- ਮਿੱਤਰ
ਰਿਸ਼ਤੇਦਾਰ ਆਹਵਤ ਤੇ
ਗਾਉਂਦੇ ਵਜਾਉਂਦੇ ਫੜ ਮੁੰਨਾ
ਜੋੜ ਬਲਦ ਤੱਤਾ ਤੱਤਾ ਹੋ ਗਈ
ਬਗਲ ਰਹਿਲ ਫੇਰ ਸੁਹਾਗਾ
ਨਾਲੋ ਨਾਲ ਬੀਜ ਬਿਜਾਈ ਸ਼ੁਰੂ ਹੋ ਗਈ
ਕੰਮ ਖਤਮ ਹੁੰਦਿਆਂ
ਸੇਵਾ ਆਹਵਤੀਆਂ ਦੀ
ਤਰ੍ਹਾਂ ਤਰ੍ਹਾਂ ਦੇਖਣੇ
ਘਰ ਦੀ ਕੱਢੀ ਦੇਸੀ ਪਿਆ
ਮੱਗੇ ਵੱਜਦੇ ਰਾਤ ਨੂੰ ਪਾ ਬੋਲੀਆਂ
ਵਾਹ ਬਈ ਵਾਹ ਅੱਜ ਤਾਂ ਹੇਕਾਂ ਵੱਜਦੀਆਂ
ਨਹੀਂ ਕਮਰ ਛੱਡੀ ਆਹਵਤੀਆਂ ਦੀ।
***-ਦਰਸ਼ਨ ਪਾਲ ਦੋਸਾਂਝ***

***To Advertise with Punjab Times Call:***
***847-359-0746***
***ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:***
***ਫੋਨ: 847-359-0746***

# ਗ਼ਦਰ ਪਾਰਟੀ ਦਾ ਸਭ ਤੋਂ ਘੱਟ ਉਮਰ ਦਾ ਫਾਂਸੀ 'ਤੇ ਚੜ੍ਹਨ ਵਾਲਾ ਯੋਧਾ ਸ਼ਹੀਦ ਕਰਤਾਰ ਸਿੰਘ ਸਰਾਭਾ

ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ 16 ਨਵੰਬਰ ਦਾ ਦਿਨ ਇਸ ਲਈ ਮਹੱਤਵਪੂਰਨ ਹੈ, ਕਿਉਂਕਿ ਇਸ ਦਿਨ ਆਜ਼ਾਦੀ ਲਹਿਰ ਦੇ ਸਭ ਤੋਂ ਛੋਟੀ ਉਮਰ ਦੇ, ਗਦਰ ਪਾਰਟੀ ਦੇ ਯੋਧੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ 107ਵਾਂ ਸ਼ਹੀਦੀ ਦਿਹਾੜਾ ਹੈ। ਆਜ਼ਾਦੀ ਦੀ ਲਹਿਰ ਵਿਚ ਕੁੱਦਣ ਲਈ ਸ਼ਹੀਦ ਭਗਤ ਸਿੰਘ ਵੀ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਅਦਰਸ਼ ਮੰਨਦਾ ਸੀ। ਕਹਿੰਦੇ ਨੇ ਕਿ ਕਰਤਾਰ ਸਿੰਘ ਸਰਾਭਾ ਦੀ ਤਕਰੀਰ ਇੰਨੀ ਪ੍ਰਭਾਵਸ਼ਾਲੀ ਸੀ ਕਿ ਉਹ ਹਰ ਇੱਕ ਦਾ ਦਿਲ ਜਿੱਤ ਲੈਂਦਾ ਸੀ, ਇਹੀ ਕਾਰਨ ਸੀ ਕਿ ਉਸਨੇ ਫੌਜੀ ਬੈਰਕਾਂ ਵਿਚੋਂ ਬਹੁਤ ਸਾਰੇ ਫੌਜੀਆਂ ਨੂੰ ਗਦਰ ਕਰਨ ਲਈ ਪ੍ਰੇਰਿਆ ਸੀ।



ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ'


1896 ਵਿਚ ਪਿੰਡ ਸਰਾਭਾ (ਲੁਧਿਆਣਾ ਜ਼ਿਲ੍ਹੇ ਵਿਚ) ਵਿਚ ਪੈਦਾ ਹੋਏ, ਕਰਤਾਰ ਸਿੰਘ ਦਾ ਪਾਲਣ-ਪੋਸ਼ਣ ਬਹੁਤ ਪਿਆਰ ਅਤੇ ਲਾਡ ਨਾਲ ਹੋਇਆ। ਬਹੁਤ ਹੀ ਕੋਮਲ ਉਮਰ ਵਿਚ ਆਪਣੇ ਪਿਤਾ ਨੂੰ ਗੁਆਉਣ ਤੋਂ ਬਾਅਦ, ਉਸਦੇ ਦਾਦਾ, ਸਰਦਾਰ ਮੰਗਲ ਸਿੰਘ ਨੇ ਉਸਨੂੰ ਪਾਲਿਆ। ਪਿੰਡ ਦੇ ਸਕੂਲ ਵਿਚ ਮੁੱਢਲੀ ਸਿੱਖਿਆ ਤੋਂ ਬਾਅਦ ਕਰਤਾਰ ਸਿੰਘ ਨੇ ਖਾਲਸਾ ਸਕੂਲ ਲੁਧਿਆਣਾ ਵਿਚ ਦਾਖਲਾ ਲੈ ਲਿਆ।

ਅਕਾਦਮਿਕ ਤੌਰ 'ਤੇ, ਉਹ ਔਸਤ ਵਿਦਿਆਰਥੀ ਸੀ, ਦੋਸਤਾਂ ਨਾਲ ਹਾਸਾ ਮਜ਼ਾਕ ਕਰਨਾ ਉਸਦਾ ਸੁਭਾਅ ਸੀ, ਅਤੇ ਉਸਨੂੰ ਉਸ ਦੇ ਸਹਿਪਾਠੀਆਂ ਦੁਆਰਾ 'ਅਫਲਾਤੂਨ' ਕਿਹਾ ਜਾਂਦਾ ਸੀ। ਉਹ ਹਰ ਕਿਸੇ ਨੂੰ ਪਿਆਰ ਕਰਨ ਵਾਲਾ ਇਨਸਾਨੀਅਤ ਨੂੰ ਪ੍ਰਣਾਇਆ ਵਿਦਿਆਰਥੀ ਸੀ। ਇੱਕ ਵੱਖਰੇ ਸੁਭਾਅ ਦਾ ਮਾਲਕ, ਆਪਣੇ ਸਕੂਲ ਵਿਚ ਮੋਹਰੀ ਖਿਡਾਰੀ ਸੀ। ਉਸ ਵਿਚ ਲੀਡਰ ਵਾਲੇ ਸਾਰੇ ਗੁਣ ਸਨ। 9ਵੀਂ ਜਮਾਤ ਤੱਕ ਪੜ੍ਹਾਈ ਕਰਨ ਤੋਂ ਬਾਅਦ ਉਹ ਆਪਣੇ ਚਾਚੇ ਕੋਲ ਰਹਿਣ ਲਈ ਉੜੀਸਾ ਚਲਾ ਗਿਆ। ਉਥੇ ਦਸਵੀਂ ਦੀ ਪ੍ਰੀਖਿਆ ਪਾਸ ਕਰਨ ਤੋਂ ਬਾਅਦ, ਉਸਨੇ 1912 ਵਿਚ ਕਾਲਜ ਵਿਚ ਦਾਖਲਾ ਲਿਆ। ਕਰਤਾਰ ਸਿੰਘ ਆਪਣੇ ਹੈਡਮਾਸਟਰ, ਸ਼੍ਰੀ ਬੇਨੀ ਮਾਧਵ ਦਾਸ, ਜਿਸਨੂੰ ਉਸਦੇ ਇਕ ਸਾਲ ਦੇ ਜੂਨੀਅਰ ਸੁਭਾਸ਼ ਚੰਦਰ ਬੋਸ ਨੇ ਆਪਣੇ ਗੁਰੂ, ਇਕ ਦੇਸ਼ਭਗਤ ਵਜੋਂ ਸਤਿਕਾਰਿਆ ਸੀ, ਦੁਆਰਾ ਪ੍ਰਭਾਵਤ ਸੀ। ਇਸ ਤੋਂ ਇਲਾਵਾ, ਉਹ ਅਮਰੀਕਾ ਜਾਣਾ ਚਾਹੁੰਦਾ ਸੀ, ਅਤੇ ਉਸਦੇ ਪਰਿਵਾਰ ਨੇ ਇਸ ਫੈਸਲੇ 'ਤੇ ਉਸਦਾ ਸਮਰਥਨ ਕੀਤਾ। ਅਮਰੀਕਾ ਆਉਣ ਤੋਂ ਤੁਰੰਤ ਬਾਅਦ, ਉਸਨੇ ਪਾਰਟ-ਟਾਈਮ ਨੌਕਰੀਆਂ ਦੇ ਨਾਲ ਇੱਕ ਸਕੂਲ ਵਿਚ ਦਾਖਲਾ ਲੈ ਲਿਆ ਪਰ ਜਲਦੀ ਹੀ ਦੂਜੇ ਭਾਰਤੀ ਪ੍ਰਵਾਸੀਆਂ ਵਾਂਗ ਉਸਨੂੰ ਵੀ ਅਹਿਸਾਸ ਹੋਇਆ ਕਿ ਸਭ ਤੋਂ ਪਹਿਲਾਂ ਆਪਣੇ ਵਤਨ ਭਾਰਤ ਨੂੰ ਆਜ਼ਾਦੀ ਦਿਵਾਉਣੀ ਹੈ, ਜਿਸ ਲਈ ਗ਼ਦਰ ਪਾਰਟੀ ਦਾ ਜਨਮ ਹੋਇਆ। ਅਪ੍ਰੈਲ 1913 ਵਿਚ, ਕਰਤਾਰ ਸਿੰਘ ਸਰਾਭਾ, ਲਾਲਾ ਹਰਦਿਆਲ ਅਤੇ ਸਾਥੀਆਂ ਦੇ ਸਮਰਪਣ ਅਤੇ ਅਣਥੱਕ ਯਤਨਾਂ ਸਦਕਾ ਯੁਗਾਂਤਰ ਆਸ਼ਰਮ ਸਾਨਫਰਾਂਸਿਸਕੋ ਤੋਂ ਗ਼ਦਰ ਹਫਤਾਵਾਰੀ ਪਰਚੇ ਦੀ ਸ਼ੁਰੂਆਤ ਨਾਲ 1 ਨਵੰਬਰ, 1913 ਨੂੰ ਪੂਰੀ ਤਰ੍ਹਾਂ ਸਰਗਰਮ ਹੋ ਗਿਆ।

ਉਨ੍ਹੀਂ ਦਿਨੀਂ ਜਦੋਂ ਵੀ ਕੋਈ ਭਾਰਤੀ ਅਮਰੀਕਾ ਪਹੁੰਚਦਾ ਸੀ ਤਾਂ ਇਮੀਗ੍ਰੇਸ਼ਨ ਵਿਭਾਗ ਦੇ ਅਧਿਕਾਰੀ ਅਕਸਰ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਗੁੰਝਲਦਾਰ ਅਤੇ ਅਜੀਬ ਸਵਾਲ ਕਰਦੇ ਸਨ, ਜੋ ਜਾਣ-ਬੁੱਝ ਕੇ ਉਨ੍ਹਾਂ ਦੀ ਨਾਮਨਜ਼ੂਰੀ ਨੂੰ ਜਾਇਜ਼ ਠਹਿਰਾਉਣ ਲਈ ਤਿਆਰ ਕੀਤੇ ਜਾਂਦੇ ਸਨ, ਜਿਸ ਨਾਲ ਉਸ ਵਿਅਕਤੀ ਦਾ ਭਾਰੀ ਮਾਲੀ ਨੁਕਸਾਨ ਹੁੰਦਾ ਸੀ ਅਤੇ ਅਕਸਰ ਉਨ੍ਹਾਂ ਨੂੰ ਨਿਰਾਸ਼ ਅਤੇ ਜ਼ਲੀਲ ਹੋ ਕੇ ਵਾਪਸ ਜਾਣ ਲਈ ਮਜਬੂਰ ਹੋਣਾ ਪੈਂਦਾ ਸੀ।

1912 ਵਿਚ, ਸਾਨਫਰਾਂਸਿਸਕੋ ਹਵਾਈ ਅੱਡੇ 'ਤੇ ਉਤਰਨ ਤੋਂ ਬਾਅਦ, ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਸਨੂੰ ਵਿਸ਼ੇਸ਼ ਪੁੱਛਗਿੱਛ ਲਈ ਅਲੱਗ ਕਰ ਲਿਆ। ਅਫ਼ਸਰ ਵੱਲੋਂ ਪੁੱਛੇ ਜਾਣ 'ਤੇ ਉਸ ਨੇ ਜਵਾਬ ਦਿੱਤਾ: "ਮੈਂ ਇੱਥੇ ਪੜ੍ਹਾਈ ਲਈ ਆਇਆ ਹਾਂ।" ਅਫ਼ਸਰ ਨੇ ਕਿਹਾ, "ਕੀ ਤੁਹਾਨੂੰ ਭਾਰਤ ਵਿਚ ਪੜ੍ਹਨ ਲਈ ਕੋਈ ਥਾਂ ਨਹੀਂ ਮਿਲੀ?" ਉਸਨੇ ਜਵਾਬ ਦਿੱਤਾ, "ਮੈਂ ਉਚੇਰੀ ਪੜ੍ਹਾਈ ਲਈ ਆਇਆ ਹਾਂ ਅਤੇ ਇਸ ਮਕਸਦ ਲਈ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਦਾਖਲਾ ਲੈਣ ਦਾ ਇਰਾਦਾ ਰੱਖਦਾ ਹਾਂ। ਅਧਿਕਾਰੀ ਨੇ ਮੋੜਵਾਂ ਸਵਾਲ ਕੀਤਾ "ਜੇਕਰ ਤੁਹਾਨੂੰ ਇੱਥੇ ਉਤਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕੀਤਾ ਜਾਂਦਾ ਹੈ? ਇਸ 'ਤੇ ਕਰਤਾਰ ਸਿੰਘ ਨੇ ਜਵਾਬ ਦਿੱਤਾ: 'ਮੈਂ ਇਸ ਨੂੰ ਘੋਰ ਬੇਇਨਸਾਫ਼ੀ ਸਮਝਾਂਗਾ। ਜੇਕਰ ਵਿਦਿਆਰਥੀਆਂ ਦੇ ਰਾਹ ਵਿਚ ਰੁਕਾਵਟਾਂ ਪੈਦਾ ਕੀਤੀਆਂ ਜਾਣ ਤਾਂ ਦੁਨੀਆਂ ਦੀ ਤਰੱਕੀ ਰੁਕ ਜਾਵੇਗੀ। ਹੋ ਸਕਦਾ ਹੈ ਕਿ ਮੈਂ ਅਮਰੀਕਾ ਵਿਚ ਪੜ੍ਹਾਈ ਕਰਕੇ ਦੁਨੀਆ ਲਈ ਕੋਈ ਮਹਾਨ ਕਾਰਜ ਕਰ ਜਾਵਾਂ। ਜੇਕਰ ਮੈਨੂੰ ਉਤਰਨ ਦੀ ਮਨਾਹੀ ਹੈ, ਤਾਂ ਹੋ ਸਕਦਾ ਮੈਂ ਉਹ ਮਹਾਨ ਕਾਰਜ ਕਰਨ ਤੋਂ ਵਾਂਝਾ ਰਹਿ ਜਾਵਾਂ। ਉਸ ਦੇ ਜਵਾਬ ਤੋਂ ਪ੍ਰਭਾਵਿਤ ਹੋ ਕੇ, ਅਫਸਰ ਨੇ ਉਸ ਨੂੰ ਉਤਰਨ ਦੀ ਇਜਾਜ਼ਤ ਦਿੱਤੀ।

ਭਾਰਤ ਦੀ ਕ੍ਰਾਂਤੀਕਾਰੀ ਲਹਿਰ ਬਾਰੇ ਪੰਜਾਬ-ਆਧਾਰਤ ਇਤਿਹਾਸਕਾਰ, ਮਲਵਿੰਦਰਜੀਤ ਸਿੰਘ ਵੜੈਚ ਨੇ ਆਪਣੀ ਸਰਾਭਾ ਦੀ ਜੀਵਨੀ ਵਿਚ ਲਿਖਿਆ: "ਆਪਣੇ ਦੇਸ਼ ਪ੍ਰਤੀ



ਸਤਿਕਾਰ ਦੀ ਘਾਟ ਨੇ ਉਸਨੂੰ ਪਰੇਸ਼ਾਨ ਕੀਤਾ। ਇੱਕ ਗੁਲਾਮ-ਬੇੜੀ, ਬੇਇੱਜ਼ਤ, ਲਾਚਾਰ, ਨਪੁੰਸਕ ਭਾਰਤ ਦੀ ਤਸਵੀਰ ਅਕਸਰ ਉਸ ਦੀਆਂ ਅੱਖਾਂ ਦੇ ਸਾਹਮਣੇ ਆ ਜਾਂਦੀ ਸੀ। ਆਪਣੇ ਦੇਸ਼ ਨੂੰ ਵਿਦੇਸ਼ੀ ਹਕੂਮਤ ਤੋਂ ਆਜ਼ਾਦ ਕਰਵਾਉਣ ਦਾ ਇਰਾਦਾ ਉਸਨੇ ਪੱਕਾ ਬਣਾ ਰੱਖਿਆ ਸੀ। ਦੇਸ਼ ਨੂੰ ਆਜ਼ਾਦੀ ਕਿਵੇਂ ਮਿਲੇਗੀ..? ਇਹ ਉਸ ਦੇ ਸਾਹਮਣੇ ਮੁੱਖ ਚੁਣੌਤੀ ਸੀ। ਅਤੇ, ਬਹੁਤ ਕੁਝ ਸੋਚਣ ਤੋਂ ਬਾਅਦ ਉਸਨੇ ਅਮਰੀਕਾ ਵਿਚ ਭਾਰਤੀ ਮਜ਼ਦੂਰਾਂ ਨੂੰ ਸੰਗਠਿਤ ਕਰਨਾ ਸ਼ੁਰੂ ਕਰ ਦਿੱਤਾ, ਉਹਨਾਂ ਵਿਚ ਆਜ਼ਾਦੀ ਲਈ ਪਿਆਰ ਪੈਦਾ ਕੀਤਾ। ਉਹ ਹਰੇਕ ਵਿਅਕਤੀ ਨਾਲ ਘੰਟਿਆਂ ਬੱਧੀ ਸਮਾਂ ਬਿਤਾਇਆ ਕਰਦਾ ਸੀ। ਉਨ੍ਹਾਂ ਅੰਦਰ ਇਹ ਗੱਲ ਭਰੀ ਕਿ ਮੌਤ ਇੱਕ ਗੁਲਾਮ ਤੇ ਅਪਮਾਨਜਨਕ ਜੀਵਨ ਨਾਲੋਂ ਕਈ ਗੁਣਾਂ ਜ਼ਿਆਦਾ ਚੰਗੀ ਹੈ।'

ਇਸ ਕਾਰਜ ਦੇ ਸ਼ੁਰੂ ਹੋਣ ਤੋਂ ਬਾਅਦ, ਹੋਰ ਬਹੁਤ ਸਾਰੇ ਲੋਕ ਸਰਾਭੇ ਦਾ ਸਾਥ ਦੇਣ ਲੱਗੇ, ਅਤੇ ਮਈ 1912 ਵਿਚ, ਛੇ ਵਿਅਕਤੀਆਂ ਦੁਆਰਾ ਇਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੇ ਸਰੀਰ ਅਤੇ ਆਤਮਾ ਦੀ ਕੁਰਬਾਨੀ ਦੇਣ ਦਾ ਪ੍ਰਣ ਕੀਤਾ। ਇਸ ਤੋਂ ਬਾਅਦ, ਪ੍ਰਚਾਰ ਦੇ ਉਦੇਸ਼ਾਂ ਲਈ ਇਕ ਪੇਪਰ ਦੀ ਲੋੜ ਮਹਿਸੂਸ ਕੀਤੀ ਗਈ। ਗਦਰ ਨਾਂ ਦਾ ਅਖ਼ਬਾਰ ਸ਼ੁਰੂ ਕੀਤਾ ਗਿਆ। ਇਸ ਪੇਪਰ ਦਾ ਪਹਿਲਾ ਐਡੀਸ਼ਨ ਨਵੰਬਰ 1913 ਵਿਚ ਛਪਿਆ ਸੀ ਅਤੇ ਕਰਤਾਰ ਸਿੰਘ ਸਰਾਭਾ ਸੰਪਾਦਕੀ ਬੋਰਡ ਦੇ ਮੈਂਬਰ ਸਨ। ਕਰਤਾਰ ਸਿੰਘ ਸਰਾਭਾ ਦੇ ਕਾਰਜਾਂ ਵਿਚ ਉਰਦੂ ਪੇਪਰ ਦਾ ਸੰਪਾਦਨ ਅਤੇ ਉਰਦੂ ਭਾਸ਼ਾ ਦਾ ਗੁਰਮੁਖੀ ਲਿਪੀ ਵਿਚ ਅਨੁਵਾਦ ਕਰਨਾ ਅਤੇ ਪ੍ਰਿੰਟਿੰਗ ਪ੍ਰੈਸ ਦਾ ਕੰਮ ਵੀ ਸ਼ਾਮਲ ਸੀ। ਉਹ ਬੜੀ ਬੇਚੈਨੀ ਨਾਲ ਲਿਖਦਾ ਅਤੇ ਹੈਂਡ-ਪ੍ਰੈਸ 'ਤੇ ਖੁਦ ਛਾਪਦਾ। ਜਦੋਂ ਹੈਂਡ-ਪ੍ਰੈਸ 'ਤੇ ਕੰਮ ਕਰਕੇ ਥੱਕ ਜਾਂਦਾ ਸੀ, ਤਾਂ ਉਹ ਇਹ ਪੰਜਾਬੀ ਗੀਤ ਗਾਉਂਦਾ ਸੀ:

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਭਗਤ ਸਿੰਘ ਦੀ ਮਾਤਾ, ਮਾਤਾ ਵਿਦਿਆਵਤੀ ਨੇ ਕਰਤਾਰ ਸਿੰਘ ਸਰਾਭਾ ਨੂੰ ਹੇਠ ਲਿਖੇ ਸ਼ਬਦਾਂ ਵਿਚ ਯਾਦ ਕੀਤਾ: "ਭਗਤ ਸਿੰਘ ਦੀ ਗ੍ਰਿਫਤਾਰੀ ਵੇਲੇ, ਉਸ ਕੋਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਫੋਟੋ ਬਰਾਮਦ ਹੋਈ ਸੀ। ਉਹ ਇਹ ਫੋਟੋ ਹਮੇਸ਼ਾ ਆਪਣੀ ਜੇਬ 'ਚ ਰੱਖਦਾ ਸੀ। ਅਕਸਰ, ਭਗਤ ਸਿੰਘ ਮੈਨੂੰ ਉਹ ਫੋਟੋ ਦਿਖਾਉਂਦੇ ਅਤੇ ਕਹਿੰਦੇ, 'ਪਿਆਰੀ ਮਾਂ, ਇਹ ਮੇਰਾ ਨਾਇਕ, ਦੋਸਤ ਅਤੇ ਸਾਥੀ ਹੈ।'' ਭਗਤ ਸਿੰਘ ਦੀ ਮਾਤਾ ਉਨ੍ਹਾਂ ਦੀ ਸੰਗਤ ਨੂੰ ਯਾਦ ਕਰਦੇ ਹੋਏ ਕਹਿੰਦੇ ਨੇ ਕਿ ਕਰਤਾਰ ਸਿੰਘ ਸਰਾਭਾ ਇਕ ਜੋਸ਼ੀਲਾ ਬਾਗੀ ਨੌਜਵਾਨ ਸੀ।

ਸਤੰਬਰ 1914 ਵਿਚ, ਜਦੋਂ ਕਾਮਾਗਾਟਾਮਾਰੂ ਜਹਾਜ਼ ਨੂੰ ਬੇਰਹਿਮ ਗੋਰੇ ਨੌਕਰਸ਼ਾਹੀ ਦੇ ਹੱਥੋਂ ਭਾਰੀ ਤਕਲੀਫ਼ ਝੱਲਣ ਤੋਂ ਬਾਅਦ ਵਾਪਸ ਮੁੜਨਾ ਪਿਆ, ਉਦੋਂ ਕਰਤਾਰ ਸਿੰਘ ਸਰਾਭਾ ਆਪਣੇ ਇਕ ਹੋਰ ਕ੍ਰਾਂਤੀਕਾਰੀ ਸਾਥੀ, ਸ਼੍ਰੀ ਗੁਪਤਾ ਨਾਲ ਜਪਾਨ ਲਈ ਰਵਾਨਾ ਹੋ ਗਿਆ ਸੀ। ਫਰਵਰੀ 1914 ਵਿਚ ਹੀ ਕੈਲੀਫੋਰਨੀਆ ਦੇ ਸ਼ਹਿਰ ਸਟਾਕਟਨ ਵਿਚ ਇਕ ਜਨਤਕ ਮੀਟਿੰਗ ਵਿਚ ਗਦਰ ਪਾਰਟੀ ਦਾ ਤਿਰੰਗਾ ਝੰਡਾ ਲਹਿਰਾਇਆ ਗਿਆ ਅਤੇ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਨਾਂ 'ਤੇ ਵਾਅਦੇ ਲਏ ਗਏ। ਫਰਵਰੀ 1915 ਵਿਚ ਉਹ ਭਾਰਤ ਵਾਪਸ ਪਰਤਿਆ, ਗਦਰੀਆਂ ਨੂੰ ਬ੍ਰਿਟਿਸ਼ ਰਾਜ ਦੇ ਵਿਰੁੱਧ ਗਦਰ ਕਰਨ ਲਈ ਪ੍ਰੇਰਿਆ, ਉਹ ਜਾਣਦਾ ਸੀ ਕਿ ਗ੍ਰਿਫਤਾਰੀ ਦੇ ਰੂਪ ਵਿਚ ਉਸਨੂੰ ਕਿੰਨੀ ਵੱਡੀ ਕੀਮਤ ਅਦਾ ਕਰਨੀ ਪੈ ਸਕਦੀ ਹੈ।

2 ਮਾਰਚ 1915 ਨੂੰ ਸਰਗੋਧਾ (ਪਾਕਿਸਤਾਨ) ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜਦੋਂ ਮੁਕੱਦਮਾ ਸ਼ੁਰੂ ਹੋਇਆ ਤਾਂ ਕਰਤਾਰ ਸਿੰਘ ਸਿਰਫ਼ ਸਾਢੇ 18 ਸਾਲ ਦਾ ਸੀ। ਉਹ ਸਾਰੇ ਮੁਲਜ਼ਮਾਂ ਵਿਚੋਂ ਸਭ ਤੋਂ ਛੋਟਾ ਸੀ। ਹਾਲਾਂਕਿ, ਜੱਜ ਨੇ ਲਿਖਿਆ ਕਿ ਉਹ ਇਨ੍ਹਾਂ 61 ਦੋਸ਼ੀਆਂ ਵਿਚੋਂ ਨਾਬਾਲਗ ਅਤੇ ਨਿਆਣਪੁਣੇ ਵਿਚ ਇਸ ਲਹਿਰ ਵਿਚ ਕੁੱਦ ਪਿਆ। ਜੱਜ ਨੇ ਕਿਹਾ ਕਿ ਸਾਜ਼ਿਸ਼ ਦਾ ਸਰੋਤ ਅਮਰੀਕਾ ਅਤੇ ਸਮੁੰਦਰੀ ਸਫ਼ਰ ਹੈ, ਜਦੋਂਕਿ ਭਾਰਤ ਵਿਚ ਇਸ ਸਾਜ਼ਿਸ਼ ਦਾ ਅਮਲੀ ਤੌਰ 'ਤੇ ਕੋਈ ਅਧਾਰ ਨਹੀਂ ਬਣਦਾ, ਜਿਸਦੇ ਅਧਾਰ 'ਤੇ ਸਰਾਭੇ 'ਤੇ ਭਾਰਤ ਵਿਚ ਕੋਈ ਢੁੱਕਵਾਂ ਮੁਕੱਦਮਾ ਨਹੀ ਬਣਦਾ।

ਕਰਤਾਰ ਸਿੰਘ ਨੇ ਬੇਝਿਜਕ ਹੋ ਕੇ ਕਿਹਾ, "ਤੁਸੀਂ ਮੈਨੂੰ ਫਾਂਸੀ ਦਿਓਗੇ? ਹੋਰ ਕੀ? ਅਸੀਂ ਇਸ ਤੋਂ ਨਹੀਂ ਡਰਦੇ... ਮੇਰੇ ਜੁਰਮ ਲਈ, ਮੈਨੂੰ ਜਾਂ ਤਾਂ ਉਮਰ ਕੈਦ ਜਾਂ ਫਾਂਸੀ ਹੋਵੇਗੀ। ਪਰ ਮੈਂ ਫਾਂਸੀ ਨੂੰ ਤਰਜੀਹ ਦੇਵਾਂਗਾ ਤਾਂ ਜੋ ਮੈਂ ਜਲਦੀ ਹੀ ਮੁੜ ਜਨਮ ਲਵਾਂ ਅਤੇ ਭਾਰਤ ਦੀ ਆਜ਼ਾਦੀ ਦੀ ਲੜਾਈ ਲਈ ਦੁਬਾਰਾ ਗਦਰ ਕਰ ਸਕਾਂ। ਜਦੋਂ ਤੱਕ ਭਾਰਤ ਨੂੰ ਆਜ਼ਾਦੀ ਨਹੀਂ ਮਿਲਦੀ, ਮੈਂ ਵਾਰ-ਵਾਰ ਜਨਮ ਲੈ ਕੇ ਫਾਂਸੀ ਦੇ ਤਖ਼ਤੇ 'ਤੇ ਜਾਣ ਦੀ ਇੱਛਾ ਰੱਖਦਾ ਹਾਂ। ਅਤੇ ਜੇਕਰ ਮੈਂ ਆਪਣੇ ਅਗਲੇ ਜਨਮ ਵਿਚ ਇਕ ਔਰਤ ਦੇ ਰੂਪ ਵਿਚ ਪੈਦਾ ਹੋਇਆ, ਤਾਂ ਮੈਂ ਅਜਿਹੇ ਕ੍ਰਾਂਤੀਕਾਰੀਆਂ ਨੂੰ ਜਨਮ ਦੇਵਾਂਗੀ, ਜੋ ਗੋਰੇ ਸਾਮਰਾਜ ਦੀਆਂ ਜੜ੍ਹਾਂ ਉਖੇੜ ਦੇਣਗੇ।

ਉਸਦੀ ਗ੍ਰਿਫਤਾਰੀ ਤੋਂ ਬਾਅਦ, ਜਦੋਂ ਕਰਤਾਰ ਦੇ ਦਾਦਾ ਜੀ ਉਸਨੂੰ ਮਿਲਣ ਗਏ, ਉਦੋਂ ਉਹ ਜੇਲ੍ਹ ਦੀ ਕਾਲ-ਕੋਠੜੀ ਵਿਚ ਬੰਦ ਸੀ। ਉਸਨੇ ਕਰਤਾਰ ਸਿੰਘ ਨੂੰ ਪੁੱਛਿਆ: "ਪੁੱਤਰਾ ਕੀ ਹੋਇਆ ਕਿ ਤੂੰ ਜਿਉਣ ਤੋਂ ਹਟ ਕੇ ਮੌਤ ਦੀ ਦੇਵੀ ਦਾ ਉਪਾਸ਼ਕ ਬਣ ਗਿਆਂ..? ਜਿਨ੍ਹਾਂ ਲਈ ਤੂੰ ਆਪਣੀ ਜਾਨ ਦੇ ਰਿਹਾ, ਉਹ ਤੈਨੂੰ ਤਰ੍ਹਾਂ ਤਰ੍ਹਾਂ ਦੇ ਨਾਮ ਲੈ ਕੇ ਬੁਲਾਉਂਦੇ ਨੇ। ਮੈਨੂੰ ਨਹੀਂ ਲੱਗਦਾ ਤੇਰੀ ਮੌਤ ਨਾਲ ਦੇਸ਼ ਨੂੰ ਕੁਝ ਹਾਸਲ ਹੋਵੇਗਾ..?''

ਕਰਤਾਰ ਸਿੰਘ ਨੇ ਨਿਮਰਤਾ ਨਾਲ ਪੁੱਛਿਆ, "ਦਾਦਾ ਜੀ, ਉਹ ਬੰਦਾ ਕਿੱਥੇ ਹੈ? ਜੋ ਪਲੇਗ ਨਾਲ ਮਰ ਗਿਆ।"

"ਕਿੱਥੇ ਹੈ..? ਜੋ ਹੈਜ਼ੇ ਨਾਲ ਮਰ ਗਿਆ।"

''ਕੀ ਤੁਸੀਂ ਚਾਹੁੰਦੇ ਹੋ ਕਿ ਕਰਤਾਰ ਸਿੰਘ ਸਰਾਭਾ ਬਿਸਤਰ 'ਤੇ ਪਿਆ ਹੋਵੇ ਅਤੇ ਦਰਦ ਨਾਲ ਚੀਕ ਰਿਹਾ ਹੋਵੇ ਜਾਂ ਕਿਸੇ ਅਜਿਹੀ ਬਿਮਾਰੀ ਕਾਰਨ ਮਰ ਜਾਵੇ? ਕੀ ਇਹ ਮੌਤ ਇਸ ਤਰ੍ਹਾਂ ਦੀ ਮੌਤ ਨਾਲੋਂ ਚੰਗੀ ਨਹੀਂ ਹੈ?" ਉਸ ਦੇ ਦਾਦਾ ਜੀ ਸੁਆਲ ਸੁਣ ਕੇ ਸੁੰਨ ਹੋ ਗਏ। 16 ਨਵੰਬਰ 1915 ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਕਰਤਾਰ ਸਿੰਘ ਸਰਾਭੇ ਨੂੰ ਉਸਦੇ ਛੇ ਸਾਥੀਆਂ ਸਮੇਤ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

ਫਾਂਸੀ ਦੇ ਸਮੇਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਉਮਰ ਮਹਿਜ਼ 19 ਸਾਲ ਦੀ ਸੀ।

# ਪਉਣ ਗੁਰੂ

ਕੁਦਰਤ ਦੇ ਮੁੱਢਲੇ ਤੱਤ ਵਿਚ ਵਾਅ ਵੀ ਹੈ। ਵਾਅ ਕੁਦਰਤ ਦਾ ਅਜਿਹਾ ਸਰੂਪ ਹੈ ਜੋ ਅਣ ਦਿਸਣਾ ਹੈ ਪਰ ਹਰ ਥਾਂ ਮੌਜੂਦ ਹੈ, ਏਸ ਦੀ ਹਿੱਕ ਪਲ ਖਲੋਤ ਵੀ ਮੌਤ ਹੈ ਕੁੱਲ ਜਿਉਂਦੀ ਹੋਂਦ ਦੀ। ਵਾਅ ਚੁੱਪ ਚੁਪੀਤੀ ਆਪਣੇ ਆਹਰੇ ਲੱਗੀ ਹੈ। ਵਾਅ ਹੌਲੀ ਫੁੱਲ ਹੈ ਥਾਂ ਨਹੀਂ ਘੇਰਦੀ। ਵਾਅ ਦਾ ਸੰਗ ਹੈ ਮਿੱਟੀ, ਪਾਣੀ ਤੇ ਅੱਗ ਨਾਲ। ਵਾਅ ਸੰਗ ਬਣਾਉਣ ਸਿਖਾਉਂਦੀ ਹੈ। ਵਾਅ ਦੀ ਆਪਣੀ ਵਾਜ ਕੋਈ ਨਹੀਂ ਪਰ ਹਰ ਹੋਂਦ ਨਾਲ ਜੁੜ ਕੇ ਬੋਲਦੀ ਹੈ ਓਹੀ ਬੋਲੀ ਜੋ ਉਹ ਬੁਲਾਵੇ। ਪੱਤਰਾਂ ਵਿਚੋਂ ਲੰਘਦੀ ਨਿੰਮਾ ਨਿੰਮਾ ਹੱਸਦੀ ਹੈ। ਧਰਤ ਦਾ ਪਾਣੀ ਸੁਨੇਹਾ ਲੈ ਕੇ ਅੰਬਰਾਂ ਵੱਲ ਪੈਂਡਾ ਕਰੇਂਦੀ ਹੈ। ਬੁੱਝਦੀ ਅੱਗ ਨੂੰ ਮਾੜਾ-ਮਾੜਾ ਹਲੂਣ ਜਗਾਉਂਦੀ ਹੈ। ਰੁੱਖਾਂ ਵਿਚੋਂ ਦੀ ਨਿਕਲੀ ਵਾਅ ਜੀਅ ਦਾ ਸਾਹ ਬਣਦੀ ਹੈ। ਬੰਦੇ ਦਾ ਵਰਤਿਆ ਸਾਹ ਮੁੜ ਰੁੱਖਾਂ ਕੋਲ ਖੜਦੀ ਹੈ, ਸੱਜਰਾ ਕਰਨ ਕੀਤੇ। ਵਾਅ ਦਾ ਅਣ ਦਿਸਣਾ ਕੁਦਰਤ ਸਰੂਪ ਇਨਸਾਨ ਨੂੰ ਇਨਸਾਨ ਹੋਵਣ ਦਾ ਚੱਜ ਸਿਖਾਉਂਦਾ ਹੈ। ਵਾਅ ਸਹਿਜੇ ਝੁੱਲਦੀ ਤਾਂ ਸਹੀ ਨਹੀਂ ਹੁੰਦੀ ਜੀਵਨ ਦੀ ਨੱਸ ਭੱਜ ਵਿਚ ਫਾਤਿਆਂ ਨੂੰ। ਈਹਾ ਕੱਖੋਂ ਹੌਲੀ ਵਾਅ ਜਦੋਂ ਪੂਰੇ ਜ਼ੋਰ-ਸ਼ੋਰ ਨਾਲ ਝੁੱਲ ਪਵੇ ਤਾਂ ਹਨੇਰੀ ਬਣ ਜਾਂਦੀ ਹੈ। ਏਸ ਹਨੇਰੀ ਦਾ ਜ਼ੋਰ ਠੱਲ੍ਹ ਨਹੀਂ ਸਕਦਾ ਕੋਈ। ਵੱਡੇ ਵੱਡੇ ਰੁੱਖ ਪਲ ਅੰਦਰ ਮੂਧੇ ਪਏ ਹੁੰਦੇ ਨੇ ਜੜ੍ਹੋਂ ਉੱਖੜ ਕੇ। ਵਾਅ ਜਦੋਂ ਵਰੋਲਾ ਬਣ ਜਾਵੇ ਤਾਂ ਵੱਡੀਆਂ-ਵੱਡੀਆਂ ਬਸਤੀਆਂ ਵੀ ਵਲ੍ਹੇਟ ਕੇ ਨਾਲ ਲੈ ਵਗਦੀ ਏ। ਚਾਲੂ ਵਿਹਾਰ ਦੀ ਮੱਲ ਹਨੇਰੀ ਵਿਚ ਇਨਸਾਨ ਵੀ ਇੰਵ ਈ ਚੱਕਰ ਖਾਂਦਾ ਮੁੱਕ ਵੇਂਹਦਾ ਏ। ਵਾਅ ਦੀ ਝੁੱਲਣ ਸੱਤਿਆ ਆਪਣੇ ਹੌਲੇਪਨ ਪਾਰੋਂ ਏ। ਮੱਲ ਵਿਹਾਰ ਤਾਂ ਭਾਰ ਬਣਾਉਣ ਸਿਖਾਉਂਦਾ ਹੋਇਆ ਜਮ੍ਹਾਂ ਜੋੜ ਨਾਲ, ਨਾਂ ਨਾਵਾਂ ਬਣਾਉਣ ਨਾਲ, ਆਪਣਾ ਵਿਖਾਲਾ ਕਰਨ ਨਾਲ। ਮੱਲਵਾਨ ਮੱਲ ਬਣਾ ਕੇ ਉਸ ਦਾ ਪਹਿਰਾ ਦਿੰਦਾ ਮੁੱਕ ਵੇਂਹਦਾ ਹੈ। ਹਿੱਕ ਸਾਹ ਦੀ ਪਛਾਣ ਥੀਵੇ ਤਾਂ ਆਪਣੇ ਆਪ ਨੂੰ ਮੱਲ ਤੋਂ ਆਜ਼ਾਦ ਕਰਾਵੇ ਤੇ ਵਾਅ ਦਾ ਸੰਗ ਕਰੇ। ਵਾਅ ਦਾ ਆਪਣਾ ਰੰਗ ਕੋਈ ਨਹੀਂ, ਵਾਅ ਦੀ ਆਪਣੀ ਖੁਸ਼ਬੂ ਕੋਈ ਨਹੀਂ। ਵਾਅ ਦੀ ਕਰਨੀ ਕੁੱਲ ਜੀਵਨ ਵਿਚ ਰੰਗ ਭਰੇਂਦੀ ਏ ਤੇ ਸੁਗੰਧ ਹੋ ਕੇ ਹਰ ਹੋਂਦ ਅੰਦਰ ਲਹਿੰਦੀ ਏ।



ਕੁੱਲ ਨਿਮਾਣੀ ਖਲਕਤ ਵਾਅ ਵਾਂਗ ਈ ਹੈ ਅਣ ਦਿੱਸਣੀ, ਬੇਰੰਗ, ਬੇ-ਮੱਲ। ਨਾ ਹੋ ਕੇ ਵੀ ਹਰ ਥਾਂ ਮੌਜੂਦ ਹੈ ਆਪਣੀ ਕਰਨੀ ਪਾਰੋਂ। ਈਹਾ ਹੀਣ ਮੇਲ ਹੈ ਕੁੱਲ ਦੀ ਸੇਵਾ ਕਰੇਂਦਾ, ਅੰਨ ਉਗਾਉਂਦਾ ਤੇ ਰਿੰਨ੍ਹ ਖਵਾਉਂਦਾ। ਤੰਦ ਤੰਦ ਜੋੜ ਕੇ ਵੰਨੋ-ਵੰਨ ਪਹਿਰਾਵਿਆਂ ਨਾਲ ਮੱਲਵਾਨਾਂ ਹਾਕਮਾਂ ਦੇ ਤਨ ਸਜਾਉਂਦਾ ਏ। ਏਸ ਅਣ ਦਿਸਣੇ ਕਾਮੇ ਮੇਲ ਨੂੰ ਵਰਤ ਕੇ ਈ ਮੱਲ ਵਿਹਾਰ ਆਪਣੀਆਂ ਰੰਗਰਲੀਆਂ ਪਿਆ ਮਨਾਉਂਦਾ ਹੈ। ਸੱਤਿਆ ਏਸ ਹੀਣ ਮੇਲ ਦੀ ਵਾਅ ਵਾਂਗ ਈ ਹੈ ਜੁੜ ਟੁਰੇ ਤਾਂ ਕਿਲੇ ਬੁਰਜ ਸਭ ਢਾਹ ਢੇਰੀ ਕਰੇ। ਆਦਿ ਸੱਚ ਹੈ ਵਾਅ ਜੀਵਨ ਤੱਤ ਜੋ ਹੋਈ, ਮੁੱਢ ਜੀਵਨ ਦਾ। ਵਾਅ ਨਾ ਹੋਵੇ ਤਾਂ ਇਹ ਸੰਸਾਰ ਵੀ ਨਾ ਹੋਵੇ, ਇਹ ਧਰਤੀ, ਕਈ ਹੋਰ ਧਰਤੀਆਂ ਯਾ ਕੋਈ ਪਲੈਨਟ ਅਤੇ ਕਿਸੇ ਵੀ ਕਿਸਮ ਦਾ ਜੀਵਨ ਵੀ ਨਾ ਹੋਵੇ।

ਪਉਣੁ ਉਪਾਇ ਧਰੀ ਸਭ ਧਰਤੀ
ਜਲ ਅਗਨੀ ਕਾ ਬੰਧੁ ਕੀਆ॥
ਮ:1,ਪੰਨਾ350॥

ਆਦਿ ਸੱਚ ਵੀ ਹੈ ਵਾਅ ਰਿਜ਼ਕ ਉਪਜਾਉਂਦੀ। ਵਾਅ ਈ ਤਾਂ ਬੋਲਦੀ ਹੋਈ ਹਰ ਸਾਹ ਅੰਦਰ, ਹਰ ਕਰਨੀ ਅੰਦਰ। ਹਵਾ ਨਾ ਹੋਵੇ ਤਾਂ ਬੋਲ ਕਿਥੋਂ ਸਰਨ। ਆਦਿ ਦੀ ਜ਼ੇਰ ਜ਼ਬਰ ਵਾਅ ਵਿਚ ਕਿਵੇਂ ਦਿਸੇ ਉਹ ਤਾਂ ਆਪ ਅਣ ਦਿਸਣੀ ਹੋਈ। ਵਾਅ ਤਾਂ ਅੰਦਰ ਹੈ ਹਰ ਜੀ ਦੇ, ਹਰ ਘੜੀ ਟੁਰਦੀ ਫਿਰਦੀ। ਮੱਲ ਵਿਹਾਰ ਦਾ ਇਲਮ ਵੀ ਮੱਲਵਾਨਾਂ ਵਾਂਗ ਬੱਝਾ ਹੋਇਆ। ਉਹ ਇਲਮ ਜੋ ਜ਼ੇਰ ਕਰਨਾ ਤੇ ਜ਼ਬਰ ਹੋਵਣਾ ਸਿਖਾਉਂਦਾ ਹੈ, ਉਸ ਇਲਮ ਦੀ ਪਕੜ ਵਿਚ ਵਾਅ ਦਾ ਸੱਚ ਨਹੀਂ ਆਉਂਦਾ। ਵਾਅ ਤਾਂ ਸਾਂਝ ਵਰਤਾਰਾ ਸਿਖਾਉਂਦੀ ਹੈ ਜੋ ਬਾਂਝ ਵਿਹਾਰ ਦੇ ਵਾਰੇ ਨਹੀਂ। ਹਵਾ ਦਾ ਤਾਂ ਸਾਵਾਂ ਵਗਣ ਹੈ ਹਰ ਇੱਕ ਨੂੰ ਸਾਹ ਦੇਣਾ। ਜ਼ੇਰ ਜ਼ਬਰ ਵਿਹਾਰ ਸਾਵਾਂ ਹੋ ਟੁਰੇ ਤਾਂ ਇਹ ਪਲੋ ਪਲੀ ਮਰਦਾ ਹੈ। ਵਾਅ ਦੀ ਹਸਤੀ ਆਪਣੇ ਵਰਤਨ ਕੀਤੇ ਤਾਂ ਹੈ ਨਹੀਂ। ਵਾਅ ਦਾ ਕੁੱਲ ਜੀਵਨ ਦਾਨ ਹੈ ਕੁੱਲ ਜੀਆ ਜੂਨ ਲਈ ਤਾਹੀਓਂ ਸੱਚ ਹੈ। ਵਾਅ ਜ਼ੇਰ ਜ਼ਬਰ ਦੀ ਕੈਦੀ ਨਹੀਂ ਤਾਹੀਓਂ ਬੋਲਦੀ ਹੈ। ਵਾਅ ਮੱਲ ਨਹੀਂ ਮਾਰਦੀ ਤਾਹੀਓਂ ਹੌਲੀ ਫੁੱਲ ਹੈ ਤੇ ਉਚਾਣ ਨੀਵਾਣ ਦੀ ਜ਼ਬਰ ਜ਼ੇਰ ਤੋਂ ਆਜ਼ਾਦ ਵੀ ਹੈ।

*-ਡਾ. ਆਸਮਾ ਕਾਦਰੀ*
*ਪੰਜਾਬ ਯੂਨੀਵਰਸਿਟੀ ਲਾਹੌਰ ਪਾਕਿਸਤਾਨ।*

# ਨਹੀਂ ਰੀਸਾਂ ਪੰਜਾਬੀਏ ਤੇਰੀਆਂ...

***ਪੰਜਾਬੀ ਪੁਰਾਤਨ, ਸਮਰੱਥ ਅਤੇ ਅਮੀਰ ਭਾਸ਼ਾ ਹੈ। ਇਸ ਵਿਚ ਹਰ ਸਥਿਤੀ, ਭਾਵ ਅਤੇ ਵਿਚਾਰ ਨੂੰ ਪ੍ਰਗਟ ਕਰਨ ਦੀ ਸਮਰੱਥਾ ਹੈ। ਇਸ ਪਾਸ ਆਪਣਾ ਵਿਸ਼ਾਲ ਸ਼ਬਦ, ਮੁਹਾਵਰਾ ਅਤੇ ਅਖਾਣ ਭੰਡਾਰ ਹੈ ਅਤੇ ਸਮੇਂ ਅਨੁਸਾਰ ਢਲਣ ਤੇ ਬਦਲਣ ਦੀ ਲੋੜੀਂਦੀ ਯੋਗਤਾ ਹੈ। ਇਸ ਨੂੰ ਸਿੱਖਣਾ ਅਤੇ ਸਿਖਾਉਣਾ ਵੀ ਬਹੁਤ ਆਸਾਨ ਹੈ। ਸਾਡਾ ਫ਼ਰਜ਼ ਹੈ ਕਿ ਇਸ ਨੂੰ ਮਾਣ ਨਾਲ ਬੋਲੀਏ, ਪੜ੍ਹੀਏ, ਲਿਖੀਏ ਅਤੇ ਸਿੱਖੀਏ।***

**ਪ੍ਰੋ. ਅੱਛਰੂ ਸਿੰਘ**
ਫੋਨ: +91-98155-01381

ਆਪਣੇ ਚਾਲ਼ੀ ਸਾਲਾਂ ਤੋਂ ਵੀ ਲੰਮੇ ਅਰਸੇ ਦੇ ਅਧਿਆਪਨ ਦੌਰਾਨ ਵੱਖ-ਵੱਖ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਪੜ੍ਹਾਉਂਦਿਆਂ ਕਈ ਤਰ੍ਹਾਂ ਦੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪਿਆ। ਮੇਰੀ ਕਰਮ-ਭੂਮੀ ਨਿਰੋਲ ਪੇਂਡੂ ਪਿਛੋਕੜ ਵਾਲੀ ਸੀ ਅਤੇ ਮੇਰੇ ਵਿਦਿਆਰਥੀਆਂ ਦਾ ਅੰਗਰੇਜ਼ੀ ਵਿਚ ਹੱਥ ਅਕਸਰ ਤੰਗ ਹੀ ਹੁੰਦਾ ਸੀ। ਕਦੇ ਕਿਸੇ ਦਾ ਉਚਾਰਣ ਵਿਗੜ ਜਾਂਦਾ ਅਤੇ ਕਦੇ ਕਿਸੇ ਸ਼ਬਦਜੋੜ ਦੀ ਗ਼ਲਤੀ ਕਾਰਨ ਅਰਥਾਂ ਦੇ ਅਨਰਥ ਹੋ ਜਾਂਦੇ। ਸਭ ਤੋਂ ਵੱਧ ਸਮੱਸਿਆ ਉਸ ਸਮੇਂ ਆਉਂਦੀ ਜਦ ਕਿਸੇ ਸ਼ਬਦ ਵਿਚ ਖ਼ਾਮੋਸ਼ ਅੱਖਰ ਅੜਿੱਕਾ ਡਾਹ ਦਿੰਦੇ। ਇਕ ਵਾਰ ਜਦ ਮੈਂ ਵਿਦਿਆਰਥੀਆਂ ਨੂੰ ਪੁੱਛਿਆ ਕਿ ਅੱਜ ਕਿਹੜੀ ਕਵਿਤਾ ਪੜ੍ਹਨੀ ਹੈ ਤਾਂ ਇਕ ਵਿਦਿਆਰਥੀ ਨੇ ਝੱਟ ਉੱਤਰ ਦਿੱਤਾ, "ਜੀ, ਏ ਪਸਾਲਮ ਆਫ ਲਾਈਫ।" ਮੈਂ ਕਿਹਾ, "ਓਏ, ਏ ਪਸਾਲਮ ਆਫ ਲਾਈਫ ਨਹੀਂ, ਏ ਸਾਮ ਆਫ ਲਾਈਫ ਕਹਿ।" ਮੈਂ ਐੱਚ.ਡਬਲਿਊ. ਲਾਂਗਫੈਲੋ ਦੀ ਪ੍ਰਸਿੱਧ ਕਵਿਤਾ 'ਏ ਸਾਮ ਆਫ ਲਾਈਫ' ਪੜ੍ਹਾਉਣੀ ਸੀ ਅਤੇ ਕਿਉਂਕਿ ਸਾਮ ਦੇ ਸਪੈਲਿੰਗ ਪੀ.ਐੱਸ.ਏ.ਐੱਲ.ਐੱਮ. ਹਨ, ਮੇਰਾ ਵਿਦਿਆਰਥੀ ਇਸ ਸ਼ਬਦ ਨੂੰ ਪਸਾਲਮ ਪੜ੍ਹ ਰਿਹਾ ਸੀ।

ਕਵਿਤਾ ਪੜ੍ਹਾਉਣ ਦੀ ਗੱਲ ਵਿਚਕਾਰ ਹੀ ਰਹਿ ਗਈ ਤੇ ਅੰਗਰੇਜ਼ੀ ਦੇ ਸ਼ਬਦ ਜੋੜਾਂ ਬਾਰੇ ਨਵੀਂ ਬਹਿਸ ਛਿੜ ਪਈ। ਵਿਦਿਆਰਥੀ ਕਹਿਣ ਲੱਗੇ ਕਿ ਜਦ ਕੁਝ ਅੱਖਰਾਂ ਨੇ ਕੋਈ ਆਵਾਜ਼ ਹੀ ਨਹੀਂ ਦੇਣੀ ਤਾਂ ਇਨ੍ਹਾਂ ਨੂੰ ਵੱਖ-ਵੱਖ ਸ਼ਬਦਾਂ 'ਚ ਘਸੋੜਿਆ ਹੀ ਕਿਉਂ ਜਾਂਦਾ ਹੈ? ਇਹ ਕੀ ਗੱਲ ਬਣੀ ਕਿ ਲਿਖੀਏ 'ਕਨੋਅ' (know) ਤੇ ਪੜ੍ਹੀਏ 'ਨੋਅ'। ਲਿਖੀਏ 'ਪਸਾਈਚਾਲੋਜੀ' (psychology) ਤੇ ਪੜ੍ਹੀਏ 'ਸਾਈਕਾਲੋਜੀ'। ਲਿਖੀਏ 'ਔਫਟਨ' (often) ਤੇ ਪੜ੍ਹੀਏ 'ਔਫਨ'। ਲਿਖੀਏ 'ਸਬਟਲ' (subtle) ਤੇ ਪੜ੍ਹੀਏ 'ਸਟਲ'। ਲਿਖੀਏ 'ਸਿਗਨ' (sign) ਤੇ ਪੜ੍ਹੀਏ 'ਸਾਈਨ' ਆਦਿ। ਨਾਲੇ ਜੇ ਬੀ.ਯੂ.ਟੀ. 'ਬੱਟ' ਤਾਂ ਪੀ.ਯੂ.ਟੀ. 'ਪੱਟ' ਕਿਉਂ ਨਹੀਂ ਅਤੇ ਐੱਸ.ਓ. 'ਸੋ' ਹੈ ਤਾਂ ਡੀ.ਓ. 'ਡੋ' ਕਿਉਂ ਨਹੀਂ।

ਮੈਂ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਅੰਗਰੇਜ਼ੀ ਵਰਣਮਾਲਾ ਵਿਚ ਕੇਵਲ ਛੱਬੀ ਅੱਖਰ ਹਨ ਅਤੇ ਇਨ੍ਹਾਂ ਅੱਖਰਾਂ ਨੂੰ ਹੀ ਨਾ ਕੇਵਲ ਵੱਖ-ਵੱਖ ਧੁਨੀਆਂ ਦੇ ਉਚਾਰਣ ਲਈ ਵਰਤਿਆ ਜਾਂਦਾ ਹੈ ਸਗੋਂ ਲਗਾਂ-ਮਾਤਰਾਵਾਂ ਦਾ ਕੰਮ ਵੀ ਇਨ੍ਹਾਂ ਤੋਂ ਹੀ ਲੈਣਾ ਪੈਂਦਾ ਹੈ। ਇਸ ਦੇ ਉਲਟ, ਸਾਡੀ ਪੰਜਾਬੀ 'ਚ ਪੈਂਤੀ ਮੁੱਢਲੇ ਅੱਖਰਾਂ ਤੇ ਛੇ ਪੈਰ ਬਿੰਦੀ ਵਾਲੇ ਅੱਖਰਾਂ ਤੋਂ ਇਲਾਵਾ ਲਗਾਂ-ਮਾਤਰਾਵਾਂ ਵੱਖਰੀਆਂ ਹਨ। "ਫਿਰ ਸਰ, ਆਪਾਂ ਅੰਗਰੇਜ਼ੀ ਨੂੰ ਅਮੀਰ ਭਾਸ਼ਾ ਐਵੇਂ ਹੀ ਕਹੀ ਜਾਂਦੇ ਹਾਂ?" ਇਕ ਵਿਦਿਆਰਥੀ ਨੇ ਸ਼ਿਕਵਾ ਕਰਦਿਆਂ ਪੁੱਛਿਆ।

ਇਸ ਤੋਂ ਬਾਅਦ ਗੱਲ ਵੱਡੇ-ਛੋਟੇ ਅੱਖਰਾਂ ਦੀ ਚੱਲ ਪਈ। ਇਹੀ ਝੰਜਟ ਪਿਆ ਰਹਿੰਦਾ ਹੈ ਕਿ ਕਿੱਥੇ ਵੱਡਾ ਅੱਖਰ ਪਾਈਏ ਅਤੇ ਕਿੱਥੇ ਛੋਟਾ। ਪੰਜਾਬੀ ਵਿਚ ਇਹ ਪੰਗਾ ਤਾਂ ਨਹੀਂ। ਸਾਰੇ ਅੱਖਰ ਬਰਾਬਰ; ਭਾਵੇਂ ਕਿਸੇ ਨੂੰ ਵਾਕ ਦੇ ਸ਼ੁਰੂ ਵਿਚ ਲਾ ਦੇਵੋ, ਭਾਵੇਂ ਅੱਧ-ਵਿਚਕਾਰ ਅਤੇ ਭਾਵੇਂ ਅਖ਼ੀਰ ਵਿਚ। ਮੈਂ ਮਾਣ ਨਾਲ ਕਿਹਾ: ਕੀ ਤੁਹਾਨੂੰ ਪਤਾ ਨਹੀਂ ਪੰਜਾਬੀ ਭਾਸ਼ਾ ਲਈ ਵਰਤੀ ਜਾਂਦੀ ਗੁਰਮੁਖੀ ਲਿਪੀ ਨੇ ਗੁਰੂ ਸਾਹਿਬਾਨ ਦੀ ਬਖ਼ਸ਼ਿਸ਼ ਦੁਆਰਾ ਆਪਣਾ ਵਰਤਮਾਨ ਸਰੂਪ ਪ੍ਰਾਪਤ ਕੀਤਾ ਹੈ ਤੇ ਜਦ ਉਨ੍ਹਾਂ ਨੇ ਸਮੁੱਚੇ ਸਮਾਜ ਵਿਚ ਵੱਡੇ-ਛੋਟੇ ਦਾ ਭੇਦ ਖ਼ਤਮ ਕਰ ਦਿੱਤਾ, ਫਿਰ ਲਿਪੀ ਵਿਚ ਵੱਡੇ-ਛੋਟੇ ਦਾ ਭੇਦ ਕਿਵੇਂ ਰਹਿ ਸਕਦਾ ਸੀ? ਹਾਂ, ਅੱਖਰ 'ੳ' ਜ਼ਰੂਰ ਬਾਕੀ ਅੱਖਰਾਂ ਤੋਂ ਉੱਚਾ ਹੈ ਤੇ ਇਸ ਦਾ ਉੱਚਾ ਹੋਣਾ ਬਿਲਕੁਲ ਜਾਇਜ਼ ਵੀ ਹੈ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਦੇ ਅੱਗੇ '੧' ਦੀ ਵਰਤੋਂ ਕਰ ਕੇ ਅਤੇ ਇਸ ਨੂੰ ਉੱਪਰ ਤੋਂ ਖੁੱਲ੍ਹਾ ਰੱਖ ਕੇ ਇਸ ਨੂੰ ਪਾਰਬ੍ਰਹਮ ਦਾ ਸੂਚਕ ਬਣਾ ਦਿੱਤਾ। ਬਾਅਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਲਿਪੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕਰ ਕੇ ਇਸ ਨੂੰ ਰੂਹਾਨੀਅਤ ਦੀ ਬੁਲੰਦੀ ਤਕ ਪਹੁੰਚਾ ਦਿੱਤਾ। ਹੁਣ ਚਰਚਾ ਸਿਖ਼ਰ ਵੱਲ ਪਹੁੰਚ ਰਹੀ ਸੀ। ਮੈਂ ਵਿਦਿਆਰਥੀਆਂ ਨੂੰ ਸਮਝਾ ਰਿਹਾ ਸੀ ਕਿ ਕੌਮਾਂਤਰੀ ਭਾਸ਼ਾ ਹੋਣ ਕਾਰਨ ਅੰਗਰੇਜ਼ੀ ਦਾ ਤਸੱਲੀਬਖ਼ਸ਼ ਗਿਆਨ ਹੋਣਾ ਜ਼ਰੂਰੀ ਹੈ ਪਰ ਇਹ ਸਮਝ ਲੈਣਾ ਕਿ ਅੰਗਰੇਜ਼ੀ ਵਧੀਆ ਅਤੇ ਪੰਜਾਬੀ ਘਟੀਆ ਭਾਸ਼ਾ ਹੈ, ਬਿਲਕੁਲ ਗ਼ਲਤ ਹੈ। ਅਸੀਂ ਪੰਜਾਬੀ ਨੂੰ ਪੂਰੇ ਮਾਣ ਨਾਲ ਪੜ੍ਹਨਾ, ਲਿਖਣਾ ਤੇ ਬੋਲਣਾ ਸਿੱਖਣਾ ਹੈ ਤੇ ਅੰਗਰੇਜ਼ੀ ਵਿਚ ਵੀ ਨਿਪੁੰਨ ਹੋਣਾ ਹੈ।

ਪੰਜਾਬੀਆਂ ਦੇ ਸੁਭਾਅ ਵਾਂਗ ਪੰਜਾਬੀ ਦਾ ਸੁਭਾਅ ਵੀ ਖੁੱਲ੍ਹਾ-ਡੁੱਲ੍ਹਾ ਅਤੇ ਅਣਖ਼ੀਲਾ ਹੈ। ਇਹ ਹੋ ਹੀ ਨਹੀਂ ਸਕਦਾ ਕਿ ਕਿਤੇ ਕੋਈ ਪੰਜਾਬੀ ਮੌਜੂਦ ਹੋਵੇ ਤੇ ਉਸ ਦੀ ਹੋਂਦ ਸਵੀਕਾਰੀ ਨਾ ਜਾਵੇ ਅਤੇ ਇਹ ਵੀ ਨਹੀਂ ਹੋ ਸਕਦਾ ਕਿ ਕਿਤੇ ਕੋਈ ਪੰਜਾਬੀ ਅੱਖਰ ਮੌਜੂਦ ਹੋਵੇ ਤੇ ਉਸ ਦੀ ਹੋਂਦ ਛੁਪੀ ਰਹਿ ਜਾਵੇ। ਅੱਖਰ ਤਾਂ ਬਹੁਤ ਵੱਡੀ ਚੀਜ਼ ਹੈ, ਪੰਜਾਬੀ ਵਿਚ ਤਾਂ ਬਿੰਦੀ ਦੀ ਹੋਂਦ ਵੀ ਨਹੀਂ ਨਕਾਰੀ ਜਾ ਸਕਦੀ। ਜੇ 'ਸੇਰ' ਦੇ ਪੈਰ ਵਿਚ ਬਿੰਦੀ ਲੱਗ ਜਾਵੇ ਤਾਂ ਉਹ 'ਸ਼ੇਰ' ਬਣ ਜਾਂਦਾ ਹੈ ਅਤੇ ਜੇ 'ਗਾ' 'ਤੇ ਬਿੰਦੀ ਲੱਗ ਜਾਵੇ ਤਾਂ ਉਹ 'ਗਾਂ' ਬਣ ਜਾਂਦੀ ਹੈ। ਹੋਰ ਤਾਂ ਹੋਰ, ਕਿਸੇ ਪੂਰੇ ਅੱਖਰ ਦੇ ਪੈਰ 'ਚ ਪਿਆ ਅੱਖਰ ਵੀ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦਾ ਹੈ। ਅਸਲ ਵਿਚ ਪੰਜਾਬੀ ਅੱਖਰਾਂ ਦਾ ਇਹ ਖ਼ਾਸਾ ਸਮੁੱਚੇ ਪੰਜਾਬੀਆਂ ਦਾ ਹੀ ਖ਼ਾਸਾ ਹੈ ਕਿ ਉਨ੍ਹਾਂ ਦੀ ਹੋਂਦ ਭਾਵੇਂ ਇਕ ਬਿੰਦੀ ਜਿੰਨੀ ਰਹਿ ਜਾਵੇ ਤੇ ਭਾਵੇਂ ਉਨ੍ਹਾਂ ਨੂੰ ਪੈਰਾਂ ਹੇਠ ਲਤਾੜਨ ਦੀ ਲੱਖ ਕੋਸ਼ਿਸ਼ ਕੀਤੀ ਜਾਵੇ, ਉਨ੍ਹਾਂ ਦੀ ਹੋਂਦ ਨਾ ਕਦੇ ਖ਼ਤਮ ਹੋਈ ਹੈ ਅਤੇ ਨਾ ਹੀ ਹੋਵੇਗੀ।




ਕਈ ਵਾਰ ਇਹ ਖ਼ਦਸ਼ਾ ਵੀ ਪ੍ਰਗਟਾਇਆ ਗਿਆ ਹੈ ਅਤੇ ਅਜਿਹੇ ਚਰਚੇ ਵੀ ਛਿੜੇ ਹਨ ਕਿ ਪੰਜਾਬੀ ਦਾ ਕੇਵਲ ਭਵਿੱਖ ਹੀ ਧੁੰਦਲਾ ਨਹੀਂ ਸਗੋਂ ਇਸ ਦੀ ਤਾਂ ਹੋਂਦ ਨੂੰ ਵੀ ਖ਼ਤਰਾ ਹੈ। ਅਜਿਹੀਆਂ ਗੱਲਾਂ ਵੀ ਸੁਣਨ ਨੂੰ ਮਿਲੀਆਂ ਹਨ ਕਿ ਆਉਣ ਵਾਲੇ ਪੰਜਾਹ ਸਾਲਾਂ ਵਿਚ ਇਸ ਦੀ ਹੋਂਦ ਹੀ ਮਿਟ ਜਾਵੇਗੀ ਅਤੇ ਇਸ ਦੀ ਅਹਿਮੀਅਤ ਬਿਲਕੁਲ ਖ਼ਤਮ ਹੋ ਜਾਵੇਗੀ ਪਰ ਮੈਂ ਉਨ੍ਹਾਂ ਵਿਅਕਤੀਆਂ ਵਿਚੋਂ ਹਾਂ ਜੋ ਦਿਲੋਂ ਇਹ ਮਹਿਸੂਸ ਕਰਦੇ ਹਨ ਕਿ ਇਹ ਭਾਸ਼ਾ ਇੰਨੀ ਪੁਰਾਤਨ, ਅਮੀਰ ਅਤੇ ਸ਼ਕਤੀਸ਼ਾਲੀ ਹੈ ਕਿ ਆਉਣ ਵਾਲੇ ਪੰਜਾਹ ਸਾਲਾਂ ਵਿਚ ਤਾਂ ਕੀ, ਆਉਣ ਵਾਲੇ ਪੰਜਾਹ ਹਜ਼ਾਰ ਸਾਲਾਂ ਵਿਚ ਵੀ ਕੋਈ ਇਸ ਦੀ ਹੋਂਦ ਨੂੰ ਖ਼ਤਮ ਨਹੀਂ ਕਰ ਸਕੇਗਾ ਅਤੇ ਜਦ ਤਕ ਵਿਸ਼ਵ ਭਰ ਵਿਚ ਕਿਤੇ ਵੀ ਪੰਜਾਬੀ ਮੌਜੂਦ ਹੋਣਗੇ, ਉੱਥੇ ਇਸ ਭਾਸ਼ਾ ਦਾ ਬੋਲਬਾਲਾ ਰਹੇਗਾ ਹੀ ਰਹੇਗਾ। ਸੋਚਣ ਵਾਲੀ ਗੱਲ ਇਹ ਹੈ ਕਿ ਜਿਸ ਭਾਸ਼ਾ ਵਿਚ ਸਮੁੱਚੀ ਮਾਨਵਤਾ ਦੀ ਅਗਵਾਈ ਕਰਨ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗਾ ਮਹਾਨ ਧਾਰਮਿਕ ਗ੍ਰੰਥ, ਵਾਰਿਸ ਸ਼ਾਹ ਦੀ ਹੀਰ, ਬਾਬਾ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਅਤੇ ਹਰ ਵੰਨਗੀ ਦਾ ਮਹਾਨ ਸਾਹਿਤ ਮੌਜੂਦ ਹੋਵੇ ਅਤੇ ਜਿਸ ਨੂੰ ਬੋਲਣ ਵਾਲੀ ਕੌਮ ਵਿਸ਼ਵ ਭਰ 'ਚ ਚੜ੍ਹਦੀਕਲਾ 'ਚ ਹੋਵੇ, ਭਲਾ ਉਹ ਖ਼ਤਮ ਕਿਵੇਂ ਹੋ ਸਕਦੀ ਹੈ? ਹਾਂ, ਆਪਣੀ ਅਣਗਹਿਲੀ ਕਾਰਨ ਅਸੀਂ ਇਸ ਦਾ ਕੁਝ ਨੁਕਸਾਨ ਜ਼ਰੂਰ ਕਰ ਰਹੇ ਹਾਂ ਜਿਸ ਬਾਰੇ ਸੋਚਣਾ ਬਣਦਾ ਹੈ। ਇਸ ਦੀ ਇੱਥੇ ਉਦਾਹਰਨ ਵੀ ਦੇ ਰਿਹਾ ਹਾਂ।

"ਸਰ, ਆਹ ਤਾਂ ਸਰਕਾਰ ਨੇ ਸ਼ੁੱਧ ਮਲਵਈ ਲਿਖ ਰੱਖੀ ਹੈ।" ਇਕ ਦਿਨ ਬੱਸ ਵਿਚ ਮੇਰੇ ਨਾਲ ਬੈਠੇ ਮੇਰੇ ਵਿਦਿਆਰਥੀ ਨੇ ਮੈਨੂੰ ਸੰਬੋਧਨ ਕਰਦਿਆਂ ਸੜਕ ਕਿਨਾਰੇ ਲੱਗੇ ਹਰੇ ਰੰਗ ਦੇ ਬੋਰਡ ਜਿਸ 'ਤੇ ਅੰਗਰੇਜ਼ੀ ਅਤੇ ਪੰਜਾਬੀ ਵਿਚ 'ਬੱਸ ਲੇ ਬਾਈ' ਲਿਖਿਆ ਹੋਇਆ ਸੀ, ਵੱਲ ਇਸ਼ਾਰਾ ਕਰਦੇ ਹੋਏ ਕਿਹਾ। ਸਪਸ਼ਟ ਤੌਰ 'ਤੇ ਉਸ ਦਾ ਸੰਕੇਤ ਮਾਲਵੇ ਵਿਚ ਭਰਾ ਲਈ ਵਰਤੇ ਜਾਂਦੇ ਮੋਹ ਭਰੇ ਸ਼ਬਦ 'ਬਾਈ' ਵੱਲ ਸੀ। ਇਸ ਤੋਂ ਪਹਿਲਾਂ ਕਿ ਮੈਂ ਉਸ ਦੀ ਗੱਲ ਦਾ ਕੋਈ ਜਵਾਬ ਦਿੰਦਾ, ਨਾਲ ਬੈਠੇ ਦੂਸਰੇ ਲੜਕੇ ਨੇ ਕਿਹਾ, "ਬਾਕੀ ਗੱਲ ਤਾਂ ਠੀਕ ਹੈ ਪਰ ਲੈ ਨੂੰ ਲੇ ਕਿਉਂ ਲਿਖ ਰੱਖਿਆ ਹੈ? ਨਾਲੇ ਫਿਰ 'ਟਰੱਕ ਲੇ ਬਾਈ' ਦਾ ਕੀ ਭਾਵ ਹੋਇਆ?" "ਪਟਿਆਲੇ ਕੰਨੀ ਲੈ ਨੂੰ ਲੇ ਹੀ ਕਹਿੰਦੇ ਹਨ- ਇਸ ਲਈ ਲੇ ਲਿਖ ਦਿੱਤਾ ਹੋਵੇਗਾ ਪਰ 'ਟਰੱਕ ਲੇ ਬਾਈ' ਵਾਲੀ ਗੱਲ ਤਾਂ ਮੇਰੀ ਵੀ ਸਮਝ ਤੋਂ ਬਾਹਰ ਹੈ।" ਪਹਿਲੇ ਨੇ ਆਪਣੇ ਸੀਮਤ ਗਿਆਨ ਦਾ ਪ੍ਰਗਟਾਵਾ ਕਰਦਿਆਂ ਕਿਹਾ। "ਬੱਸ ਲੈ ਭਾਈ, ਕਿਉਂ ਨਹੀਂ? ਕੀ ਬੱਸਾਂ ਕੇਵਲ ਬਾਈਆਂ ਲਈ ਹਨ, ਬੀਬੀਆਂ ਤੇ ਮਾਈਆਂ ਲਈ ਨਹੀਂ?" ਮੇਰੇ ਖੱਬੇ ਪਾਸੇ ਬੈਠੀ ਇਕ ਲੜਕੀ ਵੀ ਵਾਰਤਾਲਾਪ ਵਿਚ ਸ਼ਾਮਲ ਹੋ ਗਈ। ਹੁਣ ਵਾਰੀ ਮੇਰੇ ਬੋਲਣ ਦੀ ਸੀ ਅਤੇ ਮੈਂ ਬੱਸ ਵਿਚ ਹੀ ਆਪਣਾ ਲੈਕਚਰ ਸ਼ੁਰੂ ਕਰ ਦਿੱਤਾ:

ਇਸ ਬੋਰਡ 'ਤੇ ਜੋ ਲਿਖਿਆ ਹੈ ਉਹ ਕਿਸੇ ਬਾਈ, ਭਾਈ ਜਾਂ ਮਾਈ ਨੂੰ ਬੱਸ ਲੈਣ ਲਈ ਕੀਤੀ ਗਈ ਬੇਨਤੀ ਜਾਂ ਹਦਾਇਤ ਨਹੀਂ ਸਗੋਂ ਇਹ ਤਾਂ ਅੰਗਰੇਜ਼ੀ ਵਾਕੰਸ਼ 'lay by' ਦੀ ਗ਼ਲਤ ਅਤੇ ਕੁਚੱਜੀ ਵਰਤੋਂ ਹੈ। ਇਸ ਅੰਗਰੇਜ਼ੀ ਵਾਕੰਸ਼ ਦਾ ਅਰਥ ਹੁੰਦਾ ਹੈ: ਵਾਹਨ ਖੜ੍ਹੇ ਕਰਨ ਲਈ ਪਾਸਿਓਂ ਕੀਤੀ ਚੌੜੀ ਸੜਕ ਪਰ ਸਾਡੇ ਮਹਾਂਰਥੀਆਂ ਨੇ 'by' ਨੂੰ 'bye' ਬਣਾ ਕੇ ਇਸ ਦਾ ਕੋਈ ਵੀ ਅਰਥ ਨਹੀਂ ਰਹਿਣ ਦਿੱਤਾ। ਇਕ ਵਾਰ ਅਨੰਦਪੁਰ ਸਾਹਿਬ ਵੱਲ ਜਾਂਦੇ ਹੋਏ ਮੈਂ 'by' ਨੂੰ 'bae' ਲਿਖਿਆ ਵੀ ਦੇਖਿਆ। ਉਂਝ ਇਹ ਪਹਿਲੀ ਵਾਰ ਨਹੀਂ ਕਿ ਕਿਸੇ ਸ਼ਬਦ ਦੇ ਸ਼ਬਦਜੋੜਾਂ ਨਾਲ ਜੱਗੋਂ ਤੇਰ੍ਹਵੀਂ ਹੋਈ ਹੋਵੇ ਕਿਉਂਕਿ ਜਨਤਕ ਥਾਵਾਂ ਉੱਪਰ ਅਸੀਂ ਅੰਗਰੇਜ਼ੀ ਅਤੇ ਪੰਜਾਬੀ ਦੇ ਅਣਗਿਣਤ ਅਜਿਹੇ ਸ਼ਬਦ ਦੇਖ ਸਕਦੇ ਹਾਂ ਜੋ ਜਾਂ ਤਾਂ ਗ਼ਲਤ ਸ਼ਬਦਜੋੜਾਂ ਜਾਂ ਕੁਚੱਜੀ ਵਰਤੋਂ ਕਾਰਨ ਸਾਡਾ ਮੂੰਹ ਚਿੜਾਉਂਦੇ ਹਨ। 'ਬੱਸ ਲੇ ਬਾਈ' ਅਤੇ 'ਟਰੱਕ ਲੇ ਬਾਈ' ਇਸ ਦੀਆਂ ਕੇਵਲ ਨਿਗੂਣੀਆਂ ਜਿਹੀਆਂ ਉਦਾਹਰਨਾਂ ਹਨ। ਇਸੇ ਤਰ੍ਹਾਂ ਇਕ ਹੋਰ ਮੋੜ 'ਤੇ ਲਿਖਿਆ ਹੋਇਆ ਸੀ: ਧੀਮੀ ਗਤੀ ਵਾਲੇ ਵਾਹਨ ਖੱਬੇ ਲੇਨ ਵਿਚ ਚੱਲਣ। ਮੈਂ ਹੈਰਾਨ ਹਾਂ ਕਿ ਲਿਖਣ ਵਾਲਿਆਂ ਨੇ ਇਸ ਤਰ੍ਹਾਂ ਕਿਉਂ ਨਹੀਂ ਲਿਖਿਆ: ਹੌਲੀ ਚੱਲਣ ਵਾਲੇ ਵਾਹਨ ਖੱਬੀ ਕਤਾਰ ਵਿਚ ਚੱਲਣ। ਕੀ ਇਹ ਵਧੇਰੇ ਸਰਲ ਅਤੇ ਸਮਝ ਵਿਚ ਆਉਣ ਵਾਲੀ ਪੰਜਾਬੀ ਨਹੀਂ ਹੋਣੀ ਸੀ?

ਜਿੱਥੋਂ ਤਕ 'lay by' ਦੀ ਕੁਚੱਜੀ ਵਰਤੋਂ ਦਾ ਸਬੰਧ ਹੈ, ਉਹ ਇਸ ਗੱਲ ਤੋਂ ਭਲੀ-ਭਾਂਤ ਸਪਸ਼ਟ ਹੈ ਕਿ ਸਾਡੇ ਪਾਸ ਬੱਸ/ਟਰੱਕ ਸਟਾਪ, ਆਰਜ਼ੀ ਠਹਿਰ, ਠਹਿਰ ਜਾਂ ਰੁਕਣ ਸਥਾਨ ਆਦਿ ਵਰਗੇ ਬੜੇ ਹੀ ਢੁਕਵੇਂ ਸ਼ਬਦ ਹੋਣ ਦੇ ਬਾਵਜੂਦ ਅਸੀਂ ਅੰਗਰੇਜ਼ੀ ਦੇ ਅਜਿਹੇ ਸ਼ਬਦ ਲਿਖ ਰਹੇ ਹਾਂ ਜਿਨ੍ਹਾਂ ਤੋਂ ਬਹੁਗਿਣਤੀ ਬਿਲਕੁਲ ਅਣਜਾਣ ਹੈ ਜੋ ਬਿਲਕੁਲ ਬੇਢਬੇ ਹਨ ਅਤੇ ਜੋ ਕਦੇ ਵੀ ਮਕਬੂਲ ਹੋਣ ਦੀ ਸਮਰੱਥਾ ਨਹੀਂ ਰੱਖਦੇ। ਇੱਥੇ ਮੈਂ ਬਿਲਕੁਲ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਕਿਸੇ ਵੀ ਤਰ੍ਹਾਂ ਕਿਸੇ ਭਾਸ਼ਾ ਦੀ ਸ਼ੁੱਧਤਾ ਦਾ ਮੁੱਦਈ ਨਹੀਂ ਹਾਂ ਕਿਉਂਕਿ ਲੋੜ ਅਨੁਸਾਰ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਦਾ ਰਲੇਵਾਂ ਕਿਸੇ ਵੀ ਭਾਸ਼ਾ ਨੂੰ ਗਤੀਸ਼ੀਲ ਅਤੇ ਸਮਾਂ-ਅਨੁਕੂਲ ਰੱਖਣ ਲਈ ਅਤਿ ਜ਼ਰੂਰੀ ਹੁੰਦਾ ਹੈ। ਹਾਂ, ਇਹ ਜ਼ਰੂਰ ਹੁੰਦਾ ਹੈ ਕਿ ਕੋਈ ਭਾਸ਼ਾ ਦੂਜੀਆਂ ਭਾਸ਼ਾਵਾਂ ਦੇ ਕੁਝ ਸ਼ਬਦ ਜਿਉਂ ਦੇ ਤਿਉਂ ਜਜ਼ਬ ਕਰ ਲੈਂਦੀ ਹੈ ਅਤੇ ਕੁਝ ਨੂੰ ਆਪਣੇ ਸੁਭਾਅ ਅਨੁਸਾਰ ਢਾਲ਼ ਲੈਂਦੀ ਹੈ।

**ਪੰਜਾਬੀ ਭਾਸ਼ਾ ਵਿਚ ਆਏ ਅੰਗਰੇਜ਼ੀ ਭਾਸ਼ਾ ਦੇ ਸ਼ਬਦ**

ਜਿਸ ਤਰ੍ਹਾਂ ਲਗਭਗ ਹਰ ਭਾਸ਼ਾ ਬਾਰੇ ਹੀ ਕਿਹਾ ਜਾ ਸਕਦਾ ਹੈ, ਪੰਜਾਬੀ ਭਾਸ਼ਾ ਵਿਚ ਵੀ ਬਹੁਤ ਸਾਰੇ ਸ਼ਬਦ ਅਜਿਹੇ ਹਨ ਜੋ ਇਸ ਵਿਚ ਦੂਜੀਆਂ ਭਾਸ਼ਾਵਾਂ ਜਿਵੇਂ ਸੰਸਕ੍ਰਿਤ, ਅਰਬੀ, ਫ਼ਾਰਸੀ, ਅੰਗਰੇਜ਼ੀ ਆਦਿ ਵਿਚੋਂ ਆਏ ਹਨ। ਇਹ ਸ਼ਬਦ ਸਾਨੂੰ ਤਿੰਨ ਰੂਪਾਂ ਵਿਚ ਮਿਲਦੇ ਹਨ:

1. ਬਿਨਾਂ ਕਿਸੇ ਤਬਦੀਲੀ ਤੋਂ ਜਿਨ੍ਹਾਂ ਨੂੰ ਤਤਸਮ ਕਿਹਾ ਜਾਂਦਾ ਹੈ।
2. ਜਿਨ੍ਹਾਂ ਦੇ ਉਚਾਰਣ ਅਤੇ ਲਿਖਣ ਵਿਚ ਕੁਝ ਅੰਤਰ ਆਇਆ ਹੋਵੇ ਉਨ੍ਹਾਂ ਨੂੰ ਅਰਧ-ਤਤਸਮ ਕਿਹਾ ਜਾਂਦਾ ਹੈ।
3. ਜਿਨ੍ਹਾਂ ਦਾ ਰੂਪ ਬਹੁਤ ਬਦਲ ਚੁੱਕਾ ਹੋਵੇ, ਉਨ੍ਹਾਂ ਨੂੰ ਤਦਭਵ ਕਿਹਾ ਜਾਂਦਾ ਹੈ।

ਅੱਜ ਅਸੀਂ ਦੇਖ ਸਕਦੇ ਹਾਂ ਕਿ ਅੰਗਰੇਜ਼ੀ ਭਾਸ਼ਾ ਦੇ ਅਣਗਿਣਤ ਸ਼ਬਦ ਪੰਜਾਬੀ ਭਾਸ਼ਾ ਦਾ ਅਨਿੱਖੜਵਾਂ ਅੰਗ ਬਣ ਚੁੱਕੇ ਹਨ। ਹਰ ਕਿਸਮ ਦੇ ਲੋਕ ਉਨ੍ਹਾਂ ਦੀ ਦਿਨ-ਰਾਤ ਵਰਤੋਂ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਪੰਜਾਬੀ ਭਾਸ਼ਾ ਵਿਚੋਂ ਕੱਢਣਾ ਤਾਂ ਇਕ ਪਾਸੇ ਰਿਹਾ, ਪੰਜਾਬੀ ਵਿਚ ਅਨੁਵਾਦ ਕਰਨ ਬਾਰੇ ਵੀ ਨਹੀਂ ਸੋਚਿਆ ਜਾ ਸਕਦਾ।

ਆਵਾਜਾਈ ਦੇ ਸਾਧਨਾਂ ਨਾਲ ਸਬੰਧਿਤ ਜਿਉਂ ਦੇ ਤਿਉਂ ਵਰਤੇ ਜਾ ਰਹੇ ਅੰਗਰੇਜ਼ੀ ਸ਼ਬਦਾਂ ਵਿਚ ਰੇਲ, ਬੱਸ, ਕਾਰ, ਜੀਪ, ਟਰੱਕ, ਟਰੈਕਟਰ, ਟੈਂਕ, ਸਕੂਟਰ, ਸਾਈਕਲ, ਰਿਕਸ਼ਾ, ਆਟੋ, ਟੈਕਸੀ, ਕੈਬ, ਇੰਜਣ, ਬੱਸ ਸਟੈਂਡ, ਬੱਸ ਸਟਾਪ, ਸਪੀਡ, ਸਪੀਡ ਬਰੇਕਰ, ਕਲੱਚ , ਬਰੇਕ, ਵਾਈਪਰਜ਼, ਪੈਟਰੋਲ, ਡੀਜ਼ਲ ਆਦਿ ਸ਼ਾਮਲ ਕੀਤੇ ਜਾ ਸਕਦੇ ਹਨ। ਪੜ੍ਹਾਈ-ਲਿਖਾਈ ਦੇ ਖੇਤਰ ਨਾਲ ਸਬੰਧਿਤ ਸ਼ਬਦ ਯੂਨੀਵਰਸਿਟੀ, ਕਾਲਜ, ਸਕੂਲ, ਇੰਸਟੀਚਿਊਟ, ਲਾਇਬ੍ਰੇਰੀ, ਲਬਾਰਟਰੀ, ਪ੍ਰੋਫੈਸਰ, ਲੈਕਚਰਰ, ਕਲਰਕ, ਸਰ, ਮੈਡਮ, ਟੀਚਰ, ਥਿਊਰੀ, ਪ੍ਰੈਕਟੀਕਲ, ਬਲੈਕ ਬੋਰਡ, ਬੈਂਚ, ਡੈੱਸਕ, ਟੈੱਸਟ, ਪਾਸ, ਫੇਲ੍ਹ, ਪੈੱਨ, ਪੈੱਨਸਿਲ ਆਦਿ ਸਾਰੇ ਹੀ ਅੰਗਰੇਜ਼ੀ ਸ਼ਬਦ ਹਨ।

ਘਰੇਲੂ ਵਸਤਾਂ ਜਿਵੇਂ ਡਬਲ ਬੈੱਡ, ਸੋਫਾ ਸੈੱਟ, ਡਾਈਨਿੰਗ ਟੇਬਲ, ਡੌਂਗਾ, ਜੱਗ, ਗਲਾਸ, ਕੱਪ, ਪਲੇਟ, ਕੁੱਕਰ, ਮਾਈਕਰੋਵੇਵ, ਗੈਸ, ਸਿਲੰਡਰ, ਫਰਿਜ, ਟੈਲੀਵਿਜ਼ਨ ਆਦਿ ਵੀ ਅੰਗਰੇਜ਼ੀ ਸ਼ਬਦ ਹਨ। ਡਰਾਇੰਗ ਰੂਮ, ਡਾਈਨਿੰਗ ਰੂਮ, ਬਾਥ/ਵਾਸ਼ ਰੂਮ, ਫਲੱਸ਼, ਕਿਚਨ, ਡਬਲ ਸਟੋਰੀ, ਵਿੰਡੋ, ਗਰਿੱਲ, ਰੇਲਿੰਗ, ਕੱਪ ਬੋਰਡ ਆਦਿ ਸ਼ਬਦ ਵੀ ਮੂਲ ਰੂਪ ਵਿਚ ਅੰਗਰੇਜ਼ੀ ਭਾਸ਼ਾ ਵਿਚੋਂ ਹੀ ਆਏ ਹਨ। ਆਮ ਆਦਮੀ ਦੀ ਸਵਾਰੀ ਸਾਈਕਲ ਦੇ ਲਗਭਗ ਸਾਰੇ ਹੀ ਪੁਰਜ਼ਿਆਂ ਦੇ ਨਾਮ ਜਿਵੇਂ ਹੈਂਡਲ, ਫਰੇਮ, ਹੱਬ, ਚੇਨ, ਕੈਰੀਅਰ, ਸਟੈਂਡ, ਮੱਡਗਾਰਡ, ਬਰੇਕ, ਟਾਇਰ, ਟਿਊਬ ਆਦਿ ਜਿਉਂ ਦੇ ਤਿਉਂ ਅਪਣਾਏ ਗਏ ਸ਼ਬਦ ਹਨ। ਵਿਗਿਆਨ ਅਤੇ ਤਕਨਾਲੋਜੀ ਖੇਤਰਾਂ ਨਾਲ ਸਬੰਧਤਿ ਤਾਂ ਲਗਭਗ ਸਾਰੇ ਹੀ ਸ਼ਬਦ- ਮੋਬਾਈਲ ਤੇ ਟੈਲੀਫੋਨ ਤੋਂ ਲੈ ਕੇ ਕੰਪਿਊਟਰ, ਇੰਟਰਨੈੱਟ ਅਤੇ ਸੈਟੇਲਾਈਟ ਤਕ ਜਿਉਂ ਦੇ ਤਿਉਂ ਸਾਡੀ ਭਾਸ਼ਾ ਵਿਚ ਜਜ਼ਬ ਹੋ ਚੁੱਕੇ ਹਨ। ਪਹਿਰਾਵੇ ਵਿਚ ਕਮੀਜ਼-ਪਜਾਮਾ ਅਤੇ ਕੁੜਤੀ-ਸਲਵਾਰ ਵਰਗੇ ਸ਼ਬਦਾਂ ਨੂੰ ਛੱਡ ਕੇ ਸਾਡਾ ਕੁੱਲ ਪਹਿਰਾਵਾ ਹੀ ਅੰਗਰੇਜ਼ੀ ਨਾਵਾਂ ਵਾਲਾ ਹੈ। ਇਸੇ ਤਰ੍ਹਾਂ ਖਾਣ-ਪੀਣ ਦੀਆਂ ਵਸਤਾਂ ਜਿਵੇਂ ਟਾਫੀ, ਚਾਕਲੇਟ, ਕੇਕ, ਬਿਸਕੁਟ, ਆਮਲੇਟ, ਆਈਸਕਰੀਮ, ਟੋਸਟ, ਮੈਗੀ, ਬਰਗਰ, ਸਕਾਚ, ਵਿਸਕੀ, ਬੀਅਰ, ਜੂਸ, ਸ਼ੇਕ ਆਦਿ ਸਭ ਅੰਗਰੇਜ਼ੀ ਸ਼ਬਦ ਹਨ।

ਬਹੁਤ ਸਾਰੇ ਸ਼ਬਦਾਂ ਦਾ ਇੰਨਾ ਵਧੀਆ ਪੰਜਾਬੀਕਰਨ ਹੋ ਚੁੱਕਾ ਹੈ ਕਿ ਉਹ ਸਾਨੂੰ ਬਿਲਕੁਲ ਓਪਰੇ ਨਹੀਂ ਜਾਪਦੇ। ਮਿਸਾਲ ਦੇ ਤੌਰ 'ਤੇ ਅਸੀਂ ਸਟੀਅਰਿੰਗ ਤੋਂ ਸਟੇਰਿੰਗ, ਐਕਸੇਲਰੇਟਰ ਤੋਂ ਐਕਸੀਲੇਟਰ, ਗੀਅਰ ਤੋਂ ਗੇਅਰ, ਡਿੱਕੀ ਤੋਂ ਡਿੱਗੀ, ਸਟੈਪਨੀ ਤੋਂ ਸਟਿਪਣੀ, ਲੈਨਟਰਨ ਤੋਂ ਲਾਲਟੈਣ, ਗਰਡਰ ਤੋਂ ਗਾਡਰ, ਲਿੰਟਲ ਤੋਂ ਲੈਂਟਰ, ਸਵਿੱਚ ਤੋਂ ਸੁੱਚ, ਸਟੇਸ਼ਨ ਤੋਂ ਟੇਸ਼ਨ, ਰਸਕ ਤੋਂ ਰਸ, ਬਨ ਤੋਂ ਬੰਦ, ਲਾਈਨਨ ਤੋਂ ਲੀਲ੍ਹਣ, ਕੌਰਡਰਾਇ ਤੋਂ ਕਾਟਰਾਈ ਆਦਿ ਅਨੇਕ ਸ਼ਬਦਾਂ ਨੂੰ ਪੂਰੀ ਤਰ੍ਹਾਂ ਅਪਣਾ ਚੁੱਕੇ ਹਾਂ। ਇੱਥੇ ਇਹ ਸਪਸ਼ਟ ਕਰਨਾ ਵੀ ਜ਼ਰੂਰੀ ਹੈ ਕਿ ਅੰਗਰੇਜ਼ੀ ਦੇ ਬਹੁਤੇ ਸ਼ਬਦ ਅੰਗਰੇਜ਼ੀ ਵਸਤਾਂ ਦੇ ਪਹੁੰਚਣ ਨਾਲ ਹੀ ਪਹੁੰਚੇ ਹਨ ਜਦੋਂਕਿ ਬਹੁਤ ਸਾਰੇ ਹੋਰ ਸ਼ਬਦ ਸਾਡੇ ਤਕ ਸਾਡੇ ਫ਼ੌਜੀ ਭਰਾਵਾਂ ਰਾਹੀਂ ਪਹੁੰਚੇ ਹਨ। ਅੰਗਰੇਜ਼ ਦੇ ਸਮੇਂ ਵਿਚ ਸਾਡੇ ਲਗਭਗ ਸਾਰੇ ਹੀ ਫ਼ੌਜੀ ਅਨਪੜ੍ਹ ਸਨ ਪਰ ਫਿਰ ਵੀ ਆਪਣੇ ਅਫਸਰਾਂ ਮੂੰਹੋਂ ਵਾਰ-ਵਾਰ ਸੁਣੇ ਕੁਝ ਅੰਗਰੇਜ਼ੀ ਸ਼ਬਦ ਉਨ੍ਹਾਂ ਦੇ ਜ਼ਿਹਨ ਵਿਚ ਪੱਕੀ ਤਰ੍ਹਾਂ ਉੱਤਰ ਜਾਂਦੇ ਸਨ ਅਤੇ ਘਰ ਆ ਕੇ ਉਹ ਵੀ ਉਨ੍ਹਾਂ ਸ਼ਬਦਾਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਦੇ ਸਨ। ਅਨਪੜ੍ਹ ਹੋਣ ਕਾਰਨ ਉਹ ਨਾ ਤਾਂ ਉਨ੍ਹਾਂ ਸ਼ਬਦਾਂ ਦੇ ਸਹੀ ਅਰਥ ਸਮਝਦੇ ਸਨ ਅਤੇ ਨਾ ਹੀ ਉਨ੍ਹਾਂ ਦਾ ਸਹੀ ਉਚਾਰਣ ਕਰ ਸਕਦੇ ਸਨ। ਕਈ ਵਾਰ ਤਾਂ ਉਨ੍ਹਾਂ ਸ਼ਬਦਾਂ ਦੇ ਮੂਲ ਨੂੰ ਲੱਭਣਾ ਵੀ ਅਸੰਭਵ ਜਾਪਦਾ ਸੀ।

ਸਾਡੇ ਪਿਤਾ ਜੀ ਅਤੇ ਉਨ੍ਹਾਂ ਦੀ ਪੀੜ੍ਹੀ ਦੇ ਕੁਝ ਹੋਰ ਲੋਕ ਕਿਸੇ ਗੱਲ/ਕੰਮ 'ਤੇ ਤਸੱਲੀ ਪ੍ਰਗਟਾਉਣ ਲਈ ਕਿਹਾ ਕਰਦੇ ਸਨ, "ਬਈ, ਇਹ ਤਾਂ ਪੂਰਾ ਗੁੱਡਮੈਨ ਦੀ ਲਾਲਟੈਣ ਕੰਮ ਹੋ ਗਿਆ।" ਅਸੀਂ ਸੋਚਦੇ ਕਿ ਇਹ ਗੁੱਡਮੈਨ ਦੀ ਲਾਲਟੈਣ ਕੀ ਬਲਾ ਹੋਈ। ਫਿਰ ਸਾਨੂੰ ਪਤਾ ਲੱਗਾ ਕਿ ਕਿਸੇ ਸਮੇਂ ਗੁੱਡਮੈਨ ਕੰਪਨੀ ਦੀ ਲਾਲਟੈਣ ਸਭ ਤੋਂ ਵਧੀਆ ਲਾਲਟੈਣ ਮੰਨੀ ਜਾਂਦੀ ਸੀ ਅਤੇ ਲੋਕ ਕਿਸੇ ਵੀ ਵਧੀਆ ਚੀਜ਼ ਦੀ ਤੁਲਨਾ ਗੁੱਡਮੈਨ ਦੀ ਲਾਲਟੈਣ ਨਾਲ ਕਰਨ ਲੱਗ ਪਏ ਸਨ। ਇਸੇ ਤਰ੍ਹਾਂ ਗੋਰੀਆਂ (ਅੰਗਰੇਜ਼) ਔਰਤਾਂ ਲਈ ਵਰਤਿਆ ਜਾਂਦਾ ਸ਼ਬਦ 'ਮੇਮ' ਵੀ ਅੰਗਰੇਜ਼ੀ ਸ਼ਬਦ ਮੈਡਮ ਦੇ ਛੋਟੇ ਰੂਪ 'ਮੈਮ' ਦਾ ਹੀ ਵਿਗੜਿਆ ਰੂਪ ਹੈ। ਇਕ ਫ਼ੌਜੀ ਵੀਰ ਆਪਣੇ ਬੱਚਿਆਂ ਨੂੰ ਦੱਸ ਰਿਹਾ ਸੀ, "ਅਸੀਂ ਤਾਂ ਸਾਰਾ ਦਿਨ ਲੈਫਟਰਾਈ-ਲੈਫਟਰਾਈ ਹੀ ਕਰਦੇ ਰਹਿੰਦੇ ਹਾਂ।" ਜਦ ਉਨ੍ਹਾਂ ਦੇ ਕੁਝ ਸਮਝ ਨਾ ਆਇਆ ਤਾਂ ਫ਼ੌਜੀ ਉਨ੍ਹਾਂ ਅੱਗੇ ਪਰੇਡ ਕਰਨ ਲੱਗ ਪਿਆ, ਤਾਂ ਕਿਤੇ ਬੱਚਿਆਂ ਦੇ ਸਮਝ ਪਿਆ ਕਿ ਉਹ ਲੈਫਟ-ਰਾਈਟ ਨੂੰ ਲੈਫਟਰਾਈ ਕਹਿ ਰਿਹਾ।

ਮੇਰਾ ਕਹਿਣ ਦਾ ਭਾਵ ਹੈ ਕਿ ਅਸੀਂ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਜੰਮ-ਜੰਮ ਕਰੀਏ ਪਰ ਇਹ ਵਰਤੋਂ ਠੀਕ ਅਤੇ ਢੁੱਕਵੀਂ ਹੋਣੀ ਚਾਹੀਦੀ ਹੈ, ਕੇਵਲ ਦਿਖਾਵੇ ਲਈ ਨਹੀਂ। ਦੂਜੇ, ਇਸ ਗੱਲ ਦਾ ਧਿਆਨ ਵੀ ਰੱਖਿਆ ਜਾਣਾ ਚਾਹੀਦਾ ਹੈ ਕਿ ਜੇਕਰ ਸਾਡੀ ਆਪਣੀ ਭਾਸ਼ਾ ਵਿਚ ਢੁੱਕਵੇਂ ਸ਼ਬਦ ਉਪਲਬਧ ਹੋਣ ਤਾਂ ਉਨ੍ਹਾਂ ਦੀ ਵਰਤੋਂ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਤੀਜੇ, ਲੇ ਬਾਈ ਵਰਗੀ ਸ਼ਬਦਾਵਲੀ ਤੋਂ ਹਰ ਹੀਲੇ ਬਚਣਾ ਚਾਹੀਦਾ ਹੈ ਅਤੇ ਜੇਕਰ ਮਜਬੂਰੀਵੱਸ ਕਿਤੇ ਅਜਿਹੇ ਸ਼ਬਦ ਵਰਤਣੇ ਹੀ ਪੈ ਜਾਣ ਤਾਂ ਉਨ੍ਹਾਂ ਦੇ ਠੀਕ ਰੂਪ ਅਤੇ ਭਾਵ-ਅਰਥ ਬਾਰੇ ਪੁਸ਼ਟੀ ਕਰ ਲੈਣੀ ਚਾਹੀਦੀ ਹੈ। ਚੌਥੇ, ਵੱਧ ਤੋਂ ਵੱਧ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕਰੀਏ। ਇਸ ਨਾਲ ਜਿੱਥੇ ਸਾਡੇ ਗਿਆਨ ਵਿਚ ਵਾਧਾ ਹੋਵੇਗਾ ਉੱਥੇ ਅਸੀਂ ਵਧੇਰੇ ਕਾਬਿਲ ਅਤੇ ਹੁਨਰਮੰਦ ਵੀ ਹੋ ਸਕਾਂਗੇ। ਕਿਸੇ ਵੀ ਭਾਸ਼ਾ ਦਾ ਕਿਸੇ ਹੋਰ ਭਾਸ਼ਾ ਨਾਲ ਵਿਰੋਧ ਨਹੀਂ ਹੈ।

ਅੰਤ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਬਹੁਤ ਪੁਰਾਤਨ, ਸਮਰੱਥ ਅਤੇ ਅਮੀਰ ਭਾਸ਼ਾ ਹੈ। ਇਸ ਵਿਚ ਹਰ ਸਥਿਤੀ, ਹਰ ਭਾਵ ਅਤੇ ਹਰ ਵਿਚਾਰ ਨੂੰ ਪ੍ਰਗਟ ਕਰਨ ਦੀ ਸ਼ਕਤੀ, ਸਮਰੱਥਾ ਅਤੇ ਯੋਗਤਾ ਹੈ। ਇਸ ਪਾਸ ਆਪਣਾ ਵਿਸ਼ਾਲ ਸ਼ਬਦ, ਮੁਹਾਵਰਾ ਅਤੇ ਅਖਾਣ ਭੰਡਾਰ ਹੈ ਅਤੇ ਇਸ ਵਿਚ ਸਮੇਂ ਅਨੁਸਾਰ ਢਲਣ ਅਤੇ ਬਦਲਣ ਦੀ ਲੋੜੀਂਦੀ ਯੋਗਤਾ ਹੈ। ਇਸ ਨੂੰ ਸਿੱਖਣਾ ਅਤੇ ਸਿਖਾਉਣਾ ਵੀ ਬਹੁਤ ਆਸਾਨ ਹੈ। ਇਸ ਦੀ ਰੀਸ ਕਰਨੀ ਸੱਚਮੁੱਚ ਹੀ ਕੋਈ ਸੁਖਾਲਾ ਕੰਮ ਨਹੀਂ। ਸੋ, ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਇਸ ਨੂੰ ਪੂਰੇ ਮਾਣ ਨਾਲ ਬੋਲੀਏ, ਪੜ੍ਹੀਏ, ਲਿਖੀਏ ਅਤੇ ਸਿੱਖੀਏ।

# ਭਾਰਤੀ ਅਰਥਚਾਰੇ ਵਿਚ ਪੂੰਜੀਵਾਦੀ ਪ੍ਰਬੰਧ ਤਹਿਤ ਛੋਟੀ ਕਿਸਾਨੀ ਤੇ ਖੇਤ ਮਜ਼ਦੂਰਾਂ ਦੀ ਪ੍ਰਸੰਗਿਕਤਾ

ਪਿਛਲੇ ਤਿੰਨ ਦਹਾਕਿਆਂ ਤੋਂ ਨਵ-ਉਦਾਰਵਾਦੀ ਤੇ ਸੰਸਾਰੀਕਰਨ ਦੀਆਂ ਨੀਤੀਆਂ ਤਹਿਤ ਪੂੰਜੀਵਾਦੀ ਪ੍ਰਬੰਧ ਸਮੁੱਚੇ ਭਾਰਤੀ ਅਰਥਚਾਰੇ ਉਪਰ ਆਪਣੀ ਜਕੜ ਮਜ਼ਬੂਤ ਕਰਦਾ ਜਾ ਰਿਹਾ ਹੈ। ਭਾਰਤ ਪਿਛਲੇ ਤਿੰਨ ਦਹਾਕਿਆਂ ਵਿਚ ਸਭ ਤੋਂ ਤੇਜ਼ੀ ਨਾਲ ਉਭਰਨ ਵਾਲੇ ਅਰਥਚਾਰਿਆਂ ਵਿਚੋਂ ਇਕ ਹੈ। ਹਾਲਾਂਕਿ, ਭਾਰਤੀ ਅਰਥਚਾਰੇ ਦੇ ਵਿਕਾਸ ਦਾ ਰੁਖ ਰਵਾਇਤੀ ਪੂੰਜੀਵਾਦੀ ਵਿਕਾਸ ਨਾਲ ਵੀ ਮੇਲ ਨਹੀਂ ਖਾਂਦਾ। ਜਿਸ ਅਨੁਸਾਰ ਪਹਿਲਾਂ ਸਨਅਤੀਕਰਨ ਹੁੰਦਾ ਹੈ ਤੇ ਫੇਰ ਸੇਵਾਵਾਂ ਵਿਕਸਿਤ ਹੁੰਦੀਆਂ ਹਨ। ਇਸਦੇ ਉਲਟ ਪਿਛਲੇ ਤਿੰਨ ਦਹਾਕਿਆਂ ਦੌਰਾਨ, ਭਾਰਤ ਵਿਚ ਅਰਥਿਕ ਵਿਕਾਸ ਦਾ ਵਾਹਕ ਮੁੱਖ ਰੂਪ ਵਿਚ ਸੇਵਾਵਾਂ ਦਾ ਖੇਤਰ ਰਿਹਾ ਹੈ। ਨਤੀਜੇ ਵਜੋਂ ਬਹੁਤ ਸਾਰੇ ਵਿਗਾੜ ਸਾਹਮਣੇ ਆਏ ਹਨ। ਉਦਯੋਗਿਕ ਵਿਕਾਸ ਉਡਾਰੀ ਨਹੀਂ ਭਰ ਸਕਿਆ। ਪੇਂਡੂ ਵਸੋਂ ਦਾ ਇਕ ਵੱਡਾ ਵਰਗ ਇਸ ਵਿਗਾੜ ਦੀ ਕੀਮਤ ਚੁਕਾ ਰਿਹਾ ਹੈ। ਸਰਕਾਰਾਂ ਲਈ ਖੇਤੀਬਾੜੀ ਦੂਜੇ ਖੇਤਰਾਂ ਦੇ



ਡਾ. ਜਸਕਰਨ ਸਿੰਘ ਗਿੱਲ
ਫੋਨ: 98154-80892
E-mail: jksgill.economics@yahoo.in

ਮੁਕਾਬਲਤਨ ਅਣਗੌਲੀ ਰਹੀ ਹੈ। ਉਤਪਾਦਨ ਦੇ ਬੁਨਿਆਦੀ ਸਾਧਨਾਂ ਜ਼ਮੀਨ ਅਤੇ ਕਿਰਤ ਨੂੰ ਖੇਤੀ ਤੋਂ ਬਾਹਰ ਦੇ ਖੇਤਰਾਂ ਵਿਚ ਤਬਦੀਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਜ਼ਾਦੀ ਤੋਂ ਬਾਅਦ, ਸੱਠਵਿਆਂ ਦੇ ਅੱਧ ਵਿਚ ਦੇਸ਼ ਵਿਚ ਅਨਾਜ ਦੀ ਥੁੜ ਨਾਲ ਨਜਿੱਠਣ ਲਈ ਹਰੀ ਕ੍ਰਾਂਤੀ ਦੌਰਾਨ ਸਰਕਾਰ ਦੁਆਰਾ ਦਿੱਤੀਆਂ ਗਈਆਂ ਸਬਸਿਡੀਆਂ ਨੇ ਕਈ ਸਾਲਾਂ ਤੱਕ ਛੋਟੀ ਕਿਸਾਨੀ ਨੂੰ ਖੇਤੀ ਨਾਲ ਜੋੜੀ ਰੱਖਿਆ। ਭਾਵੇਂ ਮੋਟੇ ਤੌਰ 'ਤੇ ਇਸਦਾ ਲਾਭ ਵੱਡੀ ਕਿਸਾਨੀ ਦੀ ਝੋਲੀ ਪਿਆ। ਪਰ ਨੱਬੇਵਿਆਂ ਵਿਚ ਆਰਥਿਕ ਸੁਧਾਰਾਂ ਦੀ ਸ਼ੁਰੂਆਤ ਤੋਂ ਬਾਅਦ, ਖੇਤੀ ਲਾਗਤਾਂ ਅਤੇ ਉਪਜ ਦੋਵਾਂ 'ਤੇ ਵੱਡੇ ਪੱਧਰ 'ਤੇ ਬਜ਼ਾਰੀਕਰਨ ਨੇ ਘੱਟ ਜ਼ਮੀਨਾਂ ਵਾਲੇ ਕਿਸਾਨਾਂ ਦੀ ਹੋਂਦ ਨੂੰ ਹੀ ਖਤਰੇ ਵਿਚ ਪਾ ਦਿੱਤਾ ਹੈ।

ਦੇਸ਼ ਦੀ ਆਜ਼ਾਦੀ ਦੇ 76 ਸਾਲਾਂ ਬਾਅਦ ਵੀ ਕੇਂਦਰ ਅਤੇ ਰਾਜ ਸਰਕਾਰਾਂ ਦਿਹਾਤੀ ਜਨਸੰਖਿਆ ਦੇ ਇਕ ਵੱਡੇ ਹਿੱਸੇ ਨੂੰ ਖੇਤੀ ਸੰਕਟ ਤੋਂ ਨਿਜਾਤ ਦਿਵਾਉਣ ਵਿਚ ਅਸਮਰੱਥ ਰਹੀਆਂ ਹਨ। ਬਹੁਤ ਸਾਰੇ ਅਰਥ-ਸ਼ਾਸਤਰੀ ਇਸ ਸੰਕਟ ਦੇ ਹੱਲ ਲਈ ਖੇਤੀ ਨੂੰ ਲਾਭਦਾਇਕ ਕਿੱਤਾ ਬਣਾਉਣ ਦੀਆਂ ਵਿਉਂਤਾਂ ਸਰਕਾਰ ਅੱਗੇ ਰੱਖਦੇ ਰਹਿੰਦੇ ਹਨ। ਇਸ ਦੇ ਉਲਟ ਪੂੰਜੀਵਾਦੀ ਮਾਡਲ ਵੀ ਹੈ ਜਿਸ ਵਿਚ ਖੇਤੀ ਦੇ ਸੰਕਟਮੋਚਨ ਵਜੋਂ ਸਨਅਤੀਕਰਨ ਨੂੰ ਦੇਖਿਆ ਜਾਂਦਾ ਹੈ। ਜਿੱਥੇ ਮੰਨਿਆ ਜਾਂਦਾ ਹੈ ਕਿ ਸਨਅਤੀ ਵਿਕਾਸ ਦਿਹਾਤੀ ਖੇਤਰ ਨੂੰ ਸ਼ਹਿਰੀ ਸੰਪਰਕ ਵਿੱਚ ਲਿਆ ਕੇ ਤਰੱਕੀ ਵੱਲ ਲੈ ਕੇ ਜਾਂਦਾ ਹੈ। ਹਾਲਾਂਕਿ ਇਸ ਨਾਲ ਅਰਥਚਾਰੇ ਵਿਚ ਖੇਤੀ ਦੀ ਹਿੱਸੇਦਾਰੀ ਰਾਸ਼ਟਰੀ ਆਮਦਨ ਅਤੇ ਰੁਜ਼ਗਾਰ ਵਿਚ ਘਟਦੀ ਜਾਂਦੀ ਹੈ। ਇੱਥੇ ਗੌਰਤਲਬ ਹੈ ਕਿ 1991 ਤੋਂ ਬਾਅਦ ਇਸ ਰਸਤੇ 'ਤੇ ਚੱਲ ਰਹੀਆਂ ਸਾਰੀਆਂ ਸਰਕਾਰਾਂ ਤੇ ਨੀਤੀ ਘਾੜੇ ਜ਼ਰਾਇਤੀ ਖੇਤਰ ਦੀ ਕਾਇਆ-ਕਲਪ ਕਰਨ ਲਈ ਇਸਦਾ ਕੋਈ ਖਾਲਸ (ੌਰਗਅਨਚਿ) ਘਰੇਲੂ ਮਾਡਲ ਨਹੀਂ ਲੱਭ ਸਕੇ। ਸਿਵਾਏ ਇਸਦੇ ਕਿ ਖੇਤੀ ਨੂੰ ਪੂੰਜੀਵਾਦੀ ਲੀਹਾਂ 'ਤੇ ਪਾ ਕੇ ਮੰਡੀ ਆਧਾਰਿਤ ਕਾਰਪੋਰੇਟ ਖੇਤਰ ਦੇ ਸਪੁਰਦ ਕੀਤਾ ਜਾਵੇ। ਇਸੇ ਬਜ਼ਾਰੀਕਰਨ ਨੂੰ ਪ੍ਰਫੁਲਿਤ ਕਰਨ ਲਈ ਕਾਰਪੋਰੇਟ ਨਿਵੇਸ਼ਕਾਂ ਦਾ ਪ੍ਰਵੇਸ਼ ਦੁਆਰ ਮੰਨੇ ਜਾਣ ਵਾਲੇ ਕੇਂਦਰ ਸਰਕਾਰ ਦੁਆਰਾ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਇਤਿਹਾਸਕ ਕਿਸਾਨ ਅੰਦੋਲਨ ਦਿੱਲੀ ਦੀਆਂ ਬਰੂਹਾਂ 'ਤੇ ਇਹ ਕਾਨੂੰਨ ਵਾਪਸ ਹੋ ਜਾਣ ਤੱਕ ਇਕ ਸਾਲ ਤੋਂ ਵੱਧ ਸਮਾਂ ਚੱਲਿਆ। ਹਾਲਾਂਕਿ ਇਹ ਮੁੱਖ ਰੂਪ ਵਿਚ ਹਰੀ ਕ੍ਰਾਂਤੀ ਆਧਾਰਿਤ ਸੂਬਿਆਂ ਨਾਲ ਸਬੰਧਿਤ ਕਿਸਾਨਾਂ ਦੁਆਰਾ ਸੰਚਾਲਿਤ ਕਿਸਾਨ ਅੰਦੋਲਨ ਸੀ। ਇਸ ਵਿਚ ਪੰਜਾਬ ਦੇ ਕਿਸਾਨਾਂ ਤੇ ਕਿਸਾਨ ਜਥੇਬੰਦੀਆਂ ਨੇ ਮੁੱਖ ਭੂਮਿਕਾ ਨਿਭਾਈ। ਤਿੰਨੋਂ ਕਾਨੂੰਨ ਸੰਸਦ ਵਿਚ ਸਰਕਾਰ ਵੱਲੋਂ ਵਾਪਿਸ ਲੈਣ 'ਤੇ ਇਹ ਅੰਦੋਲਨ ਸਮਾਪਤ ਹੋਇਆ। ਇਸ ਅੰਦੋਲਨ ਨੂੰ ਕੇਂਦਰ ਸਰਕਾਰ ਅਤੇ ਕਿਸਾਨਾਂ ਦੇ ਸਖ਼ਤ ਸਟੈਂਡ ਲਈ ਯਾਦ ਰੱਖਿਆ ਜਾਵੇਗਾ। ਹਾਲਾਂਕਿ ਇਸ ਅੰਦੋਲਨ ਦੇ ਹੱਕ ਅਤੇ ਵਿਰੋਧ ਵਿਚ ਭੁਗਤਣ ਵਾਲੇ ਅਰਥ ਸ਼ਾਸਤਰੀਆਂ ਦੁਆਰਾ ਅਜੇ ਤੱਕ ਇਸ ਸਵਾਲ ਦਾ ਪੁਖਤਾ ਜਵਾਬ ਦਿੱਤਾ ਜਾਣਾ ਬਾਕੀ ਹੈ ਕਿ ਇਸ ਕਿਸਾਨੀ ਅਤੇ ਸਰਕਾਰ ਵਿਚਕਾਰ ਕਸ਼ਮਕਸ਼ ਦਰਮਿਆਨ ਛੋਟੀ ਕਿਸਾਨੀ ਤੇ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਦੀ ਨੁਹਾਰ ਕਿਵੇਂ ਬਦਲੇਗੀ?

ਦੇਸ਼ ਦੇ ਛੋਟੇ ਅਤੇ ਸੀਮਾਂਤ ਕਿਸਾਨ ਕੁੱਲ ਕਿਸਾਨੀ ਦਾ 86 ਫੀਸਦੀ ਹਨ। ਜਦੋਂ ਕਿ ਉਹ ਕੁੱਲ ਵਾਹੀਯੋਗ ਜ਼ਮੀਨ ਦੇ ਸਿਰਫ 47 ਪ੍ਰਤੀਸ਼ਤ ਹਿੱਸੇ 'ਤੇ ਖੇਤੀ ਕਰਦੇ ਹਨ। ਦੇਸ਼ ਦੇ ਕੁੱਲ ਕਾਮਿਆਂ ਵਿਚੋਂ, ਮੌਜੂਦਾ ਸਮੇਂ ਲਗਪਗ 45 ਫੀਸਦੀ ਕਾਮੇ ਅਜੇ ਵੀ ਖੇਤੀਬਾੜੀ ਤੋਂ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ। ਸਮਕਾਲੀ ਪੂੰਜੀਵਾਦੀ ਦੇ ਨਵ-ਉਦਾਰਵਾਦੀ ਵਿਕਾਸ ਮਾਡਲ ਵਿਚ, ਵਪਾਰ ਦੀਆਂ ਸ਼ਰਤਾਂ (ਉਦਯੋਗਿਕ ਵਸਤਾਂ ਦੀਆਂ ਕੀਮਤਾਂ ਅਤੇ ਖੇਤੀਬਾੜੀ ਉਪਜ ਦੀਆਂ ਕੀਮਤਾਂ ਦਾ ਅਨੁਪਾਤ) ਜ਼ਿਆਦਾਤਰ ਖੇਤੀਬਾੜੀ ਉਪਜ ਦੇ ਵਿਰੁੱਧ ਹੀ ਰਹਿੰਦੀਆਂ ਹਨ। ਸਿੱਟੇ ਵਜੋਂ, ਘੱਟੋ-ਘੱਟ ਸਮਰਥਨ ਮੁੱਲ (ਿਫ) ਦੇ ਬਾਵਜੂਦ ਵੀ, ਬਜ਼ਾਰ ਵਿਚ ਵੇਚਣ ਲਈ ਸੀਮਤ ਉਪਜ ਹੋਣ ਕਰਕੇ ਨਿਗੂਣੀ ਕਮਾਈ ਨਾਲ ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਇਕੱਲੀ ਖੇਤੀ 'ਤੇ ਨਿਰਭਰ ਹੋ ਕੇ ਚੰਗਾ ਜੀਵਨ ਬਤੀਤ ਨਹੀਂ ਕਰ ਸਕਦੇ। ਦਿਨੋਂ-ਦਿਨ ਵਧ ਰਹੀ ਮਹਿੰਗਾਈ ਦੌਰਾਨ ਕੇਂਦਰ ਸਰਕਾਰ ਵਲੋਂ ਛੋਟੇ ਕਿਸਾਨਾਂ ਨੂੰ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਤਹਿਤ ਦਿੱਤੀ ਜਾ ਰਹੀ ਪ੍ਰਤੀ ਪਰਿਵਾਰ ਸਾਲਾਨਾ 6000 ਰੁਪਏ ਦੀ ਇਮਦਾਦ ਵੀ ਨਾਕਾਫੀ ਹੈ। ਇਸ ਸਕੀਮ ਵਿਚ ਵੀ ਸਭੋਂ ਵੱਡੀ ਗਿਣਤੀ ਵਿਚ ਬੇਜ਼ਮੀਨੇ ਕਿਸਾਨ ਤੇ ਖੇਤ ਮਜ਼ਦੂਰ ਮਨਫ਼ੀ ਹਨ। ਕੌਮੀ ਸਰਵੇਖਣ ਸਰਵੇ (ੰ) ਰਿਪੋਰਟ ਦੇ ਹਾਲ ਹੀ ਦੇ 77ਵੇਂ ਦੌਰ ਤੋਂ ਪਤਾ ਲੱਗਦਾ ਹੈ ਕਿ ਕਿਸਾਨਾਂ ਦੀ ਆਮਦਨ ਦਾ ਵੱਡਾ ਹਿੱਸਾ ਗੈਰ-ਖੇਤੀ ਕਿੱਤਿਆਂ ਤੋਂ ਆਉਂਦਾ ਹੈ। ਦੋ ਹੈਕਟੇਅਰ ਤੋਂ ਘੱਟ ਜ਼ਮੀਨ ਵਾਲੇ ਸੀਮਾਂਤ ਅਤੇ ਛੋਟੇ ਕਿਸਾਨਾਂ ਜਾਂ ਬੇਜ਼ਮੀਨੇ ਖੇਤ ਮਜ਼ਦੂਰਾਂ ਦੇ ਮਾਮਲੇ ਵਿਚ, ਉਸੇ ਸਰਵੇਖਣ ਵਿਚ ਪਾਇਆ ਗਿਆ ਕਿ ਦੋ ਤਿਹਾਈ ਤੋਂ ਵੱਧ ਆਮਦਨ ਗੈਰ-ਕਾਸ਼ਤਕਾਰੀ ਸਰੋਤਾਂ ਤੋਂ ਆਉਂਦੀ ਹੈ।

ਪੰਜਾਬ ਵਰਗੇ ਸੂਬੇ ਵਿਚ ਵੀ ਛੋਟੀ ਕਿਸਾਨੀ ਦੀ ਦਸ਼ਾ ਵੀ ਵਧੀਆ ਵਿਕਸਿਤ ਖੇਤੀ ਬੁਨਿਆਦੀ ਢਾਂਚੇ ਦੇ ਬਾਵਜੂਦ, ਬਾਕੀ ਭਾਰਤ ਨਾਲੋਂ ਵੱਖਰੀ ਨਹੀਂ ਹੈ। ਮੌਜੂਦਾ ਆਰਥਿਕ ਢਾਂਚਾ ਉਨ੍ਹਾਂ ਨੂੰ ਖੇਤੀਬਾੜੀ ਦੇ ਅੰਦਰ ਜਾਂ ਇਸਤੋਂ ਬਾਹਰ ਟਿਕਾਊ ਆਮਦਨ ਪ੍ਰਦਾਨ ਕਰਨ ਵਿਚ ਅਸਮਰੱਥ ਜਾਪ ਰਿਹਾ ਹੈ। ਦੇਸ਼ ਦਾ ਅੰਨ ਭੰਡਾਰ ਕਹੇ ਜਾਣ ਵਾਲੇ ਸੂਬੇ ਦਾ ਖੇਤੀ ਖੇਤਰ ਇਸ ਸਮੇਂ ਡੂੰਘੇ ਸੰਕਟ ਵਿਚ ਹੈ। ਦੇਸ਼ ਵਿਚ ਕਿਸਾਨੀ ਉੱਤੇ ਕਰਜ਼ੇ ਉੱਤੇ ਰਾਸ਼ਟਰੀ ਖੇਤੀਬਾੜੀ ਅਤੇ ਪੇਂਡੂ ਵਿਕਾਸ ਬੈਂਕ (ਓਬੳਰਧ) ਦੀ ਹੁਣੇ-ਹੁਣੇ ਆਈ ਰਿਪੋਰਟ ਅਨੁਸਾਰ ਪੰਜਾਬ ਦੇ ਪ੍ਰਤੀ ਕਿਸਾਨ ਪਰਿਵਾਰ ਉਪਰ ਔਸਤ ਕਰਜ਼ਾ (2.95 ਲੱਖ ਰੁਪਏ) ਦੇਸ਼ ਦੇ ਸਾਰੇ ਸੂਬਿਆਂ ਨਾਲੋਂ ਸਭ ਤੋਂ ਵੱਧ ਹੈ। ਕਿਸਾਨਾਂ ਉੱਤੇ ਕਰਜ਼ੇ ਦੀ ਮਾਰ, ਖ਼ੁਦਕੁਸ਼ੀਆਂ, ਖੇਤੀ ਖਰਚਿਆਂ ਨਿਸਬਤ ਆਮਦਨ ਵਿਚ ਖੜੋਤ, ਨਸ਼ੇ ਦੀ ਸਮੱਸਿਆ, ਸਮਾਜਿਕ-ਸਭਿਆਚਾਰਕ ਵਿਗਾੜ, ਨੌਜਵਾਨਾਂ ਦਾ ਵੱਡੀ ਗਿਣਤੀ ਵਿਚ ਪਰਵਾਸ, ਵਾਤਾਵਰਨ ਵਿਚ ਗਿਰਾਵਟ, ਡਿੱਗ ਰਿਹਾ ਧਰਤੀ ਹੇਠਲੇ ਪਾਣੀ ਦਾ ਪੱਧਰ, ਉਦਯੋਗਿਕ ਪਛੜਾਪਨ ਅਤੇ ਜਨਤਕ ਸਿਹਤ ਤੇ ਸਿੱਖਿਆ ਢਾਂਚੇ ਦੀ ਪੇਤਲੀ ਹਾਲਤ ਸੂਬੇ ਦੇ ਆਰਥਿਕ ਸੰਕਟ ਦੇ ਪ੍ਰਤੀਬਿੰਬ ਹਨ। ਇਥੇ ਗ਼ੌਰਤਲਬ ਹੈ ਕਿ ਦੇਸ਼ ਦੀ ਸਰਵਉੱਚ ਅਦਾਲਤ ਦੀ ਲਗਾਤਾਰ ਫਿਟਕਾਰ ਦੇ ਬਾਵਜੂਦ ਕੇਂਦਰ ਤੇ ਰਾਜ ਸਰਕਾਰਾਂ ਪਰਾਲੀ ਸਾੜਨ ਕਾਰਨ ਧੂੰਏਂ ਨਾਲ ਹੁੰਦੇ ਪ੍ਰਦੂਸ਼ਣ ਨੂੰ ਰੋਕਣ ਵਿਚ ਨਾਕਾਮ ਰਹੀਆਂ ਹਨ।

ਵਿਕਾਸਸ਼ੀਲ ਦੇਸ਼ਾਂ ਦੇ ਪੂੰਜੀਵਾਦੀ ਪੈਦਾਵਾਰੀ ਢਾਂਚੇ ਵਿਚ ਜ਼ਮੀਨ ਦੀ ਮਾਲਕੀਅਤ ਅਜੇ ਵੀ ਸਮਾਜਿਕ ਰੁਤਬਾ ਰੱਖਦੀ ਹੈ। ਬਹੁਤ ਸਾਰੇ ਛੋਟੇ ਕਿਸਾਨ ਵੀ ਗੈਰ-ਖੇਤੀ ਕਿੱਤਿਆਂ ਨੂੰ ਅਪਣਾਉਣ ਲਈ ਸੌਖਿਆਂ ਤਿਆਰ ਨਹੀਂ ਹੁੰਦੇ। ਦੂਜੇ ਪਾਸੇ, ਤੁਲਨਾਤਮਕ ਤੌਰ 'ਤੇ, ਵੱਡੇ ਕਿਸਾਨਾਂ ਲਈ ਗੈਰ-ਖੇਤੀ ਕਿੱਤਿਆਂ ਨੂੰ ਅਪਨਾਉਣਾ ਆਸਾਨ ਹੈ। ਬਹੁਤ ਸਾਰੇ ਖੇਤੀ ਤੋਂ ਬਾਹਰ ਦੇ ਉੱਦਮਾਂ ਵਿਚ ਲੱਗੇ ਵੀ ਹੋਏ ਹਨ। ਪਰ ਸਮੱਸਿਆ ਇਹ ਹੈ ਕਿ ਉਹ ਖੇਤੀਬਾੜੀ ਵਿਚ ਵੀ ਆਪਣੇ ਆਪ ਨੂੰ ਬਾਹਰਮੁਖੀ (ਗੈਰ-ਹਾਜ਼ਰ) ਕਿਸਾਨਾਂ ਵਜੋਂ ਬਰਕਰਾਰ ਰੱਖਦੇ ਹਨ। ਗੈਰ ਖੇਤੀ ਕਿੱਤਿਆਂ ਨਾਲ ਜੁੜੇ ਹੋਏ ਵੱਡੇ ਕਿਸਾਨ ਵੀ ਖੇਤੀ ਸਬਸਿਡੀਆਂ ਨੂੰ ਜਜ਼ਬ ਕਰਦੇ ਰਹਿੰਦੇ ਹਨ ਜੋ ਸਿਰਫ ਛੋਟੇ ਕਿਸਾਨਾਂ ਲਈ ਹੋਣੀਆਂ ਚਾਹੀਦੀਆਂ ਹਨ। ਖੇਤੀ ਵਿਚ ਵੱਡੇ ਕਿਸਾਨਾਂ ਦਾ ਇਹ ਵਾਧੂ ਮੁਨਾਫ਼ਾਖੋਰੀ ਵਾਲਾ ਰਵੱਈਆ ਗਰੀਬ ਕਿਸਾਨਾਂ ਤੇ ਖੇਤ ਮਜ਼ਦੂਰਾਂ ਲਈ ਹੋਰ ਮੁਸ਼ਕਲਾਂ ਪੈਦਾ ਕਰਦਾ ਹੈ। ਪੇਂਡੂ ਖੇਤਰ ਵਿਚ ਅਸਮਾਨਤਾਵਾਂ ਵਧਦੀਆਂ ਹਨ। ਕੁਝ ਸਾਲ ਪਹਿਲਾਂ, ਪੇਂਡੂ ਅਤੇ ਉਦਯੋਗਿਕ ਵਿਕਾਸ ਖੋਜ ਕੇਂਦਰ (ਛ੍ਰਿਦ) ਚੰਡੀਗੜ੍ਹ ਦੁਆਰਾ ਕਰਵਾਏ ਗਏ ਇਕ ਅਧਿਐਨ ਨੇ ਦਿਖਾਇਆ ਕਿ ਪੰਜਾਬ ਵਿਚ ਖੇਤੀ ਸੈਕਟਰ ਨੂੰ ਦਿੱਤੀ ਜਾਂਦੀ ਬਿਜਲੀ ਸਬਸਿਡੀ ਦੇ ਕੁੱਲ ਲਾਭਪਾਤਰੀਆਂ ਵਿਚੋਂ ਪੰਜਵੇਂ ਹਿੱਸੇ ਤੋਂ ਵੀ ਘੱਟ (18.48 %) ਛੋਟੇ ਕਿਸਾਨ ਸ਼ਾਮਲ ਸਨ। ਮੌਜੂਦਾ ਸਰਕਾਰ ਦੁਆਰਾ ਬਣਾਈ ਜਾ ਰਹੀ ਨਵੀਂ ਖੇਤੀਬਾੜੀ ਨੀਤੀ ਵਿਚ ਇਨ੍ਹਾਂ ਅਸਮਾਨਤਾਵਾਂ ਨਾਲ ਨਜਿੱਠਣਾ ਚੁਣੌਤੀ ਹੋਵੇਗਾ।

ਇਸ ਤਰ੍ਹਾਂ ਖੇਤੀ ਸੰਕਟ ਦੀਆਂ ਸਮੱਸਿਆਵਾਂ ਦੇ ਦੋ ਪਰੰਪਰਾਗਤ ਢੰਗਾਂ (1) ਸਬਸਿਡੀਆਂ ਪ੍ਰਦਾਨ ਕਰ ਕੇ ਖੇਤੀਬਾੜੀ ਨੂੰ ਵਧੇਰੇ ਲਾਭਦਾਇਕ ਬਣਾਉਣਾ ਜਾਂ (2) ਗਰੀਬ ਕਿਸਾਨਾਂ ਨੂੰ ਗੈਰ-ਖੇਤੀ ਖੇਤਰਾਂ ਵਿਚ ਵੱਡੇ ਪੱਧਰ 'ਤੇ ਤਬਦੀਲ ਕਰਨਾ, ਵਿਚੋਂ ਥੋੜੇ ਸਮੇਂ ਲਈ ਕਿਸੇ ਇਕ ਨੂੰ ਹੱਲ ਵਜੋਂ ਦੇਖਣਾ ਆਪਣੇ ਆਪ ਵਿਚ ਹੀ ਗੈਰ-ਵਿਹਾਰਕ ਹੋਵੇਗਾ। ਮੌਜੂਦਾ ਸਥਿਤੀ ਵਿਚ, ਸੰਪੂਰਨ ਪੇਂਡੂ ਆਰਥਿਕਤਾ ਦੀ ਕਾਇਆ ਕਲਪ ਕਰਨ ਲਈ ਇਕ ਖਾਲਸ ਅਤੇ ਸਥਾਨਕ ਪ੍ਰਸਥਿਤੀਆਂ ਮੁਤਾਬਕ ਹੱਲ ਲੱਭਣ ਦੀ ਲੋੜ ਹੈ ਜੋ ਕਿ ਛੋਟੀ ਕਿਸਾਨੀ ਤੇ ਖੇਤ ਮਜ਼ਦੂਰਾਂ ਨੂੰ ਪਹਿਲ ਦੇ ਆਧਾਰ 'ਤੇ ਇਸ ਸੰਕਟ ਵਿਚੋਂ ਪੱਕੇ ਤੌਰ 'ਤੇ ਕੱਢਣ ਲਈ ਕਾਰਗਰ ਸਿੱਧ ਹੋਵੇ। ਉਪਰ ਦਰਸਾਏ ਗਏ ਦੋਵਾਂ ਹੱਲਾਂ ਦਾ ਸਮਤੋਲ ਛੋਟੇ ਕਿਸਾਨਾਂ ਨੂੰ ਖੇਤੀ ਵਿਚ ਉਦੋਂ ਤੱਕ ਬਣੇ ਰਹਿਣ ਵਿਚ ਸਹਾਇਕ ਸਿੱਧ ਹੋ ਸਕਦਾ ਹੈ ਜਦੋਂ ਤੱਕ ਗੈਰ-ਖੇਤੀ ਕਿੱਤੇ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋ ਜਾਂਦੇ। ਇਸ ਲਈ ਸਥਾਈ ਹੱਲ ਲਈ, ਖੇਤੀ ਵਿਚ ਸਰਕਾਰੀ ਇਮਦਾਦ ਦੇ ਨਾਲ-ਨਾਲ ਗੈਰ-ਖੇਤੀ ਕਿੱਤਿਆਂ ਤੇ ਨੌਕਰੀਆਂ ਤੋਂ ਆਮਦਨ ਦੇ ਮੌਕਿਆਂ ਦਾ ਵਿਕਾਸ ਕਰਨਾ ਹੋਵੇਗਾ। ਜੋ ਅੱਗੇ ਚੱਲ ਕੇ ਛੋਟੀ ਕਿਸਾਨੀ ਨੂੰ ਖੇਤੀ ਤੋਂ ਬਾਹਰ ਰੁਜ਼ਗਾਰ ਲੱਭਣ ਲਈ ਖਿੱਚ ਕਾਰਕ (ਫੁਲਲ 'ਅਚਟੋਰ) ਵਜੋਂ ਕੰਮ ਕਰੇਗਾ। ਸ਼ਹਿਰੀਕਰਨ ਅਤੇ ਖੇਤੀ ਦੇ ਨਿਸਬਤ ਉਦਯੋਗ ਤੇ ਸੇਵਾਵਾਂ ਦੇ ਵਧ ਰਹੇ ਮਹੱਤਵ ਕਾਰਨ ਖੇਤੀ ਹੇਠਾਂ ਉਪਲੱਬਧ ਜ਼ਮੀਨ ਵੀ ਘਟੇਗੀ, ਜਿਸ ਨਾਲ ਛੋਟੀ ਕਿਸਾਨੀ ਜ਼ਿਆਦਾ ਪ੍ਰਭਾਵਿਤ ਹੋਵੇਗੀ। ਇਸ ਤਰ੍ਹਾਂ ਕੁਝ ਤਾਂ ਫੌਰਨ ਨੀਤੀਗਤ ਉਪਾਵਾਂ ਦੀ ਲੋੜ ਹੋਵੇਗੀ ਜੋ ਥੋੜੇ ਸਮੇਂ ਲਈ ਗਰੀਬ ਕਿਸਾਨ ਤੇ ਖੇਤ ਮਜ਼ਦੂਰਾਂ ਲਈ ਸੰਕਟਮੋਚਨ ਦਾ ਕੰਮ ਕਰ ਸਕਣ। ਨਾਲ ਦੀ ਨਾਲ, ਲੰਬੇ ਸਮੇਂ ਦੀ ਆਰਥਿਕ-ਵਿਉਂਤਬੰਦੀ ਦੀ ਖਾਸ ਲੋੜ ਹੈ ਜੋ ਸੰਕਟ ਗ੍ਰਸਤ ਪੇਂਡੂ ਆਬਾਦੀ ਦੇ ਇਕ ਵੱਡੇ ਹਿੱਸੇ ਨੂੰ ਖੇਤੀ 'ਤੇ ਨਿਰਭਰਤਾ ਨੂੰ ਘਟਾ ਸਕੇ।

ਇਸ ਲਈ ਖੇਤੀ ਲਈ ਵਿਆਪਕ ਨੀਤੀ ਬਣਾਉਣ ਸਮੇਂ ਕਿਸਾਨਾਂ ਦੇ ਸਾਰੇ ਵਰਗਾਂ ਨੂੰ ਸਮਰੂਪ ਮੰਨ ਕੇ ਚੱਲਣਾ ਜਾਇਜ਼ ਨਹੀਂ ਹੋਵੇਗਾ। ਜੇਕਰ ਕਿਸਾਨਾਂ ਦੇ ਸਾਰੇ ਵਰਗਾਂ ਨੂੰ ਸਾਰੀਆਂ ਰਿਆਇਤਾਂ ਪ੍ਰਦਾਨ ਕੀਤੀਆਂ ਜਾਣਗੀਆਂ ਤਾਂ ਵੱਡੇ ਕਿਸਾਨ ਇਸ ਦਾ ਵੱਧ ਲਾਭ ਲੈ ਲੈਣਗੇ। ਇਸ ਨਾਲ ਕਿਸਾਨੀ ਵਿਚ ਹੋਰ ਅਸਮਾਨਤਾਵਾਂ ਪੈਦਾ ਹੋਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਘਟ ਰਹੀ ਆਮਦਨ ਨੂੰ ਠੱਲ੍ਹ ਪਾਉਣ ਲਈ, ਥੋੜ੍ਹੇ ਸਮੇਂ ਵਿਚ, ਖੇਤੀ ਵੰਨ-ਸੁਵੰਨਤਾ ਅਰਥਾਤ ਬਾਗਬਾਨੀ, ਦਾਲਾਂ, ਪਸ਼ੂ ਪਾਲਣ ਅਤੇ ਡੇਅਰੀ ਦੇ ਉਤਪਾਦਨ ਨੂੰ ਪੇਂਡੂ ਸਮੂਹਾਂ ਵਿਚ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਇਸ ਸਭ ਲਈ ਮਾਰਕਿਟ ਉਪਲੱਬਧ ਕਰਵਾਉਣਾ ਸਰਕਾਰਾਂ ਲਈ ਇਕ ਚੁਣੌਤੀ ਹੈ। ਭਵਿੱਖ ਵਿਚ ਦਿਹਾਤੀ ਤਬਦੀਲੀ ਦਾ ਕੇਂਦਰ ਬਿੰਦੂ ਵਾਤਾਵਰਣ ਵੀ ਰਹਿਣ ਵਾਲਾ ਹੈ। ਨਿਯਮਬੱਧ ਸਹਿਕਾਰੀ ਖੇਤੀ ਵੀ ਛੋਟੀ ਕਿਸਾਨੀ ਤੇ ਖੇਤ ਮਜ਼ਦੂਰਾਂ ਲਈ ਖੇਤੀ ਵਿਚੋਂ ਟਿਕਾਊ ਆਮਦਨ ਹਾਸਲ ਕਰਨ ਦਾ ਵਸੀਲਾ ਸਿੱਧ ਹੋ ਸਕਦੀ ਹੈ। ਹਾਲਾਂਕਿ ਵੱਡੇ ਪੱਧਰ 'ਤੇ ਪੇਂਡੂ ਅਰਥਚਾਰੇ ਦੀ ਸੰਪੂਰਨ ਵੰਨ-ਸੁਵੰਨਤਾ ਲਈ ਰਾਜ ਸਰਕਾਰਾਂ ਅਤੇ ਕੇਂਦਰੀ ਸਰਕਾਰ ਦੀ ਸਮੂਹਿਕ ਲੰਬੇ ਸਮੇਂ ਦੀ ਯੋਜਨਾਬੰਦੀ ਦੀ ਲੋੜ ਹੈ। ਲੰਬੇ ਸਮੇਂ ਲਈ, ਪੇਂਡੂ ਖੇਤਰਾਂ ਵਿਚ ਗੈਰ-ਖੇਤੀ ਕਿੱਤਿਆਂ ਨੂੰ ਵਿਕਸਤ ਕਰਨਾ ਅਤੇ ਵਪਾਰਕ ਸੰਪਰਕਾਂ ਰਾਹੀਂ ਉਦਯੋਗਿਕ ਤੇ ਸ਼ਹਿਰੀ ਕੇਂਦਰਾਂ ਨਾਲ ਬਿਹਤਰ ਸੰਪਰਕ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੋਵੇਗਾ। ਖੇਤੀ ਆਧਾਰਿਤ ਉਦਯੋਗ, ਖਾਸ ਤੌਰ 'ਤੇ, ਪੇਂਡੂ ਖੇਤਰਾਂ ਵਿਚ ਖੇਤੀ ਤੋਂ ਬਾਹਰ ਰੁਜ਼ਗਾਰ ਦੇ ਮੌਕੇ ਵਿਕਸਿਤ ਕਰਨ ਲਈ ਮੁਕਾਬਲਤਨ ਘੱਟ ਲਾਗਤ ਵਾਲਾ ਵਿਕਲਪ ਪ੍ਰਦਾਨ ਕਰ ਸਕਦੇ ਹਨ। ਲੋੜ ਹੈ ਤਾਂ ਇਸ ਲਈ ਚੰਗੀ ਯੋਜਨਾਬੰਦੀ ਦੀ। ਪੇਂਡੂ ਆਬਾਦੀ ਦੇ ਵੱਡੇ ਹਿੱਸੇ ਨੂੰ ਗੈਰ-ਖੇਤੀਬਾੜੀ ਗਤੀਵਿਧੀਆਂ ਵਿਚ ਸਫਲਤਾਪੂਰਵਕ ਤਬਦੀਲ ਕਰਨ ਲਈ ਜਨਤਕ ਸਿੱਖਿਆ ਪ੍ਰਣਾਲੀ ਵਿਚ ਸੁਧਾਰ ਦੀ ਲੋੜ ਹੈ। ਜਿਸ ਨਾਲ ਇਹ ਸੁਨਿਸ਼ਚਿਤ ਹੋ ਸਕੇ ਕਿ ਖੇਤੀ ਵਿਚਲੇ ਹਾਸ਼ੀਆਗ੍ਰਸਤ ਕਿਸਾਨ ਤੇ ਖੇਤ ਮਜ਼ਦੂਰਾਂ ਦੇ ਬੱਚੇ ਆਪਣੀ ਰੋਜ਼ੀ-ਰੋਟੀ ਲਈ ਸਿਰਫ ਖੇਤੀਬਾੜੀ 'ਤੇ ਨਿਰਭਰ ਰਹਿਣ ਦੀ ਬਜਾਏ ਗੈਰ-ਖੇਤੀ ਕਿੱਤਿਆਂ ਵਿਚ ਜਾਣ ਲਈ ਲੋੜੀਂਦੇ ਹੁਨਰ ਹਾਸਲ ਕਰ ਲੈਣ।

## ਦੀਵਾਲੀ ਨੂੰ ਸਮਰਪਿਤ

### ਬੰਦੀ ਛੋੜ ਦਿਵਸ

'ਬੰਦੀ ਛੋੜ' ਦਿਵਸ, ਪੈਗਾਮ ਲੈ ਕੇ ਆ ਗਿਆ।
ਭਲਾ ਸਰਬੱਤ ਦਾ ਇਹ, ਕਰਨਾ ਸਿਖਾ ਗਿਆ।

ਮੀਰੀ ਪੀਰੀ ਸਤਿਗੁਰ, ਸੰਗਤਾਂ ਦੇ ਪਾਤਸ਼ਾਹ।
ਬੰਦੀ ਸੀ ਬਣਾਇਆ ਜਿਹਨੂੰ, ਦਿੱਲੀ ਵਾਲੇ ਬਾਦਸ਼ਾਹ।
ਰਾਜਿਆਂ ਬਵੰਜਾ ਨੂੰ ਉਹ, ਕੈਦ 'ਚੋਂ ਛੁਡਾ ਗਿਆ
'ਬੰਦੀ ਛੋੜ' ਦਿਵਸ, ਪੈਗਾਮ ਲੈ ਕੇ ਆ ਗਿਆ।

ਸੁੱਚਿਆਂ ਵਿਚਾਰਾਂ ਨਾਲ, ਅੰਦਰ ਸਜਾਈਏ ਜੀ।
ਲੋੜਵੰਦਾਂ ਦੀ ਵੀ ਲੋੜ, ਪੂਰੀ ਕਰ ਆਈਏ ਜੀ।
ਦਾਤਾਂ ਜਿਹੜਾ ਦੇਵੇ, ਓਹਦਾ ਸ਼ੁਕਰ ਮਨਾ ਲਿਆ
'ਬੰਦੀ ਛੋੜ' ਦਿਵਸ, ਪੈਗਾਮ ਲੈ ਕੇ ਆ ਗਿਆ।

ਫੂਕੀਏ ਪਟਾਖੇ ਕਾਹਨੂੰ, ਖਰਚੇ ਨੂੰ ਜਰੀਏ।
ਸੰਦਲੀ ਹੈ ਪੌਣ, ਇਹਨੂੰ ਗੰਧਲੀ ਨਾ ਕਰੀਏ।
ਛੱਡ ਜ਼ਹਿਰੀ ਗੈਸਾਂ, ਪ੍ਰਦੂਸ਼ਣ ਵਧਾ ਲਿਆ
'ਬੰਦੀ ਛੋੜ' ਦਿਵਸ, ਪੈਗਾਮ ਲੈ ਕੇ ਆ ਗਿਆ।

ਬੀਜ ਨਾਸ ਨਫ਼ਰਤਾਂ ਦੇ, ਦਿਲਾਂ ਵਿੱਚੋਂ ਕਰੀਏ।
ਲੱਗੇ ਹੋਏ ਫੱਟਾਂ ਉਤੇ, ਮੱਲ੍ਹਮਾਂ ਤਾਂ ਧਰੀਏ।
ਕਰ ਪਛਤਾਵਾ ਜੇ ਹੈ, ਮਨ ਸਮਝਾ ਲਿਆ
'ਬੰਦੀ ਛੋੜ' ਦਿਵਸ, ਪੈਗਾਮ ਲੈ ਕੇ ਆ ਗਿਆ।

ਮੱਸਿਆ ਦੀ ਰਾਤ 'ਦੀਸ਼', ਮਨ ਰੁਸ਼ਨਾ ਲਈਏ।
ਗਿਆਨ ਵਾਲਾ ਦੀਪ ਇਕ, ਅੰਦਰ ਜਗਾ ਲਈਏ।
ਵਿਸ਼ੇ ਤੇ ਵਿਕਾਰ ਲਾਹ ਜੇ, ਮਨ ਚਮਕਾ ਲਿਆ
'ਬੰਦੀ ਛੋੜ' ਦਿਵਸ, ਪੈਗਾਮ ਲੈ ਕੇ ਆ ਗਿਆ।

*-ਗੁਰਦੀਸ਼ ਕੌਰ ਗਰੇਵਾਲ*
*ਫੋਨ: +91 98728-60488*

---

### ਤਨ ਮਨ ਰੁਸ਼ਨਾਏ ਦੀਵਾਲੀ

ਹਾਸੇ ਲੈ ਕੇ ਆਏ ਦੀਵਾਲੀ
ਐਬਾਂ ਨੂੰ ਲੈ ਜਾਏ ਦੀਵਾਲੀ

ਹਰ ਇਕ ਹੀ ਮਨ ਖੁਸ਼ ਹੋ ਜਾਵੇ
ਸਭ ਨੂੰ ਤਾਂ ਹੀ ਭਾਏ ਦੀਵਾਲੀ।

ਬਣ ਕੇ ਹਾਸਾ ਇਹ ਆ ਜਾਵੇ
ਦੁੱਖ ਹਰ ਕੇ ਲੈ ਜਾਏ ਦੀਵਾਲੀ

ਹਰ ਇਕ ਦੀ ਰੂਹ ਦਵੇ ਦੁਆਵਾਂ
ਹਰ ਇਕ ਹੱਸ ਮਨਾਏ ਦੀਵਾਲੀ।

ਜਿੱਤ ਬਦੀ 'ਤੇ ਚੰਗੇ ਦੀ ਹੈ
ਇਸਨੂੰ ਹੀ ਦਰਸਾਏ ਦੀਵਾਲੀ।
ਨਾ ਪ੍ਰਦੂਸ਼ਣ ਕਰਨਾ ਆਪਾਂ
ਸਾਡੀ ਗੱਲ ਪੁਗਾਏ ਦੀਵਾਲੀ।

ਚੰਗਾ ਖਾਣਾ ਚੰਗਾ ਪੀਣਾ
ਮਾੜਾ ਆਪ ਭਜਾਏ ਦੀਵਾਲੀ।

ਕਰ ਲੋ ਜੇ ਹੈ ਬਾਕੀ ਰਹਿੰਦੀ
ਕਰਵਾ ਦਿੰਦੀ ਸਫਾਈ ਦੀਵਾਲੀ।

ਖਰਚਾ ਕਰਿਓ ਪੂਰਾ ਸੂਰਾ
ਕਰਜ਼ਾ ਨਾ ਚੜ੍ਹਵਾਏ ਦੀਵਾਲੀ।

ਹੋਵਣ ਦੂਰ ਹਨੇਰੇ ਸਾਰੇ
ਤਨ ਮਨ ਨੂੰ ਰੁਸ਼ਨਾਏ ਦੀਵਾਲੀ।

*-ਹਰਦੀਪ ਬਿਰਦੀ*
*ਫੋਨ: 90416-00900*

---

### ਦੀਵਾਲੀ

ਖੂਬ ਬੰਬ-ਪਟਾਖੇ ਚਲਾ ਕੇ
ਜਾਂ ਫਿਰ ਮਰਜ਼ੀ ਦਾ ਪੀ-ਖਾ ਕੇ,
ਕੁਝ ਥਾਵਾਂ 'ਤੇ ਘੁੰਮ-ਫਿਰ ਆ ਕੇ,
ਤੇ ਆਪਣੇ ਲਈ ਹੀ ਸਭ ਕੁਝ ਬਣਾ ਕੇ,
ਇਨਸਾਨੀਅਤ ਦੇ ਤਿਓਹਾਰ ਨਹੀਂ ਮਨਾ ਹੁੰਦੇ,
ਮਾਨਵਤਾ ਦੇ ਦੀਪਕ ਨਹੀਂ ਜਗਾ ਹੁੰਦੇ।

ਪਰਉਪਕਾਰ ਤੇ ਪਿਆਰ ਨਾਲ਼
ਲੋੜਵੰਦ ਤੇ ਲਾਚਾਰ ਨਾਲ਼,
ਦੁੱਖ-ਦਰਦ ਵੰਡਾ ਕੇ ,
ਦੂਸਰਿਆਂ ਦੇ ਗਮ ਆਪਣੇ ਪਿੰਡੇ 'ਤੇ ਹੰਢਾ ਕੇ ,
ਕਿਸੇ ਦਾ ਦੁੱਖ ਆਪਣੇ ਗਲ਼ ਪਾ ਕੇ,
ਮਾਨਵਤਾ ਦੀ ਅਲਖ ਜਗਾ ਹੁੰਦੀ,
ਇਨਸਾਨੀਅਤ ਦੀ ਭਾਵਨਾ ਅਪਣਾ ਹੁੰਦੀ।

ਮੈਂ ਤੇ ਮੇਰਾ ਕਰ-ਕਰ ਕੇ ,
ਕੇਵਲ ਆਪਣੇ ਤੇ ਆਪਣਿਆਂ ਲਈ ਮਰ-ਮਰ ਕੇ,
ਇਨਸਾਨੀਅਤ ਨਹੀਂ ਨਿਭਾਅ ਹੁੰਦੀ,
ਮਾਨਵਤਾ ਦੀ ਅਲਖ ਨਹੀਂ ਜਗਾ ਹੁੰਦੀ ।

ਗੱਲਾਂ ਕਰਨੀਆਂ ਤੇ ਲਿਖਣੀਆਂ
ਬਹੁਤ ਸੌਖੀਆਂ 'ਧਰਮਾਣੀ ',
ਪਰ ਦੂਸਰੇ ਦੀ ਜ਼ਿੰਮੇਵਾਰੀ ਤੇ ਮਜਬੂਰੀ
ਆਪਣੇ ਸਿਰ 'ਤੇ ਹਰ ਕਿਸੇ ਤੋਂ ਨਹੀਂ ਪੁਗਾ ਹੁੰਦੀ,
ਹਰ ਕਿਸੇ ਤੋਂ ਇਨਸਾਨੀਅਤ ਨਹੀਂ ਨਿਭਾਅ ਹੁੰਦੀ;
ਹਰ ਕਿਸੇ ਤੋਂ ਇਨਸਾਨੀਅਤ ਨਹੀਂ ਨਿਭਾਅ ਹੁੰਦੀ।

*-ਸੰਜੀਵ ਧਰਮਾਣੀ*
*ਫੋਨ: 94785-61356*

# ਜੁਗਨੀ ਦਾ ਇਤਿਹਾਸ

ਲਹਿੰਦੇ ਪੰਜਾਬ ਦੀ ਵਿਧਾਨ ਸਭਾ ਲਾਹੌਰ ਦੇ ਮਾਲ ਰੋਡ 'ਤੇ ਸਥਿਤ ਹੈ। ਇਸ ਦੀ ਇਮਾਰਤ 17 ਨਵੰਬਰ, 1935 ਨੂੰ ਬਣ ਕੇ ਤਿਆਰ ਹੋਈ। ਇਸ ਇਮਾਰਤ ਦਾ ਉਦਘਾਟਨ ਸ. ਜੋਗਿੰਦਰ ਸਿੰਘ ਮਾਨ ਵੱਲੋਂ ਕੀਤਾ ਗਿਆ, ਜੋ ਉਸ ਵੇਲੇ ਦੇ ਖੇਤੀਬਾੜੀ ਮੰਤਰੀ ਸਨ। ਉਸ ਦੇ ਨਾਮ ਦੀ ਤਖ਼ਤੀ ਅੱਜ ਵੀ ਅਸੈਂਬਲੀ ਦੇ ਦਰਵਾਜ਼ੇ ਦੇ ਸੱਜੇ ਪਾਸੇ ਲੱਗੀ ਹੋਈ ਹੈ। ਜੋਗਿੰਦਰ ਸਿੰਘ ਮਾਨ ਚੜ੍ਹਦੇ ਪੰਜਾਬ ਦੇ ਮੌਜੂਦਾ ਐਮ. ਪੀ. ਸਿਮਰਜੀਤ ਸਿੰਘ ਮਾਨ ਦੇ ਪਿਤਾ ਸਨ। ਇਕੱਠੇ ਪੰਜਾਬ ਦੀ ਵਿਧਾਨ ਸਭਾ ਦੇ ਬਿਲਕੁਲ ਸਾਹਮਣੇ ਇਕ ਛੋਟਾ ਜਿਹਾ ਪਾਰਕ ਸੀ, ਜਿੱਥੇ ਇਕ ਵੱਡਾ ਚਬੂਤਰਾ ਬਣਿਆ ਹੋਇਆ ਸੀ। ਇਸ ਚਬੂਤਰੇ ਦੇ ਉੱਤੇ ਬਰਤਾਨੀਆ ਦੀ ਮਲਿਕਾ ਵਿਕਟੋਰੀਆ ਦਾ ਬਹੁਤ ਵੱਡਾ ਬੁੱਤ ਗੱਢਿਆ ਹੋਇਆ ਸੀ। ਚਬੂਤਰਾ ਅਤੇ ਬੁੱਤ ਦੋਵੇਂ ਹੀ ਚਿੱਟੇ ਰੰਗ ਦੇ ਸੰਗਮਰਮਰ ਦੇ ਬਣੇ ਹੋਏ ਸਨ ਅਤੇ ਵੇਖਣ ਵਿਚ ਬਹੁਤ ਹੀ ਖ਼ੂਬਸੂਰਤ ਸਨ। ਮਲਿਕਾ



ਡਾ. ਗੁਲਾਮ ਮੁਸਤਫਾ ਡੋਗਰ
ਫੋਨ: 00447878132209
ਅਨੁਵਾਦਕ : ਜੁਗਿੰਦਰ ਸਿੰਘ ਭੱਟੀ
ਫੋਨ: 079860-37268

ਵਿਕਟੋਰੀਆ ਉਸ ਬੁੱਤ ਵਿਚ ਬੈਠੀ ਹੋਈ ਵਿਖਾਈ ਗਈ ਸੀ ਉਸਦੇ ਹੱਥ ਵਿਚ ਇਕ ਡੰਡਾ ਫੜਿਆ ਹੋਇਆ ਸੀ। 1973 ਦੇ ਨੇੜੇ-ਤੇੜੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਇਸਲਾਮੀ ਮੁਲਕਾਂ ਦੀ ਇਕ ਵਿਸ਼ਵ ਕਾਨਫਰੰਸ ਕਰਵਾਈ। ਉਸਤੋਂ ਬਾਅਦ ਉਸਦੀ ਯਾਦ ਵਿਚ ਵਿਧਾਨ ਸਭਾ ਦੇ ਸਾਹਮਣੇ ਇਕ ਮਿਨਾਰ ਬਣਾਇਆ ਗਿਆ। ਇਹ ਉਹ ਜਗ੍ਹਾ ਹੀ ਸੀ ਜਿੱਥੇ ਮਲਿਕਾ ਵਿਕਟੋਰੀਆ ਦਾ ਬੁੱਤ ਪਿਆ ਹੋਇਆ ਸੀ। ਇਸ ਕਰਕੇ ਮਲਿਕਾ ਵਿਕਟੋਰੀਆ ਦੇ ਬੁੱਤ ਨੂੰ ਉੱਥੋਂ ਚੁੱਕ ਕੇ ਲਾਹੌਰ ਦੇ ਇਕ ਅਜਾਇਬ ਘਰ ਵਿਚ ਰਖਵਾ ਦਿੱਤਾ ਗਿਆ। ਇਸ ਲੇਖ ਵਿਚ

ਅਸੀਂ ਇਸੇ ਹੀ ਮਲਿਕਾ ਵਿਕਟੋਰੀਆ ਦੀ ਗੱਲ ਕਰਨ ਲੱਗੇ ਹਾਂ। ਜਿਸ ਦੀ ਵਜ੍ਹਾ ਨਾਲ ਪੰਜਾਬੀ ਜ਼ੁਬਾਨ ਦੀ ਸ਼ੇਰੋ-ਸ਼ਾਇਰੀ ਵਿਚ ਇਕ ਨਵੀਂ ਕਿਸਮ ਨੇ ਜਨਮ ਲਿਆ। ਅੱਜ ਵੀ ਪੰਜਾਬ ਦੇ ਲੋਕ ਉਸ ਨਵੀਂ ਕਿਸਮ ਨੂੰ ਬੜੇ ਸ਼ੌਕ ਦੇ ਨਾਲ ਗਾਉਂਦੇ ਹਨ।

ਇਸ ਨਵੀਂ ਕਿਸਮ ਨੂੰ ਅਸੀਂ ਜੁਗਨੀ ਆਖਦੇ ਹਾਂ। ਮਲਿਕਾ ਵਿਕਟੋਰੀਆ 1837 ਤੋਂ ਲੈ ਕੇ 1901 ਤਕ ਬਰਤਾਨੀਆ ਦੀ ਮਲਿਕਾ ਰਹੀ। ਆਪਣੇ ਮਰਨ ਤੋਂ ਬਾਅਦ ਵੀ ਉਹ ਦੁਨੀਆ 'ਤੇ ਆਪਣੇ ਨਾਂ ਦੇ ਨਾਲ ਜੁੜੀਆ ਕੁਝ ਚੀਜ਼ਾਂ ਛੱਡ ਗਈ। ਜਿਨ੍ਹਾਂ ਵਿਚ ਇਕ ਤਾਂ ਇਮਾਰਤਾਂ ਦਾ ਵਿਕਟੋਰੀਆ ਡਿਜ਼ਾਈਨ ਸੀ। ਦੂਸਰਾ ਵਿਕਟੋਰੀਆ ਫ਼ਰਨੀਚਰ, ਤੀਸਰਾ ਵਿਕਟੋਰੀਆ ਬੱਘੀ ਜਿਸ ਨੂੰ ਅਸੀਂ ਟਾਂਗਾ ਵੀ ਕਹਿੰਦੇ ਹਾਂ ਅਤੇ ਚੌਥਾ ਵਿਕਟੋਰੀਆ ਕਰਾਸ। ਜੋ ਜੰਗ ਵਿਚ ਫ਼ੌਜੀਆਂ ਨੂੰ ਉਨ੍ਹਾਂ ਦੀ ਬਹਾਦਰੀ ਕਾਰਨ ਦਿੱਤਾ ਜਾਂਦਾ ਹੈ, ਜਿਵੇਂ ਭਾਰਤ ਵਿਚ ਪਰਮਵੀਰ ਚੱਕਰ ਦਿੱਤਾ ਜਾਂਦਾ ਹੈ। ਗੋਰਿਆਂ ਦੀ ਹਕੂਮਤ ਖ਼ਤਮ ਹੋਈ ਤਾਂ ਪੰਜਾਬੀ ਬਾਕੀ ਸਭ ਚੀਜ਼ਾਂ ਭੁੱਲ ਗਏ, ਪਰੰਤੂ ਮਲਿਕਾ ਵਿਕਟੋਰੀਆ ਦੀ ਇਕ ਯਾਦ ਰਹਿ ਗਈ ਜਿਸ ਨੂੰ ਉਹ ਭੁਲਾ ਨਾ ਸਕੇ ਤੇ ਉਹ ਸੀ ਜੁਗਨੀ। ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਜੁਗਨੀ ਦੀ ਪੂਰਾ ਜਾਣਕਾਰੀ ਨਹੀਂ ਇਸਦੇ ਬਾਵਜੂਦ ਉਹ ਇਸਦਾ ਅਨੰਦ ਪੂਰਾ ਲੈਂਦੇ ਹਨ। ਮਲਿਕਾ ਵਿਕਟੋਰੀਆ ਨੇ 1887 ਵਿਚ ਆਪਣੀ ਮਲਿਕਾ ਹੋਣ ਦੇ 50 ਸਾਲ ਮੁਕੰਮਲ ਹੋਣ ਤੋਂ ਬਾਅਦ ਆਪਣੀ ਤਾਜਪੋਸ਼ੀ ਦੀ ਗੋਲਡਨ ਜੁਬਲੀ ਮਨਾਈ। ਉਸ ਵਕਤ ਮਲਿਕਾ ਨੇ ਦੋ ਕੰਮ ਕੀਤੇ। ਇਕ ਤਾਂ ਉਸ ਵਕਤ ਸਲਤਨਤ ਵਿਚ ਉਸਨੇ ਆਪਣੀ ਯਾਦ ਵਿਚ ਕਈ ਇਮਾਰਤਾਂ ਬਣਵਾਈਆਂ। ਜਿਸ ਵਿਚੋਂ ਇਕ ਕਰਾਚੀ ਦੀ ਏਮਪਰਸ ਮਾਰਕੀਟ ਵੀ ਸ਼ਾਮਿਲ ਹੈ। ਦੂਸਰਾ ਕੰਮ ਉਸ ਨੇ ਇਹ ਕੀਤਾ ਕਿ ਲੰਦਨ ਤੋਂ ਲੈ ਕੇ ਹਿੰਦੁਸਤਾਨ ਤੱਕ ਉਸ ਨੇ ਆਪਣੇ ਨਾਂ ਦੀ ਇਕ ਜੁਬਲੀ ਮਸ਼ਾਲ ਫੇਰੀ।

ਇਹ ਮਸ਼ਾਲ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਅੱਜ ਕੱਲ ਉਲੰਪਿਕ ਦੀ ਮਸ਼ਾਲ ਕੱਢੀ ਜਾਂਦੀ ਹੈ। ਕਿਸੇ ਇਕ ਵਿਅਕਤੀ ਵੱਲੋਂ ਇਹ ਮਸ਼ਾਲ ਫੜੀ ਜਾਂਦੀ ਹੈ ਅਤੇ ਉਹ ਵੱਖਰੇ-ਵੱਖਰੇ ਮੁਲਕਾਂ ਦੇ ਵਿਚ ਇਸ ਨੂੰ ਚੁੱਕ ਕੇ ਚੱਲਦਾ ਹੈ। ਉਸ ਮਸ਼ਾਲ ਦੇ ਵਿਚ ਜਿਵੇਂ ਅੱਗ ਬਲਦੀ ਹੈ ਉਸੇ ਤਰ੍ਹਾਂ ਦੀ ਰੋਸ਼ਨੀ ਹੁੰਦੀ ਹੈ। ਉਸ ਵਕਤ ਤੱਕ ਜਿੰਨੇ ਮੁਲਕ ਮਲਿਕਾ ਦੀ ਸਲਤਨਤ ਵਿਚ ਸ਼ਾਮਲ ਸਨ, ਜੁਬਲੀ ਮਸ਼ਾਲ ਨੂੰ ਉਨ੍ਹਾਂ ਸਾਰਿਆਂ ਮੁਲਕਾਂ ਵਿਚ ਲਿਜਾਇਆ ਜਾਣਾ ਸੀ। ਉਨ੍ਹਾਂ ਮੁਲਕਾਂ ਦੀ ਗਿਣਤੀ 68 ਦੇ ਕਰੀਬ ਸੀ। ਅਫ਼ਰੀਕਾ ਅਤੇ ਹਿੰਦੁਸਤਾਨ ਵੀ ਉਸਦੀ ਸਲਤਨਤ ਵਿਚ ਸ਼ਾਮਲ ਸਨ। ਜਦੋਂ ਇਹ ਮਸ਼ਾਲ ਹਿੰਦੁਸਤਾਨ ਆਈ ਤਾਂ ਉਸ ਨੂੰ ਹਿੰਦੁਸਤਾਨ ਦੇ ਹਰ ਜ਼ਿਲ੍ਹੇ ਵਿਚ ਲਿਜਾਇਆ ਗਿਆ। ਇਕ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਇਸ ਮਸ਼ਾਲ ਨੂੰ ਪਿਛਲੇ ਡਿਪਟੀ ਕਮਿਸ਼ਨਰ ਪਾਸੋਂ ਹਾਸਲ ਕਰਦਾ ਸੀ ਤੇ ਉਹ ਇਸ ਮਸ਼ਾਲ ਨੂੰ ਆਪਣੇ ਪੂਰੇ ਜ਼ਿਲ੍ਹੇ ਵਿਚ ਫੇਰਦਾ ਸੀ। ਉਸ ਜ਼ਿਲ੍ਹੇ ਦੇ ਲੋਕ ਇਸ ਮਸ਼ਾਲ ਦਾ ਨੱਚ, ਟੱਪ ਤੇ ਗਾਣੇ ਗਾ ਕੇ ਸਵਾਗਤ ਕਰਦੇ ਅਤੇ ਇਸ ਜਲੂਸ ਵਿਚ ਆਪ ਵੀ ਨਾਲ ਸ਼ਾਮਲ ਹੁੰਦੇ ਸਨ। ਜਦੋਂ ਇਹ ਮਸ਼ਾਲ ਪੰਜਾਬ ਵਿਚ ਪਹੁੰਚੀ, (ਜੋ ਪੰਜਾਬ ਅੱਜ ਕੱਲ੍ਹ



ਤਿੰਨ-ਚਾਰ ਸੂਬਿਆਂ ਵਿਚ ਵੰਡਿਆ ਗਿਆ ਹੈ ਜਿਵੇਂ ਕਿ ਲਹਿੰਦਾ ਪੰਜਾਬ ਅਤੇ ਚੜ੍ਹਦੇ ਪੰਜਾਬ ਦੇ ਤਿੰਨ ਸੂਬੇ) ਤਾਂ ਪੰਜਾਬੀਆਂ ਨੇ ਵੀ ਉਸੇ ਤਰ੍ਹਾਂ ਇਸ ਮਸ਼ਾਲ ਦਾ ਗਾ-ਵਜਾ ਕੇ ਸਵਾਗਤ ਕੀਤਾ। ਇਸ ਤਰ੍ਹਾਂ ਦਾ ਸ਼ੋਅ/ਜਲੂਸ ਹਕੂਮਤ ਦੀ ਮਨਜ਼ੂਰੀ ਤੋਂ ਬਿਨਾ ਨਹੀਂ ਸੀ ਹੋ ਸਕਦਾ। ਲੋਕ ਤਾਂ ਉਸ ਵੇਲੇ ਆਪਣੇ ਘਰਾਂ ਤੋਂ ਬਾਹਰ ਹੀ ਨਹੀਂ ਸਨ ਨਿਕਲਦੇ। ਇਸ ਵਾਸਤੇ ਇਸ ਨੂੰ ਕਾਮਯਾਬ ਕਰਨ ਲਈ ਅੰਗਰੇਜ਼ਾਂ ਦੇ ਮੁਕਾਮੀ ਨੌਕਰਾਂ ਦੀ ਡਿਊਟੀ ਲੱਗੀ ਹੋਈ ਸੀ, ਜਿਨ੍ਹਾਂ ਵਿਚ ਸਰਕਾਰੀ ਅਫ਼ਸਰ ਤਾਂ ਹੈ ਹੀ ਸਨ ਇਸਦੇ ਨਾਲ ਪਿੰਡਾਂ ਦੇ ਨੰਬਰਦਾਰ, ਚੌਕੀਦਾਰ, ਸਫ਼ੇਦ ਪੋਸ਼, ਜ਼ੈਲਦਾਰ, ਖ਼ਾਨ, ਸਰਦਾਰ, ਚੌਧਰੀ, ਰਾਜੇ, ਮਹਾਰਾਜੇ ਸਭ ਮਲਿਕਾ ਦੀ ਚਾਪਲੂਸੀ ਕਰਨ ਵਾਸਤੇ ਵਧ-ਚੜ੍ਹ ਕੇ ਇਸ ਜਲੂਸ ਨੂੰ ਕਾਮਯਾਬ ਕਰਨ ਵਾਸਤੇ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਸਨ।

ਪੰਜਾਬ ਦੇ ਜਾਗਰੀਦਾਰਾਂ, ਖ਼ਾਨ, ਵਡੇਰੇ, ਚੌਧਰੀਆਂ ਆਦਿ ਨੇ ਸੋਚਿਆ ਕਿ ਆਪਾਂ ਬਾਕੀ ਸੂਬਿਆਂ ਨਾਲੋਂ ਕੁਝ ਵਧ-ਚੜ੍ਹ ਕੇ ਅਤੇ ਵੱਖਰੀ ਕਿਸਮ ਨਾਲ ਇਸਦਾ ਸੁਆਗਤ ਕਰਨਾ ਹੈ ਤਾਂ ਕਿ ਮਲਿਕਾ ਨੂੰ ਖ਼ੁਸ਼ ਕੀਤਾ ਜਾ ਸਕੇ। ਉਨ੍ਹਾਂ ਨੇ ਇਸ ਜੁਬਲੀ ਮਸ਼ਾਲ ਦੀ ਸ਼ਾਨ ਵਿਚ ਗਾਣੇ ਤਿਆਰ ਕਰਵਾਉਣੇ ਸ਼ੁਰੂ ਕਰ ਦਿੱਤੇ। ਤੁਹਾਨੂੰ ਪਤਾ ਹੀ ਹੋਣਾ ਕਿ ਪੰਜਾਬ ਵਿਚ ਗਾਉਣ, ਵਜਾਉਣ ਵਾਲੇ ਲੋਕ ਪਹਿਲਾਂ ਮਰਾਸੀ ਹੀ ਹੁੰਦੇ ਸਨ। ਮਰਾਸੀ ਸਾਰੇ ਹੀ ਮੁਸਲਮਾਨ ਹੁੰਦੇ ਸੀ। ਪੰਜਾਬ ਵਿਚ ਸੰਗੀਤ ਨਾਲ ਸਬੰਧਤ ਕਈ ਘਰਾਣੇ ਮਸ਼ਹੂਰ ਸਨ, ਜਿਵੇਂ ਪਟਿਆਲਾ ਘਰਾਣਾ, ਸ਼ਾਮਚੁਰਾਸੀ ਘਰਾਣਾ, ਗਵਾਲੀਅਰ ਘਰਾਣਾ ਅਤੇ ਇਕ ਹੋਰ ਬੜਾ ਮਸ਼ਹੂਰ ਘਰਣਾ ਸੀ ਜਿਸ ਨੂੰ ਕਸੂਰ ਘਰਾਣਾ ਕਿਹਾ ਜਾਂਦਾ ਸੀ। ਕਸੂਰ ਘਰਾਣੇ ਦੇ ਫਨਕਾਰ ਬਹੁਤ ਵੱਡੇ ਉਸਤਾਦ ਤੇ ਗਵੱਈਏ ਸਨ। ਇਸ ਘਰਾਣੇ ਨਾਲ ਤਾਅਲੁਕ ਨੂਰਜਹਾਂ ਦਾ ਵੀ ਸੀ ਅਤੇ ਬਾਅਦ ਵਿਚ ਗਾਇਕ ਅਫ਼ਸ਼ਾਂ, ਸਾਇਰਾ ਬਾਨੋ ਅਤੇ ਉਸਤਾਦ ਬੜੇ ਗੁਲਾਮ ਅਲੀ ਖ਼ਾਨ। ਇਸ ਮੌਕੇ 'ਤੇ ਹਰ ਫਨਕਾਰ ਕੋਈ ਨਾ ਕੋਈ ਗਾਣਾ ਬਣਾ ਰਿਹਾ ਸੀ। ਕਸੂਰ ਘਰਾਣੇ ਦੇ ਦੋ ਮਰਾਸੀ ਸਕੇ ਭਾਈਆਂ ਵੱਲੋਂ ਇਕ ਗਾਣਾ ਤਿਆਰ ਕੀਤਾ ਗਿਆ। ਜਿਵੇਂ ਕਿ ਉਸ ਵਕਤ ਸਾਡੇ ਮੁਲਕ ਵਿਚ 12% ਤੋਂ ਵੀ ਘੱਟ ਲੋਕ ਪੜ੍ਹੇ ਲਿਖੇ ਸਨ। ਉੱਥੇ ਹੀ ਇਹ ਦੋਵੇਂ ਭਰਾ ਵੀ ਅਨਪੜ੍ਹ ਸਨ। ਉਨ੍ਹਾਂ ਵੱਲੋਂ ਗਾਣਾ ਬਣਾ ਤਾਂ ਲਿਆ ਪਰ ਜਦੋਂ ਉਹ ਗਾਣਾ ਗਾਉਂਦੇ ਸਨ, ਉਨ੍ਹਾਂ ਦੇ ਅਨਪੜ੍ਹ ਹੋਣ ਕਾਰਨ ਜੁਬਲੀ ਸ਼ਬਦ ਉਨ੍ਹਾਂ ਦੀ ਜ਼ਬਾਨ 'ਤੇ ਚੜ੍ਹਦਾ ਨਹੀਂ ਸੀ। ਦੂਸਰਾ ਸ਼ੇਰੋ-ਸ਼ਾਇਰੀ ਵਿਚ ਉਹ ਫਿਟ ਨਹੀਂ ਸੀ ਬੈਠ ਰਿਹਾ। ਤੀਸਰਾ ਉਸ ਵਕਤ ਕੋਈ ਡੈਂਟਿਸਟ ਨਹੀਂ ਸਨ ਹੁੰਦੇ। ਲੋਕਾਂ ਦੇ ਮੂੰਹ 'ਚੋਂ ਜਦੋਂ ਦੰਦ ਲਿਕਲ ਜਾਂਦੇ ਸਨ ਤਾਂ ਉਹ ਲੁਆ ਨਹੀਂ ਸੀ ਸਕਦਾ। ਜਦੋਂ ਉਹ ਅੱਖਰ ਜੁਬਲੀ ਬੋਲਦਾ ਸੀ ਤਾਂ ਉਸਦੇ ਮੂੰਹ ਵਿਚੋਂ ਫੂਕ ਨਿਕਲ ਜਾਂਦੀ ਸੀ ਅਤੇ ਸ਼ਬਦ ਸਹੀ ਨਹੀਂ ਸੀ ਬੋਲਿਆ ਜਾਂਦਾ। ਇਸ ਸਾਰੇ ਕੰਮ ਨੂੰ ਅਸਾਨ ਕਰਨ ਵਾਸਤੇ ਇਨ੍ਹਾਂ ਦੋਵਾਂ ਭਾਈਆਂ ਨੇ ਜੁਬਲੀ ਦੀ ਜਗ੍ਹਾ ਉਸ ਨੂੰ ਜੁਗਨੀ ਕਰ ਦਿੱਤਾ, ਜਿਸ ਨੂੰ ਅੱਜ ਕੱਲ੍ਹ ਅਸੀਂ ਜੁਗਨੀ ਆਖਦੇ ਹਾਂ। ਆਪਣੇ ਟੱਪਿਆਂ ਅਤੇ ਸ਼ੇਅਰਾਂ ਵਿਚ ਉਨ੍ਹਾਂ ਇਸ ਸ਼ਬਦ ਨੂੰ ਫਿਟ ਕਰਨਾ ਸ਼ੁਰੂ ਕਰ ਦਿੱਤਾ। ਅਸੀਂ ਪੰਜਾਬੀ ਤਾਂ ਵੈਸੇ ਵੀ ਅੱਖਰਾਂ ਨੂੰ ਆਪਣੀ ਆਸਾਨੀ ਦੇ ਮੁਤਾਬਿਕ ਢਾਲ ਲੈਂਦੇ ਹਾਂ ਅਤੇ ਵਿਗਾੜ ਵੀ ਲੈਂਦੇ ਹਾਂ ਜਿਵੇਂ ਜ਼ਫ਼ਰਵਾਲ ਨੂੰ ਸਾਡੇ ਪੁਰਾਣੇ ਬਜ਼ੁਰਗ ਡਫਰਵਾਲ ਹੀ ਕਹਿੰਦੇ ਸੀ। ਮੁਜ਼ੱਫ਼ਰਪੁਰ ਨੂੰ ਮੁਡਫਰਪੁਰ, ਦਮਾਗ ਨੂੰ ਡਮਾਗ ਤੇ ਫ਼ਾਰਸੀ ਦੇ ਅੱਖਰ ਲੱਭ ਨੂੰ ਅਸੀਂ ਉਲਟਾ ਲਿਆ ਅਤੇ ਉਸ ਨੂੰ ਅਸੀਂ ਬੂਲ ਕਰ ਲਿਆ, ਜਿਸ ਨੂੰ ਅਸੀਂ ਹੁਣ ਬੂਲ ਕਹਿੰਦੇ ਹਾਂ। ਇਨ੍ਹਾਂ ਭਾਈਆਂ ਨੇ ਵੀ ਇੰਜ ਹੀ ਜੁਬਲੀ ਨੂੰ ਜੁਗਨੀ ਬਣਾ ਦਿੱਤਾ। ਇਨ੍ਹਾਂ ਵੱਲੋਂ ਗਾਇਆ ਗਾਣਾ ਜੁਗਨੀ ਜਿੰਨੇ ਵੀ ਜਲੂਸ ਨਿਕਲੇ ਉਨ੍ਹਾਂ ਸਭ ਵਿਚ ਗਾਇਆ ਗਿਆ ਅਤੇ ਬਹੁਤ ਮਸ਼ਹੂਰ ਹੋਇਆ। ਇਹ ਬਿਲਕੁਲ ਉਸੇ ਤਰ੍ਹਾਂ ਹੀ ਸੀ ਜਿਵੇਂ ਪੰਜਾਬੀ ਦੇ ਟੱਪੇ ਜਾਂ ਮਾਹੀਏ ਹੁੰਦੇ ਹਨ। ਪੰਜਾਬ ਦੇ ਸਾਰਿਆਂ ਇਲਾਕਿਆਂ ਵਿਚ ਇਹ ਮਸ਼ਾਲ ਫਿਰਾਈ ਗਈ ਅਤੇ ਇਹ ਜੁਗਨੀ ਗਾਈ ਗਈ। ਜਿਵੇਂ ਜਿਵੇਂ ਇਹ ਮਸ਼ਾਲ ਵੱਖ-ਵੱਖ ਜ਼ਿਲ੍ਹਿਆਂ ਵਿਚ ਜਾਂਦੀ, ਉਸੇ ਮੁਤਾਬਿਕ ਉਸ ਸ਼ਹਿਰ ਦਾ ਨਾਮ ਜੁਗਨੀ ਦੇ ਵਿਚ ਸ਼ਾਮਿਲ ਕਰ ਦਿੱਤਾ ਜਾਂਦਾ ਤਾਂ ਕਿ ਉਸ ਇਲਾਕੇ ਦੇ ਲੋਕਾਂ ਨੂੰ ਵੀ ਜੁਗਨੀ ਆਪਣੀ ਲੱਗੇ। ਵੇਖਿਆ ਜਾਵੇ ਤਾਂ ਜੁਗਨੀ ਦੇ ਟੱਪਿਆਂ ਵਿਚ ਇਸੇ ਤਰ੍ਹਾਂ ਹੁੰਦਾ ਹੈ ਜਿਵੇਂ : ਜੁਗਨੀ ਜਾ ਵੜੀ ਮੁਲਤਾਨ ਜਿੱਥੇ ਬੜੇ-ਬੜੇ ਭਲਵਾਨ ਤੇ ਜੁਗਨੀ ਜਾ ਵੜੀ ਮਦੱਰਸੇ ਮਾਸਟਰ ਖਿੜਕੀ ਉਲੇ ਹੱਸੇ, ਜੁਗਨੀ ਜਾ ਵੜੀ ਜਲੰਧਰ, ਜੁਗਨੀ ਜਾ ਵੜੀ ਗੁਜਰਾਤ ਤੇ ਇਸੇ ਤਰ੍ਹਾਂ ਹੀ ਬਹੁਤ ਸਾਰਿਆਂ ਇਲਾਕਿਆਂ ਦੀਆਂ ਚੀਜ਼ਾਂ ਦੇ ਨਾਂ ਸ਼ਾਮਿਲ ਕਰ ਦਿੱਤੇ। ਮਲਿਕਾ ਵਿਕਟੋਰੀਆ ਨੂੰ ਮਰਿਆਂ ਸਵਾ ਸਦੀ ਬੀਤ ਗਈ ਹੈ। ਨਵੀਂ ਪੜ੍ਹੀ ਨੂੰ ਪਤਾ ਹੀ ਨਹੀਂ ਹੋਣਾ ਕੀ ਮਲਿਕਾ ਵਿਕਟੋਰੀਆ ਕੌਣ ਹੈ। ਮਲਿਕਾ ਵਿਕਟੋਰੀਆ ਦੀ ਗੋਲਡਨ ਜੁਬਲੀ ਦੀ ਵਜ੍ਹਾ ਦੇ ਨਾਲ ਜੁਗਨੀ ਵਜੂਦ ਵਿਚ ਆਈ ਤੇ ਅੱਜ ਵੀ ਕਾਇਮ ਹੈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦੋਵਾਂ ਵਿਚ ਹੀ ਸਾਡੇ ਫਨਕਾਰ ਇਸ ਨੂੰ ਬਹੁਤ ਸ਼ੌਕ ਦੇ ਨਾਲ ਗਾਉਂਦੇ ਅਤੇ ਸੁਣਦੇ ਨੇ।

# ਮਨੁੱਖੀ ਜੀਵਨ ਲਈ ਹਾਨੀਕਾਰਕ ਹਵਾ ਪ੍ਰਦੂਸ਼ਣ

ਦਿੱਲੀ 'ਚ ਪ੍ਰਦੂਸ਼ਿਤ ਹਵਾ ਨੇ ਸਥਿਤੀ ਗੰਭੀਰ ਬਣਾ ਦਿੱਤੀ ਹੈ। ਦਿੱਲੀ 'ਚ ਹਵਾ ਗੁਣਵੱਤਾ ਅੰਕ 483 'ਤੇ ਪਹੁੰਚ ਗਿਆ। ਦਿੱਲੀ ਸਰਕਾਰ ਨੇ ਪ੍ਰਾਇਮਰੀ ਸਕੂਲ 10 ਨਵੰਬਰ ਤੱਕ ਬੰਦ ਕਰ ਦਿੱਤੇ ਹਨ। ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿਚ ਦਿੱਲੀ ਦਾ ਨਾਮ ਸ਼ਾਮਲ ਹੋ ਗਿਆ ਹੈ।

ਹਰ ਵਰ੍ਹੇ ਦਿੱਲੀ ਗੈਸ ਚੈਂਬਰ ਬਣਦੀ ਹੈ। ਹਰ ਵਰ੍ਹੇ ਹਾਹਾਕਾਰ ਮੱਚਦੀ ਹੈ। ਹਰ ਵਰ੍ਹੇ ਸਰਕਾਰਾਂ ਹਵਾ ਪ੍ਰਦੂਸ਼ਣ ਰੋਕਣ ਲਈ ਯਤਨ ਕਰਨ ਦਾ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਵਾਇਦਾ ਕਰਦੀਆਂ ਹਨ। ਪਰ ਜਦੋਂ ਪ੍ਰਦੂਸ਼ਣ ਥੋੜ੍ਹਾ ਥੰਮਦਾ ਹੈ, ਮੁੜ ਅਫ਼ਸਰਸ਼ਾਹੀ, ਸਿਆਸਤਦਾਨ ਚੁੱਪ ਕਰ ਜਾਂਦੇ ਹਨ ਅਤੇ ਲੋਕਾਂ ਨੂੰ ਉਨ੍ਹਾਂ ਦੇ ਰਹਿਮੋ-ਕਰਮ 'ਤੇ ਛੱਡ ਦਿੰਦੇ ਹਨ।

ਪਰਾਲੀ ਸਾੜੇ ਜਾਣ ਕਾਰਨ ਪੰਜਾਬ ਦੀ ਹਵਾ 'ਚ ਜ਼ਹਿਰ ਘੁਲ ਗਿਆ ਹੈ ਅਤੇ ਧੁਆਂਖੀ ਧੁੰਦ ਕਾਰਨ ਸਾਹ ਲੈਣਾ ਵੀ ਔਖਾ ਹੈ। ਪੰਜਾਬ 'ਚ ਹਵਾ ਗੁਣਵੱਤਾ ਅੰਕ 375 ਤੱਕ ਦਰਜ ਕੀਤਾ ਗਿਆ। ਮਾਹਿਰਾਂ ਅਤੇ ਡਾਕਟਰਾਂ ਅਨੁਸਾਰ ਕਿਸੇ ਵੀ ਸਿਹਤਮੰਦ ਵਿਅਕਤੀ ਲਈ ਹਵਾ ਗੁਣਵੱਤਾ ਸੂਚਕ ਅੰਕ 50 ਤੋਂ ਘੱਟ ਹੋਣਾ ਚਾਹੀਦਾ ਹੈ।

ਹਵਾ ਪ੍ਰਦੂਸ਼ਣ ਦੇ ਮਾਮਲੇ 'ਤੇ ਸਿਆਸਤ ਵੀ ਗਰਮਾਈ ਹੋਈ ਹੈ। ਦਿੱਲੀ ਵਲੋਂ ਖ਼ਬਰਾਂ ਆ ਰਹੀਆਂ ਹਨ ਕਿ ਪੰਜਾਬ 'ਚ ਵਧ ਰਹੀਆਂ ਪਰਾਲੀ ਸਾੜਨ ਦੀਆਂ ਘਟਨਾਵਾਂ ਕਾਰਨ ਦਿੱਲੀ 'ਚ ਪ੍ਰਦੂਸ਼ਣ ਵਧਿਆ ਹੈ, ਹਾਲਾਂਕਿ ਇਸ ਵਰ੍ਹੇ 15 ਸਤੰਬਰ ਤੋਂ 5 ਨਵੰਬਰ ਤੱਕ ਪਰਾਲੀ ਸਾੜਨ ਦੀਆਂ ਜੋ ਘਟਨਾਵਾਂ ਵਾਪਰੀਆਂ, ਉਹ ਪਿਛਲੇ ਸਾਲ ਵਾਪਰੀਆਂ 29400 ਘਟਨਾਵਾਂ ਤੋਂ 41 ਫ਼ੀਸਦੀ ਘੱਟ ਹਨ। ਪੰਜਾਬ ਸਰਕਾਰ ਦੇ ਅਫ਼ਸਰ ਤੇ ਮਾਹਿਰ ਕਹਿੰਦੇ ਹਨ ਕਿ ਪਿਛਲੇ ਇਕ ਹਫ਼ਤੇ ਤੋਂ ਹਵਾ ਦੀ ਰਫ਼ਤਾਰ 1.1 ਕਿਲੋਮੀਟਰ ਪ੍ਰਤੀ ਘੰਟਾ ਰਹੀ ਹੈ। ਹਵਾ ਦੀ ਇੰਨੀ ਘੱਟ ਰਫ਼ਤਾਰ ਨਾਲ ਪਰਾਲੀ ਦੇ ਕਿਸੇ ਹੋਰ ਸੂਬੇ ਤੱਕ ਪਹੁੰਚਣਾ ਮੁਸ਼ਕਲ ਹੈ। ਪ੍ਰਦੂਸ਼ਣ ਨੂੰ ਦੂਰ ਤੱਕ ਪਹੁੰਚਣ ਲਈ 6 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਦੀ ਲੋੜ ਹੁੰਦੀ ਹੈ। ਮਾਹਿਰ ਇਹ ਵੀ ਕਹਿੰਦੇ ਹਨ ਕਿ ਤਾਪਮਾਨ ਦੀ ਗਿਰਾਵਟ ਅਤੇ ਹਵਾ ਦੀ ਗਤੀ ਦੀ ਕਮੀ ਕਾਰਨ ਪਰਾਲੀ ਦਾ ਪ੍ਰਦੂਸ਼ਣ ਸਿਰਫ਼ ਪੰਜਾਬ 'ਚ ਹੀ ਰਹਿ ਗਿਆ ਹੈ। ਇਸ ਕਰਕੇ ਇਥੋਂ ਦੇ ਸ਼ਹਿਰਾਂ 'ਚ ਹਵਾ ਦੀ ਗੁਣਵੱਤਾ ਬਠਿੰਡਾ 'ਚ 375, ਮੰਡੀ ਗੋਬਿੰਦਗੜ੍ਹ 'ਚ 291 ਅਤੇ ਲੁਧਿਆਣਾ 'ਚ 243 ਦਰਜ ਕੀਤੀ ਗਈ ਹੈ।

ਉਪਰਲੀ, ਹੇਠਲੀ ਸਰਕਾਰ ਦਰਮਿਆਨ ਕਸ਼ਮਕਸ਼ ਜਾਰੀ ਹੈ, ਪਰ ਪੀੜਤ ਲੋਕਾਂ ਲਈ ਰਾਹਤ



ਦੇਣ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਆਰਜ਼ੀ ਪ੍ਰਬੰਧ ਜਿਸ ਵਿਚ ਵਾਹਨਾਂ ਨੂੰ ਟਾਂਕ, ਜਿਸਤ ਅਨੁਸਾਰ ਚਲਾ ਕੇ, ਸਕੂਲ ਬੰਦ ਕਰ ਕੇ ਡੰਗ ਟਪਾਉਣ ਦਾ ਯਤਨ, ਇਸ ਮੁਸੀਬਤ ਤੋਂ ਨਿਕਲਣ ਦਾ ਰਾਹ ਸ਼ਾਇਦ ਸਰਕਾਰਾਂ ਸਮਝਦੀਆਂ ਹਨ।

ਭਾਰਤ ਵਿਚ ਹਵਾ ਪ੍ਰਦੂਸ਼ਣ ਦਾ ਪੱਧਰ ਵਿਸ਼ਵ ਭਰ 'ਚ ਸਭ ਤੋਂ ਜ਼ਿਆਦਾ ਹੈ। ਇਹ ਪ੍ਰਦੂਸ਼ਣ ਦੇਸ਼ ਦੇ ਲੋਕਾਂ ਦੀ ਸਿਹਤ ਲਈ ਸਭ ਤੋਂ ਵੱਡਾ ਖਤਰਾ ਹੈ। ਭਾਰਤ ਵਿਚ ਲਗਭਗ ਪੂਰੀ ਆਬਾਦੀ ਆਪਣੇ ਚਾਰੇ ਪਾਸਿਆਂ ਤੋਂ ਹਾਨੀਕਾਰਕ ਪੱਧਰ 'ਤੇ ਹੈ ਮੌਜੂਦਾ ਪੀ.ਐਮ. 2.5 ਕਣਾਂ ਦੇ ਸੰਪਰਕ ਵਿਚ ਹੈ, ਜੋ ਸਭ ਤੋਂ ਵੱਧ ਖਤਰਨਾਕ ਹਵਾ ਪ੍ਰਦੂਸ਼ਕ ਹੈ ਅਤੇ ਵੱਖੋ-ਵੱਖਰੇ ਸਰੋਤਾਂ ਤੋਂ ਨਿਕਲ ਕੇ ਹਵਾ ਵਿਚ ਫੈਲ ਰਿਹਾ ਹੈ। ਪਰ ਕੇਂਦਰ ਸਰਕਾਰ ਵਲੋਂ ਇਸ ਪ੍ਰਦੂਸ਼ਣ ਨੂੰ ਰੋਕਣ ਲਈ ਉਪਰਾਲੇ ਨਾਂਹ ਹੋਣ ਬਰਾਬਰ ਹਨ। ਉਂਜ ਜਿੰਨੇ ਵੀ ਯਤਨ ਦੇਸ਼ ਨੂੰ ਸਾਫ਼ ਰੱਖਣ ਤੇ ਪ੍ਰਦੂਸ਼ਣ ਘਟਾਉਣ ਲਈ ਹੋਏ ਹਨ, ਉਹ ਸਿਰਫ ਕਾਗਜ਼ਾਂ 'ਚ ਹੀ ਦਿਸਦੇ ਹਨ। ਜੋ ਕਾਨੂੰਨ ਗੰਦਗੀ, ਪ੍ਰਦੂਸ਼ਣ ਰੋਕਣ ਲਈ ਬਣੇ ਹਨ, ਉਹ ਲਾਗੂ ਨਹੀਂ ਹੋ ਰਹੇ।

ਸਾਲ 2013 ਤੋਂ 2021 ਤੱਕ ਦੁਨੀਆ 'ਚ 59.1 ਫੀਸਦੀ ਤੱਕ ਹਵਾ ਦਾ ਪ੍ਰਦੂਸ਼ਣ ਵਧਿਆ ਹੈ। ਇਸੇ ਲਈ ਹਵਾ ਪ੍ਰਦੂਸ਼ਣ ਮਨੁੱਖੀ ਸਿਹਤ ਲਈ ਦੁਨੀਆ ਭਰ 'ਚ ਵੱਡਾ ਖਤਰਾ ਹੈ। ਇਹ ਖ਼ਤਰਾ ਦੁਨੀਆ ਭਰ 'ਚ ਬਰਾਬਰ ਪੱਧਰ 'ਤੇ ਨਹੀਂ ਹੈ। ਬੰਗਲਾ ਦੇਸ਼, ਭਾਰਤ, ਪਾਕਿਸਤਾਨ, ਚੀਨ, ਨਾਇਜੀਰੀਆ ਅਤੇ ਇੰਡੋਨੇਸ਼ੀਆ ਸਭ ਤੋਂ ਵੱਧ ਪ੍ਰਦੂਸ਼ਤ ਦੇਸ਼ ਹਨ। ਵਿਸ਼ਵ ਸਿਹਤ ਸੰਗਠਨ ਦੀ ਇਕ ਰਿਪੋਰਟ ਅਨੁਸਾਰ ਜੇਕਰ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਸਾਂਝੇ ਯਤਨ ਹੋਣ ਤਾਂ ਹਰ ਵਿਅਕਤੀ ਦੀ ਉਮਰ ਔਸਤਨ 23 ਵਰ੍ਹੇ ਵਧ ਸਕਦੀ ਹੈ ਅਤੇ ਕਰੋੜਾਂ ਲੋਕਾਂ ਨੂੰ ਪ੍ਰਤੀ ਸਾਲ ਮੌਤ ਦੇ ਮੂੰਹ ਜਾਣ ਤੋਂ ਰੋਕਿਆ ਜਾ ਸਕਦਾ ਹੈ।

ਅਫਰੀਕਾ ਅਤੇ ਏਸ਼ੀਆ ਖਿੱਤੇ ਵਿਚ ਬੁਨਿਆਦੀ ਢਾਂਚੇ ਦੀ ਘਾਟ ਹੈ। ਇਸੇ ਕਰਕੇ ਇਥੇ ਪ੍ਰਦੂਸ਼ਣ ਵੱਧ ਹੈ। ਹਵਾ ਪ੍ਰਦੂਸ਼ਣ ਰੋਕਣ ਲਈ ਵੀ ਇਸ ਖਿੱਤੇ 'ਚ ਖ਼ਾਸ ਯਤਨ ਨਹੀਂ ਹੋ ਰਹੇ। ਐਚ.ਆਈ.ਵੀ. ਏਡਜ਼, ਮਲੇਰੀਆ, ਤਪਦਿਕ ਜਿਹੇ ਰੋਗਾਂ ਨੂੰ ਰੋਕਣ ਲਈ ਤਾਂ ਦੁਨੀਆ ਕੋਲ ਵੱਡੇ ਫੰਡ ਹਨ। ਹਰ ਸਾਲ ਚਾਰ ਅਰਬ ਅਮਰੀਕੀ ਡਾਲਰ ਇਨ੍ਹਾਂ ਬੀਮਾਰੀਆਂ ਨੂੰ ਰੋਕਣ ਲਈ ਖ਼ਰਚੇ ਜਾਂਦੇ ਹਨ ਪਰ ਹਵਾ ਪ੍ਰਦੂਸ਼ਣ ਰੋਕਣ ਲਈ ਸਿਰਫ਼ ਤਿੰਨ ਅਰਬ ਅਮਰੀਕੀ ਡਾਲਰ ਹੀ ਉਪਲੱਬਧ ਹੁੰਦੇ ਹਨ। ਚੀਨ ਅਤੇ ਭਾਰਤ ਲਈ ਇਹ ਹਿੱਸਾ ਸਿਰਫ਼ 14 ਲੱਖ ਅਮਰੀਕੀ ਡਾਲਰ ਹੈ, ਜਦਕਿ ਯੂਰਪ, ਅਮਰੀਕਾ ਅਤੇ ਕੈਨੇਡਾ ਲਈ 3.4 ਕਰੋੜ ਅਮਰੀਕੀ ਡਾਲਰ ਉਪਲੱਬਧ ਹੁੰਦੇ ਹਨ।

ਇਹੋ ਕਾਰਨ ਹੈ ਕਿ 2019 ਵਿਚ ਦੁਨੀਆ ਭਰ 'ਚ 90 ਲੱਖ ਲੋਕ ਪ੍ਰਦੂਸ਼ਣ ਕਾਰਨ ਆਪਣੀ ਜੀਵਨ ਯਾਤਰਾ ਸਮੇਂ ਤੋਂ ਪਹਿਲਾਂ ਪੂਰੀ ਕਰ ਗਏ। ਇੰਜ ਹਵਾ ਪ੍ਰਦੂਸ਼ਣ ਕਾਰਨ 66.7 ਲੱਖ ਲੋਕਾਂ ਦੀ ਮੌਤ ਹੋਈ, 17 ਲੱਖ ਲੋਕਾਂ ਦੀ ਮੌਤ ਰਸਾਇਣਾਂ ਦੀ ਵਰਤੋਂ ਕਾਰਨ ਹੋਈ। ਇਨ੍ਹਾਂ ਵਿਚ ਮੌਤਾਂ ਦੀ ਵੱਡੀ ਗਿਣਤੀ ਦੁਨੀਆ ਦੇ ਦੋ ਵੱਡੀ ਆਬਾਦੀ ਵਾਲੇ ਦੇਸ਼ਾਂ ਚੀਨ ਅਤੇ ਭਾਰਤ ਵਿਚ ਦਰਜ ਹੋਈ।

ਦੇਸ਼ ਭਾਰਤ ਦੇ ਹਾਲਾਤ ਤਾਂ ਬਹੁਤ ਮਾੜੇ ਹਨ। ਹਵਾ ਪ੍ਰਦੂਸ਼ਣ ਦੇ ਕਾਰਨ 2019 ਵਿਚ 17 ਲੱਖ ਭਾਰਤੀ ਮਰੇ। ਭਾਰਤ ਵਿਚ ਕਰੀਬ 67.4 ਫੀਸਦੀ ਆਬਾਦੀ ਉਨ੍ਹਾਂ ਪ੍ਰਦੂਸ਼ਿਤ ਖੇਤਰਾਂ ਵਿਚ ਵਸਦੀ ਹੈ, ਜਿੱਥੇ ਸਾਲਾਨਾ ਔਸਤ ਦਾ ਪ੍ਰਦੂਸ਼ਣ

(ਬਾਕੀ ਅਗਲੇ ਸਫੇ 'ਤੇ)

# ਖੇਤੀਬਾੜੀ ਵਿਚ ਆਧੁਨਿਕੀਕਰਨ



ਖੇਤੀਬਾੜੀ ਭਾਰਤ ਦੀ ਸਭਿਅਤਾ, ਸੱਭਿਆਚਾਰ ਅਤੇ ਵਿਰਾਸਤ ਦੀ ਨੀਂਹ ਹੈ। ਇਤਿਹਾਸਕ ਤੌਰ 'ਤੇ, ਆਜ਼ਾਦੀ ਤੋਂ ਪਹਿਲਾਂ ਭੋਜਨ ਦੀ ਕਮੀ ਨੇ ਗੰਭੀਰ ਪ੍ਰਭਾਵ ਪੈਦਾ ਕੀਤੇ ਕਿਉਂਕਿ ਖੇਤੀਬਾੜੀ ਮੌਨਸੂਨ 'ਤੇ ਨਿਰਭਰ ਸੀ। ਆਜ਼ਾਦ ਭਾਰਤ ਵਿਚ, ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਦਾ ਮਸ਼ਹੂਰ ਹਵਾਲਾ 'ਸਭ ਕੁਝ ਇੰਤਜ਼ਾਰ ਕਰ ਸਕਦਾ ਹੈ ਪਰ ਖੇਤੀਬਾੜੀ ਨਹੀਂ', ਆਜ਼ਾਦੀ ਤੋਂ ਬਾਅਦ ਖੇਤੀਬਾੜੀ ਨੂੰ ਦਿੱਤੀ ਗਈ ਤਰਜੀਹ ਅਤੇ ਮਹੱਤਤਾ ਨੂੰ ਦਰਸਾਉਂਦਾ ਹੈ। ਬਹੁਤ ਸਾਰੀਆਂ ਔਕੜਾਂ ਦੇ ਬਾਵਜੂਦ, ਭਾਰਤੀ ਖੇਤੀ ਨੇ ਵਿਗਿਆਨ ਦੀ ਅਗਵਾਈ ਵਾਲੇ ਵਿਕਾਸ ਦੁਆਰਾ ਕਈ ਮੀਲ ਪੱਥਰ ਹਾਸਿਲ ਕੀਤੇ। 1960 ਦੇ ਦਹਾਕੇ ਦੇ ਅੱਧ ਦੌਰਾਨ 'ਹਰੇ ਇਨਕਲਾਬ' ਨੇ ਖੇਤੀਬਾੜੀ ਨੂੰ ਇਕ ਆਧੁਨਿਕ ਉਦਯੋਗਿਕ ਪ੍ਰਣਾਲੀ ਵਿਚ ਬਦਲ ਦਿੱਤਾ, ਜਿਸ ਵਿਚ ਉੱਚ ਉਪਜ ਦੇਣ ਵਾਲੇ ਕਿਸਮਾਂ ਦੇ ਬੀਜਾਂ, ਮਸ਼ੀਨੀ ਖੇਤੀ ਸੰਦਾਂ, ਸਿੰਚਾਈ ਸਹੂਲਤਾਂ, ਕੀਟਨਾਸ਼ਕਾਂ ਅਤੇ ਖਾਦਾਂ ਦੀ ਵਰਤੋਂ 'ਤੇ ਜ਼ੋਰ ਦਿੱਤਾ ਗਿਆ। ਪੰਜਾਬ ਵਿਚ, ਹਰੀ ਕ੍ਰਾਂਤੀ ਨੇ ਰਾਜ ਦੇ ਖੇਤੀਬਾੜੀ ਉਤਪਾਦਨ ਵਿਚ ਮਹੱਤਵਪੂਰਨ ਵਾਧਾ ਕੀਤਾ, ਜਿਸ ਨਾਲ ਭਾਰਤ ਦੀ ਸਮੁੱਚੀ ਆਰਥਿਕਤਾ ਦਾ ਸਮਰਥਨ ਹੋਇਆ।



**ਡਾ. ਪ੍ਰਸ਼ੋਤਮ ਸਿੰਘ ਤਿਆਗੀ**
**ਫੋਨ: 98554-46519**

1970 ਤੱਕ, ਪੰਜਾਬ ਦੇਸ਼ ਦੇ ਕੁੱਲ ਅਨਾਜ ਦਾ 70% ਉਤਪਾਦਨ ਕਰ ਰਿਹਾ ਸੀ, ਅਤੇ ਕਿਸਾਨਾਂ ਦੀ ਆਮਦਨ 70% ਤੋਂ ਵੱਧ ਵਧ ਰਹੀ ਸੀ। ਇੱਕ ਪ੍ਰਸਿੱਧ ਕਹਾਵਤ ਹੈ ਕਿ 'ਵਿਗਿਆਨ ਵਿਚ ਹਰ ਨਵੀਂ ਤਰੱਕੀ ਭਵਿੱਖ ਵਿਚ ਕੁਝ ਛੁਪੀਆਂ ਸਮੱਸਿਆਵਾਂ ਲੈ ਕੇ ਆਉਂਦੀ ਹੈ'। ਬਿਨਾਂ ਸ਼ੱਕ ਹਰੀ ਕ੍ਰਾਂਤੀ ਨੇ ਭਾਰਤ ਦੀ ਸਮੁੱਚੀ ਖੁਰਾਕ ਸੁਰੱਖਿਆ 'ਤੇ ਸਕਾਰਾਤਮਕ ਪ੍ਰਭਾਵ ਪਾਏ, ਪਰ, ਇੱਕ ਨਿਸ਼ਚਿਤ ਸਮੇਂ ਤੋਂ ਬਾਅਦ, ਹਰੀ ਕ੍ਰਾਂਤੀ ਦੇ ਕੁਝ ਮਾੜੇ ਪ੍ਰਭਾਵ ਦੇਖੇ ਗਏ। ਖਾਦ ਦੀ ਅੰਨ੍ਹੇਵਾਹ ਵਰਤੋਂ ਅਤੇ ਰਸਾਇਣਕ ਕੀਟਨਾਸ਼ਕਾਂ ਦੀ ਬਹੁਤ ਜ਼ਿਆਦਾ ਵਰਤੋਂ ਕਾਰਨ ਮਿੱਟੀ ਵਿਚ ਪੌਸ਼ਟਿਕ ਤੱਤ ਖਤਮ ਹੋ ਗਏ ਸਨ; ਭੋਜਨ ਵਿਚ ਇਨ੍ਹਾਂ ਰਸਾਇਣਾਂ ਦੀ ਮੌਜੂਦਗੀ ਵਧ ਗਈ ਹੈ, ਜਿਸ ਨਾਲ ਸਿਹਤ ਲਈ ਖਤਰਾ ਪੈਦਾ ਹੋ ਗਿਆ ਹੈ।

ਆਧੁਨਿਕ ਖੇਤੀ ਵਿਚ ਮਿੱਟੀ, ਪਾਣੀ ਅਤੇ ਹਵਾ ਪ੍ਰਦੂਸ਼ਣ, ਕੀਟਨਾਸ਼ਕਾਂ ਨਾਲ ਜੁੜੀਆਂ ਮੁੱਖ ਵਾਤਾਵਰਨ ਸਮੱਸਿਆਵਾਂ ਹਨ। ਇਸ ਲਈ ਕੁਝ ਬਦਲਵੇਂ ਢੰਗਾਂ ਦੀ ਖੋਜ ਕਰਨ ਦੀ ਲੋੜ ਸੀ ਜਿਸ ਨਾਲ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਨੂੰ ਰੋਕਿਆ ਜਾ ਸਕੇ। ਜਲਦੀ ਹੀ ਵਿਗਿਆਨੀਆਂ ਨੇ ਜੈਨੇਟਿਕ ਇੰਜਨੀਅਰਿੰਗ ਨਾਮਕ ਇਕ ਨਵੀਂ ਤਕਨੀਕ ਦੀ ਖੋਜ ਕੀਤੀ ਜਿਸ ਦੁਆਰਾ ਸੁਧਾਰ ਦੇ ਉਦੇਸ਼ ਲਈ ਲੋੜੀਂਦੇ ਜੀਨ ਨੂੰ ਖੇਤੀਬਾੜੀ ਫਸਲਾਂ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਤਰੀਕੇ ਨਾਲ ਵਿਕਸਿਤ ਹੋਏ ਪੌਦੇ ਨੂੰ ਜੈਨੇਟਿਕਲੀ ਮੋਡੀਫਾਈਡ ਪਲਾਂਟ (ਜੀ.ਐੱਮ. ਪਲਾਂਟ) ਕਿਹਾ ਜਾਂਦਾ ਹੈ ਅਤੇ ਅਜਿਹੇ ਪੌਦਿਆਂ ਤੋਂ ਪ੍ਰਾਪਤ ਭੋਜਨ ਨੂੰ ਜੈਨੇਟਿਕਲੀ ਮੋਡੀਫਾਈਡ ਫੂਡ (ਜੀ.ਐੱਮ. ਫੂਡ) ਕਿਹਾ ਜਾਂਦਾ ਹੈ। ਜੈਨੇਟਿਕ ਇੰਜਨੀਅਰਿੰਗ ਦੇ ਨਤੀਜੇ ਵਜੋਂ ਖੇਤੀਬਾੜੀ ਵਿਚ ਕਈ ਫਾਇਦੇ ਹੋਏ ਹਨ ਜਿਵੇਂ ਕਿ ਫਸਲਾਂ ਦੀ ਪੈਦਾਵਾਰ ਵਿਚ ਵਾਧਾ, ਕੀਟਨਾਸ਼ਕਾਂ ਦੀ ਘੱਟ ਲੋੜ, ਭੋਜਨ ਦੀ ਗੁਣਵੱਤਾ ਵਿਚ ਸੁਧਾਰ, ਕੀੜਿਆਂ ਅਤੇ ਬਿਮਾਰੀਆਂ ਦੇ ਵਿਰੁੱਧ ਪ੍ਰਤੀਰੋਧ ਅਤੇ ਵਧੇਰੇ ਭੋਜਨ ਸੁਰੱਖਿਆ। ਪਹਿਲਾਂ ਜੈਨੇਟਿਕ ਤੌਰ 'ਤੇ ਸੋਧਿਆ ਭੋਜਨ ਟਮਾਟਰ ਦੀ "ਫਲੇਅਵਰ ਸੇਵਰ" ਕਿਸਮ ਸੀ। ਇਸਦੀ ਲੰਮੀ ਸ਼ੈਲਫ ਲਾਈਫ ਸੀ ਅਤੇ 1994 ਵਿਚ ਅਮਰੀਕੀ ਕੰਪਨੀ ਕੈਲਜੀਨ ਦੁਆਰਾ ਵਿਕਸਤ ਕੀਤੀ ਗਈ ਸੀ। 1995 ਵਿਚ ਬਹੁਤ ਸਾਰੀਆਂ ਜੈਨੇਟਿਕ ਤੌਰ 'ਤੇ ਸੋਧੀਆਂ ਫਸਲਾਂ ਦੀ ਕਾਸ਼ਤ ਲਈ ਮਨਜ਼ੂਰੀ ਦਿੱਤੀ ਗਈ ਸੀ, ਜਿਸ ਵਿਚ ਬੀਟੀ ਆਲੂ, ਜੀਐੱਮ ਕੈਨੋਲਾ, ਬੀਟੀ ਮੱਕੀ, ਬੀਟੀ ਕਪਾਹ ਆਦਿ ਸ਼ਾਮਲ ਹਨ। 2000 ਵਿਚ, ਜੈਨੇਟਿਕ ਤੌਰ 'ਤੇ ਸੋਧੇ ਹੋਏ ਗੋਲਡਨ ਰਾਈਸ ਵਿਕਸਿਤ ਕੀਤੇ ਗਏ ਸਨ, ਜੋ ਕਿ ਵਿਟਾਮਿਨ ਏ ਨਾਲ ਭਰਪੂਰ ਸੀ। 2010 ਤੱਕ, 29 ਦੇਸ਼ਾਂ ਨੇ ਜੀਐੱਮ ਫਸਲਾਂ ਦੀ ਕਾਸ਼ਤ ਸ਼ੁਰੂ ਕੀਤੀ ਅਤੇ 31 ਹੋਰ ਦੇਸ਼ਾਂ ਨੇ ਅਜਿਹੀਆਂ ਫਸਲਾਂ ਨੂੰ ਆਯਾਤ ਕਰਨ ਦੀ ਮਨਜ਼ੂਰੀ ਦਿੱਤੀ। ਅਮਰੀਕਾ ਜੀਐੱਮ ਭੋਜਨ ਦੇ ਉਤਪਾਦਨ ਵਿਚ ਮੋਹਰੀ ਦੇਸ਼ ਬਣ ਗਿਆ।

ਭਾਰਤ ਨੇ ਜੀਐੱਮ ਫਸਲਾਂ ਦੇ ਸਬੰਧ ਵਿਚ ਬਹੁਤ ਸਾਵਧਾਨੀ ਵਾਲਾ ਸਟੈਂਡ ਲਿਆ ਹੈ। GM ਭੋਜਨਾਂ ਕਾਰਨ ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਉਹ ਮਨੁੱਖੀ ਸਰੀਰ 'ਤੇ ਨੁਕਸਾਨਦੇਹ ਪ੍ਰਭਾਵ ਪਾ ਸਕਦੇ ਹਨ ਅਤੇ ਇਨ੍ਹਾਂ ਦੇ ਲੰਬੇ ਸਮੇਂ ਦੇ ਪ੍ਰਭਾਵਾਂ ਬਾਰੇ ਬਹੁਤ ਕੁਝ ਨਹੀਂ ਜਾਣਿਆ ਗਿਆ ਹੈ। ਭਾਰਤ ਵਿਚ ਜੈਨੇਟਿਕ ਇੰਜੀਨੀਅਰਿੰਗ ਮੁਲਾਂਕਣ ਕਮੇਟੀ (ਜੀ.ਈ.ਏ.ਸੀ.) ਨੂੰ ਜੀਐੱਮ ਫਸਲਾਂ ਅਤੇ ਜੀਐੱਮ ਭੋਜਨ ਨਾਲ ਸਬੰਧਤ ਪ੍ਰਸਤਾਵਾਂ ਨੂੰ ਮਨਜ਼ੂਰੀ ਜਾਂ ਅਸਵੀਕਾਰ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਬੀਟੀ ਕਪਾਹ ਇਕਲੌਤੀ ਜੈਨੇਟਿਕਲੀ ਮੋਡੀਫਾਈਡ (ਜੀਐੱਮ) ਫਸਲ ਹੈ ਜਿਸ ਨੂੰ 2002 ਵਿਚ GAEC ਦੁਆਰਾ ਵਪਾਰਕ ਕਾਸ਼ਤ ਲਈ ਮਨਜ਼ੂਰੀ ਦਿੱਤੀ ਗਈ ਹੈ। ਇਸ ਕਪਾਹ ਦੀ ਫਸਲ ਵਿਚ ਬੈਕਟੀਰੀਆ ਦਾ ਇੱਕ ਜੀਨ (DNA) ਹੁੰਦਾ ਹੈ ਜੋ ਪੌਦੇ ਵਿਚ ਜ਼ਹਿਰੀਲੇ ਪਦਾਰਥ ਪੈਦਾ ਕਰਦੇ ਹਨ। ਇਹ ਜ਼ਹਿਰੀਲਾ ਰਸਾਇਣ ਕਪਾਹ ਦੇ ਗੁਲਾਬੀ ਬੋਲਵਰਮ ਕੀੜੇ ਦੇ ਲਾਰਵੇ ਨੂੰ ਮਾਰ ਦਿੰਦਾ ਹੈ। ਭਾਰਤ ਵਿਚ ਬੀਟੀ ਕਪਾਹ ਦੀ ਸ਼ੁਰੂਆਤ ਕਰਨ ਦਾ ਉਦੇਸ਼ ਕਪਾਹ ਦੀ ਖੇਤੀ ਵਿਚ ਲੋੜੀਂਦੇ ਕੀਟਨਾਸ਼ਕਾਂ ਦੀ ਮਾਤਰਾ ਨੂੰ ਘਟਾਉਣਾ ਸੀ। ਕਪਾਹ ਗੈਰ-ਭੋਜਨ ਫਸਲ ਹੈ ਅਤੇ ਮਨੁੱਖੀ ਸਿਹਤ 'ਤੇ ਕੋਈ ਪ੍ਰਭਾਵ ਨਹੀਂ ਹੈ; ਇਸ ਲਈ ਇਸਨੂੰ ਭਾਰਤੀ ਕਿਸਾਨਾਂ ਦੁਆਰਾ ਅਪਣਾਇਆ ਗਿਆ ਸੀ। ਬੀਟੀ ਬੈਂਗਣ ਇੱਕ ਹੋਰ ਜੈਨੇਟਿਕ ਤੌਰ 'ਤੇ ਸੋਧਿਆ ਭੋਜਨ ਪਲਾਂਟ ਹੈ ਜਿਸ ਨੂੰ 2009 ਵਿਚ GEAC ਦੁਆਰਾ ਮਨਜ਼ੂਰੀ ਦਿੱਤੀ ਗਈ ਸੀ। ਪਰ ਕਿਸਾਨ ਸਮੂਹਾਂ ਨਾਲ ਦੇਸ਼ ਵਿਆਪੀ ਜਨਤਕ ਸਲਾਹ-ਮਸ਼ਵਰੇ ਤੋਂ ਨਕਾਰਾਤਮਕ ਫੀਡਬੈਕ ਦੇ ਬਾਅਦ, ਭਾਰਤ ਸਰਕਾਰ ਨੇ 2010 ਵਿਚ ਬੀਟੀ ਬੈਂਗਣ ਦੀ ਵਪਾਰਕ ਰਿਲੀਜ਼ 'ਤੇ ਪਾਬੰਦੀ ਲਗਾ ਦਿੱਤੀ ਸੀ। ਇਹ ਦਲੀਲ ਦਿੱਤੀ ਗਈ ਸੀ ਕਿ ਬੀਟੀ ਬੈਂਗਣ ਵਿਚ ਬੀਟੀ ਜ਼ਹਿਰ ਹੈ ਜੋ ਕੁਝ ਲੋਕਾਂ ਵਿਚ ਐਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ ਅਤੇ ਐਂਟੀਬਾਇਓਟਿਕਸ ਦੀ ਬੇਅਸਰਤਾ ਦਾ ਕਾਰਨ ਬਣ ਸਕਦਾ ਹੈ। ਹੁਣ, 12 ਸਾਲਾਂ ਬਾਅਦ, GEAC ਨੇ ਸਰਸੋਂ ਹਾਈਬ੍ਰਿਡ DMH-11 ਨਾਮਕ GM ਸਰ੍ਹੋਂ ਦੀ ਵਾਤਾਵਰਣਕ ਰਿਲੀਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਨਾਲ ਵਿਗਿਆਨੀਆਂ, ਡਾਕਟਰਾਂ, ਵਾਤਾਵਰਨ ਕਾਰਕੁਨਾਂ, ਵਿਧਾਇਕਾਂ ਅਤੇ ਮੁਕੱਦਮੇਬਾਜ਼ਾਂ ਵੱਲੋਂ ਵਿਰੋਧ ਦਾ ਤੂਫ਼ਾਨ ਖੜ੍ਹਾ ਹੋ ਗਿਆ ਹੈ। ਪ੍ਰਦਰਸ਼ਨਕਾਰੀਆਂ ਦਾ ਦੋਸ਼ ਹੈ ਕਿ GEAC ਮਨਜ਼ੂਰੀਆਂ ਜਨਤਕ ਸਿਹਤ ਅਤੇ ਵਾਤਾਵਰਣ 'ਤੇ ਪ੍ਰਭਾਵਾਂ ਲਈ ਨਾਕਾਫ਼ੀ ਟੈਸਟਾਂ 'ਤੇ ਅਧਾਰਤ ਸਨ। ਪਟੀਸ਼ਨਕਰਤਾਵਾਂ ਨੇ ਇਸ ਜੀਐੱਮ ਫਸਲ 'ਤੇ ਪਾਬੰਦੀ ਲਗਾਉਣ ਲਈ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ। ਅਗਸਤ 2023 ਵਿਚ ਹੋਈ ਸੁਣਵਾਈ ਵਿਚ, ਸੁਪਰੀਮ ਕੋਰਟ ਨੇ ਜੈਨੇਟਿਕਲੀ ਮੋਡੀਫਾਈਡ (ਜੀਐੱਮ) ਸਰ੍ਹੋਂ ਦੀ ਵਾਤਾਵਰਣ ਜਾਰੀ ਕਰਨ ਲਈ ਭਾਰਤ ਸਰਕਾਰ ਦੀ ਬੇਨਤੀ ਨੂੰ ਰੱਦ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਵਾਤਾਵਰਨ ਅਤੇ ਵਾਤਾਵਰਨ 'ਤੇ ਪੈਣ ਵਾਲੇ ਪ੍ਰਭਾਵ ਦੀ ਚੰਗੀ ਤਰ੍ਹਾਂ ਜਾਂਚ ਕਰਨ ਦੀ ਲੋੜ ਹੈ।

ਭਾਰਤ ਵਿਚ ਜੀ ਐੱਮ ਫਸਲਾਂ ਬਾਰੇ ਬਹਿਸ ਦੇ ਦੋ ਪੱਖ ਹਨ। ਜੀਐੱਮ ਦਾ ਪੱਖ ਲੈਣ ਵਾਲਾ ਸਮੂਹ ਫਸਲਾਂ ਦੀ ਪੈਦਾਵਾਰ ਵਧਾਉਣ, ਕੀੜਿਆਂ ਦੇ ਵਿਰੁੱਧ ਟਾਕਰੇ, ਬਿਹਤਰ ਗੁਣਵੱਤਾ ਅਤੇ ਸ਼ੈਲਫ ਲਾਈਫ ਵਧਾਉਣ ਦੀ ਸੰਭਾਵਨਾ ਦੀ ਵਕਾਲਤ ਦੇ ਕਰ ਰਿਹਾ ਹੈ। ਹਾਲਾਂਕਿ ਪਾਬੰਦੀਸ਼ੁਦਾ ਜੀਐੱਮ ਫਸਲਾਂ ਨੂੰ ਸਟੋਰ ਕਰਨ, ਵੇਚਣ ਜਾਂ ਬੀਜਣ 'ਤੇ 1 ਲੱਖ ਰੁਪਏ ਦਾ ਜੁਰਮਾਨਾ ਅਤੇ ਪੰਜ ਸਾਲ ਦੀ ਸਜ਼ਾ ਹੋ ਸਕਦੀ ਹੈ। ਪਰ ਜੀਐੱਮ ਦਾ ਪੱਖ ਲੈਣ ਵਾਲੇ ਕਿਸਾਨ ਪਾਬੰਦੀ ਨੂੰ ਟਾਲਣ 'ਤੇ ਅੜੇ ਹੋਏ ਹਨ। ਭਾਰਤ ਦੇ ਕੁਝ ਰਾਜਾਂ ਵਿਚ ਕਿਸਾਨ ਗੁਪਤ ਅਤੇ ਗੈਰ-ਕਾਨੂੰਨੀ ਢੰਗ ਨਾਲ ਗੈਰ-ਪ੍ਰਵਾਨਿਤ ਜੀਐੱਮ ਸੋਇਆਬੀਨ, ਐਚਟੀ (ਜੜੀ-ਬੂਟੀਆਂ ਦੇ ਪ੍ਰਤੀਰੋਧਕ) ਕਪਾਹ, ਬੀਟੀ ਬੈਂਗਣ ਅਤੇ ਜੀਐੱਮ ਸਰ੍ਹੋਂ ਦੀ ਕਾਸ਼ਤ ਕਰ ਰਹੇ ਹਨ। ਜੀਐੱਮ ਫਸਲਾਂ ਦੇ ਵਿਰੋਧੀ ਇਸਦੀ ਭਰੋਸੇਯੋਗਤਾ ਅਤੇ ਵਾਤਾਵਰਨ ਅਤੇ ਮਨੁੱਖੀ ਸਿਹਤ 'ਤੇ ਪ੍ਰਭਾਵਾਂ ਨੂੰ ਲੈ ਕੇ ਚਿੰਤਾ ਜ਼ਾਹਰ ਕਰ ਰਹੇ ਹਨ। ਉਨ੍ਹਾਂ ਨੇ ਨੈਤਿਕ ਚਿੰਤਾਵਾਂ ਦੇ ਪੰਜ ਸੈੱਟ ਉਠਾਏ ਹਨ: ਮਨੁੱਖੀ ਸਿਹਤ ਨੂੰ ਸੰਭਾਵੀ ਨੁਕਸਾਨ; ਵਾਤਾਵਰਣ ਨੂੰ ਸੰਭਾਵੀ ਨੁਕਸਾਨ; ਰਵਾਇਤੀ ਖੇਤੀ ਅਭਿਆਸ 'ਤੇ ਨਕਾਰਾਤਮਕ ਪ੍ਰਭਾਵ; ਬਹੁਤ ਜ਼ਿਆਦਾ ਕਾਰਪੋਰੇਟ ਦਬਦਬਾ; ਅਤੇ ਤਕਨਾਲੋਜੀ ਦੀ 'ਗੈਰ-ਕੁਦਰਤੀਤਾ'। ਉਨ੍ਹਾਂ ਨੇ ਅੱਗੇ ਕਿਹਾ ਹੈ ਕਿ ਜੀਐੱਮ ਫਸਲਾਂ ਦੇ ਜੀਨ (ਡੀਐੱਨਏ) ਪਰਾਗ ਰਾਹੀਂ ਨੇੜਲੇ ਜੈਵਿਕ ਫਾਰਮਾਂ ਅਤੇ ਗੈਰ-ਜੀਐੱਮ ਕਿਸਮਾਂ ਵਿਚ ਜਾ ਸਕਦੇ ਹਨ ਅਤੇ ਉਨ੍ਹਾਂ ਨੂੰ ਗੰਦਾ ਕਰ ਸਕਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਭਾਰਤ ਨੂੰ ਜੀਐੱਮ ਮੁਕਤ ਬਣਾਉਣ ਲਈ ਵਚਨਬੱਧ ਹਨ। ਹੁਣ, ਸੁਪਰੀਮ ਕੋਰਟ ਜੈਨੇਟਿਕਲੀ ਮੋਡੀਫਾਈਡ (ਜੀਐੱਮ) ਭੋਜਨ ਅਤੇ ਭਾਰਤੀ ਕਿਸਾਨਾਂ ਅਤੇ ਖਪਤਕਾਰਾਂ ਵਿਚਕਾਰ ਖੜ੍ਹੀ ਆਖਰੀ ਸੰਸਥਾ ਹੈ। ਜੇ ਸੁਪਰੀਮ ਕੋਰਟ ਜੀਐੱਮ ਸਰ੍ਹੋਂ ਦੀ ਇਜਾਜ਼ਤ ਦਿੰਦਾ ਹੈ, ਤਾਂ ਇਹ ਦੇਸ਼ ਵਿਚ ਜੀਐੱਮ ਭੋਜਨ ਅਤੇ ਐਚਟੀ ਫਸਲਾਂ ਲਈ ਇੱਕੋ ਸਮੇਂ ਦਰਵਾਜ਼ੇ ਖੋਲ੍ਹ ਦੇਵੇਗਾ।

---

**(ਪਿਛਲੇ ਸਫੇ ਦਾ ਬਾਕੀ)**

ਪੱਧਰ ਬਹੁਤ ਜ਼ਿਆਦਾ ਹੁੰਦਾ ਹੈ। ਹਵਾ ਪ੍ਰਦੂਸ਼ਣ ਕਾਰਨ ਦਿਲ ਦੇ ਰੋਗ ਭਾਰਤੀਆਂ ਦੀ ਉਮਰ ਘਟਾ ਰਹੇ ਹਨ। ਬੱਚਿਆਂ ਦੇ ਕੁਪੋਸ਼ਣ ਕਾਰਨ ਲਗਭਗ 4.5 ਸਾਲ ਅਤੇ ਔਰਤਾਂ ਦੇ ਕੁਪੋਸ਼ਣ ਕਾਰਨ ਉਨ੍ਹਾਂ ਦੀ ਉਮਰ ਦੇ 1.8 ਸਾਲ ਤੱਕ ਘੱਟ ਹੋਏ ਹਨ।

ਕੰਮ ਦੀ ਭਾਲ ਵਿਚ ਪੇਂਡੂ ਖੇਤਰਾਂ ਤੋਂ ਸ਼ਹਿਰਾਂ ਵੱਲ ਲੋਕ ਪ੍ਰਵਾਸ ਕਰਦੇ ਹਨ। ਸ਼ਹਿਰਾਂ 'ਚ ਜਨਸੰਖਿਆ ਵਧਦੀ ਹੈ। ਵੱਧ ਤੋਂ ਵੱਧ ਲੋਕ ਖਾਣਾ ਪਕਾਉਣ ਲਈ ਲੱਕੜ ਅਤੇ ਧੂੰਆਂ ਪੈਦਾ ਕਰਨ ਵਾਲੇ ਹੋਰ ਸਾਧਨਾਂ ਦੀ ਵਰਤੋਂ ਕਰਦੇ ਹਨ। ਇਸ ਨਾਲ ਹਵਾ ਪ੍ਰਦੂਸ਼ਿਤ ਹੁੰਦੀ ਹੈ। ਉਦਯੋਗ ਧੰਦੇ ਵੀ ਸ਼ਹਿਰਾਂ ਵਿਚ ਵੱਧ ਪ੍ਰਦੂਸ਼ਣ ਵਧਾਉਂਦੇ ਹਨ। ਸ਼ਹਿਰਾਂ ਵਿਚ ਹਵਾ ਪ੍ਰਦੂਸ਼ਣ ਵਧਾਉਣ ਦੇ ਕਾਰਕਾਂ ਵਿਚ ਟਰੱਕ, ਚਾਰ ਪਹੀਏ ਵਪਾਰਕ ਵਾਹਨ, ਉਦਯੋਗਾਂ ਤੋਂ ਨਿਕਲਣ ਵਾਲੀ ਗੰਦੀ ਹਵਾ ਹੈ। ਇਸ ਕਾਰਨ ਮਰਨ ਵਾਲਿਆਂ ਦੀ ਗਿਣਤੀ 'ਚ 55 ਫੀਸਦੀ ਵਾਧਾ ਵੇਖਣ ਨੂੰ ਮਿਲਿਆ ਹੈ।

"ਦੀ ਲਾਂਸੇਟ" ਦੀ ਇਕ ਰਿਪੋਰਟ ਪੜ੍ਹਨ ਵਾਲੀ ਹੈ। ਇਹ ਰਿਪੋਰਟ ਕਹਿੰਦੀ ਹੈ ਕਿ ਕੁੱਲ ਪ੍ਰਦੂਸ਼ਣ ਤੋਂ ਹੋਣ ਵਾਲੀਆਂ ਮੌਤਾਂ ਲਈ ਦੁਨੀਆ ਦੇ ਦਸ ਦੇਸ਼ ਜ਼ਿੰਮੇਵਾਰ ਹਨ। ਇਹ ਦਸ ਦੇਸ਼ ਪੂਰੀ ਤਰ੍ਹਾਂ ਉਦਯੋਗਿਕ ਦੇਸ਼ ਹਨ। ਇਨ੍ਹਾਂ ਦੇਸ਼ਾਂ ਵਿਚ ਫਰਾਂਸ, ਜਰਮਨੀ, ਬਰਤਾਨੀਆ, ਇਟਲੀ, ਨੀਦਰਲੈਂਡ, ਸਾਊਥ ਕੋਰੀਆ, ਸਵਿਟਜ਼ਰਲੈਂਡ, ਅਮਰੀਕਾ, ਜਪਾਨ, ਰੂਸ, ਸ਼ਾਮਲ ਹਨ। ਇਨ੍ਹਾਂ ਦੇਸ਼ਾਂ ਦੇ ਲਿੱਡ-ਏਸਿਡ ਬੈਟਰੀ ਅਤੇ ਈ-ਕਚਰੇ ਦੇ ਪੂਰਨ ਨਿਰਮਾਣ ਚੱਕਰ ਕਾਰਨ ਜਦੋਂ ਬਹੁਤੇ ਲੋਕ ਇਸਦੇ ਕਿਸੇ ਵੀ ਹਾਲਤ 'ਚ ਸੰਪਰਕ ਵਿਚ ਆਉਂਦੇ ਹਨ ਤਾਂ ਮਨੁੱਖੀ ਧਮਣੀਆਂ ਸਖ਼ਤ ਹੋ ਜਾਂਦੀਆਂ ਹਨ। ਦਿਲ ਦੇ ਰੋਗ ਵਧਦੇ ਹਨ। ਦਿਮਾਗੀ ਵਿਕਾਸ ਰੁਕਦਾ ਹੈ। ਦਿਲ ਦੇ ਰੋਗਾਂ ਨਾਲ ਮੌਤ ਹੋ ਜਾਂਦੀ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਇਹ ਦਸ ਵੱਡੇ ਦੇਸ਼ ਖ਼ਾਸ ਕਰਕੇ ਅਮਰੀਕਾ ਪ੍ਰਦੂਸ਼ਣ ਰੋਕਣ ਲਈ ਬਣਾਏ ਫੰਡ ਵਿਚ ਕੋਈ ਵੱਡੀ ਰਕਮ ਨਹੀਂ ਦਿੰਦਾ, ਜਿਸ ਨਾਲ ਡਵਲਯੂ.ਐਚ.ਓ. (ਵਿਸ਼ਵ ਸਿਹਤ ਸੰਗਠਨ) ਦੇ ਹਵਾ ਪ੍ਰਦੂਸ਼ਣ ਰੋਕਣ ਵਾਲੇ ਪ੍ਰਾਜੈਕਟਾਂ ਨੂੰ ਸਫਲਤਾਪੂਰਵਕ ਲਾਗੂ ਨਹੀਂ ਕੀਤਾ ਜਾ ਸਕਦਾ ਹੈ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਹਵਾ ਪ੍ਰਦੂਸ਼ਣ ਦੇ 10 ਕਾਰਕ ਗਿਣੇ ਹਨ, ਜਿਨ੍ਹਾਂ ਵਿਚ ਉਦਯੋਗਾਂ ਤੋਂ ਪੈਦਾ ਗੰਦਲੀ ਹਵਾ, ਜੰਗਲਾਂ ਵਿਚ ਅੱਗ, ਘਰਾਂ ਅੰਦਰ ਹਵਾ ਪ੍ਰਦੂਸ਼ਣ, ਈਂਧਣ ਦਾ ਅਧੂਰਾ ਜਲਣ, ਵਾਹਨਾਂ ਵਲੋਂ ਪੈਦਾ ਧੂੰਆਂ, ਕਚਰੇ ਦਾ ਖੁੱਲ੍ਹੇ ਵਿਚ ਜਾਲਣਾ, ਖੇਤੀ ਸਬੰਧੀ ਗਤੀਵਿਧੀਆਂ, ਰਸਾਇਣ ਅਤੇ ਸਿੰਥੈਟਿਕ ਉਤਪਾਦਾਂ ਦੀ ਵਰਤੋਂ ਆਦਿ ਹਨ। ਇਹ ਪ੍ਰਦੂਸ਼ਣ ਸਾਫ਼ ਹਵਾ ਗੰਦਲੀ ਕਰਦੇ ਹਨ। ਇੰਜ ਹਵਾ ਪ੍ਰਦੂਸ਼ਣ ਨਾਲ ਸਾਹ ਲੈਣ 'ਚ ਤੰਗੀ ਹੁੰਦੀ ਹੈ।

ਹਵਾ ਪ੍ਰਦੂਸ਼ਕਾਂ ਨੂੰ ਅਸੀਂ ਆਪਣੀ ਨੰਗੀ ਅੱਖ ਨਾਲ ਨਹੀਂ ਵੇਖ ਸਕਦੇ, ਇਸ ਲਈ ਸਾਨੂੰ ਵਧਦੇ ਪ੍ਰਦੂਸ਼ਣ ਦੇ ਪੱਧਰ ਦਾ ਅਹਿਸਾਸ ਨਹੀਂ ਹੁੰਦਾ। ਪਰ ਇਹ ਹਵਾ ਪ੍ਰਦੂਸ਼ਕਾਂ ਦੀ ਵਧਦੀ ਸੰਖਿਆ ਤਾਜ਼ੀ, ਸਾਫ਼ ਸੁਥਰੀ ਹਵਾ ਵਿਚ ਸਾਹ ਲੈਣਾ ਲਗਭਗ ਅਸੰਭਵ ਬਣਾ ਦਿੰਦੀ ਹੈ। ਅੱਜ ਦੇ ਸਮੇਂ ਹਵਾ ਪ੍ਰਦੂਸ਼ਣ ਸਭ ਤੋਂ ਵੱਡਾ ਹਤਿਆਰਾ ਹੈ।

ਦਿੱਲੀ 'ਚ ਵਧ ਰਹੇ ਹਵਾ ਪ੍ਰਦੂਸ਼ਣ ਲਈ ਭਾਵੇਂ ਗੁਆਂਢੀ ਰਾਜਾਂ ਨੂੰ ਦੋਸ਼ ਦਿੱਤਾ ਜਾ ਰਿਹਾ ਹੈ, ਪਰ ਦਿੱਲੀ ਹਰ ਦਿਨ 9500 ਟਨ ਕਚਰਾ ਪੈਦਾ ਕਰਦੀ ਹੈ। ਇਹ ਕਚਰਾ ਖੁੱਲ੍ਹੇਆਮ ਜਲਾਉਣ ਨਾਲ ਹਵਾ ਵਿਚ ਬਲੈਕ ਕਾਰਬਨ, ਕਾਲਖ ਆਦਿ ਜਿਹੇ ਪਦਾਰਥ ਪੈਦਾ ਹੁੰਦੇ ਹਨ, ਜਿਹੜੇ ਸਾਹ ਦੀਆਂ ਬੀਮਾਰੀਆਂ, ਦਮਾ, ਦਿਲ ਦੇ ਰੋਗ ਆਦਿ ਪੈਦਾ ਕਰਦੇ ਹਨ। ਦਿੱਲੀ 'ਚ ਕਿਉਂਕਿ ਜਨ ਸੰਖਿਆ ਨਿੱਤ ਪ੍ਰਤੀ ਵਧ ਰਹੀ ਹੈ, ਨਿਰਮਾਣ ਵਧ ਰਿਹਾ ਹੈ। ਨਿਰਮਾਣ ਥਾਵਾਂ ਉਤੇ ਇੱਟਾਂ, ਕੰਕਰੀਟ ਜਿਹੇ ਕੱਚੇ ਮਾਲ ਨਾਲ ਧੁੰਦ, ਬਦਬੂ ਪੈਦਾ ਹੁੰਦੀ ਹੈ ਜਿਹੜੀ ਬੱਚਿਆਂ, ਬਜ਼ੁਰਗਾਂ ਦੀ ਸਿਹਤ ਲਈ ਅਤਿਅੰਤ ਹਾਨੀਕਾਰਕ ਹੈ।

ਦਿੱਲੀ 'ਚ ਵਾਹਨਾਂ ਦੀ ਗਿਣਤੀ 'ਚ ਵਾਧਾ ਪ੍ਰਦੂਸ਼ਣ ਪੈਦਾ ਕਰਦਾ ਹੈ। ਸੜਕਾਂ 'ਤੇ ਕਾਰਾਂ ਦੀ ਗਿਣਤੀ ਵਧ ਰਹੀ ਹੈ। ਜਦੋਂ ਕਾਰ ਗੈਸੋਲੀਨ ਜਲਾਉਂਦੀ ਹੈ ਤਾਂ ਹਵਾ ਵਿਚ ਪ੍ਰਦੂਸ਼ਣ ਪੈਦਾ ਕਰਦੀ ਹੈ, ਜੋ ਇਕ ਦਿਨ ਵਿਚ 10 ਸਿਗਰਟਾਂ ਪੀਣ ਦੇ ਬਰਾਬਰ ਹਾਨੀਕਾਰਕ ਹੈ। ਸਾਡਾ ਵਾਹਨ ਕਾਰਬਨ ਮੋਨੋਆਕਸਾਈਡ, ਹਾਈਡ੍ਰੋਕਾਰਬਨ, ਨਾਈਟ੍ਰੋਜਨ ਆਕਸਾਈਡ, ਪੀ.ਐਮ. 2.5 ਅਤੇ ਪੀ.ਐਮ. 10 (ਪਾਰਟੀਕੁਲੇਟ ਮੈਟਰ) ਪੈਦਾ ਕਰਦਾ ਹੈ।

ਦਿੱਲੀ ਦੀ ਵਧਦੀ ਆਬਾਦੀ, ਇਨਡੋਰ ਪ੍ਰਦੂਸ਼ਣ ਦਾ ਕਾਰਨ ਹੈ। ਕਮਰੇ ਦੇ ਅੰਦਰ ਸਿਗਰਟਨੋਸ਼ੀ, ਰਸੋਈ ਘਰ 'ਚ ਜਾਂ ਕਮਰੇ 'ਚ ਲੱਕੜਾਂ, ਕੋਲੇ ਦਾ ਜਲਣਾ ਹਵਾ ਪ੍ਰਦੂਸ਼ਣ ਦਾ ਕਾਰਨ ਹੈ। ਸਾਲ 2018 ਦੀ ਇਕ ਰਿਪੋਰਟ ਅਨੁਸਾਰ ਨਿਮੋਨੀਆ, ਘਰ ਵਿਚ ਹਵਾ ਪ੍ਰਦੂਸ਼ਣ ਨਾਲ ਹੁੰਦਾ ਹੈ, ਜਿਸ ਨਾਲ 27 ਫੀਸਦੀ ਮੌਤਾਂ ਹੁੰਦੀਆਂ ਹਨ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਚ ਨਿਮੋਨੀਆ ਕਾਰਨ 45 ਫੀਸਦੀ ਮੌਤਾਂ ਹੁੰਦੀਆਂ ਹਨ।

ਰਿਪੋਰਟ ਕਹਿੰਦੀ ਹੈ ਕਿ 2020 ਵਿਚ ਘਰੇਲੂ ਹਵਾ ਪ੍ਰਦੂਸ਼ਣ ਹਰ ਸਾਲ 3.2 ਮਿਲੀਅਨ ਮੌਤਾਂ ਲਈ ਜ਼ਿਮੇਵਾਰ ਹੈ, ਇਸ ਨਾਲ ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਪੀੜਤ ਹੁੰਦੇ ਹਨ ਅਤੇ ਸਿੱਟੇ ਵਜੋਂ 2,37,000 ਮੌਤਾਂ ਹਰ ਸਾਲ ਹੁੰਦੀਆਂ ਹਨ। ਇੰਨਾ ਕੁਝ ਭਿਆਨਕ ਹਵਾ ਪ੍ਰਦੂਸ਼ਣ ਕਾਰਨ ਵਾਪਰਦਾ ਹੈ। ਪਰ ਨਾ ਹੀ ਸਮਾਜਿਕ ਤੌਰ 'ਤੇ ਲੋਕਾਂ ਵਿਚ ਇਸ ਪ੍ਰਤੀ ਜਾਗਰੂਕਤਾ ਹੈ ਅਤੇ ਨਾ ਹੀ ਸਰਕਾਰਾਂ ਵਿਚ।

ਕੀ ਮਨੁੱਖ ਦੁਆਰਾ ਆਪੇ ਫੈਲਾਏ "ਮੌਤ ਦੇ ਜੰਤਰ" ਨੂੰ ਰੋਕਣ ਲਈ ਕੋਈ ਸਰਕਾਰੀ ਇੱਛਾ ਸ਼ਕਤੀ ਹੈ?

ਕੀ ਅਸੀਂ ਪਾਣੀ ਪ੍ਰਦੂਸ਼ਣ ਤੋਂ ਔਖੇ ਜਿਵੇਂ ਪਾਣੀ ਦੀਆਂ ਬੋਤਲਾਂ ਹੱਥਾਂ ਵਿਚ ਫੜ ਕੇ ਘੁੰਮ ਰਹੇ ਹਾਂ, ਉਵੇਂ ਹੀ ਭਵਿੱਖ ਵਿਚ ਆਕਸੀਜਨ ਸਿਲੰਡਰ ਨਾਲ ਸਾਹ ਲੈਣ ਲਈ ਇਸ ਨੂੰ ਆਪਣੇ ਨਾਲ ਚੁੱਕੇ ਜਾਣ ਵਾਲੇ ਸਮੇਂ ਦੀ ਉਡੀਕ 'ਚ ਲੱਗੇ ਹਾਂ?

# ਪੜ੍ਹਨਯੋਗ ਤੇ ਸਾਂਭਣਯੋਗ ਬਾਲ ਪੁਸਤਕ – ਆ ਨੀ ਚਿੜੀਏ

## ਪੁਸਤਕ ਸਮੀਖਿਆ

**ਪੁਸਤਕ ਸਮੀਖਿਆਕਾਰ: ਕ੍ਰਿਸ਼ਨ ਸਿੰਘ (ਪ੍ਰਿੰਸੀਪਲ)**

**ਪੁਸਤਕ ਲੇਖਿਕਾ/ ਸ਼ਾਇਰਾ: ਗੁਰਦੀਸ਼ ਕੌਰ 'ਦੀਸ਼' ਗਰੇਵਾਲ**

**ਗੋਸਲ ਪ੍ਰਕਾਸ਼ਨ, ਤਹਿਸੀਲ ਪਾਇਲ ਜ਼ਿਲ੍ਹਾ ਲੁਧਿਆਣਾ।**

**ਕੀਮਤ 200/ ਰੁਪਏ**

ਗੁਰਦੀਸ਼ ਕੌਰ ਗਰੇਵਾਲ ਮੂਲ ਰੂਪ ਵਿਚ ਗੁਰਮਤਿ ਸਿਧਾਂਤਾਂ ਨੂੰ ਪ੍ਰਣਾਈ ਲੇਖਿਕਾ ਹੈ। ਪੰਜਾਬੀ ਸਾਹਿਤ ਦੀ ਉਹ ਜਾਣੀ-ਪਛਾਣੀ ਬਹੁ-ਵਿਧਾਵੀ ਸਾਹਿਤਕਾਰਾ ਹੈ, ਉਸ ਨੇ ਅੱਧੀ ਦਰਜਨ ਤੋਂ ਵੱਧ ਪੁਸਤਕਾਂ ਆਪਣੇ ਪੰਜਾਬੀ ਪਾਠਕਾਂ ਦੀ ਝੋਲੀ ਪਾਈਆਂ ਹਨ।




ਉਸ ਦੇ ਸ਼ਬਦ-ਸੱਭਿਆਚਾਰ ਦੀ ਖ਼ਾਸੀਅਤ ਇਹ ਹੈ ਕਿ ਉਸ ਦੀ ਸਹਿਜਭਾਵੀ ਬਿਰਤੀ ਹਮੇਸ਼ਾਂ ਮਨੁੱਖੀ ਭਾਵਨਾਵਾਂ ਨੂੰ ਸਮਝਣ/ ਸਮਝਾਉਣ ਲਈ ਕਿਰਿਆਸ਼ੀਲ ਰਹਿੰਦੀ ਹੈ। ਬਜ਼ਾਤੇ ਖ਼ੁਦ ਕਿਉਂਕਿ ਉਹ ਗੁਰਬਾਣੀ -ਚਿੰਤਨ ਨੂੰ ਸਮਰਪਿਤ ਹੈ, ਉਹ ਭਾਵੇਂ ਸਾਹਿਤ ਦੀ ਕਿਸੇ ਵੀ ਵਿਧਾ ਰਾਹੀਂ ਆਪਣੇ ਪਾਠਕਾਂ ਦੇ ਰੂਬਰੂ ਹੋਵੇ, ਉਸਦੀ ਲੇਖਣੀ ਦਾ ਕੇਂਦਰ ਬਿੰਦੂ ਗੁਰਬਾਣੀ ਆਧਾਰਿਤ ਸਰਬ ਸਾਂਝੇ ਮਾਨਵੀ ਧਰਾਤਲ ਦੀ ਤਲਾਸ਼ 'ਤੇ ਕੇਂਦ੍ਰਿਤ ਹੁੰਦਾ ਹੈ। ਪ੍ਰੱਤਖ ਨੂੰ ਪ੍ਰਮਾਣ ਦੀ ਲੋੜ ਨਹੀਂ, ਪ੍ਰਭੂ ਸਾਜ਼ੀ ਕਾਇਨਾਤ ਪ੍ਰਤੀ ਉਸ ਦੀ ਸਾਹਿਤਕ ਪਹੁੰਚ ਨਕਾਰਾਤਮਿਕ ਨਹੀਂ ਜਾਂ ਕੇਵਲ ਦੋ-ਜਮ੍ਹਾਂ-ਦੋ ਬਰਾਬਰ ਚਾਰ ਦੇ ਵਿਗਿਆਨਕ ਫ਼ਾਰਮੂਲੇ ਨਾਲ ਨਹੀਂ ਜੁੜੀ ਹੋਈ ਸਗੋਂ ਉਹ ਆਪਣੇ ਅਮਲ ਵਜੋਂ ਰੱਬੀ ਗੁਣਾਂ ਵਾਲੇ ਸਕਾਰਾਤਮਿਕ ਨਤੀਜਿਆਂ ਨੂੰ ਅਹਿਮੀਅਤ ਦਿੰਦੀ ਹੈ; ਇਹੋ ਕਾਰਨ ਹੈ ਉਹ ਕੌਮਾਂਤਰੀ ਪੱਧਰ ਦੀ ਸੰਸਥਾ 'ਸਰਬ ਰੋਗ ਕਾ ਅਉਖਦੁ ਨਾਮੁ' ਵਿਚ ਬੜੇ ਆਤਮ-ਵਿਸ਼ਵਾਸ ਨਾਲ ਆਪਣਾ ਰੋਲ ਅਦਾ ਕਰਦੀ ਹੈ।

**ਕ੍ਰਿਸ਼ਨ ਸਿੰਘ (ਪ੍ਰਿੰਸੀਪਲ)**
**ਫੋਨ: 94639 89639**

ਖ਼ੂਬਸੂਰਤ ਗੱਲ ਤਾਂ ਇਹ ਹੈ ਕਿ ਉਸ ਦੀ ਗੁਰਬਾਣੀ - ਮੁਹਾਵਰੇ/ਦ੍ਰਿਸ਼ਟੀਕੋਣ ਦੀ ਇਹ ਨਿਰੰਤਰਤਾ, ਸਾਡੀ ਇਸ ਹਥਲੀ ਪੁਸਤਕ,'ਆ ਨੀ ਚਿੜੀਏ' ਵਿਚ ਵੀ ਇਸ ਦੇ ਆਰ-ਪਾਰ ਪੂਰੀ ਤਰ੍ਹਾਂ ਸਮਾਈ ਹੋਈ ਹੈ; ਜੋ ਆਪਣੇ ਵਿਭਿੰਨ ਪਾਸਾਰਾਂ ਸੰਗ ਓਤ-ਪੋਤ ਹੈ : ਮਾਅਰਕੇ ਵਾਲੀ ਗੱਲ ਤਾਂ ਇਹ ਹੈ ਕਿ ਉਪਰੋਕਤ ਗੰਭੀਰ ਦਾਰਸ਼ਨਿਕ ਵਿਸ਼ਿਆਂ ਨਾਲ ਨਜਿੱਠਣ ਦੀ ਬਜਾਏ, ਇਹ ਪੁਸਤਕ ਆਪਣੀ ਸੁਖੈਨ ਭਾਸ਼ਾ, ਕਾਵਿਕ ਵਾਤਾਵਰਣ ਤੇ ਮੂਲ ਉਦੇਸ਼ ਵਜੋਂ ਬਾਲ ਮਨੋਵਿਗਿਆਨ ਵਾਲੇ ਨਾਜ਼ੁਕ/ਕੋਮਲ ਵਿਸ਼ਿਆਂ ਦੀ ਨਿਸ਼ਾਨਦੇਹੀ ਕਰਨ ਦੇ ਆਹਰ ਵਿਚ ਜੁਟੀ ਹੋਈ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਗੁਰਦੀਸ਼ ਗਰੇਵਾਲ ਦਾ ਕਾਵਿ-ਆਵੇਸ਼ ਭਾਵੇਂ ਮਨੁੱਖੀ ਜੀਵਨ ਦੇ ਕਿਸੇ ਵੀ ਖ਼ੇਤਰ ਨਾਲ ਕਿਉਂ ਨਾ ਜੁੜਿਆ ਹੋਵੇ, ਸੰਬੰਧਿਤ ਵਿਸ਼ੇ ਦੀ ਸਾਰਥਿਕਤਾ ਆਪਣੇ ਅੰਤਿਮ-ਬਿੰਦੂ ਤੱਕ ਆਪਣਾ ਬਣਦਾ ਕਾਵਿ ਧਰਮ ਜ਼ਰੂਰ ਨਿਭਾਉਂਦੀ ਹੈ। ਕਿਸੇ ਵੀ ਲੇਖਕ/ਸ਼ਾਇਰ ਦੀ ਮੌਲਿਕਤਾ ਨੂੰ ਪਰਖਣ/ਸਮਝਣ ਦਾ ਇਹੋ ਵਿਸ਼ੇਸ਼ ਮਾਪਦੰਡ ਹੁੰਦਾ ਹੈ ਜੋ ਵਿਸ਼ੇ ਤੇ ਰੂਪ ਦੀ ਸਮਨਵੈਵਾਦੀ ਸਿਰਜਣਸ਼ੀਲਤਾ ਨੂੰ ਸੁਤੇ-ਸਿੱਧ ਹੀ ਮੂਰਤੀਮਾਨ ਕਰ ਦਿੰਦਾ ਹੈ; ਇਹੋ ਕਾਰਨ ਹੈ ਵਿਦਵਾਨ ਆਲੋਚਕਾਂ ਦੀ ਧਾਰਨਾ ਦਾ ਵੀ ਸੱਚ ਹੈ ਕਿ ਵਿਸ਼ਾ ਆਪਣਾ ਰੂਪ ਖ਼ੁਦ ਅਖ਼ਤਿਆਰ ਕਰ ਲੈਂਦਾ ਹੈ; ਸੂਖ਼ਮ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਸਾਹਿਤ ਵਿਧਾਵਾਂ ਦੀ ਵਿਭਿੰਨਤਾ ਵੰਨ-ਸੁਵੰਨਤਾ ਵੀ ਇਸੇ ਗੱਲ ਦੀ ਪੁਸ਼ਟੀ ਕਰਦੀ ਹੈ। ਗੁਰਦੀਸ਼ ਕੌਰ ਗਰੇਵਾਲ ਦਾ ਇਹੋ ਸਾਹਿਤਕ ਗੁਣ ਹੈ ਜੋ ਹਮੇਸ਼ਾਂ ਉਸ ਦੀ ਸਿਰਜਣਸ਼ੀਲਤਾ ਦਾ ਹਾਣੀ/ਅੰਗ ਬਣਦਾ ਹੈ।

ਇਸ ਪੁਸਤਕ ਦੇ 34 ਪੰਨਿਆਂ ਵਿਚ ਅੰਕਿਤ 29 ਬਾਲ ਕਵਿਤਾਵਾਂ ਪਰਿਵਾਰਕ, ਸਮਾਜਿਕ, ਇਤਿਹਾਸਕ, ਪ੍ਰਕਿਰਤਕ, ਸਲੀਕੇ, ਜੀਵਨ ਚੱਜ- ਆਚਾਰ, ਪੰਜਾਬੀ ਸੱਭਿਆਚਾਰ, ਮਾਂ ਬੋਲੀ ਪੰਜਾਬੀ ਅਤੇ ਰੱਬੀ ਰੰਗ ਵਾਲੀਆਂ ਭਾਵਨਾਵਾਂ ਸੰਗ ਲਬਰੇਜ਼ ਹਨ। ਇਨ੍ਹਾਂ ਦੀ ਸਾਹਿਤਕ ਖ਼ੂਬੀ ਇਹ ਹੈ ਕਿ ਇਨ੍ਹਾਂ ਕਵਿਤਾਵਾਂ ਦੀ ਸੁਰ ਬਾਲ ਮਨੋਵਿਗਿਆਨ ਦਾ ਧੁਰ ਅੰਦਰੋਂ ਅਹਿਸਾਸ ਕਰਵਾਉਂਦੀ ਹੈ; ਪਾਠਕ ਨੂੰ ਕਿਸੇ ਵੀ ਤਰ੍ਹਾਂ ਦਾ ਬੋਝਲਪਨ ਨਹੀਂ ਲੱਗਦਾ; ਆਪਣੇ ਸਮੁੱਚ ਵਜੋਂ ਇਹ ਬੱਚਿਆਂ ਦੇ ਸਮਝ ਗੋਚਰੇ ਹੈ। ਇਨ੍ਹਾਂ ਦਾ ਕਾਵਿ ਰੰਗ ਐਨੇ ਕਲਾਤਮਿਕ ਸੁਹਜ ਨਾਲ ਮੂਰਤੀਮਾਨ ਹੋਇਆ ਹੈ ਕਿ ਕਈ ਕਵਿਤਾਵਾਂ ਵਿਚ ਤਾਂ ਉਸ ਦੇ ਪਰਵਾਸੀ ਲੇਖਿਕਾ ਹੋਣ ਵਜੋਂ, ਪੰਜਾਬੀ ਅਤੇ ਕੈਨੇਡੀਅਨ ਸੱਭਿਆਚਾਰ ਦਾ ਸੰਗਮ ਵੀ ਸੁਤੇ ਸਿੱਧ ਹੀ ਹੋ ਗਿਆ ਹੈ। ਕੁਝ ਕਵਿਤਾਵਾਂ ਤਾਂ ਆਪਣੇ ਆਪ ਮੁਹਾਰੇਪਨ ਦੀ ਸਿਰਜਣ ਪ੍ਰਕਿਰਿਆ ਅਤੇ ਆਪਣੇ ਤੋਲ-ਤੁਕਾਂਤ ਵਜੋਂ ਲੋਕ ਗੀਤਾਂ ਦੀ ਮਹਿਕ ਦਾ ਪ੍ਰਭਾਵ ਵੀ ਛੱਡਦੀਆਂ ਹਨ। ਪੁਸਤਕ ਦਾ ਸਿਰਲੇਖ ਵੀ ('ਆ ਨੀ ਚਿੜੀਏ') ਬੱਚਿਆਂ ਦੀ ਮਾਸੂਮੀਅਤ ਅਤੇ ਮਾਂ ਮਮਤਾ ਦਾ ਪ੍ਰਤੀਕ ਹੈ। ਇਸ ਦੀ ਰੰਗੀਨ ਦਿੱਖ ਤੇ ਢੁਕਵੀਆਂ ਤਸਵੀਰਾਂ ਨੇ ਕਵਿਤਾਵਾਂ ਦੇ ਥੀਮਿਕ ਪਾਸਾਰਾਂ ਦੇ ਪ੍ਰਗਟਾਵੇ ਲਈ ਸੋਨੇ 'ਤੇ ਸੁਹਾਗੇ ਵਾਲਾ ਕਾਰਜ ਕੀਤਾ ਹੈ। ਇਹ ਉਸ ਦਾ ਸਵੈ-ਹੰਢਾਇਆ ਉਮਰ ਦਰਾਜ਼ ਕਾਵਿ-ਅਨੁਭਵਹੈ ਜੋ ਆਪਣੇ ਆਧੁਨਿਕ ਪਰਿਪੇਖ ਵਜੋਂ ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਨਮੂਨੇ ਵਜੋਂ ਇਥੇ ਕੁਝ ਕਵਿਤਾਵਾਂ ਸਾਂਝੀਆਂ ਕੀਤੀਆਂ ਜਾ ਸਕਦੀਆਂ ਹਨ ਜੋ ਕੇਵਲ ਬਾਲ ਮਨੋਵਿਗਿਆਨ ਦੇ ਮੁੱਦੇ ਵਜੋਂ ਨਹੀਂ ਸਗੋਂ ਮਨੁੱਖੀ ਜੀਵਨ ਦੀ ਸਦੀਵੀ ਚੇਤਨਾ/ ਸੰਦੇਸ਼ ਵਜੋਂ ਵੀ ਅਰਥ ਭਰਪੂਰ ਹਨ :




ਦਾਦੀ 'ਦੀਸ਼' ਕਰੇ ਵਡਿਆਈ,
ਆਖੇ ,'ਘਰ ਵਿਚ ਰੌਣਕ ਆਈ'!
ਸਾਰੇ ਮੇਰਾ ਰੱਖਣ ਖ਼ਿਆਲ,
ਵੱਡੀ ਹੋ ਕੇ ਕਰੂੰ ਕਮਾਲ। ( ਨੰਨ੍ਹੀ ਪਰੀ, ਪੰਨਾ 32)

...ਇਸ 'ਤੇ ਰੁਖ ਤੇ ਪੌਦੇ ਲਾਈਏ,
ਹਰਿਆਲੀ ਦੇ ਨਾਲ ਸਜਾਈਏ।
ਦਾਦੀ 'ਦੀਸ਼' ਕਹੇ ਹਰ ਸਾਲ,
ਕਰੀਏ ਧਰਤੀ ਦੀ ਸੰਭਾਲ। (ਸਾਡੀ ਧਰਤੀ ਮਾਂ, ਪੰਨਾ 6)

...ਚਿੜੀ ਨੇ ਸਾਂਭੇ ਸਾਰੇ ਦਾਣੇ।
ਰੱਜ ਰੱਜ ਕੇ ਬੱਚਿਆਂ ਨੇ ਖਾਣੇ।
ਮਿਹਨਤ ਦਾ ਫ਼ਲ ਹੋਵੇ ਮਿੱਠਾ।
ਦਾਦੀ 'ਦੀਸ਼' ਸੁਣਾਇਆ ਚਿੱਠਾ। (ਇਕ ਸੀ ਚਿੜੀ, ਪੰਨਾ 12)

...ਮੇਰੀ ਜਿੰਦ ਤੇ ਜਾਨ ਕਿਤਾਬਾਂ।
ਮੈਨੂੰ ਦੇਣ ਗਿਆਨ ਕਿਤਾਬਾਂ।
'ਦੀਸ਼' ਦੀ ਗੱਲ ਨੂੰ ਮੰਨੋ ਯਾਰ।
ਕਰੋ ਕਿਤਾਬਾਂ ਨਾਲ ਪਿਆਰ। (ਕਿਤਾਬਾਂ, ਪੰਨਾ 24)

ਹਥਲੀ ਪੁਸਤਕ ਦੇ ਸੰਦਰਭ ਵਿਚ ਇਹ ਕਹਿਣਾ ਬਣਦਾ ਹੈ ਕਿ ਸਾਡੇ ਬਾਲ ਮਨੋਵਿਗਿਆਨ ਸਾਹਿਤ ਦੀ ਤ੍ਰਾਸਦੀ ਇਹ ਰਹੀ ਹੈ ਕਿ ਭਾਵੇਂ ਇਹ ਸਾਹਿਤ ਕਵਿਤਾ ਵਿਚ ਸੀ ਜਾਂ ਵਾਰਤਕ ਵਿਚ; ਅਸੀਂ ਸਾਰੇ ਜਾਂ ਸਾਡੇ ਆਲੋਚਕ ਇਸ ਦੀ ਇਤਿਹਾਸਕਾਰੀ ਪ੍ਰਤੀ ਬੱਝਵੇਂ ਜਾਂ ਵਿਧੀਵਤ ਰੂਪ ਵਿਚ ਨਿਠ ਕੇ ਸੁਚੇਤ ਨਹੀਂ ਹੋ ਸਕੇ; ਜਦੋਂ ਕਿ ਨੰਨ੍ਹੇ-ਮੁੰਨੇ ਬਾਲਾਂ ਦੇ ਇਸ ਸਾਹਿਤ ਨੇ ਸਾਡੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਵਿਰਸੇ ਨੂੰ ਸੰਭਾਲ ਕੇ ਸੁਨਹਿਰੀ ਭਵਿੱਖ ਨੂੰ ਸਿਰਜਣ ਪ੍ਰਤੀ ਵੱਡਮੁੱਲਾ ਯੋਗਦਾਨ ਪਾਉਣਾ ਸੀ। ਸਾਡੀ ਅੱਜ ਦੀ ਨੌਜਵਾਨ ਪੀੜ੍ਹੀ ਦੇਸ਼ਾਂ/ ਵਿਦੇਸ਼ਾਂ ਵਿਚ ਕਿੰਨੀਆਂ ਦੁਸ਼ਵਾਰੀਆਂ ਤੇ ਸੰਕਟਾਂ ਦਾ ਸ਼ਿਕਾਰ ਹੋ ਚੁੱਕੀ ਹੈ, ਇਹ ਕਿਸੇ ਵੀ ਪੰਜਾਬੀ ਤੋਂ ਛੁਪਿਆ ਨਹੀਂ। ਮੌਕੇ ਦੀਆਂ ਸਰਕਾਰਾਂ ਦਾ ਆਪਣਾ ਰੋਲ ਹੈ ਪਰੰਤੂ ਭਾਵਨਾਤਮਿਕ ਖ਼ੇਤਰ ਵਿਚ ਸ਼ਾਇਦ ਅਸੀਂ ਵਿਸ਼ੇਸ਼ ਤੌਰ 'ਤੇ ਅਜੋਕੀ ਸੱਠਵਿਆਂ/ ਸੱਤਰ੍ਹਵਿਆਂ ਵਾਲੀ ਪੀੜ੍ਹੀ, ਉਨ੍ਹਾਂ ਬੱਚਿਆਂ ਦੀਆਂ ਭਾਵਨਾਵਾਂ ਨੂੰ ਨੇੜਿਓਂ ਹੋ ਕੇ ਸਮਝਣ ਤੋਂ ਅਸਮਰਥ ਰਹੀ, ਅਸੀਂ ਉਨ੍ਹਾਂ ਨੂੰ ਚੰਗੇ ਸਭਿਆਚਾਰਕ ਵਿਰਸੇ/ ਸੰਸਕਾਰਾਂ ਵਾਲੀ ਗੁੜ੍ਹਤੀ ਨਹੀਂ ਦੇ ਸਕੇ। ਮੈਨੂੰ ਪੂਰੀ ਆਸ ਹੈ ਕਿ ਗੁਰਦੀਸ਼ ਗਰੇਵਾਲ ਵਲੋਂ ਹੋਇਆ ਇਹ ਸਾਰਥਕ ਉਪਰਾਲਾ ਪੰਜਾਬੀ ਬਾਲ-ਕਾਵਿ ਖ਼ੇਤਰ ਵਿਚ ਵਿਸ਼ੇਸ਼ ਤੌਰ 'ਤੇ ਲਾਹੇਵੰਦ ਸਿੱਧ ਹੋਵੇਗਾ ਕਿਉਂਕਿ ਉਸ ਦੀ ਇਸ ਪਲੇਠੇ ਬਾਲ ਕਾਵਿ ਸੰਗ੍ਰਹਿ ਦੀ ਪ੍ਰਾਪਤੀ ਇਕ ਦਿਨ ਦੀ ਘਾਲਣਾ ਨਹੀਂ ਉਸ ਦੇ ਅਧਿਆਪਨ ਕਿੱਤੇ ਦੇ ਜੀਵਨ ਤਜ਼ਰਬੇ ਅਤੇ ਬਤੌਰ ਨਾਨੀ/ਦਾਦੀ ਇਕੱਠੀ ਹੋਈ ਮੁਹੱਬਤ ਦੀ ਪਟਾਰੀ ਵੀ ਬੜੀ ਸੁਹਿਰਦਤਾ/ ਦਰਿਆਦਿਲੀ ਨਾਲ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਮੇਰੀ ਜਾਚੇ ਇਹ ਹਥਲੀ ਪੁਸਤਕ ਪੰਜਾਬ ਵਿਚ ਹੀ ਨਹੀਂ ਸਗੋਂ ਵਿਦੇਸ਼ੀ/ਪ੍ਰਵਾਸੀ ਪੰਜਾਬੀ ਭਾਈਚਾਰੇ ਲਈ ਵੀ ਇਕ ਤੋਹਫ਼ਾ ਸਾਬਤ ਹੋਵੇਗੀ ਜੋ ਰਿਸ਼ਤਿਆਂ ਦੀ ਪਛਾਣ ਹੀ ਨਹੀਂ ਕਰਵਾਉਂਦੀ, ਉਨ੍ਹਾਂ ਰਿਸ਼ਤਿਆਂ ਦੀ ਪਾਕੀਜ਼ਗੀ/ ਪਰਿਪੱਕਤਾ ਦਾ ਵੀ ਅਹਿਸਾਸ ਕਰਵਾਏਗੀ। ਮੈਂ ਗੁਰਦੀਸ਼ ਗਰੇਵਾਲ ਜੀ ਨੂੰ ਉਨ੍ਹਾਂ ਵਲੋਂ ਪੰਜਾਬੀ ਬਾਲ – ਕਾਵਿਧਾਰਾ ਵਿਚ ਇਸ ਅਨੂਠੀ ਪ੍ਰਵੇਸ਼ਕਾਰੀ ਕਰਨ 'ਤੇ ਦਿਲੋਂ ਮੁਬਾਰਕਬਾਦ ਦਿੰਦਾ ਹਾਂ ਅਤੇ ਉਨ੍ਹਾਂ ਤੋਂ ਇਸ ਖੇਤਰ ਦੀਆਂ ਹੋਰ ਵੀ ਭਵਿੱਖਮੁਖੀ ਸੰਭਾਵਨਾਵਾਂ ਦੀ ਉਮੀਦ ਕਰਦਾ ਹਾਂ।

# ਇੱਕ ਸਿਜਦਾ

ਕੋਈ ਸਵੇਰੇ 7 ਕੁ ਵਜੇ, ਮੈਂ ਆਪਣਾ ਸਟਾਲ ਤਿਆਰ ਕਰ, ਟੇਬਲ ਉੱਤੇ ਫਾਈਲਾਂ, ਫੋਲਡਰ, ਪੈੱਨ, ਟੀ-ਸ਼ਰਟ, ਬੈਗ ਸਜਾ ਕੇ ਨਾਲ ਦੇ ਸਟਾਲ ਉੱਤੇ ਨਿਗ੍ਹਾ ਮਾਰੀ ਤਾਂ ਜਿੱਥੇ ਲੰਗਰ ਦੇ ਚਾਰ ਸਟਾਲ ਲੱਗਣੇ ਸਨ ਉੱਥੇ ਹਾਲੇ ਇਕ ਹੀ ਲੱਗਾ ਸੀ, ਕੋਈ ਚਾਰ ਕੁ ਜਵਾਨ ਮੁੰਡੇ ਖੜ੍ਹੇ ਸਨ। ਮਨਜੋਤ ਯੂਬਾ ਸਿਟੀ, ਜਿਹੜਾ ਕਿ ਇਨ੍ਹਾਂ ਸਾਰੇ ਸਟਾਲਾਂ ਦਾ ਇੰਚਾਰਜ ਸੀ, ਹਾਲੇ ਤੱਕ ਨਹੀਂ ਸੀ ਆਇਆ। ਮੈਂ ਉਂਝ ਹੀ ਬਾਕੀ ਜੁਆਨਾਂ ਬਾਰੇ ਪੁੱਛਣ ਖਾਤਰ ਅਗਾਂਹ ਨੂੰ ਹੋਇਆ ਤਾਂ ਉਹ ਚਾਰੇ ਜੁਆਨ, ਤਿੰਨ ਸਿਰੋਂ ਮੋਨੇ ਅਤੇ ਇੱਕ ਨੇ ਸ਼ਾਇਦ ਪੱਗ ਬੰਨ੍ਹੀ ਸੀ ਪਰ ਦਾਹੜੀ ਕੱਟੀ ਹੋਈ। ਲੰਗਰ ਦੀ ਸ਼ੁਰੂਆਤ ਕਰ ਰਹੇ ਸਨ। ਜਦੋਂ ਮੈਂ ਦੇਖਿਆ ਤੇ ਇੱਕ ਮੋਨਾ ਮੁੰਡਾ ਹੱਥ ਵਿਚ ਫੋਨ ਫੜੀ ਕੁਝ ਸਕਰੋਲ ਕਰ ਲੱਭ ਰਿਹਾ ਸੀ, ਤੇ ਬਾਕੀ ਤਿੰਨੇ ਲਾਗੇ ਖੜੇ, ਤੇ ਫੋਨ ਵਿਚ ਉਨ੍ਹਾਂ ਦਾ ਧਿਆਨ ਸੀ, ਮੈਂ ਦੂਰੋਂ ਆਵਾਜ਼ ਮਾਰ ਕੇ ਪੁੱਛਿਆ, ''ਜੁਆਨੋ, ਮਨਜੋਤ ਤੇ ਬਾਕੀ ਟੀਮ ਵਾਲੇ ਕਿੱਥੇ ਨੇ, ਲੇਟ ਚੱਲ ਰਿਹਾ ਕੰਮ'', ਉਨ੍ਹਾਂ ਵਿਚੋਂ ਕੋਈ ਨਾ ਬੋਲਿਆ। ਮੈਨੂੰ ਲੱਗਾ ਕਿ ਕੁਝ ਫੋਨ ਵਿਚੋਂ ਲੱਭਣ ਵਿਚ ਬਿਜ਼ੀ ਨੇ। ਮੈਂ ਹੋਰ ਨੇੜੇ ਗਿਆ, ਤਾਂ ਫਿਰ ਉਹੀ ਸੁਆਲ ਪੁੱਛਿਆ, ਤਾਂ ਇੱਕ ਮੁੰਡੇ ਨੇ ਇਸ਼ਾਰੇ ਨਾਲ ਮੈਨੂੰ, ਹੱਥ ਮਾਰਿਆ ਕਿ "ਰੁਕ "। ਮੈ ਥੋੜ੍ਹਾ ਹੋਰ ਨੇੜੇ ਹੋਇਆ, ਤੇ ਮੇਰੇ ਕੰਨਾਂ ਵਿਚ ਅਰਦਾਸ ਦੀ ਆਵਾਜ਼ ਪਈ, ਇਕ ਮੋਨਾ ਮੁੰਡਾ, ਫੋਨ ਤੋਂ ਪੜ੍ਹ ਕੇ ਅਰਦਾਸ ਕਰ ਰਿਹਾ ਸੀ। ਮੇਰੇ ਪੈਰਾਂ ਤੋਂ ਝਰਨਾਹਟ ਛਿੜ ਸਿਰ ਵੱਲ ਗਈ, ਤੇ ਸਿਰ ਤੋਂ ਪੈਰਾਂ ਵੱਲ। ਮੈਂ ਇੱਕ ਦਮ, ਅਰਦਾਸ ਵਿਚ ਸ਼ਾਮਲ ਹੋਇਆ। ਮਨ ਏਨਾ ਵੈਰਾਗ ਵਿਚ ਆ ਗਿਆ ਕਿ ਕੋਈ ਹਿਸਾਬ ਨਹੀਂ। ਇੱਕ ਅਜ਼ੀਮ ਤੇ ਅਸੀਮ ਸ਼ਰਧਾ। ਏਡੀ ਵੱਡੀ ਸ਼ਰਧਾ, ਕਿ ਕਲਗੀਆਂ ਵਾਲੇ ਨੇ ਜਦ ਪਹਿਲੇ ਜਾਮੇ ਵਿਚ "ਉੱਜੜ ਜਾਓ" ਕਿਹਾ ਹੋਵੇਗਾ ਤਾਂ ਇਸ ਤਰ੍ਹਾਂ ਦੇ ਕੌਤਕ ਤਾਂ ਜ਼ਰੂਰ, ਖਿਆਲ ਵਿਚ ਲਿਆਂਦੇ ਹੋਣਗੇ। ਦਿਲ ਕਰੇ, ਇਨ੍ਹਾਂ ਪਿਆਰ ਵਾਲੇ ਜੁਆਨਾਂ ਦੇ ਪੈਰ ਛੋਹਾਂ।



**ਰਜਿੰਦਰ ਸਿੰਘ ਟਾਂਡਾ**
**ਫੋਨ: 209 636 0880**

ਕੋਈ ਇਕ ਹਫਤੇ ਤੋਂ, ਮੋਨੇ, ਦਾਹੜੀ ਕੱਟੀ ਵਾਲੇ, ਸਿੱਖ, ਸਹਿਜਧਾਰੀ, ਅੰਮ੍ਰਿਤਧਾਰੀ ਸਭ ਸਿਰ ਸੁੱਟ ਕੇ ਲੰਗਰਾਂ ਦੀ ਸੇਵਾ ਕਰੀ ਜਾ ਰਹੇ ਨੇ। 18-18, 20-20 ਘੰਟੇ ਲਗਾਤਾਰ ਸੇਵਾ। ਇੱਕ ਵਿਲੱਖਣ ਚਾਓ, ਵਿਲੱਖਣ ਸ਼ਰਧਾ, ਵਿਲੱਖਣ ਉਤਸ਼ਾਹ।"

ਅਸਲ ਵਿਚ ਇਹ ਲੰਗਰਾਂ ਦੀ ਸੇਵਾ ਕਰਨ ਵਾਲੇ ਹੀ, ਗੁਰੂ ਵਲੋਂ ਖਾਲਸੇ ਦੀ ਫਸਲ ਦਾ ਸੁੱਟਿਆ ਹੋਇਆ ਬੀਜ ਹੈ। ਇਹ ਬੀਜ ਕਦੇ ਨਾ ਗਲਣਾ ਨਾ ਸੜਨਾ। ਹਾਂ, ਧਰਤ ਦੀ ਵੱਤਰ, ਜ਼ਰੂਰ ਅਨੁਕੂਲ ਚਾਹੀਦੀ ਹੈ। ਜਿਸ ਦਿਨ ਵੱਤਰ ਦੀ ਗਿਲ, ਬੀਜ ਪੁੰਗਰਨ ਦੇ ਅਨੁਕੂਲ ਹੋਈ ਇਹ ਬੀਜ ਨੇ



ਦਰਖਤ ਬਣਨੋਂ, ਦੇਰ ਨਹੀਂ ਕਰਨੀ।

ਲੰਗਰ, ਸਿੱਖ ਪੰਥ ਦਾ ਅਜ਼ੀਮ ਕੌਤਕ, ਜਿਹੜਾ ਗੁਰੂ ਨੇ, ਆਪਣੇ ਸਿੱਖਾਂ ਦੀ ਝੋਲੀ ਪਾਇਆ। ਅਸਲ ਵਿਚ ਸਾਨੂੰ, ਦੁਨੀਆ ਦੇ ਹਰ ਧਰਮ ਤੋਂ ਨਿਆਰਾ ਕਰਦਾ ਹੈ। ਲੰਗਰ ਵਿਚ, ਸਿੱਖੀ ਸਪਿਰਿਟ ਵਸਦੀ ਹੈ। ਇਹ ਗੋਬਿੰਦ ਸਾਗਰ ਦੀ ਝੀਲ ਵਿਚਲਾ ਪਾਣੀ ਹੈ। ਹੁਣ ਇਹ ਪੰਥ ਦੀ ਮਰਜ਼ੀ ਹੈ, ਇਹਨੂੰ ਹੜ੍ਹ ਵਿਚ ਬਦਲ ਕੇ, ਇਹਦੇ ਤੋਂ ਫ਼ਸਲਾਂ ਬਰਬਾਦ ਕਰਵਾਉਣੀਆਂ ਨੇ ਜਾਂ ਠੁਰਬਿਨਏ ਚਲਵਾ ਕੇ ਬਿਜਲੀ ਪੈਦਾ ਕਰਨੀ ਹੈ।

ਲੰਗਰ ਨੂੰ ਨਿੰਦਣਾ, ਇਸ ਨੂੰ ਪੈਸੇ ਦੀ ਬਰਬਾਦੀ, ਆਖਣਾ ਬੜਾ ਵੱਡਾ ਗੁਨਾਹ ਹੈ। ਇੱਥੇ ਗੁਰੂ ਦੀ ਅਸਲ ਕਲਾ ਵਰਤਦੀ ਹੈ। ਛਕਾਉਣ ਵਾਲਾ, ਹਰ ਆਏ ਨੂੰ, ਗੁਰੂ ਦਾ ਰੂਪ ਸਮਝਦਾ ਹੈ, ਇਹ ਛਕਣ ਵਾਲੇ ਨੇ ਸੋਚਣਾ, ਕਿ ਉਸਨੇ ਇਸਨੂੰ ਗੁਰੂ ਦੀ ਬਖਸ਼ਿਸ਼ ਸਮਝਣਾ ਹੈ ਜਾਂ ਸੁਆਦ ਦਾ ਜ਼ਰੀਆ। ਇਹ ਲੰਗਰ ਦੀ ਪਰੰਪਰਾ ਹੈ ਜੋ ਕੋਵਿਡ ਵਿਚ, ਮਾਸਕ ਤੇ ਆਕਸੀਜਨ ਸਿਲੰਡਰ ਲੈ ਕੇ ਸਭ ਤੋਂ ਅੱਗੇ ਪੁੱਜਦੀ ਹੈ, ਜਿਨ੍ਹਾਂ ਕਦੇ ਲੰਗਰ ਨਹੀਂ ਲਾਇਆ, ਉਨ੍ਹਾਂ, ਕਦੇ ਹੋਰ ਕਿਸੇ ਪਾਸੇ ਸੇਵਾ ਕੀਤੀ ਹੋਵੇ। ਸੇਵਾ ਦੀ ਸ਼ੁਰੂਆਤ ਹੀ ਲੰਗਰ ਤੋਂ ਹੁੰਦੀ ਹੈ ਤੇ ਅਗਾਂਹ ਤੁਰਦੀ ਹੈ।

ਰਾਤ ਨੂੰ, Terra Buena Road ਉੱਤੇ ਸੱਜੇ ਹੱਥ ਕੋਈ, ਦਸ ਕੁ ਲੰਗਰਾਂ ਦੇ ਸਾਹਵੇਂ, ਖੁੱਲ੍ਹੇ ਪੰਡਾਲ ਵਿਚ, ਦਿਨ ਚੜ੍ਹਾਉਂਦੀਆਂ ਲਾਈਟਾਂ, ਥੱਲੇ ਲੰਗਰ ਛਕ ਰਹੀਆਂ ਸੰਗਤਾਂ ਨੂੰ ਦੇਖ, ਜੇਕਰ ਕਿਸੇ ਨੂੰ "ਅਨੰਦਪੁਰ ਸਾਹਿਬ" ਨਾ ਚੇਤੇ ਆਵੇ ਤਾਂ ਮੈਨੂੰ ਉਹਦੇ "ਸਿੱਖ" ਹੋਣ 'ਤੇ ਜ਼ਰੂਰ ਸ਼ੱਕ ਹੋਵੇਗਾ।

ਉੱਥੇ ਕੋਈ ਚਾਰ ਗੱਲਾਂ ਖੱਟੀਆਂ ਵੀ ਹੋਈਆਂ ਹੋਣਗੀਆਂ ਪਰ, ਬਹੁਤਾਤ ਬੜੀ ਚੰਗੀ ਸੀ। ਕੋਈ ਦੋ ਲੱਖ ਦਾ 'ਕੱਠ ਹੋਵੇ, ਲੰਗਰਾਂ ਵਾਲੇ ਬੱਚੇ ਟਰੇਆਂ ਫੜ ਕੱਲੇ-ਕੱਲੇ ਨੂੰ ਆਖਣ, "ਆਹ ਛਕੋ ਜੀ", ਪਰ ਕੋਈ ਇਕ ਵੀ ਭੁੱਖਾ ਨਾ ਮੁੜੇ ਅਤੇ ਇਹੋ ਜਿਹੇ ਵਰਤਾਰੇ ਨੂੰ ਚੋਜ ਨਾ ਕਹੀਏ ਤੇ ਕੀ ਕਹੀਏ।

ਇਨ੍ਹਾਂ ਲੰਗਰਾਂ ਵਿਚ, ਜਿਸ ਸੱਜਣ ਨੇ ਕੋਈ ਇੱਕ ਪਲ ਦੀ ਵੀ ਸੇਵਾ ਕੀਤੀ ਹੋਵੇ, ਇੱਕ ਨੈਪਕਿਨ ਵੀ ਫੜਾਇਆ ਹੋਵੇ ਚਾਹੇ ਪਤੀਲੇ ਵਿਚ ਇੱਕ ਕੜਛੀ ਵੀ ਕਿਓਂ ਨਾ ਮਾਰੀ ਹੋਵੇ। ਇਸ ਨਗਰ ਕੀਰਤਨ ਦੇ ਸਾਰੇ, ਅਣਥੱਕ ਸੇਵਾਦਾਰੋ, ਤੁਹਾਡੇ ਚਰਨਾਂ ਉੱਤੇ, ਆਪਣਾ ਸਿਰ ਰੱਖ ਕੇ, ਤਹਿ ਦਿਲੋਂ ਸਿੱਜਦਾ ਕਰਦਾਂ ਹਾਂ, ਸਵੀਕਾਰ ਕਰਿਓ।

# ਪੰਜਾਬੀ ਬੋਲੀ ਦੇ ਵਿਰਸੇ ਅਤੇ ਭਵਿੱਖ ਉੱਤੇ ਨਜ਼ਰ

ਪੰਜਾਬ ਦੀ ਧਰਤੀ ਉਪਜਾਊ ਅਤੇ ਵਿਲੱਖਣ ਰਣਨੀਤਕ ਟਿਕਾਣੇ 'ਤੇ ਹੋਣ ਕਰਕੇ ਐਥੋਂ ਦਾ ਇਤਿਹਾਸ ਕਿੰਨੀਆਂ ਹੀ ਸੱਭਿਅਤਾਵਾਂ, ਧਰਮਾਂ ਅਤੇ ਸਾਮਰਾਜਾਂ ਦੇ ਵਿਖਿਆਨਾਂ ਨਾਲ ਭਰਿਆ ਹੈ। ਸਿੰਧ ਘਾਟੀ ਦੀ ਸੱਭਿਅਤਾ ਤੋਂ ਲੈ ਕੇ, ਆਧੁਨਿਕ ਵਿਸ਼ਵ-ਪ੍ਰਧਾਨ ਯੁਗ ਤੀਕਰ ਇਹ ਧਰਤੀ, ਦੂਰ ਦੁਰਾਡੇ ਵਪਾਰੀਆਂ, ਵਿਜੈਤਾਵਾਂ, ਵਿਦਵਾਨਾਂ ਅਤੇ ਯਾਤਰੂਆਂ ਨੂੰ ਆਕਰਸ਼ਕ ਕਰਦੀ ਰਹੀ ਹੈ। ਸਿੱਟੇ ਵਜੋਂ ਪੰਜਾਬ ਦੀ ਸੱਭਿਅਤਾ ਵੱਖੋ-ਵੱਖਰੇ ਰੰਗਾਂ ਨਾਲ ਬੁਣੀ ਫੁਲਕਾਰੀ ਹੈ ਜਿਸਦੀ ਰੂਹ ਅਤੇ ਦਿਲਾਂ ਦੀ ਧੜਕਣ, ਐਥੋਂ ਦੀ ਸੁਰੀਲੀ ਪੰਜਾਬੀ ਬੋਲੀ ਹੈ। ਆਚਾਰਾਂ, ਕਦਰਾਂ, ਮਾਣ ਤੇ ਸੰਗੀਤ ਨਾਲ ਗੁੰਦੀ ਇਹ ਬੋਲੀ, ਕਰੋੜਾਂ ਮਾਣਮੱਤੇ ਲੋਕਾਂ ਦੇ ਵਿਰਸੇ ਦਾ ਅਟੁੱਟ ਅੰਗ ਹੈ।



ਲਗਾਤਾਰ ਬਦਲਦੇ ਵਕਤ ਨਾਲ ਹਰ ਬੋਲੀ ਨੂੰ

**ਡਾ. ਰਛਪਾਲ ਸਹੋਤਾ**

ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨਾਲ ਬੋਲੀ ਨੂੰ ਪਿਆਰ ਕਰਨ ਵਾਲਿਆਂ ਦੇ ਮਨਾਂ 'ਚ ਨਵੇਂ ਸ਼ੰਕੇ ਉਪਜਣੇ ਸ਼ੁਰੂ ਹੋ ਜਾਂਦੇ ਹਨ। ਪਿਛਲੇ ਪੰਜਾਹ ਕੁ ਸਾਲਾਂ ਵਿਚ ਸਾਇੰਸ ਅਤੇ ਤਕਨਾਲੌਜੀ ਨੇ ਅਜਿਹੀ ਸਪੀਡ ਨਾਲ ਤਰੱਕੀ ਕੀਤੀ ਹੈ ਕਿ ਇਹ ਨਿੱਕਾ ਸਮਾਂ ਆਪਣੇ ਆਪ ਵਿਚ ਇਕ ਯੁੱਗ ਬਣ ਗਿਆ ਹੈ; ਐਨੀ ਤਰੱਕੀ ਦੁਨੀਆਂ ਨੇ ਪਹਿਲੇ ਹਜ਼ਾਰ ਸਾਲਾਂ ਵਿਚ ਵੀ ਨਹੀਂ ਸੀ ਵੇਖੀ। ਇਸ ਤੇਜ਼ ਬਦਲਦੀ ਦੁਨੀਆਂ ਨਾਲ ਕਿਹੜੀ ਬੋਲੀ ਬਚੇਗੀ ਅਤੇ ਕਿਹੜੀ ਖਤਮ ਹੋ ਜਾਵੇਗੀ, ਵਰਗੇ ਸੁਆਲ ਪੈਦਾ ਹੋਣੇ ਕੁਦਰਤਨ ਹਨ। ਪੰਜਾਬੀ ਦੇ ਬੁੱਧੀਜੀਵੀਆਂ ਅਤੇ ਪੰਜਾਬੀ ਵਿਰਸੇ ਨਾਲ ਮੋਹ ਰੱਖਣ ਵਾਲਿਆਂ ਵਿਚ ਵੀ, ਪੰਜਾਬੀ ਬੋਲੀ ਦੇ ਭਵਿੱਖ ਨੂੰ ਲੈ ਕੇ ਇੱਕ ਅਜੀਬ ਜਿਹਾ ਡਰ ਤੇ ਅਣਸੁਖਾਵਾਂਪਣ ਨਜ਼ਰ ਆਉਂਦਾ ਹੈ। ਵਿਸ਼ਵੀਕਰਨ ਦੇ ਹੋ ਰਹੇ ਬੇਲਗਾਮ ਵਾਧੇ ਕਾਰਨ, ਹੋਰਨਾਂ ਬੋਲੀਆਂ, ਖਾਸਕਰ ਅੰਗ੍ਰੇਜ਼ੀ ਸ਼ਬਦਾਂ ਦਾ ਪੰਜਾਬੀ 'ਚ ਵੜਨਾ ਕਿਸੇ ਤੋਂ ਲੁਕਿਆ ਨਹੀਂ ਹੈ। ਬਹੁਤਿਆਂ ਨੂੰ ਲਗਦਾ ਹੈ ਕਿ ਅੰਗ੍ਰੇਜ਼ੀ ਦੀ ਇਸ ਘੁਸਪੈਠ ਕਾਰਨ, ਪੰਜਾਬੀ ਦੀ ਸ਼ੁੱਧਤਾ, ਵਿਲੱਖਣਤਾ ਅਤੇ ਰੂਹ, ਪਤਲੇ ਹੋ ਰਹੇ ਹਨ। ਸ਼ੁੱਧਤਾ-ਪੱਖੀ ਅਤੇ ਪ੍ਰੰਪਰਾਗਤ ਵਿਦਵਾਨਾਂ ਦੀ ਰਾਇ ਹੈ ਕਿ ਪੰਜਾਬੀ ਦੀ ਪਵਿੱਤਰਤਾ ਨੂੰ ਬਚਾਉਣ ਲਈ ਸਾਡੇ ਲਈ ਜ਼ਰੂਰੀ ਹੈ ਕਿ ਆਪਾਂ ਇਹਨੂੰ ਹੋਰਨਾਂ ਬੋਲੀਆਂ ਦੇ ਅਸਰ ਤੋਂ ਬਚਾ ਕੇ ਰੱਖੀਏ ਤੇ ਉਨ੍ਹਾਂ ਗੈਰ ਸ਼ਬਦਾਂ ਨੂੰ ਪੰਜਾਬੀ ਬੋਲੀ ਵਿਚ ਵੜ ਕੇ ਆਪਣੀ ਜ਼ੁਬਾਨ ਨੂੰ ਗੰਧਲਾ ਨਾ ਕਰਨ ਦੇਈਏ। ਉਨ੍ਹਾਂ ਦੀ ਰਾਇ ਹੈ ਕਿ ਬੋਲੀ ਦਾ ਸੁਹੱਪਣ ਤੇ ਪਾਕੀਜ਼ਗੀ ਸਿਰਫ ਉਸਦੇ ਸ਼ੁੱਧ ਰੂਪ ਵਿਚ ਹੀ ਮਹਿਸੂਸ ਕੀਤੇ ਜਾ ਸਕਦੇ ਹਨ ਅਤੇ ਜੇਕਰ ਬਾਹਰਲੀਆਂ ਭਾਸ਼ਾਵਾਂ ਬੋਲੀ ਨੂੰ ਨਾਪਾਕ ਅਤੇ ਪਤਲਾ ਕਰ ਦੇਣ ਤਾਂ ਬੋਲੀ, ਸਿਰਫ ਨਾਂ ਮਾਤਰ ਦੀ ਬੋਲੀ ਬਣ ਕੇ ਰਹਿ ਜਾਂਦੀ ਹੈ।

ਪਰੰਤੂ ਇੱਥੇ ਇੱਕ ਬਹੁਤ ਸੰਜੀਦਾ ਸਵਾਲ ਪੈਦਾ ਹੁੰਦਾ ਹੈ-ਕੀ ਸਖਤਾਈ ਨਾਲ ਸਾਂਭੀ ਸ਼ੁੱਧਤਾ, ਪੰਜਾਬੀ ਲਈ ਵਧੀਆ ਭਵਿੱਖ ਹੈ? ਇਸ ਆਧੁਨਿਕਤਾ ਅਤੇ ਪਰੰਪਰਾ ਵਾਲੇ ਚੁਰੱਸਤੇ 'ਤੇ ਖੜ੍ਹਿਆਂ ਇਹ ਜ਼ਰੂਰੀ ਹੈ ਕਿ ਆਪਾਂ ਭਾਸ਼ਾਈ ਵਿਕਾਸ ਦੀ ਪ੍ਰਕਿਰਿਆ ਅਤੇ ਲੋੜ ਉੱਤੇ ਖੁੱਲ੍ਹੀ ਨਜ਼ਰ ਮਾਰੀਏ। ਬਿਨਾਂ ਸ਼ੱਕ ਇਹ ਜ਼ਰੂਰੀ ਹੈ ਕਿ ਸਾਨੂੰ ਆਪਣੀ ਬੋਲੀ ਦੀਆਂ ਨੀਂਹਾਂ ਦੀ ਕਦਰ ਕਰਨੀ ਅਤੇ ਉਨ੍ਹਾਂ ਨੂੰ ਸਾਂਭਣਾ ਚਾਹੀਦਾ ਹੈ। ਪਰ ਸਾਨੂੰ ਇਹ ਅਹਿਸਾਸ ਹੋਣਾ ਜ਼ਰੂਰੀ ਹੈ ਕਿ ਬੋਲੀਆਂ ਬੇਜਾਨ ਚੀਜ਼ਾਂ ਨਹੀਂ ਹੁੰਦੀਆਂ - ਇਹ ਵੀ ਸਾਡੇ ਵਾਂਗ ਜਿਉਂਦੀਆਂ ਜਾਗਦੀਆਂ ਨੇ; ਇਹ ਵੀ ਸਾਹ ਲੈਂਦੀਆਂ, ਵਧਦੀਆਂ, ਫੁੱਲਦੀਆਂ ਨੇ ਤੇ ਆਪਣੇ ਆਪ ਨੂੰ, ਆਪਣੇ ਦੁਆਲੇ ਦੇ ਬਦਲਦੇ ਵਾਤਾਵਰਨ ਦੇ ਅਨੁਸਾਰ ਢਾਲਦੀਆਂ ਨੇ। ਜਿਵੇਂ ਜਿਵੇਂ ਵਿਸ਼ਵੀਕਰਨ, ਦੁਨੀਆਂ ਦੀਆਂ ਸੱਭਿਆਤਾਵਾਂ ਨੂੰ ਇਕੱਠਾ ਕਰਦਾ ਜਾ ਰਿਹਾ ਹੈ, ਕੀ ਇਹ ਸੰਭਵ ਨਹੀਂ ਕਿ ਨਵੇਂ ਸ਼ਬਦਾਂ ਨੂੰ ਅਪਨਾਉਣ ਨਾਲ, ਪੰਜਾਬੀ ਸਗੋਂ ਨਰੋਈ ਹੋਵੇਗੀ, ਆਉਣ ਵਾਲੀਆਂ ਨਸਲਾਂ ਨੂੰ ਵੱਧ ਚੰਗੀ ਲੱਗੇਗੀ, ਅਤੇ ਨਵੀਂ ਜੁੜਦੀ ਦੁਨੀਆਂ ਵਿਚ ਆਪਣੀ ਥਾਂ ਬਣਾਈ ਰੱਖੇਗੀ?

**ਤਬਦੀਲੀ ਭਾਸ਼ਾਵਾਂ ਦਾ ਕੁਦਰਤੀ ਸੁਭਾਅ ਹੈ**


ਬੋਲੀਆਂ ਕਿਸੇ ਸਥਾਈ ਚੱਟਾਨ ਵਾਂਗ ਨਹੀਂ ਹੁੰਦੀਆਂ, ਜਿਹੜੀਆਂ ਗੁਜ਼ਰਦੇ ਵਕਤ ਤੋਂ ਬੇਖਬਰ, ਇਕ ਥਾਂ ਟਿਕੀਆਂ ਪਈਆਂ ਰਹਿਣ। ਇਹ ਤਾਂ ਉਸ ਸ਼ੀਸ਼ੇ ਵਾਂਗ ਹੁੰਦੀਆਂ ਹਨ ਜਿਸ ਵਿਚ ਆਪਾਂ ਇਨਸਾਨ ਦੇ ਸਫਰ ਦੀਆਂ ਸੱਭਿਅਕ, ਰਾਜਨੀਤਕ, ਆਰਥਿਕ ਤਬਦੀਲੀਆਂ ਅਤੇ ਜੱਦੋ-ਜਹਿਦ ਨੂੰ ਵੇਖ ਸਕਦੇ ਹਾਂ। ਬੋਲੀਆਂ ਵੀ ਜਿਉਂਦੇ ਜੀਵ ਜੰਤੂਆਂ ਦੇ ਐਵੋਲਿਊਸ਼ਨ (ਜਾਤੀ-ਵਿਕਾਸ, ਜਿਹੜਾ ਦੁਨੀਆਂ ਦੀ ਹਰ ਜਿਉਂਦੀ ਸ਼ੈਅ ਦੇ ਅਜੋਕੇ ਰੂਪ ਲਈ ਜ਼ਿੰਮੇਵਾਰ ਹੈ) ਵਾਂਗ, ਤਬਦੀਲੀ ਦੇ ਵਹਾਅ ਵਿਚ ਫਸੀਆਂ ਹਨ ਅਤੇ ਇਨਸਾਨੀ ਵਿਕਾਸ ਦੇ ਨਾਲ-ਨਾਲ ਆਪਣਾ ਰੂਪ ਬਦਲਦੀਆਂ ਰਹਿੰਦੀਆਂ ਹਨ। ਬੋਲੀ ਦਾ ਹਰ ਸੁਰ, ਹਰ ਸ਼ਬਦ, ਹਰ ਵਾਕ-ਰਚਨਾ, ਹਜ਼ਾਰਾਂ ਮਨੁੱਖੀ ਤਜਰਬਿਆਂ, ਰੂਪਾਂਤਰਾਂ, ਅਤੇ ਮਿਲਵਰਤਨਾਂ ਦੀ ਪੈੜ ਨਿਸ਼ਾਨੀ ਹੁੰਦਾ ਹੈ। ਬਾਬੇ ਫਰੀਦ ਦੇ ਸੁਰਾਂ ਬੱਧੇ ਵਚਨ, ਬੋਲੀ ਦੀਆਂ ਡੂੰਘਾਈਆਂ ਦੇ ਪ੍ਰਤੀਕ ਹਨ, ਪਰ ਉਹਦੀ ਬੋਲੀ ਪੰਜਾਬ ਦੇ ਸੰਘਣੇ ਤੇ ਆਰਥਿਕ ਦੌੜ ਵਿਚ ਪਏ ਸ਼ਹਿਰਾਂ ਦੀ ਬੋਲੀ ਨਾਲ਼ ਮੇਲ ਨਹੀਂ ਖਾਂਦੀ। ਪਰ ਇਸ ਤਬਦੀਲੀ ਦਾ ਮਤਲਬ ਇਹ ਨਹੀਂ ਕਿ ਪੰਜਾਬੀ ਪਤਲੀ ਹੋ ਰਹੀ ਹੈ ਜਾਂ ਆਪਾ ਗਵਾ ਰਹੀ ਹੈ। ਇਹ ਤਾਂ ਪੰਜਾਬੀਆਂ ਦੇ ਉਸ ਉਤੇਜਿਤ ਸਫਰ ਦੀ ਕਹਾਣੀ ਹੈ ਜਿਸ ਵਿਚ ਉਹ ਵੰਨ-ਸੁਵੰਨੇ ਖਿਆਲਾਂ ਨਾਲ ਖੇਡਦੇ, ਤਕਨੀਕੀ ਵਿਕਾਸ ਨਾਲ ਮੋਢਾ ਡਾਹੁੰਦੇ, ਅਤੇ ਵੱਖੋ ਵੱਖਰੀਆਂ ਸੱਭਿਅਤਾਵਾਂ ਨਾਲ ਮੋਢੇ ਘਸਾਉਂਦੇ ਰਹੇ ਹਨ। ਬੋਲੀ ਦਾ ਲਗਾਤਾਰ ਵਿਕਾਸ, ਬੋਲੀ ਦੀ ਜਿਊਣ-ਸ਼ਕਤੀ ਅਤੇ ਲਚੀਲੇਪਣ ਦੀ ਨਿਸ਼ਾਨੀ ਹੁੰਦਾ ਹੈ, ਕਿ ਕਿਵੇਂ ਉਹ ਬੋਲੀ ਪੂਰੀ ਧੜਕਣ ਨਾਲ ਜ਼ਿੰਦਾ ਰਹਿ ਸਕਦੀ ਹੈ ਅਤੇ ਆਪਣੇ ਪੁਰਾਣੇ ਨੂੰ ਸਾਂਭਦੀ, ਨਵੇਂ ਨੂੰ ਗਲਵੱਕੜੀ ਵਿਚ ਲੈ ਸਕਦੀ ਹੈ।

**ਅੰਗਰੇਜ਼ੀ ਜ਼ੁਬਾਨ - ਤਬਦੀਲੀ ਦੀ ਮਿਸਾਲ**

ਤੁਲਨਾਤਮਕ ਤੌਰ 'ਤੇ ਆਪਾਂ ਅੰਗਰੇਜ਼ੀ ਬੋਲੀ ਵੱਲ ਨਜ਼ਰ ਮਾਰਦੇ ਹਾਂ। ਜੇਕਰ ਆਪਾਂ ਐਲਿਜ਼ਾਬੈੱਥ ਦੌਰ ਦੇ ਇੰਗਲੈਂਡ ਵਿਚ ਫੇਰੀ ਮਾਰੀਏ, ਤਾਂ ਸ਼ੇਕਸਪੀਅਰ ਦੇ 'ਸਮਾਂ-ਮੁਕਤ' ਡਰਾਮੇ ਮੁਲਕ ਦੇ ਥੀਏਟਰਾਂ 'ਚ ਖੇਡੇ ਜਾਂਦੇ ਮਿਲਣਗੇ। ਪਰ ਉਹ ਅੰਗਰੇਜ਼ੀ, ਅੱਜ ਦੇ ਇੱਕੀਵੀਂ ਸਦੀ ਦੇ ਅੰਗਰੇਜ਼ੀ ਕੰਨਾਂ ਨੂੰ ਵਿਦੇਸ਼ੀ ਬੋਲੀ ਲਗਦੀ ਹੈ। (ਦੂਜੇ ਪਾਸੇ, ਓਸ ਤੋਂ ਸਦੀਆਂ ਪੁਰਾਣੀ ਬਾਬਾ ਫਰੀਦ ਦੀ ਬੋਲੀ ਅਜੋਕੀ ਪੰਜਾਬੀ ਬੋਲੀ ਨਾਲ ਪੂਰਾ ਮੇਲ ਖਾਂਦੀ ਹੈ।) ਸ਼ੇਕਸਪੀਅਰ ਦੇ ਡਰਾਮਿਆਂ ਦੀ ਉਹ ਵਿਸਥਾਰਪੂਰਵਕ, ਭਰਪੂਰ ਸ਼ੈਲੀ, ਵਿਲੱਖਣ ਧੁਨ, ਸ਼ਬਦਾਵਲੀ, ਲਹਿਜ਼ਾ, ਅਜੋਕੀ ਅੰਗਰੇਜ਼ੀ ਬੋਲਣ ਵਾਲੇ ਲਈ ਚੁਣੌਤੀ ਹੈ ਤੇ ਇਸ ਪਏ ਵਕਤੀ ਪਾੜ ਨੂੰ ਅਨੁਵਾਦਾਂ ਰਾਹੀਂ ਪੂਰਾ ਕੀਤਾ ਜਾਂਦਾ ਹੈ। ਪਰ ਕੀ ਇਸ ਪਾੜ ਨੂੰ ਅੰਗਰੇਜ਼ੀ ਬੋਲਣ ਵਾਲੇ ਡਰ ਜਾਂ ਖਤਰੇ ਵਾਲੀ ਐਨਕ ਨਾਲ ਵੇਖਦੇ ਨੇ ਅਤੇ ਉਹਦੀ ਸ਼ੁੱਧਤਾ 'ਤੇ ਸ਼ੱਕ ਕਰਦੇ ਨੇ? ਨਹੀਂ, ਸਚਾਈ ਸਗੋਂ ਉਸਦੇ ਉਲਟ ਹੈ। ਅੰਗਰੇਜ਼ੀ ਜ਼ੁਬਾਨ ਦੇ ਇਸ ਬਦਲਦੇ ਰੂਪ ਨੇ ਅੰਗਰੇਜ਼ੀ ਬੋਲੀ ਨੂੰ ਅਤੇ ਉਸਦੀ ਹੋਂਦ ਨੂੰ ਪਤਲਾ ਨਹੀਂ ਕੀਤਾ; ਇਹ ਤਬਦੀਲੀ ਤਾਂ ਸਗੋਂ ਅੰਗਰੇਜ਼ੀ ਦੇ ਅਨੋਖੇ ਸਫਰ ਦੀ ਦਿਲਚਸਪ ਕਹਾਣੀ ਬਣ ਗਈ ਹੈ। ਨਾਲ ਹੀ ਇਹ ਤਬਦੀਲੀ ਇਸ ਗੱਲ ਦੀ ਸਬੂਤ ਹੈ ਕਿ ਕਿਵੇਂ, ਮੱਧਕਾਲੀ ਮਹਾਰਾਜਿਆਂ ਦੀਆਂ ਅਦਾਲਤਾਂ ਤੋਂ ਲੈ ਕੇ ਅਜੋਕੇ ਡਿਜੀਟਲ ਪਲੇਟਫਾਰਮ ਤੀਕਰ, ਅੰਗਰੇਜ਼ੀ ਜ਼ੁਬਾਨ ਆਪਣੇ ਆਪ ਨੂੰ ਵਾਤਾਵਰਨ ਦੇ ਅਨੁਕੂਲ ਬਣਾਉਂਦੀ, ਉਸ ਵਿਚ ਘੁਲ-ਮਿਲ ਜਾਂਦੀ, ਅਤੇ ਵਿਕਾਸ ਦਾ ਹਿੱਸਾ ਬਣਦੀ ਰਹੀ ਏ। ਅੰਗਰੇਜ਼ੀ ਦਾ ਇਤਿਹਾਸ ਵੇਖੀਏ ਤਾਂ ਪਤਾ ਚਲਦਾ ਹੈ ਕਿ ਕਿਵੇਂ ਇਹ, ਲਾਤੀਨੀ, ਫਰਾਂਸੀਸੀ, ਜਰਮਨ ਤੇ ਹੋਰ ਅਨੇਕਾਂ ਭਾਸ਼ਾਵਾਂ ਦੀ ਸ਼ਬਦਾਵਲੀ ਨੂੰ ਆਪਣੇ ਆਪ ਵਿਚ ਸਮੋਂਦੀ ਅਤੇ ਉਨ੍ਹਾਂ ਸ਼ਬਦਾਂ ਨੂੰ ਆਪਣੇ ਰੂਪ ਵਿਚ ਰੰਗਦੀ ਰਹੀ ਹੈ। ਅੰਗਰੇਜ਼ੀ ਦੀ ਦੂਜੀਆਂ ਭਾਸ਼ਾਵਾਂ ਨਾਲ ਇੱਕ-ਮਿੱਕ ਹੋਣ ਅਤੇ ਉਨ੍ਹਾਂ ਦੇ ਸ਼ਬਦਾਂ ਨੂੰ ਆਪਣੇ ਰੂਪ ਵਿਚ ਢਾ਼ਲ ਲੈਣ ਦੀ ਸਮਰੱਥਾ ਇਸ ਬੋਲੀ ਦੇ ਤਕੜੇਪਣ ਅਤੇ ਬਹੁਰੂਪਤਾ ਦਾ ਸਬੂਤ ਹੈ। ਵਿਸ਼ਵਕਰਨੀ ਤਬਦੀਲੀਆਂ ਦੇ ਭਾਰ ਥੱਲੇ ਆ, ਖਤਮ ਹੋਣ ਦੀ ਜਗ੍ਹਾ, ਅੰਗਰੇਜ਼ੀ ਜ਼ੁਬਾਨ ਵਧਦੀ ਫੁੱਲਦੀ ਗਈ, ਬੇਲੋੜੀ ਹੋਣ ਤੋਂ ਬਚਣ ਲਈ ਬਦਲਦੀ ਗਈ, ਲੋਕਾਂ ਦੇ ਕੰਮ ਆਉਂਦੀ ਗਈ ਤੇ ਦੁਨੀਆਂ ਦੀਆਂ ਦੂਰ ਦੁਰੇਡੀਆਂ ਥਾਵਾਂ ਤੀਕਰ ਪ੍ਰਭਾਵਸ਼ਾਲੀ ਬਣੀ ਰਹੀ।

**ਬੋਲੀ ਦੀ ਬਣਤਰ: ਗਰਾਮਰ ਅਤੇ ਵਾਕ-ਰਚਨਾ**

ਬੋਲੀਆਂ, ਮਨੁੱਖੀ ਭਾਵਨਾਵਾਂ ਨੂੰ ਪੇਸ਼ ਕਰਨ ਤੇ ਉਨ੍ਹਾਂ ਦੀ ਵਿਆਖਿਆ ਕਰਨ ਦਾ ਜ਼ਰੀਆ ਹੁੰਦੀਆਂ ਹਨ। ਹਰ ਬੋਲੀ ਇੱਕ ਗੁੰਝਲਦਾਰ ਤਾਣਾ-ਬਾਣਾ ਹੁੰਦੀ ਹੈ ਜਿਹੜੀ ਪ੍ਰਚੱਲਤ ਸ਼ਬਦਾਂ ਦੀ ਵਰਤੋਂ, ਵੱਖੋ-ਵੱਖਰੇ ਰੰਗਾਂ ਅਤੇ ਸਾਈਜ਼ ਵਾਲੇ ਮਣਕਿਆਂ ਦੇ ਤੌਰ 'ਤੇ ਕਰਦੀ ਹੈ। ਸ਼ਬਦਾਵਲੀ ਉਹ ਮਣਕੇ ਹੁੰਦੇ ਹਨ ਜਿਨ੍ਹਾਂ ਰਾਹੀਂ ਭਾਸ਼ਾ ਆਪਣੀ ਗੱਲ ਸਮਝਾ ਸਕਦੀ ਹੈ, ਪਰ ਕਿਸੇ ਵੀ ਭਾਸ਼ਾ ਦੀ ਜੜ੍ਹ ਉਹਦੀ ਗਰਾਮਰ ਅਤੇ ਵਾਕ-ਰਚਨਾ ਹੁੰਦੀ ਹੈ, ਜਿਸ ਨਾਲ ਉਸਦੀ ਇਕਾਗਰਤਾ ਅਤੇ ਡੂੰਘਾਈ ਦਾ ਪਤਾ ਲੱਗਦਾ ਹੈ। ਗਰਾਮਰ ਤੇ ਵਾਕ ਰਚਨਾ ਭਾਸ਼ਾ ਦੇ ਇੰਜਨੀਅਰ




ਹੁੰਦੇ ਹਨ ਜਿਹੜੇ ਮਣਕਿਆਂ ਨੂੰ ਫਿਕਰਿਆਂ ਦਾ ਰੂਪ ਦਿੰਦੇ ਹਨ ਤਾਂ ਜੋ ਗੱਲ ਨੂੰ, ਸੌਖਿਆਂ ਅਤੇ ਸਹੀ ਵਹਾਅ ਵਿਚ ਸਮਝਾਇਆ ਜਾ ਸਕੇ।

ਇੱਕ ਵਾਰ ਮੈਂ ਚੰਡੀਗੜ੍ਹ ਕਿਸੇ ਕਾਨਫਰੰਸ ਵਿਚ ਬੈਠਾ ਜਾਵੇਦ ਅਖ਼ਤਰ ਨੂੰ ਸੁਣ ਰਿਹਾ ਸਾਂ। ਉਨ੍ਹਾਂ ਇੱਕ ਬੜਾ ਦਿਲਚਸਪ ਸਵਾਲ ਪੁੱਛਿਆ। "ਯੇ ਹਾਲ ਏਅਰ ਕੰਡੀਸ਼ਨਡ ਹੈ," ਕੀ ਇਹ ਫਿਕਰਾ ਹਿੰਦੀ ਦਾ ਹੈ, ਜਾਂ ਇੰਗਲਿਸ਼ ਦਾ? ਉਨ੍ਹਾਂ ਖ਼ੁਦ ਹੀ ਇਸਦਾ ਜਵਾਬ ਦਿੱਤਾ ਕਿ ਬੇਸ਼ੱਕ ਇਸ ਫਿਕਰੇ ਵਿਚ ਤਿੰਨ ਵੱਡੇ ਲਫਜ਼ ਅੰਗਰੇਜ਼ੀ ਅਤੇ ਸਿਰਫ ਦੋ, ਤੇ ਉਹ ਵੀ ਸਭ ਤੋਂ ਨਿੱਕੇ, ਹਿੰਦੀ ਦੇ ਹਨ, ਇਹ ਫਿਕਰਾ ਹਿੰਦੀ ਦਾ ਹੀ ਹੈ ਕਿਉਂਕਿ ਇਸ ਵਿਚ ਗਰਾਮਰ ਤੇ ਵਾਕ ਰਚਨਾ ਹਿੰਦੀ ਦੀ ਹੈ। ਮੈਂ ਇਸ ਦੇ ਉਲਟ ਇੱਕ ਫਿਕਰਾ ਬਣਾ ਕੇ ਵੇਖਿਆ - 'ਦਿਸ ਕਮਰਾ ਇਜ਼ ਪੂਰਾ ਠੰਢਾ।' ਘੋਖ ਕੇ ਵੇਖੋ ਤਾਂ ਬਿਨਾਂ ਸ਼ੱਕ ਇਹ ਫਿਕਰਾ ਅੰਗਰੇਜ਼ੀ ਦਾ ਹੈ ਜਿਸ ਵਿਚ ਤਿੰਨ ਪੰਜਾਬੀ ਦੇ ਸ਼ਬਦ ਵਰਤੇ ਗਏ ਹਨ।

ਇਸ ਦਲੀਲ ਨੂੰ ਮੱਦੇਨਜ਼ਰ ਰੱਖਦਿਆਂ ਇਹ ਸਾਫ ਹੈ ਕਿ ਦੂਜੀ ਭਾਸ਼ਾ ਦੇ ਸ਼ਬਦਾਂ ਨੂੰ ਅਪਣਾ ਲੈਣਾ, ਭਾਸ਼ਾ ਲਈ ਕੋਈ ਖਤਰੇ ਵਾਲੀ ਗੱਲ ਨਹੀਂ ਹੁੰਦੀ; ਇਹ ਤਾਂ ਸਗੋਂ ਭਾਸ਼ਾ ਨੂੰ ਵਿਕਸਤ ਅਤੇ ਅਮੀਰ ਹੋਣ ਦੇ ਮੌਕੇ ਪ੍ਰਦਾਨ ਕਰਦਾ ਹੈ। ਜਿਵੇਂ ਦਰਿਆ, ਚੋਆਂ ਅਤੇ ਨਦੀ ਨਾਲਿਆਂ ਦਾ ਪਾਣੀ ਲੈ ਲੈ ਕੇ, ਹੌਲੀ ਹੌਲੀ ਵੱਡਾ ਤੇ ਤਾਕਤਵਰ ਬਣ ਜਾਂਦਾ ਹੈ, ਇਸੇ ਤਰ੍ਹਾਂ ਬੋਲੀਆਂ, ਦੂਜੀਆਂ ਬੋਲੀਆਂ ਦੀ ਸ਼ਬਦਾਵਲੀ ਨੂੰ ਗਲਵੱਕੜੀ ਲੈ, ਆਪਣੇ ਆਪ ਨੂੰ ਨਰੋਆ ਤੇ ਬਦਲਦੀ ਦੁਨੀਆਂ ਦੇ ਅਨੁਕੂਲ ਕਰ ਲੈਂਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਕੋਈ ਬੋਲੀ ਪਤਲੀ ਨਹੀਂ ਹੁੰਦੀ ਤੇ ਨਾ ਹੀ ਆਪੇ ਨੂੰ ਗਵਾਉਂਦੀ ਹੈ - ਇਹ ਤਾਂ ਸਗੋਂ ਲੋਕਾਂ, ਖਾਸ ਕਰ ਨਵੀਆਂ ਪੀੜ੍ਹੀਆਂ ਵਿਚ ਆਪਣੇ ਲਈ ਨਵੀਂ ਚਾਹਤ ਪੈਦਾ ਕਰਦੀ ਹੈ ਤੇ ਉਹ ਇਸ ਬੋਲੀ ਨੂੰ ਇਸ ਲਈ ਸਿੱਖਦੇ ਹਨ ਤਾਂ ਜੋ ਉਹ ਉਹਨੂੰ ਸੌਖਿਆਂ ਵਰਤ ਸਕਣ, ਨਾ ਕਿ ਇਸ ਕਰਕੇ ਕਿ ਇਹ ਉਨ੍ਹਾਂ ਦੇ ਪੁਰਖਿਆਂ ਦੀ ਜਾਇਦਾਦ ਹੈ, ਜਿਸਨੂੰ ਸੰਭਾਲ ਕੇ ਰੱਖਣ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਮੋਢਿਆਂ 'ਤੇ ਭਾਰ ਹੈ। ਕਿਸੇ ਬੋਲੀ ਦੀ ਆਪਣੇ ਮੂਲ਼ ਰੂਪ ਨੂੰ ਗਵਾਏ ਬਿਨਾਂ ਬਦਲ ਲੈਣ ਦੀ ਸਮਰੱਥਾ, ਤਾਂ ਜੋ ਉਹ ਦੂਜੀਆਂ ਬੋਲੀਆਂ ਨਾਲ ਜੁੜੀ ਰਹਿ ਸਕੇ, ਲੋਕਾਂ ਦੀ ਲੋੜ ਨੂੰ ਪੂਰਿਆਂ ਕਰ ਸਕੇ, ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਨਾਲ ਜੋੜੀ ਰੱਖ ਸਕੇ, ਉਸ ਬੋਲੀ ਦੇ ਨਰੋਏ ਅਤੇ ਲਚਕੀਲੇਪਣ ਦੀ ਪਛਾਣ ਹੁੰਦੀ ਹੈ।

**ਵਿਕਾਸ 'ਤੇ ਝਾਤ- ਭਵਿੱਖ 'ਤੇ ਇੱਕ ਨਜ਼ਰ**

ਅੱਜ ਦੇ ਵਿਸ਼ਵੀਕਰਣ ਯੁੱਗ ਵਿਚ, ਜਿੱਥੇ ਦੁਨੀਆਂ ਡਿਜੀਟਲ ਰੂਪ ਵਿਚ ਜੁੜ ਚੁੱਕੀ ਹੈ, ਅੰਗਰੇਜ਼ੀ ਬੋਲੀ ਦਾ ਦੁਨੀਆਂ ਦੀ ਸਟੇਜ 'ਤੇ ਉੱਭਰ ਕੇ ਆਉਣਾ ਕਿਸੇ ਤੋਂ ਲੁਕਿਆ ਨਹੀਂ ਹੈ। ਆਪਣੇ ਇਤਿਹਾਸ, ਦੂਜੇ ਮੁਲਕਾਂ ਉੱਤੇ ਜਿੱਤਾਂ, ਵਪਾਰ ਅਤੇ ਸਭਿਅਤਾ ਦੀਆਂ ਨੀਂਹਾਂ 'ਤੇ ਖੜੋ, ਅੰਗਰੇਜ਼ੀ ਦਾ ਬਾਕੀ ਬੋਲੀਆਂ ਦੇ ਉੱਤੋਂ ਸਿਰ ਕੱਢ ਲੈਣ ਦਾ ਕਾਰਨ, ਕਿਸੇ 'ਲੋਹੇ ਦੀ ਛੜੀ 'ਤੇ ਪਾਈ ਗਾਂਧੀ ਟੋਪੀ' ਵਰਗੀ ਕੱਟੜਤਾ ਨਹੀਂ, ਸਗੋਂ ਇਹ ਇਸ ਬੋਲੀ ਦੇ ਲਚਕੀਲਾਪਣ ਅਤੇ ਅਡੈਪਟੇਬਿਲਿਟੀ—ਮਤਲਬ ਵਾਤਾਵਰਨ ਦੇ ਅਨੁਕੂਲ ਹੋ ਸਕਣ ਦੀ ਯੋਗਤਾ ਹੈ। ਇਸੇ ਲਚਕੀਲੇਪਣ ਅਤੇ ਅਡੈਪਟੇਬਿਲਿਟੀ ਸਦਕਾ, ਅੰਗਰੇਜ਼ੀ ਵਿਭਿੰਨ ਖਿਆਲਾਂ, ਸੱਭਿਆਚਾਰਾਂ ਤੇ ਵਿਕਾਸਾਂ ਦੇ ਨਾਲ ਇੱਕ-ਮਿੱਕ ਹੁੰਦੀ ਰਹੀ ਹੈ। ਹਰ ਸਾਲ ਆਪਾਂ ਵੇਖਦੇ ਹਾਂ ਕਿਵੇਂ, ਕਿੰਨੇ ਹੀ ਨਵੇਂ ਸ਼ਬਦ ਜਿਹੜੇ ਅੰਗਰੇਜ਼ੀ ਦੀ ਡਿਕਸ਼ਨਰੀ ਵਿਚ ਜੋੜੇ ਜਾਂਦੇ ਹਨ, ਕਿਵੇਂ ਵੱਖੋ ਵੱਖਰੀਆਂ ਬੋਲੀਆਂ, ਸੱਭਿਆਤਾਵਾਂ ਤੇ ਤਕਨੀਕੀ ਵਿਕਾਸ ਵਿਚੋਂ ਲਏ ਹੁੰਦੇ ਹਨ।

ਭਾਸ਼ਾਈ ਵਿਕਾਸ ਦੇ ਚੁਰੱਸਤੇ 'ਤੇ ਖਲੋਤੀ ਪੰਜਾਬੀ ਭਾਸ਼ਾ ਨੂੰ, ਅੰਗਰੇਜ਼ੀ ਦੇ ਇਸ ਚੜ੍ਹਾਈ ਵਾਲੇ ਸਫਰ ਤੋਂ ਕਈ ਗੱਲਾਂ ਸਿੱਖਣ ਦੀ ਲੋੜ ਹੈ। ਪੰਜਾਬੀ ਨੂੰ ਅੰਗਰੇਜ਼ੀ ਦੇ ਵਿਸ਼ਵਕਰਨੀ ਰਸੂਖ਼ ਤੋਂ ਡਰਨ ਜਾਂ ਨਿਰਾਸ਼ ਹੋਣ ਦੀ ਜਗ੍ਹਾ, ਅੰਗਰੇਜ਼ੀ ਦੇ ਇਸ ਸਫਰ ਤੋਂ ਆਪਣੇ ਲਈ ਨਕਸ਼ੇ-ਕਦਮ ਤਿਆਰ ਕਰਨ ਦੀ ਜ਼ਰੂਰਤ ਹੈ ਕਿ ਕਿਵੇਂ ਇਹਨੇ, ਇਸ ਘਸ ਰਹੀਆਂ ਹੱਦਾਂ ਵਾਲੀ ਨਵੀਂ ਦੁਨੀਆਂ ਵਿਚ, ਪ੍ਰਫੁੱਲਤ ਹੋਣਾ ਹੈ। ਭਵਿੱਖ ਲਈ ਤਿਆਰ ਹੋਣ ਦਾ ਮਤਲਬ ਇਸ ਵਿਸ਼ਵਕਰਨੀ ਬਗੀਚੇ ਨੂੰ ਇੱਕ ਜੰਗੀ ਮੈਦਾਨ ਵਾਂਗੂ ਨਹੀਂ, ਸਗੋਂ ਉਸ ਬੁਣੀ ਜਾ ਰਹੀ ਨਵੀਂ ਫੁਲਕਾਰੀ ਵਾਂਗ ਵੇਖਣ ਦੀ ਲੋੜ ਹੈ, ਜਿਸ ਵਿਚ ਹਰ ਜਿਉਂਦੀ ਬੋਲੀ, ਇੱਕ ਵਿਲੱਖਣ ਰੰਗ ਵਾਲੇ ਧਾਗੇ ਵਾਂਗ ਹੋਵੇਗੀ, ਜਿਸ ਬਿਨਾਂ ਇਹ ਫੁਲਕਾਰੀ ਪੂਰੀ ਨਹੀਂ ਲੱਗੇਗੀ।

ਇਸੇ ਦਲੀਲ ਨੂੰ ਅੱਗੇ ਤੋਰਦਿਆਂ, ਜੇਕਰ ਪੰਜਾਬੀ 'ਉਹਨੇ ਮੇਰੇ ਸਿਰ ਵਿਚ ਸਟੋਨ ਮਾਰਿਆ,' ਅਤੇ ਜਾਂ, 'ਟਰੀਜ਼ ਤੋਂ ਲੀਵਜ਼ ਫਾਲ ਕਰ ਰਹੇ ਨੇ,' ਵਰਗੇ ਫਿਕਰਿਆਂ ਨੂੰ ਸਵੀਕਾਰ ਕਰ ਲਵੇ ਤਾਂ ਇਸ ਨਾਲ ਪੰਜਾਬੀ ਬੋਲੀ ਨੂੰ ਢਾਹ ਲੱਗਣਾ ਨਹੀਂ ਆਖਾਂਗੇ। ਸਗੋਂ ਇੱਕ ਦਿਨ ਆਉਣ ਵਾਲੀਆਂ ਪੀੜ੍ਹੀਆਂ ਲਈ, ਸਕੂਲ, ਗਲਾਸ, ਸਟੇਸ਼ਨ, ਤੇ ਪੇਪਰ ਵਰਗੇ ਸ਼ਬਦਾਂ ਵਾਂਗ, ਸਟੋਨ, ਟਰੀਜ਼, ਲੀਵਜ਼ ਤੇ ਫਾਲ ਵਰਗੇ ਸ਼ਬਦ ਵੀ, ਪੰਜਾਬੀ ਜ਼ੁਬਾਨ ਦਾ ਅਟੁੱਟ ਹਿੱਸਾ ਲੱਗਣ ਲੱਗ ਜਾਣਗੇ। ਇਹ ਸਬੂਤ ਹੋਵੇਗਾ, ਪੰਜਾਬੀ ਦੀ ਚਲਦੀ ਨਬਜ਼ ਦਾ ਅਤੇ ਇਸਦੇ ਧੜਕਦੇ ਦਿਲ ਦਾ। ਸਿੱਟੇ ਵਜੋਂ, ਆਉਣ ਵਾਲੀਆਂ ਪੀੜ੍ਹੀਆਂ ਲਈ ਇਹ ਬੋਲੀ, ਆਪਣੀ ਤਾਕਤ ਅਤੇ ਰੈਲੇਵੈਂਸ (ਪ੍ਰਸੰਗ) ਬਣਾਈ ਰੱਖ ਸਕੇਗੀ।

**ਬਦਲਦੀ ਦੁਨੀਆਂ ਵਿਚ ਆਪਣੇ ਵਿਰਸੇ ਨੂੰ ਬਚਾਈ ਰੱਖਣਾ**

ਬੋਲੀ ਨੂੰ ਬਚਾਉਣ ਦਾ ਇਹ ਮਤਲਬ ਨਹੀਂ ਹੁੰਦਾ ਕਿ ਉਸ ਦੁਆਲੇ ਕੋਈ ਕੰਧ ਖੜ੍ਹੀ ਕਰ ਦੇਈਏ ਤਾਂ ਜੋ ਉਹ ਬਾਹਰੀ ਅਸਰਾਂ ਤੋਂ ਬਚੀ ਰਹਿ ਸਕੇ। ਇਹਨੂੰ ਬਚਾਉਣ ਦਾ ਇੱਕੋ ਤਰੀਕਾ ਹੈ ਕਿ ਇਹਨੂੰ ਬੋਲਣ ਵਾਲੇ, ਸਿੱਧੇ ਜਾਂ ਅਸਿੱਧੇ ਤੌਰ 'ਤੇ, ਦੂਜੀਆਂ ਸੱਭਿਅਤਾਵਾਂ, ਬਦਲਦੀ ਤਕਨਾਲੋਜੀ ਤੇ ਵਿਕਸਤ ਹੋ ਰਹੀਆਂ ਦੂਜੀਆਂ ਬੋਲੀਆਂ ਦੇ ਲਗਾਤਾਰ ਸੰਪਰਕ ਵਿਚ ਰਹਿਣ। ਬੋਲੀਆਂ ਸਿਰਫ ਸੰਪਰਕ ਦਾ ਸਾਧਨ ਹੀ ਨਹੀਂ ਹੁੰਦੀਆਂ, ਇਹ ਜਿਉਂਦੀਆਂ ਜਾਗਦੀਆਂ ਚੀਜ਼ਾਂ ਨੇ, ਜਿਨ੍ਹਾਂ ਨੂੰ ਆਪਣੀ ਧੜਕਣ ਕਾਇਮ ਰੱਖਣ ਲਈ, ਸਾਹ ਲੈਣ, ਅਤੇ ਵਧਣ-ਫੁੱਲਣ ਲਈ ਬਦਲਦੇ ਵਾਤਾਵਰਨ ਨਾਲ ਸੰਪਰਕ ਰੱਖਣ ਦੀ ਲੋੜ ਹੁੰਦੀ ਹੈ। ਮਨੁੱਖੀ ਇਤਿਹਾਸ ਦੱਸਦਾ ਹੈ ਕਿ ਉਹੀਓ ਬੋਲੀਆਂ ਜਿਉਂਦੀਆਂ ਜਾਗਦੀਆਂ ਅਤੇ ਧੜਕਦੀਆਂ ਰਹਿੰਦੀਆਂ ਹਨ ਜਿਹੜੀਆਂ ਮਨੁੱਖੀ ਤਜਰਬਿਆਂ ਦੇ ਵਿਕਸਤ ਹੋ ਰਹੇ ਬਗੀਚੇ ਦੇ ਨਾਲ ਨਾਲ ਪੁੰਗਰਦੀਆਂ ਰਹਿੰਦੀਆਂ ਨੇ। ਹੱਦਾਂ ਵਿਚ ਸੀਮਤ ਰੱਖੀਆਂ ਬੋਲੀਆਂ ਹੌਲੀ ਹੌਲੀ ਅਲੋਪ ਜਾਂ ਇਰਰੈਲੇਵੈਂਟ (ਬੇਪ੍ਰਸੰਗ) ਹੋ ਜਾਂਦੀਆਂ ਹਨ।

ਆਪਣੀ ਇਸ ਰਸ-ਮਈ ਅਤੇ ਗਹਿਰਾਈਆਂ ਭਰੀ ਪੰਜਾਬੀ ਬੋਲੀ ਦਾ ਵਿਰਸਾ ਸਦੀਆਂ ਪੁਰਾਣਾ ਹੈ। ਇਹ ਲੋਕਾਂ ਦੀ ਰੂਹ ਅਤੇ ਉਨ੍ਹਾਂ ਦੇ ਹਠ ਅਤੇ ਵਿਕਾਸ ਦੀ ਕਹਾਣੀ ਹੈ। ਆਪਣੇ ਲੰਮੇ ਸਫਰ ਦੌਰਾਨ, ਪੁਰਾਣੇ ਸ਼ਾਸਤਰਾਂ ਅਤੇ ਗੁਰਬਾਣੀ ਤੋਂ ਲੈ ਕੇ, ਅਜੋਕੇ ਡਿਜੀਟਲ ਯੁੱਗ ਤੀਕ ਇਹ ਬੋਲੀ ਬਹੁਤ ਤਬਦੀਲੀਆਂ ਵਿਚੋਂ ਲੰਘੀ ਹੈ ਅਤੇ ਆਪਣੇ ਆਪੇ ਨੂੰ ਗਵਾਏ ਬਗੈਰ ਇਸ ਨੇ ਫਾਰਸੀ, ਅਰਬੀ, ਸੰਸਕ੍ਰਿਤ ਤੇ ਅੰਗਰੇਜ਼ੀ ਵਰਗੀਆਂ ਭਾਸ਼ਾਵਾਂ ਦੇ ਅਨੇਕਾਂ ਸ਼ਬਦਾਂ ਨੂੰ ਆਪਣਾ ਬਣਾ ਲਿਆ ਹੈ। ਇਸਦੀ ਇਹ ਅਡੈਪਟੇਬਿਲਿਟੀ ਇਹਦੀ ਤਾਕਤ ਅਤੇ ਵਾਤਾਵਰਨ ਅਨੁਸਾਰ ਢਲ ਸਕਣ ਦੀ ਯੋਗਤਾ ਦਾ ਸਬੂਤ ਹੈ।

ਪੰਜਾਬੀ ਦੀ ਅਹਿਮੀਅਤ ਨੂੰ ਸਦ-ਬਰਕਰਾਰ ਰੱਖਣ ਲਈ, ਇਸਦੇ ਸੁਨਹਿਰੀ ਵਿਰਸੇ ਅਤੇ ਭਵਿੱਖ ਲਈ ਲੋੜੀਂਦੀ ਤਬਦੀਲੀ ਵਿਚਕਾਰ ਇੱਕ ਸੰਤੁਲਨ ਕਾਇਮ ਕਰਨ ਦੀ ਲੋੜ ਹੈ। ਪੰਜਾਬੀ ਬੋਲੀ ਸਿਰ ਉੱਚਾ ਕਰ ਕੇ ਭਵਿੱਖ ਵਿਚ ਵਿਚਰ ਸਕੇ ਇਸ ਲਈ ਇਸ ਨੂੰ ਆਪਣੇ ਭਰਪੂਰ ਵਿਰਸੇ ਦੇ ਨਾਲ ਨਾਲ, ਬਦਲਦੀ ਹਵਾ, ਨਵੇਂ ਵਿਚਾਰਾਂ, ਨਵੀਆਂ ਧਾਰਨਾਵਾਂ ਨਾਲ ਜੁੜੇ ਰਹਿਣ ਦੀ ਲੋੜ ਹੈ। ਪੁਰਾਣੇ ਅਤੇ ਨਵੇਂ-ਪਿਰਤ ਅਤੇ ਵਿਕਾਸ ਦੇ ਸੁਮੇਲ ਨਾਲ ਪੰਜਾਬੀ ਦੀ ਧੜਕਣ ਹਮੇਸ਼ਾ ਬਣੀ ਰਹੇਗੀ ਅਤੇ ਇਹ ਆਉਣ ਵਾਲੀਆਂ ਪੀੜ੍ਹੀਆ ਦੇ ਦਿਲਾਂ ਵਿਚ ਵਸਦੀ ਰਹੇਗੀ।

## ਵਿਅੰਗ: ਕੱਬਾ ਸੁਭਾਅ

ਚੰਗੇ ਸੁਭਾਅ ਵਾਲੇ ਦੀ ਹਰ ਥਾਂ ਸ਼ੋਭਾ ਹੁੰਦੀ ਹੈ ਹਰ ਕੋਈ ਉਸ ਨਾਲ ਦੋਸਤੀ ਕਰਨੀ ਚਾਹੁੰਦਾ ਹੈ, ਚੰਗੇ ਸੁਭਾਅ ਵਾਲਿਆਂ ਦੀਆਂ ਦੋਸਤੀਆਂ ਰਿਸ਼ਤਿਆਂ ਵਿਚ ਤਬਦੀਲ ਹੋ ਜਾਂਦੀਆਂ ਹਨ ਪਰ ਕੁਝ ਖਹੁਰੇ ਸੁਭਾਅ ਵਾਲੇ ਲੋਕਾਂ ਦੀ



**ਹਰਦੀਪ ਸਿੰਘ ਸੋਢੀ**
**ਫੋਨ: 480-794-0325**

ਪੁਰਾਣੀ ਰਿਸ਼ਤੇਦਾਰੀ ਵੀ ਖਰਾਬ ਹੋ ਜਾਂਦੀ ਹੈ, ਮਿਸਾਲ ਦੇ ਤੌਰ 'ਤੇ ਕੁਝ ਸੱਸਾਂ ਤੋਂ ਸਿਰਫ ਨੂੰਹਾਂ ਹੀ ਨਹੀਂ ਔਖੀਆਂ ਹੁੰਦੀਆਂ ਸਗੋਂ ਜਵਾਈ ਵੀ ਬੂਹ ਬੂਹ ਕਰਦੇ ਹਨ... ਇਸੇ ਤਰ੍ਹਾਂ ਦੀ ਗੱਲ ਹੈ ਬਖਤੌਰਾ ਕਹਿੰਦਾ ਮੈਂ ਵਿਆਹ ਦੀ ਪੰਝੀਵੀਂ ਵਰ੍ਹੇਗੰਢ 'ਤੇ ਸਹੁਰੇ ਘਰ ਫੋਨ ਕੀਤਾ ਤੇ ਖੁਸ਼ੀ ਖੁਸ਼ੀ ਕਿਹਾ ਕਿ ਅੱਜ ਤੁਹਾਡੀ ਧੀ ਨਾਲ ਸ਼ਾਦੀ ਕੀਤੀ ਨੂੰ 25 ਵਰ੍ਹੇ ਹੋ ਗਏ ਹਨ, ਕਹਿੰਦਾ ਮੇਰੀ ਸੱਸ ਨੇ ਫੋਨ ਚੁੱਕਿਆ ਕੋਈ ਵਧਾਈ ਜਾਂ ਕੋਈ ਅਸੀਸ ਦੇਣ ਦੀ ਥਾਂ ਮੈਨੂੰ ਕਹਿੰਦੀ ਕੀ ਕਰੀਏ ਫਿਰ ਤੈਨੂੰ ਪੈਨਸ਼ਨ ਲਾ ਦੇਈਏ? ਮੈਂ ਕਿਹਾ ਕਿਥੋਂ ਛਿੰਦੜੀ ਛੇੜ ਲਈ ਸਵੇਰੇ ਸਵੇਰੇ?

ਕਹਾਣੀ

# ਕੁੱਤੇ ਦਾ ਡਰ

ਕਰਮ ਸਿੰਘ ਮਾਨ
ਫੋਨ: 559 261 5024

ਜਿਸ ਆਇਤਕਾਰ ਪਾਰਕ ਦੀ ਗੱਲ ਮੈਂ ਕਰਦਾ ਹਾਂ, ਇਸ ਦਾ ਘੇਰਾ ਅੱਧ ਮੀਲ ਦਾ ਹੈ। ਇਸ ਦੇ ਚਾਰ-ਚੁਫੇਰੇ ਤੁਰਨ ਲਈ ਖੁਲ੍ਹੀ ਸਾਈਡ ਵਾਕ ਹੈ, ਜਿਸ 'ਤੇ ਤਿੰਨੇ ਬੰਦੇ ਅਸਾਨੀ ਨਾਲ ਬਰਾਬਰ ਤੁਰ ਸਕਦੇ ਹਨ। ਸਾਈਡ ਵਾਕ ਦੇ ਨਾਲ ਨਾਲ ਸ਼ਰਬਜ ਤੇ ਸਦਾ ਬਹਾਰ ਫੁੱਲ ਬੂਟੇ। ਇਕ ਪਾਸੇ ਕਨੇਰ ਦੇ ਫੁੱਲਾਂ ਦੀ ਕੰਧ ਜਿਹੀ ਬਣੀ ਖੜ੍ਹੀ ਹੈ। ਮਦਾਨ ਵਿਚ ਮਖ਼ਮਲੀ ਹਰਾ ਕਚੂਰ ਘਾਹ ਹੈ। ਟੈਨਿਸ ਕੋਰਟ, ਵਾਲੀਬਾਲ, ਫਾਲੀਡ ਹਾਕੀ, ਸਾਕਰ ਲਈ ਗਰਾਊਂਡਾਂ। ਇਕ ਖੂੰਜੇ ਵਿਚ ਬੱਚਿਆ ਲਈ ਝੂਲੇ, ਸਲਾਈਡਾਂ ਤੇ ਪੀਘਾ ਆਦਿ। ਉਸਦੇ ਚੜ੍ਹਦੇ ਪਾਸੇ ਖੁੱਲ੍ਹੇ ਪਿਸ਼ਾਬ ਘਰ। ਰੁਖਾਂ 'ਤੇ ਚੁਰਚੁਰ ਕਰਦੇ ਪੰਛੀ। ਥਾਂ-ਥਾਂ 'ਤੇ ਬੈਠਣ ਲਈ ਬੈਂਚ। ਦੱਖਣ ਦੀ ਦਿਸ਼ਾ ਵੱਲ ਛੋਟਾ ਹਾਲ, ਚਾਰੇ ਪਾਸਿਆਂ ਤੋਂ ਖੁੱਲ੍ਹਾ, ਉਪਰ ਵਾਲੂ ਛੱਤ। ਇੰਜ ਲਗਦਾ ਜਿਵੇਂ ਹਾਲ ਸਿਰ 'ਤੇ ਛਤਰੀ ਲਈ ਖੜ੍ਹਾ ਹੋਵੇ। ਉੱਚੇ ਉੱਚੇ ਖੰਭਿਆਂ 'ਤੇ ਜਲਦੇ ਲਾਟੂ ਅਤੇ ਟਿਊਬਾਂ ਐਨਾ ਚਾਨਣ ਸੁੱਟਦੇ ਹਨ ਕਿ ਰਾਤ ਦੇ ਹਨੇਰੇ ਵਿਚ ਕੀੜੀ ਫਿਰਦੀ ਦਿਸਦੀ ਹੈ।

ਸਵੇਰ ਦੇ ਛੇ ਵਜੇ ਤੋਂ ਰਾਤ ਦੇ ਦਸ ਵਜੇ ਤੱਕ ਇਸ ਪਾਰਕ ਵਿਚ ਜ਼ਿੰਦਗੀ ਹਰ ਵੇਲੇ ਮਚਲਦੀ ਹੈ। ਪੈਰਾਂ ਵਿਚ ਪੰਜੇਬਾਂ ਪਾ ਕੇ ਨਚਦੀ, ਭੰਗੜਾ ਪਾਉਂਦੀ ਜ਼ਿੰਦਗੀ। ਇੱਥੇ ਤਾਂ ਇਉਂ ਲਗਦਾ ਹੈ, ਗ਼ਮ ਵਰਗੀ ਕੋਈ ਚੀਜ਼ ਹੈ ਈ ਨਹੀਂ ਇਸ ਜ਼ਿੰਦਗੀ ਵਿਚ। ਪੂਰੀ ਗਹਮਾ-ਗਹਿਮੀ ਤੇ ਚਹਿਲ-ਪਹਿਲ ਰਹਿੰਦੀ ਹੈ ਇਸ ਪਾਰਕ ਵਿਚ। ਇਕੱਲੇ-ਇਕਹਿਰੇ, ਜੋੜੀਆਂ ਵਿਚ ਘੁੰਮਦੇ, ਬੈਂਚਾਂ 'ਤੇ ਬੈਠੇ ਗੱਲਾਂ ਕਰਦੇ। ਸਾਈਕਲ ਚਲਾਉਂਦੇ ਕਿਲਕਾਰੀਆਂ ਮਾਰਦੇ ਬੱਚੇ। ਸਟਰੋਲਰਾਂ ਵਿਚ ਬੱਚੇ ਲੈ ਕੇ ਜ਼ਿੰਦਾ ਦਿਲ ਜਵਾਨ ਮੁਟਿਆਰਾਂ, ਔਰਤਾਂ। ਭੜਕੀਲੇ ਕੱਪੜੇ, ਕਰੀਮ ਨਾਲ ਚੋਪੜੀਆਂ ਗੱਲ੍ਹਾਂ। ਬੁਲਾਂ 'ਤੇ ਲਿਪਸਟਿਕ, ਜਿਵੇਂ ਹੁਣੇ ਡੋਲੀ ਵਿਚ ਬੈਠਣਾ ਹੋਵੇ। ਕੁੱਤੇ ਲੈ ਕੇ ਘੁੰਮਦੀਆਂ ਔਰਤਾਂ। ਕਿਸ ਕੋਲ ਇਕ, ਕਿਸੇ ਕੋਲ ਦੋ ਅਤੇ ਕਿਸੇ ਕੋਲ ਤਿੰਨ ਤੋਂ ਵੀ ਵੱਧ। ਗੋਰੇ-ਕਾਲੇ ਦੁਨੀਆਂ ਦੇ ਹਰ ਹਿੱਸੇ 'ਚੋਂ ਆ ਕੇ ਇੱਥੇ ਵਸੇ ਲੋਕ ਇਸ ਪਾਰਕ ਵਿਚ ਆਉਂਦੇ ਹਨ।

ਪਾਰਕ ਵਿਚ ਸੈਰ ਕਰਨ ਤਾਂ ਬਹੁਤ ਆਉਂਦੇ ਹਨ ਪਰ ਕੁਝ ਅਜਿਹੇ ਹੁੰਦੇ ਹਨ ਜਿਨ੍ਹਾਂ ਦੀ ਆਪਣੀ ਵੱਖਰੀ ਨੁਹਾਰ ਹੁੰਦੀ ਹੈ। ਜਿਨ੍ਹਾਂ ਦੀ ਹਾਜ਼ਰੀ ਨਾਲ ਪਾਰਕ ਭਰਿਆ-ਭਰਿਆ ਲਗਦਾ ਹੈ ਤੇ ਗੈਰ- ਹਾਜ਼ਰੀ ਨਾਲ ਸੁੰਨਾਂ, ਸੱਖਣਾ। ਕੁਝ ਅਜਿਹੇ ਮਗਰੂਰ ਵੀ ਜਿਨ੍ਹਾਂ ਦੀ ਹੋਂਦ ਵੀ ਰੜਕਦੀ ਹੈ ਤੇ ਗੈਰ ਹਾਜ਼ਰੀ ਵੀ। ਕਿਸੇ ਨਾਲ ਵੱਖਰੀ ਸਾਂਝ ਹੁੰਦੀ ਹੈ, ਕੋਈ ਆਂਢ-ਗੁਆਂਢ, ਜਾਤ ਬਰਾਦਰੀ ਦੀ ਤੇ ਜਾਂ ਕੋਈ ਹੋਰ।

ਮੀਨਾ ਤਾਂ ਪਤਾ ਨਹੀਂ ਕਿੰਨੇ ਚਿਰ ਤੋਂ ਆ ਰਹੀ ਹੈ, ਇਸ ਪਾਰਕ ਵਿਚ। ਉਹ ਹਰ ਰੋਜ਼ ਸਵੇਰ ਦੇ ਅੱਠ ਵਜੇ ਪਾਰਕ ਵਿਚ ਆਉਂਦੀ ਹੈ। ਹਰਮੀਤ ਦੇ ਆਉਣ ਤੋਂ ਪਹਿਲਾਂ ਹੀ ਪਾਰਕ ਦੇ ਚੱਕਰ ਕੱਟਣ ਲਗਦੀ ਹੈ। ਇਕ ਨਹੀਂ, ਦੋ ਨਹੀਂ ਪੂਰੇ ਸੱਤ ਚੱਕਰ ਕਟਦੀ ਹੈ। ਜਿਵੇਂ ਉਹ ਪਾਰਕ ਨਾਲ ਸੱਤ ਫੇਰੇ ਲੈਂਦੀ ਹੋਵੇ। ਚੁੱਪ ਕਰਕੇ ਤੁਰੀ ਫਿਰਦੀ ਹੈ। ਕਿਸੇ ਨਾਲ ਹੈਲੋ-ਸ਼ੈਲੋ ਨਾ ਸਾਹਿਬ ਸਲਾਮ। ਮੱਚੀ ਜਿਹੀ। ਵੇਖਣ ਵਾਲੇ ਦਾ ਮੂਡ ਖਰਾਬ ਕਰਦੀ ਹੈ। ਹਰ ਵੇਲੇ ਚੰਦਰਾ ਜਿਹਾ ਮੂੰਹ ਬਣਾਈ। ਜੇ ਚੰਦਰਾ ਜਿਹਾ ਮੂੰਹ ਬਣਾ ਕੇ ਤੁਰਨਾ ਕਿਤੇ ਹੋਰ ਸੈਰ ਕਰ ਲਿਆ ਕਰੇ। "ਕੋਹ ਕਾਫ਼ ਦੀ ਪਰੀ ਨੀ ਤੂੰ? ਆਹ, ਸੈਂਡੀ, ਲਿੰਡਾ, ਮਰੀਆ ਤੇ ਸੋਫੀਆ ਵੱਲ ਈ ਵੇਖ ਲਿਆ ਕਰ ਤੂੰ? ਕੁਝ ਤਾਂ ਸਿੱਖ ਲਾ ਇਨ੍ਹਾਂ ਤੋਂ" ਹਰਮੀਤ ਸੋਚਦਾ।

ਬਹੁਤ ਹੀ ਦਿਲਚਸਪ ਔਰਤ ਹੈ ਸੈਂਡੀ। ਗੱਠਵਾਂ ਸਰੀਰ ਨੈਣ ਨਕਸ਼ ਬਹੁਤੇ ਤਿੱਖੇ ਤਾਂ ਨਹੀਂ ਪਰ ਉਸਦੀ ਦਿੱਖ ਤਾਂ ਆਪਣੀ ਹੈ। ਪੂਰੀ ਦਿਲਕਸ਼। ਉਸਦੇ ਚਿਹਰੇ 'ਤੇ ਫੈਲੀ ਮੁਸਕਾਨ, ਮੰਤਰ-ਮੁਗਧ ਕਰ ਦਿੰਦੀ ਹੈ। ਉਹ ਪੂਰੇ ਦਸ ਚੱਕਰ ਕਟਦੀ ਹੈ, ਇਸ ਪਾਰਕ ਦੇ। ਉਹ ਹਰ ਗੇੜੇ, ਅੱਖਾਂ ਵਿਚ ਅੱਖਾਂ ਪਾ ਕੇ ਬਹੁਤ ਮੁਸਕਰਾ ਕੇ ਸੁਗੰਧ ਸਮੀਰ ਦੇ ਝੋਕੇ ਵਾਂਗ ਲੰਘ ਜਾਂਦੀ ਹੈ ਕੋਲ ਦੀ। ਕਿੰਨੀ ਫੁਰਤੀ ਹੈ ਉਸਦੇ ਕਦਮਾਂ 'ਚ। ਪੱਬ ਧਰਤੀ 'ਤੇ ਲਗਦੇ ਈ ਨ੍ਹੀਂ ਦਿਸਦੇ। ਪਹਿਲੇ ਗੇੜੇ ਉਹ 'ਗੁੱਡ ਮਾਰਨਿੰਗ' ਕਹਿੰਦੀ, ਦੂਜੇ ਗੇੜੇ ਮੌਸਮ ਦੀ ਗੱਲ ਕਰਦੀ, ਤੀਜੇ ਪਰਿਵਾਰ ਦਾ ਹਾਲ-ਚਾਲ ਪੁੱਛਦੀ, ਚੌਥੇ ਆਪਣਾ ਸੁਣਾਉਂਦੀ, ਆਖਰੀ ਚੱਕਰ ਸ਼ੁਭ ਇਛਾਵਾਂ ਕਹਿੰਦੀ, ਅਗਲੇ ਦਿਨ ਮਿਲਣ ਕਹਿੰਦੀ ਤੁਰ ਜਾਂਦੀ ਹੈ। ਉਸਦੇ ਜਾਣ ਪਿੱਛੋਂ ਇਉਂ ਲਗਦਾ ਹੈ ਜਿਵੇਂ ਬਾਗ ਵਿਚੋਂ ਬਹਾਰ ਅਲੋਪ ਹੋ ਗਈ ਹੋਵੇ ਤੇ ਲਿੰਡਾ ਵੀ ਤਾਂ!

ਲਿੰਡਾ! ਬਮਲੇ ਵਰਗੀ ਲਿੰਡਾ ਚੰਦਨ ਦੀ ਗੇਲੀ ਵਰਗੇ ਪੱਟ। ਚੋਪੜੇ-ਚੋਪੜੇ। ਤੁਰਦੀ ਦੇ ਪੈਰਾਂ ਥੱਲੇ ਧਰਤੀ ਧਮਕਦੀ। ਤੁਰਦੀ ਦਾ ਸਾਹ ਚੜ੍ਹ ਜਾਂਦਾ ਹੈ। ਉਹ ਆਪਣੇ ਦੋਵੇਂ ਕੁੱਤੇ ਲੈ ਕੇ ਪਾਰਕ ਵਿਚ ਆਉਂਦੀ ਹੈ। ਦਰਮਿਆਨੇ ਕੱਦ ਦੇ, ਭੂਸਲੇ ਰੰਗ ਦੇ। ਉਸਨੂੰ ਆਪਣੀ ਸਿਹਤ ਨਾਲੋਂ ਕੁੱਤਿਆਂ ਦਾ ਵੱਧ ਖਿਆਲ ਹੈ। ਉਹ ਹੱਥ ਵਿਚ ਫੜੀ ਬਾਲ ਵਗਾਹ ਕੇ ਮਾਰਦੀ, ਕੁੱਤੇ ਉਸਨੂੰ ਚੁੱਕ ਕੇ ਉਸ ਕੋਲ ਵਾਪਸ ਆ ਜਾਂਦੇ ਹਨ। ਉਹ ਫਿਰ ਬਾਲ ਸੁੱਟਦੀ ਹੈ ਤੇ ਕੁੱਤੇ ਉਸਨੂੰ ਚੁੱਕ ਕੇ ਵਾਪਸ ਆ ਜਾਂਦੇ ਹਨ। ਉਹ ਬਾਲ ਸੁੱਟਦੀ ਹਫ ਜਾਂਦੀ ਆ। ਉਸ ਨੂੰ ਸਾਹ ਦਿਵਾਉਣ ਲਈ ਕੁੱਤੇ ਉਸ ਕੋਲ ਆ ਬੈਠਦੇ ਹਨ। ਇੰਨੇ ਚਿਰ ਨੂੰ ਮਰੀਆ ਆ ਜਾਂਦੀ ਹੈ ਆਪਣੇ ਕੁੱਤੇ ਲੈ ਕੇ।

ਮਰੀਆ, ਪਤਲੀ ਪਤੰਗ ਮਰੀਆ!। ਬੋਲਦੀ ਦੇ ਗੋਲ-ਗੋਲ ਗੱਲ੍ਹਾਂ ਵਿਚ ਪੈਂਦੇ ਟੋਏ, ਮਾਨਸਰੋਵਰ ਝੀਲ ਵਰਗੇ। ਜ਼ਿੰਦਾ ਦਿਲ ਔਰਤ। ਉਹ ਵੀ ਆਪਣੇ ਕੁੱਤਿਆਂ ਸਮੇਤ ਆਉਂਦੀ ਹੈ। ਹਫ ਕੇ ਬੈਠੀ ਲਿੰਡਾ ਕੋਲ ਮਰੀਆ ਵੀ ਆ ਬੈਠਦੀ ਹੈ।

ਖ਼ਰਮਸਤੀ ਕਰਦੀਆਂ ਦੋਵੇਂ ਸਹੇਲੀਆਂ ਆਪਣਾ ਸੰਸਾਰ ਵਸਾ ਲੈਂਦੀਆਂ ਹਨ। ਦੂਜੇ ਪਾਸੇ ਉਨ੍ਹਾਂ ਦੇ ਕੁੱਤੇ ਆਪਸ ਵਿਚ ਖੇਡਦੇ ਆਪਣਾ ਸੰਸਾਰ ਵਸਾ ਲੈਂਦੇ ਹਨ। ਉਹ ਹਸਰਤ ਭਰੀਆਂ ਨਜ਼ਰਾਂ ਨਾਲ ਕੁੱਤਿਆਂ ਵੱਲ ਵੇਖਣ ਲੱਗ ਜਾਂਦੀਆਂ ਹਨ। ਉਹ ਸੈਰ ਕਰਦੇ ਲੋਕਾਂ ਵੱਲੋਂ ਬੇਪਰਵਾਹ ਹੋ ਕੇ ਘਾਹ 'ਤੇ ਲਿਟਦੀਆਂ,



ਕੁੱਤਿਆਂ ਵਾਂਗ ਅਸ਼ਲੀਲ ਹਰਕਤਾਂ ਕਰਦੀਆਂ ਹਨ। ਉਨ੍ਹਾਂ ਦਾ ਧਿਆਨ ਉਦੋਂ ਹੀ ਟੁੱਟਦਾ ਹੈ ਜਦੋਂ ਉਨ੍ਹਾਂ ਦੇ ਕੁੱਤੇ ਦੂਰੋਂ ਆ ਰਹੇ ਕੁੱਤਿਆਂ ਨੂੰ ਵੇਖ ਕੇ ਭੌਂਕਦੇ ਹਨ। ਉਹ ਇਕ ਸੀਟੀ ਮਾਰਦੀਆਂ ਕੁੱਤੇ ਭੱਜ ਕੇ ਉਨ੍ਹਾਂ ਦੇ ਪੈਰਾਂ ਵਿਚ ਆ ਡਿਗਦੇ ਹਨ।

ਹਰਮੀਤ ਮੀਨਾ ਬਾਰੇ ਸੋਚਦਾ, "ਕਿਉਂ ਹਰ ਵੇਲੇ ਘੁੱਟੀ ਜੀ ਰਹਿੰਦੀ ਐ ਇਹ? ਕਿਉਂ ਨੀ ਇਹ ਕਿਸੇ ਵੱਲ ਝਾਕਦੀ? ਕਿਉਂ ਕਿਸੇ ਨਾਲ ਗੱਲ ਨਹੀਂ ਕਰਦੀ? ਨੀਵੀਂ ਪਾ ਕੇ ਤੁਰੀ ਫਿਰਦੀ ਐ। ਕਿਤੇ ਸੰਗਦੀ ਤਾਂ ਨ੍ਹੀਂ? ਕਿਸੇ ਨੂੰ ਹੈਲੋ, ਹਾਇ ਤਾਂ ਕਰੇ। 'ਸੰਗਣ ਵਾਲੀ ਕਿਹੜੀ ਗੱਲ ਹੈ? ਸੁਹਣੀ-ਸੁਨੱਖੀ ਹੈ। ਸਰ੍ਹੋਂ ਫੁੱਲੇ ਸੂਟ ਵਿਚ ਵੱਟ ਤੇ ਧੌਣ ਅਕੜਾਈ ਖੜੀ ਸਵਾਨ ਤਿੱਤਰੀ ਵਰਗੀ ਲਗਦੀ ਹੈ। ਹਰਮੀਤ ਨੂੰ ਇਸਦਾ ਕਿਸੇ ਨਾਲ ਨਾ ਬੋਲਣਾ ਚੁੱਭਦਾ ਸੀ।

"ਕਿਤੇ ਇਹ ਇਕੱਲੀ ਇਸ ਲਈ ਨਾ ਤੁਰਦੀ ਹੋਵੇ, ਇਸ ਨਾਲ ਆਉਣ ਵਾਲਾ ਕੋਈ ਹੋਵੇ ਈ ਨਾ। ਇਸ ਦੇ ਘਰ ਵਾਲਾ ਇਸ ਨੂੰ ਛੱਡ ਨਾ ਗਿਆ ਹੋਵੇ? ਇਹ ਟੁੱਟੇ ਪਰਿਵਾਰ ਦੀ ਸੱਟ ਨਾ ਝੱਲ ਸਕੀ ਹੋਵੇ? ਕਿਤੇ ਇਹ ਬਾਂਝ ਨਾ ਹੋਵੇ? ਜਿਸ ਕਰਕੇ ਇਹ ਅੰਦਰੋਂ ਬੁਝ ਗਈ ਹੋਵੇ।" ਹਰਮੀਤ ਕਈ ਤਰ੍ਹਾਂ ਦੇ ਲੱਖਣ ਲਾਉਂਦਾ। ਕਦੀ ਉਸਨੂੰ ਦਲਜੀਤ ਨਾਲ ਮੇਚ ਕੇ ਵੇਖਦਾ।

"ਦਲਜੀਤ ਵੀ ਤਾਂ ਚੁੱਪ ਰਹਿੰਦੀ ਇਸਦੀ ਤਰ੍ਹਾਂ। ਉਸ ਦੀ ਵੀ ਤਾਂ ਕੁੱਖ ਫੁੱਟੀ ਨ੍ਹੀਂ ਸੀ ਲਗਦੀ। ਇਸ ਦੀ ਤਰ੍ਹਾਂ ਦਲਜੀਤ ਨੂੰ ਵੀ ਕਿਸੇ ਨੇ ਹਸਦਾ ਨ੍ਹੀਂ ਵੇਖਿਆ ਸੀ। ਉਹ ਵੀ ਬੁਝਾਰਤ ਬਣੀ ਵੀ ਸੀ ਸਭ ਲਈ। ਸਾਰਾ ਦਿਨ ਉਹ ਵੀ ਚੁੱਪ-ਚਾਪ ਤੁਰੀ ਫਿਰਦੀ ਸੀ। ਉਹ ਤਾਂ ਆਪਣੇ ਕੰਮ ਨਾਲ ਮਤਲਬ ਰਖਦੀ। ਘਰੋਂ ਸਕੂਲ ਤੇ ਸਕੂਲੋਂ ਘਰ। ਕਿਸੇ ਨਾਲ ਵਾਧੂ-ਘਾਟੂ ਗੱਲ ਨਾ ਕਰਦੀ। ਇੱਕ ਸਾਲ ਉਸਦੀ ਬਦਲੀ ਹੋ ਗਈ ਸੀ। ਜਿਸ ਦਿਨ ਉਹ ਫਾਰਗ ਹੋਈ ਸੀ, ਉਸ ਦਿਨ ਉਸਦਾ ਪਤੀ ਆਇਆ ਸੀ ਜਿਹੜਾ ਫੌਜ ਵਿਚ ਕੈਪਟਨ ਸੀ।

"ਇਹਦੇ ਵਾਂਗੂੰ ਤਾਂ ਨ੍ਹੀਂ ਸੀ ਦਲਜੀਤ। ਕੀ ਹੋਇਆ ਜੇ ਉਹ ਖੁੱਲ੍ਹ ਕੇ ਗੱਲਾਂ ਨਹੀਂ ਸੀ ਕਰਦੀ, ਪਰ ਉਹ ਬੱਚਿਆਂ ਨਾਲ ਤਾਂ ਘੁਲੀ-ਮਿਲੀ ਰਹਿੰਦੀ ਸੀ। ਬੱਚੇ ਵੀ ਉਸ ਨੂੰ ਬਹੁਤ ਪਿਆਰ ਕਰਦੇ ਸਨ। ਹਰ ਵੇਲੇ ਦਲਜੀਤ ਭੈਣ ਜੀ-ਭੈਣ ਜੀ ਕਰਦੇ ਰਹਿੰਦੇ ਪਰ ਮੀਨਾ ਤਾਂ ਪਾਰਕ ਵਿਚ ਖੇਡਦੇ ਬੱਚਿਆਂ ਵੱਲ ਵੀ ਨ੍ਹੀਂ ਸੀ ਝਾਕਦੀ।"

"ਬਸ ਮੀਨਾ ਬਾਰੇ ਇਹੀ ਗੱਲ ਦਿਸਦੀ ਹੈ, ਇਹਦੇ ਘਰ ਵਾਲਾ ਮਰ ਗਿਆ ਹੋਣੈ। ਇਹ ਵਿਧਵਾ ਹੋਊ, ਜਾਂ ਫਿਰ ਛੁੱਟੜ ਹੋਊ। ਅੱਕ ਕੇ ਘਰ ਵਾਲੇ ਨੇ ਇਸਦਾ ਰੱਸਾ ਲਾਹ ਦਿੱਤਾ ਹੋਵੇ" ਹਰਮੀਤ ਉਸ ਬਾਰੇ ਲੇਪਣ ਲਾਉਂਦਾ ਰਹਿੰਦਾ।

"ਦੁਬਾਰਾ ਵਿਆਹ ਕਰਵਾ ਲਏ। ਨਹੀਂ ਤਾਂ ਕੋਈ ਬੁਆਏ-ਫਰੈਂਡ ਰੱਖ ਲਏ। ਅਮਰੀਕਾ ਵੀ ਆ ਗਈ, ਫਿਰ ਝਿਜਕ ਕਾਹਦੀ? ਇੱਥੋਂ ਦੀ ਆਜ਼ਾਦੀ ਤੇ ਖੁੱਲ੍ਹ ਦਾ ਇਸ ਨੂੰ ਕੀ ਭਾਅ? ਫੇਰ ਤਾਂ-!" ਉਹ ਇਸ ਸੋਚ ਕੇ ਮੁਸਕਰਾਇਆ।

"ਕਿਉਂ ਨਾ ਇਸ ਨਾਲ ਨੇੜਤਾ ਵਧਾ ਲਈ ਜਾਵੇ! ਆਖਰ ਉਹ ਕਿੰਨਾ ਚਿਰ ਚੁੱਪ ਰਹੂਗੀ ਰੰਡੀ ਤਾਂ ਰੰਡੇਪਾ ਕੱਟ ਲਏ ਪਰ ਉਂਗਲਾਂ ਵਾਲੇ-' ਆਪਣੇ ਅੰਦਰ ਸੋਚਦਾ ਉਹ ਖੁੱਲ੍ਹ ਕੇ ਹੱਸਿਆ।

ਹਰ ਰੋਜ਼ ਹਰਮੀਤ ਦੇ ਅੰਦਰ ਇਹ ਸਵਾਲ ਉਠਦੇ ਸਨ। ਹਰ ਰੋਜ਼ ਇਹ ਵਿਚਾਰ ਉਸਦੇ ਮੋਢਿਆਂ 'ਤੇ ਚੜ੍ਹੇ ਰਹਿੰਦੇ ਸਨ। ਉਹ ਹਰ ਰੋਜ਼ ਇਹੀ ਸਵਾਲ ਲੈ ਕੇ ਘਰੇ ਚਲਿਆ ਜਾਂਦਾ ਸੀ। ਹਰ ਰੋਜ਼ ਇਹੀ ਸਵਾਲ ਉਸਦੇ ਨਾਲ ਪਾਰਕ ਵਿਚ ਆ ਜਾਂਦੇ ਸਨ।

ਇਕ ਦਿਨ ਹਰਮੀਤ ਨੇ ਦਿਲ ਕਰੜਾ ਕਰ ਕੇ ਉਸਨੂੰ ਇਕ ਕਿਸਮ ਦਾ ਖੜ੍ਹਾ ਹੀ ਲਿਆ। ਉਸ ਨੇ ਉਸਨੂੰ ਸਤਿ ਸ੍ਰੀ ਅਕਾਲ ਬੁਲਾਈ। ਸਤਿ ਸ੍ਰੀ ਅਕਾਲ ਮੰਨਣ ਤੋਂ ਸਿਵਾਏ ਹੁਣ ਮੀਨਾ ਕੋਲ ਕੋਈ ਚਾਰਾ ਨਹੀਂ ਸੀ।

ਅਗਲੇ ਦਿਨ ਉਹ ਪਹਿਲਾਂ ਵਾਂਗ ਖੁਸ਼ਕ ਨਹੀਂ ਸੀ। ਅਗਲੇ ਦਿਨ ਉਸਦੇ ਰੌਂਅ ਵਿਚ ਕੁਝ ਤਬਦੀਲੀ ਆ ਗਈ ਸੀ।

ਅੱਜ ਉਹ ਐਤਵਾਰ ਤੋਂ ਬਾਅਦ ਸੋਮਵਾਰ ਨੂੰ ਪਾਰਕ ਆਈ ਹੈ। ਅੱਜ ਉਸਨੇ ਜੀਨ ਦੀ ਪੈਂਟ ਦੀ ਥਾਂ ਗੋਡਿਆਂ ਤੋਂ ਥੱਲੇ ਤੱਕ ਸ਼ੋਰਟਸ ਪਹਿਨਿਆ ਹੈ। ਉਸ ਦੀਆਂ ਅੱਧੀਆਂ ਲੱਤਾਂ ਨੰਗੀਆਂ ਹਨ। ਉਸ ਨੇ ਪਹਿਲਾਂ ਵਾਂਗ ਹੀ ਹਰਮੀਤ ਤੋਂ ਅੱਖਾਂ ਲੁਕਾ ਕੇ ਸਤਿ ਸ੍ਰੀ ਅਕਾਲ ਦਾ ਜੁਆਬ ਦਿੱਤਾ ਹੈ ਪਰ ਉਸਦੇ ਮੱਥੇ ਦੀ ਤਿਊੜੀ ਗਾਇਬ ਹੈ। ਉਸਦੇ ਚਿਹਰੇ 'ਤੇ ਹਲਕੀ ਮੁਸਕਰਾਹਟ ਹੈ। ਸਿਰ 'ਤੇ ਟੋਪ ਲਈ ਕੋਈ ਮੇਮ ਲਗਦੀ ਹੈ। ਅੱਗੇ ਨਾਲੋਂ ਦਸ ਸਾਲ ਛੋਟੀ। ਅਗਲੇ ਦਿਨ ਉਸ 'ਚ ਹੋਰ ਵੀ ਤਬਦੀਲੀ ਆਈ ਲਗਦੀ ਹੈ।

ਹਰਮੀਤ ਇਹ ਵੇਖ ਕੇ ਬਹੁਤ ਹੀ ਖੁਸ਼ ਹੈ। ਹੁਣ ਉਹ ਸੱਤ ਵਜੇ ਤੋਂ ਪਹਿਲਾਂ ਹੀ ਪਾਰਕ ਵਿਚ ਆ ਜਾਂਦੀ ਹੈ। ਉਹ ਵੱਡਾ ਟੋਪ, ਜੋ ਉਹ ਪਹਿਲਾਂ ਸਿਰ 'ਤੇ ਰਖਦੀ ਸੀ, ਹੱਥ 'ਚ ਫੜ ਕੇ ਸਿਰ ਨੰਗਾ ਕੀਤਾ ਹੋਇਆ ਹੈ। ਉਸਦੇ ਸਿਰ 'ਤੇ ਕੱਟ ਕੇ ਚਾਰ ਇੰਚ ਲੰਬੇ ਲੱਛੇਦਾਰ ਵਾਲ ਉਸਦੀ ਖ਼ੂਬਸੂਰਤੀ ਨੂੰ ਹੋਰ ਵੀ ਚਾਰ ਚੰਨ ਲਾਉਂਦੇ ਹਨ।

ਹਰਮੀਤ ਇਹ ਵੇਖ ਕੇ ਬਹੁਤ ਹੀ ਖੁਸ਼ ਹੈ। ਹੁਣ ਉਹ ਸੱਤ ਦੀ ਬਜਾਏ ਛੇ ਵਜੇ ਪਾਰਕ ਵਿਚ ਆ ਜਾਂਦਾ ਹੈ। ਹਰ ਚੱਕਰ 'ਤੇ ਉਹ ਇਕ ਦੂਜੇ ਨੂੰ ਦੋ ਵਾਰ ਮਿਲਦੇ ਹਨ। ਓਪਰਿਆਂ ਵਾਂਗ ਨਹੀਂ ਆਪਣਿਆਂ ਵਾਂਗ।

ਉਹ ਉਸ ਵੱਲ ਸਿਰ ਉੱਚਾ ਕਰ ਕੇ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਣ ਲੱਗ ਪਈ ਹੈ। ਹਰਮੀਤ ਉਸਦੇ ਚਿਹਰੇ ਨੂੰ ਨਿਹਾਰਨਾ ਚਾਹੁੰਦਾ ਹੈ। ਪਰ ਉਸਦੇ ਕਾਲੇ ਗੋਗਲਜ਼ ਵਿਚ ਦੀ ਕੁਝ ਵੀ ਨ੍ਹੀਂ ਦਿਸਦਾ।

ਉਹ ਹਰ ਰੋਜ਼ ਨੇੜੇ ਹੁੰਦੇ ਜਾਂਦੇ ਹਨ। ਹੁਣ ਉਹ ਪਾਰਕ ਦੇ ਚੱਕਰ ਲਾਉਂਦੇ, ਇਕੱਠੇ ਤੁਰਦੇ ਹਨ ਗੱਲਾਂ ਕਰਦੇ। ਹਰਮੀਤ ਉਸ ਤੋਂ ਉਸਦੇ ਘਰ ਬਾਰੇ ਤੇ ਬੱਚਿਆਂ ਬਾਰੇ ਪੁੱਛਦਾ ਹੈ।

"ਮੀਨਾ ਜੀ, ਤੁਹਾਡੇ ਬੱਚੇ ਕੀ ਕਰਦੇ ਹਨ? ਉਨ੍ਹਾਂ ਨੂੰ ਵੀ ਕਿਤੇ ਪਾਰਕ ਲਿਆਇਆ ਕਰੋ।" "ਇੱਕ ਲੜਕਾ ਹੈ। ਉਹ ਗਰੇਡ ਟਵੈਲਵ ਵਿਚ ਹੈ।" ਕਹਿ ਕੇ ਗੰਭੀਰ ਹੋ ਜਾਂਦੀ ਹੈ।

ਜਦ ਵੀ ਹਰਮੀਤ ਮੀਨਾ ਨਾਲ ਉਸਦੇ ਘਰ ਬਾਰੇ ਗੱਲ ਕਰਦਾ ਉਹ ਉਦਾਸ ਹੋ ਜਾਂਦੀ। ਉਸਦੇ ਚਿਹਰੇ 'ਤੇ ਪਲੱਤਣ ਛਾ ਜਾਂਦੀ। ਉਸਦੀ ਤੋਰ ਸੁਸਤ ਹੋ ਜਾਂਦੀ। ਉਹ ਚੱਕਰ ਵਿਚਾਲੀ ਘਰ ਨੂੰ ਤੁਰ ਜਾਂਦੀ। ਕਹਿ ਦਿੰਦੀ ਕਿ ਅੱਜ ਉਸਨੇ ਛੇਤੀ ਵਾਪਸ ਜਾਣਾ ਹੈ। ਫਿਰ ਉਸ ਤੋਂ ਇਸ ਬਾਰੇ ਕਈ-ਕਈ ਦਿਨ ਪੁੱਛਣ ਦੀ ਹਿੰਮਤ ਨਾ ਪੈਂਦੀ।

ਹਰਮੀਤ ਨੂੰ ਪਤਾ ਲੱਗ ਗਿਆ ਸੀ, ਜਦੋਂ ਮੀਨਾ ਮੁਸ਼ਕਲ ਨਾਲ ਤੇਈ ਸਾਲ ਦੀ ਸੀ, ਉਸਦੇ ਪਤੀ ਮਹੇਸ਼ ਨੂੰ ਕੈਂਸਰ ਹੋ ਗਈ ਸੀ। ਉਸ ਦੀ ਉਮਰ ਪੱਚੀ ਸਾਲ ਦੀ ਸੀ ਜਦੋਂ ਮਹੇਸ਼ ਸਦੀਵੀ ਵਿਛੋੜਾ ਦੇ ਗਿਆ ਸੀ। ਉਸਦਾ ਇਹ ਲੜਕਾ ਸਤੀਸ਼ ਉਦੋਂ ਦੋ ਸਾਲ ਦਾ ਸੀ, ਜਿਹੜਾ ਉਸਨੇ ਪਾਲ-ਪਲੋਸ ਲਿਆ ਸੀ ਅਤੇ ਉਸਦੇ ਸਹਾਰੇ ਹੀ ਦਿਨ ਕੱਟ ਰਿਹਾ ਸੀ। ਘਰਦਿਆਂ ਨੇ ਉਸ 'ਤੇ ਬਹੁਤ ਜ਼ੋਰ ਪਾਇਆ ਸੀ ਪਰ ਦੂਸਰਾ ਵਿਆਹ ਕਰਵਾਉਣ ਲਈ ਉਹ ਮੰਨੀ ਨਹੀਂ ਸੀ। ਪਤੀ ਦੇ ਉਸਦੇ ਜੇਠ ਨਾਲ ਦੋ ਸਟਾਰ ਸਾਂਝੇ ਸਨ ਉਨ੍ਹਾਂ ਦਾ ਪੂਰਾ ਹਿਸਾਬ ਤਾਂ ਕੀ ਦੇਣਾ ਸੀ, ਘਰ ਚਲਾਉਣ ਲਈ ਖ਼ਰਚ ਪੂਰਾ ਨਹੀਂ ਦਿੰਦੇ ਸਨ।

ਹਰਮੀਤ ਦਾ ਉਸ ਨਾਲ ਲਗਾਅ ਦਿਨ-ਬ-ਦਿਨ ਵਧ ਰਿਹਾ ਸੀ। ਹੁਣ, ਉਹ ਮਿੱਥੇ ਸਮੇਂ 'ਤੇ ਪਾਰਕ ਆਉਂਦੇ। ਇੱਕ ਦੂਜੇ ਦਾ ਨਾਉਂ ਲੈ ਕੇ ਬੁਲਾਉਂਦੇ। ਉਹ ਉਸ ਨਾਲ ਲੋੜ ਤੋਂ ਵੱਧ ਹਮਦਰਦੀ ਵਿਖਾਉਂਦਾ। ਜਿਹੜੀ ਕਈ ਵਾਰ ਮੀਨਾ ਨੂੰ ਬਹੁਤ ਹੀ ਚੁੱਭਦੀ।

ਕਈ ਵਾਰ ਹਰਮੀਤ ਨੂੰ ਮੀਨਾ 'ਤੇ ਤਰਸ ਆਉਂਦਾ। ਇਕ ਪਲ ਉਹ ਉਸਦੇ ਤਿਆਗ ਦੀ ਪ੍ਰਸ਼ੰਸਾ ਕਰਦਾ, ਦੂਜੇ ਪਲ ਕੁਝ ਹੋਰ ਈ ਸੋਚਦਾ। "ਇਸਦੇ ਮੁੰਡੇ ਨੇ ਤਾਂ ਕੁਝ ਸਾਲਾਂ ਨੂੰ ਵਿਆਹੇ ਜਾਣਾ। ਉਸਨੇ ਕਿਹੜਾ ਇਸਦੇ ਨਾਲ ਰਹਿਣਾ। ਇਕੱਲੀ ਕਿਵੇਂ ਇਹ ਜ਼ਿੰਦਗੀ ਕੱਟੂਗੀ? ਆਖਰ ਇਸ ਨੂੰ ਸਾਥੀ ਤਾਂ ਚਾਹੀਦਾ ਹੈ, ਇਸ ਉਮਰ ਵਿਚ। ਇਸ ਦੇ ਦਿਲ ਦਾ ਹਮਰਾਜ਼! ਬਾਕੀ ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆ ਜਾਣੇ।" ਪਤਾ ਨਹੀਂ ਉਹ ਉਸਦੇ ਤਰਸ 'ਚ ਪੰਘਰਦਾ ਸੀ ਜਾਂ ਆਪਣੇ ਆਪ ਨੂੰ ਛੁਪਾਉਣ ਲਈ ਦਲੀਲਾਂ ਘੜਦਾ ਸੀ।

ਉਹ ਇਕ ਵਾਰ ਸ਼ੌਪਿੰਗ ਹਾਲ 'ਚ ਮਿਲ ਪਏ। ਹਰਮੀਤ ਨੇ ਉਸਨੂੰ ਕੌਫ਼ੀ ਦੀ ਪੇਸ਼ਕਸ਼ ਕੀਤੀ। ਉਸਨੇ ਮਨਜ਼ੂਰ ਕਰ ਲਈ। ਇਕ-ਦੋ ਵਾਰ ਹਰਮੀਤ ਨੇ ਉਸਨੂੰ ਆਪਣੇ ਘਰ ਸੱਦਿਆ। ਇਕ ਵਾਰ ਆਪਣੇ ਜਨਮ ਦਿਨ 'ਤੇ। ਇਕ ਵਾਰ ਸਹਿਜ ਪਾਠ ਦੇ ਭੋਗ 'ਤੇ। ਇਸ ਸਮੇਂ ਵੀ ਉਹ ਇਕ ਦੂਜੇ ਨੂੰ ਪਹਿਲੇ ਨਾਮ ਨਾਲ ਸੰਬੋਧਨ ਹੁੰਦੇ। ਉਹ ਆਪਣੀ ਪਤਨੀ ਨੂੰ ਉਸਦੇ ਤਿਆਗ ਦੀਆਂ ਗੱਲਾਂ ਸੁਣਾਉਂਦਾ। ਸਭ ਦੇ ਦਿਲ 'ਚ ਮੀਨਾ ਲਈ ਬਹੁਤ ਪਿਆਰ ਤੇ ਸਤਿਕਾਰ ਸੀ ਪਰ ਉਸਦੀ ਪਤਨੀ ਦੇ ਦਿਲ 'ਚ ਸ਼ੱਕ ਅੰਗੜਾਈ ਭਰ ਈ ਲੈਂਦੀ ਸੀ।

ਇਕ ਦਿਨ ਹਰਮੀਤ ਤੇ ਮੀਨਾ ਪਾਰਕ ਵਿਚ ਸੈਰ ਕਰ ਰਹੇ ਸਨ। ਭਾਵੇਂ ਪਾਰਕ ਵਿਚ ਖੰਭਿਆਂ 'ਤੇ ਲਟਕਦੇ ਲਾਟੂਆਂ ਦੇ ਚਾਨਣ ਨਾਲ ਕੀੜੀ ਤੁਰਦੀ ਦਿਸਦੀ ਸੀ। ਪਰ ਪਾਰਕ ਦਾ ਇਕ ਖੂੰਜਾ ਗੁਆਂਢੀਆਂ ਦੇ ਘਰ ਵਿਚ ਲੱਗੇ ਦਰਖ਼ਤਾਂ ਦੀ ਛਾਂ ਕਾਰਨ ਹਨੇਰੇ ਵਿਚ ਸੀ।

"ਮੀਨਾ, ਹੁਣ ਤੂੰ ਕੁੱਤਿਆਂ ਤੋਂ ਬਿਲਕੁਲ ਨ੍ਹੀਂ ਡਰਦੀ। ਪਹਿਲਾਂ ਤਾਂ ਐਵੇਂ ਡਰੀ ਜਾਂਦੀ ਸੀ ਕੁੱਤੇ ਵੀ ਉਹੀ, ਉਨ੍ਹਾਂ ਦੇ ਮਾਲਕ ਵੀ ਉਹੀ?" ਹਰਮੀਤ ਨੇ ਉਸਦੇ ਮੋਢੇ 'ਤੇ ਹੱਥ ਧਰਦਿਆਂ ਆਖਿਆ।

"ਕੁੱਤੇ ਦਾ ਡਰ?" ਉਹ ਚੱਕਰ ਵਿਚਾਲੇ ਛੱਡ ਕੇ ਘਰ ਨੂੰ ਤੁਰ ਗਈ। ਮੁੜ ਕੇ ਉਹ ਪਾਰਕ ਵਿਚ ਨਹੀਂ ਆਈ।

## ਵੰਡਾਂ ਦੀਵਾਲੀ ਦੀਆਂ !

ਉਹ ਦੋਵੇਂ ਦੀਵਾਲੀ ਨਹੀਂ ਮਨਾ ਰਹੇ ਸਨ ਕਿਉਂਕਿ ਉਨ੍ਹਾਂ ਲਈ ਇਹ ਕਾਲੀ ਦੀਵਾਲੀ ਸੀ। ਕਾਰਨ ਦੋਵਾਂ ਦੇ ਵੱਖਰੇ ਸਨ। ਸੰਤਾ ਇਸ ਦੁੱਖ ਵਿਚ ਦੀਵਾਲੀ ਦਾ ਬਾਈਕਾਟ ਕਰ ਰਿਹਾ ਸੀ ਕਿ ਇਜ਼ਰਾਈਲ ਬੇਕਸੂਰੇ ਔਰਤਾਂ ਬੱਚਿਆਂ 'ਤੇ ਬੰਬ ਵਰਸਾ ਜ਼ੁਲਮ ਕਰ ਰਿਹਾ ਸੀ ਅਤੇ ਬੰਤੇ ਦਾ ਦੁੱਖ ਇਹ ਸੀ ਕਿ ਹਮਾਸ ਦੇ ਜ਼ਾਲਮ ਅਤਿਵਾਦੀਆਂ ਨੇ ਜਸ਼ਨ ਮਨਾ ਰਹੇ ਇਜ਼ਰਾਈਲੀ ਨਾਗਰਿਕਾਂ/ ਬੱਚਿਆਂ ਦੀਆਂ ਹੱਤਿਆਵਾਂ ਕੀਤੀਆਂ, ਉਨ੍ਹਾਂ ਨੂੰ ਬੰਧਕ ਬਣਾਇਆ, ਔਰਤ ਨਾਲ ਰੇਪ ਕਰ ਉਸ ਦੀ ਹੱਤਿਆ ਕੀਤੀ।



ਪਹਿਲਾਂ ਇਸ ਤਿਓਹਾਰ ਨੂੰ ਦੀਵਾਲੀ ਅਤੇ ਬੰਦੀਛੋੜ ਦਿਵਸ ਵਿਚ ਵੰਡਿਆ ਗਿਆ ਫਿਰ ਦੀਵਾਲੀ ਚਿੱਟੀ ਅਤੇ ਕਾਲੀ ਵਿਚ ਵੰਡੀ ਗਈ ਸੀ, ਹੁਣ ਕਾਲੀ ਦੀਵਾਲੀ ਦੀ ਵੀ ਦੋ ਥਾਂ ਵੰਡ ਹੋ ਗਈ। ਕੀ ਮਨੁੱਖਤਾ ਕਦੇ ਇਸ ਵੰਡੀਆਂ ਪਾਉਣ ਵਾਲੀ ਫਿਤਰਤ ਤੋਂ ਕਦੇ ਛੁਟਕਾਰਾ ਪਾ ਸਕੇਗੀ। ਜਾਪਦਾ ਤੇ ਨਹੀਂ!

ਹਰਜੀਤ ਦਿਓਲ

# ਜੈਵਲਿਨ ਥਰੋਅ ਦਾ ਜਗਤ ਜੇਤੂ ਨੀਰਜ ਚੋਪੜਾ

## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

ਨੀਰਜ ਚੋਪੜਾ ਇੰਡੀਆ ਦਾ 'ਗੋਲਡਨ ਬੁਆਏ' ਹੈ। ਪੰਜਾਬ ਯੂਨੀਵਰਸਿਟੀ, ਆਲ ਇੰਡੀਆ ਯੂਨੀਵਰਸਿਟੀਜ਼, ਕੌਮੀ ਖੇਡਾਂ, ਸੈਫ ਖੇਡਾਂ, ਏਸ਼ਿਆਈ ਅਥਲੈਟਿਕਸ ਚੈਂਪੀਅਨਸ਼ਿਪਸ, ਏਸ਼ਿਆਈ ਖੇਡਾਂ, ਕਾਮਨਵੈੱਲਥ ਖੇਡਾਂ, ਓਲੰਪਿਕ ਖੇਡਾਂ, ਡਾਇਮੰਡ ਲੀਗ ਤੇ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਸ ਦੇ ਗੋਲਡ ਮੈਡਲਾਂ ਦਾ ਜੇਤੂ। ਨਿਰਾ ਸੋਨਾ ਈ ਸੋਨਾ। ਉਸ ਨੇ ਛੋਟੀ ਉਮਰ ਵਿਚ ਹੀ ਬੜੀਆਂ ਵੱਡੀਆਂ ਮੱਲਾਂ ਮਾਰ ਵਿਖਾਈਆਂ ਨੇ। ਅਥਲੈਟਿਕਸ ਵਿਚ ਉਹ ਭਾਰਤ ਦਾ ਪਹਿਲਾ ਓਲੰਪਿਕ ਚੈਂਪੀਅਨ ਹੈ। ਉਸ ਤੋਂ ਪਹਿਲਾਂ ਓਲੰਪਿਕ ਖੇਡਾਂ ਦੇ ਸਵਾ ਸੌ ਸਾਲਾ ਇਤਿਹਾਸ ਵਿਚ ਭਾਰਤ ਦੇ ਕਿਸੇ ਅਥਲੀਟ ਨੇ ਕਦੇ ਕੋਈ ਓਲੰਪਿਕ ਮੈਡਲ ਨਹੀਂ ਸੀ ਜਿੱਤਿਆ। ਇਹ ਵੱਖਰੀ ਗੱਲ ਹੈ ਕਿ ਕਲਕੱਤੇ 'ਚ ਜੰਮਣ ਵਾਲੇ ਇਕ ਐਂਗਲੋ ਇੰਡੀਅਨ ਨੌਰਮਨ ਪ੍ਰਿਚਰਡ ਨੇ ਪੈਰਿਸ 1900 ਦੀਆਂ ਓਲੰਪਿਕ ਖੇਡਾਂ 'ਚੋਂ ਬ੍ਰਿਟਿਸ਼ ਇੰਡੀਆ ਦੇ ਨਾਂ 'ਤੇ ਦੋ ਸਿਲਵਰ ਮੈਡਲ ਜਿੱਤੇ ਸਨ ਜੋ ਓਲੰਪਿਕ ਖੇਡਾਂ ਦੇ ਰਿਕਾਰਡ ਵਿਚ ਇੰਡੀਆ ਦੇ ਮੈਡਲ ਹੀ ਗਿਣੇ ਜਾਂਦੇ ਹਨ। ਵੈਸੇ ਨੌਰਮਨ ਪ੍ਰਿਚਰਡ ਬ੍ਰਿਟਿਸ਼ ਸਿਟੀਜ਼ਨ ਸੀ। ਉਦੋਂ ਇੰਡੀਅਨ ਓਲੰਪਿਕ ਐਸੋਸੀਏਸ਼ਨ ਨਹੀਂ ਸੀ ਬਣੀ ਜੋ 1927 ਵਿਚ ਹੋਂਦ 'ਚ ਆਈ।

ਪੰਜਾਬ ਦਾ 'ਫਲਾਈਂਗ ਸਿੱਖ' ਮਿਲਖਾ ਸਿੰਘ ਰੋਮ 1960 ਦੀਆਂ ਓਲੰਪਿਕ ਖੇਡਾਂ ਵਿਚ 400 ਮੀਟਰ ਦੀ ਦੌੜ ਵਿਚੋਂ ਚੌਥਾ ਸਥਾਨ ਲੈ ਸਕਿਆ ਸੀ। ਨੀਰਜ ਨੇ ਆਪਣਾ ਓਲੰਪਿਕ ਗੋਲਡ ਮੈਡਲ ਸਵਰਗੀ ਮਿਲਖਾ ਸਿੰਘ ਨੂੰ ਅਰਪਣ ਕੀਤਾ। ਕੇਰਲਾ ਦੀ 'ਉਡਣ ਪਰੀ' ਪੀਟੀ ਊਸ਼ਾ ਵੀ ਲਾਸ ਏਂਜਲਸ 1984 ਦੀਆਂ ਓਲੰਪਿਕ ਖੇਡਾਂ ਦੀ 400 ਮੀਟਰ ਹਰਡਲਜ਼ ਦੌੜ 'ਚ ਚੌਥੇ ਸਥਾਨ 'ਤੇ ਰਹੀ ਸੀ। ਪੰਜਾਬ ਦਾ 'ਉਡਣਾ ਬਾਜ' ਗੁਰਬਚਨ ਸਿੰਘ ਰੰਧਾਵਾ ਟੋਕੀਓ ਓਲੰਪਿਕਸ 1964 ਦੀ 110 ਮੀਟਰ ਹਰਡਲਜ਼ ਦੌੜ ਵਿਚ ਤੇ ਕੇਰਲਾ ਦੀ ਅੰਜੂ ਬੌਬੀ ਜੌਰਜ ਏਥਨਜ਼ 2004 ਦੀਆਂ ਓਲੰਪਿਕ ਖੇਡਾਂ ਦੀ ਲੰਮੀ ਛਾਲ 'ਚ ਪੰਜਵੇਂ ਸਥਾਨ 'ਤੇ ਰਹੇ ਸਨ। ਨੀਰਜ ਚੋਪੜਾ ਭਾਰਤ ਦਾ ਪਹਿਲਾ ਅਥਲੀਟ ਹੈ ਜੋ ਨਾ ਸਿਰਫ਼ ਏਸ਼ੀਆ ਤੇ ਓਲੰਪਿਕ ਖੇਡਾਂ ਦੇ ਗੋਲਡ ਮੈਡਲ ਜਿੱਤਿਆ ਬਲਕਿ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਸ 'ਚੋਂ ਵੀ ਗੋਲਡ ਮੈਡਲ ਜਿੱਤਿਆ। ਇੰਜ ਉਹ ਇਕੋ ਵੇਲੇ ਏਸ਼ੀਆ ਚੈਂਪੀਅਨ, ਓਲੰਪਿਕ ਚੈਂਪੀਅਨ, ਵਿਸ਼ਵ ਚੈਂਪੀਅਨ ਤੇ ਡਾਇਮੰਡ ਲੀਗ ਦਾ ਵੀ ਚੈਂਪੀਅਨ ਹੈ। ਉਹ ਪਹਿਲਾ ਏਸ਼ੀਅਨ ਅਥਲੀਟ ਹੈ ਜੋ ਓਲੰਪਿਕ ਖੇਡਾਂ ਦੇ ਨਾਲ ਵਰਲਡ ਚੈਂਪੀਅਨਸ਼ਿਪ ਦਾ ਵੀ ਗੋਲਡ ਮੈਡਲ ਜਿੱਤਿਆ ਹੈ।

ਨੀਰਜ ਨੇ 2018 ਵਿਚ ਕਾਮਨਵੈਲਥ ਖੇਡਾਂ ਤੇ ਏਸ਼ਿਆਈ ਖੇਡਾਂ ਵਿਚ ਭਾਗ ਲੈਂਦਿਆਂ ਦੋਹੀਂ ਥਾਈਂ ਗੋਲਡ ਮੈਡਲ ਜਿੱਤੇ ਸਨ। 2018 ਦੀਆਂ ਏਸ਼ਿਆਈ ਖੇਡਾਂ ਸਮੇਂ ਉਹ ਭਾਰਤੀ ਖਿਡਾਰੀ ਦਲ ਦਾ ਝੰਡਾ ਬਰਦਾਰ ਸੀ। 2022 ਦੀ ਵਿਸ਼ਵ ਅਥਲੈਟਿਕਸ ਵਿਚ ਉਹ ਬੇਸ਼ਕ ਗੋਲਡ ਮੈਡਲ ਜਿੱਤਣੋਂ ਖੁੰਝ ਗਿਆ ਸੀ ਤੇ ਸਿਲਵਰ ਮੈਡਲ ਹੀ ਜਿੱਤ ਸਕਿਆ ਸੀ ਪਰ 2023 ਦੀ ਵਿਸ਼ਵ ਚੈਂਪੀਅਨਸ਼ਿਪ 'ਚੋਂ ਗੋਲਡ ਮੈਡਲ ਸ਼ਾਨ ਨਾਲ ਜਿੱਤਿਆ। 2016 ਵਿਚ ਜਦੋਂ ਉਹ ਸੈਫ ਖੇਡਾਂ ਵਿਚੋਂ ਗੋਲਡ ਮੈਡਲ ਜਿੱਤਿਆ ਸੀ ਤਾਂ ਭਾਰਤੀ ਫੌਜ ਨੇ ਉਸ ਨੂੰ ਸਪੋਰਟਸ ਕੋਟੇ ਵਿਚ ਨਾਇਬ ਸੂਬੇਦਾਰ ਭਰਤੀ ਕਰ ਲਿਆ ਸੀ। ਹੁਣ ਉਹ ਸੂਬੇਦਾਰ ਹੈ।

ਹਰਿਆਣੇ ਦੇ ਇਸ ਹੋਣਹਾਰ ਅਥਲੀਟ ਦਾ ਪੂਰਾ ਨਾਂ ਨੀਰਜ ਕੁਮਾਰ ਚੋਪੜਾ ਹੈ ਪਰ ਪਰਿਵਾਰ ਦੇ ਜੀਅ ਪਿਆਰ ਨਾਲ 'ਰਿੱਜੂ' ਹੀ ਕਹਿੰਦੇ ਹਨ। ਉਸ ਦਾ ਜਨਮ ਹਰਿਆਣੇ ਦੇ ਅਰੋੜਾ ਪਰਿਵਾਰ ਵਿਚ ਪਾਣੀਪਤ ਨੇੜੇ ਪਿੰਡ ਖੰਡਰਾ ਵਿਖੇ 24 ਦਸੰਬਰ 1997 ਨੂੰ ਹੋਇਆ। ਪਿਤਾ ਦਾ ਨਾਂ ਸਤੀਸ਼ ਕੁਮਾਰ ਹੈ ਤੇ ਮਾਤਾ ਦਾ ਸਰੋਜ ਦੇਵੀ। ਸਤੀਸ਼ ਕੁਮਾਰ ਹੋਰੀਂ ਚਾਰ ਭਰਾ ਹਨ ਜੋ ਸਾਂਝੇ ਪਰਿਵਾਰ 'ਚ ਰਹਿੰਦੇ ਹਨ। ਨੀਰਜ ਦਾ ਦਾਦਾ ਧਰਮ ਸਿੰਘ ਵਡੇਰੀ ਉਮਰ ਵਿਚ ਹੈ ਜਦ ਕਿ ਦਾਦੀ ਨੱਥੂ ਦੇਵੀ 2006 ਵਿਚ ਗੁਜ਼ਰ ਗਈ ਸੀ। ਧਰਮ ਸਿੰਘ ਦੇ ਪੰਜ ਪੋਤੇ ਤੇ ਚਾਰ ਪੋਤੀਆਂ ਹਨ। ਅਠਾਰਾਂ ਜੀਆਂ ਦਾ ਕਿਸਾਨ ਪਰਿਵਾਰ ਇਕੋ ਚੁੱਲ੍ਹੇ ਰੋਟੀ ਖਾਂਦਾ ਹੈ। ਖੇਤੀਬਾੜੀ ਕਰਨ ਵਾਲੇ ਇਸ ਘਰ 'ਚ ਦੁੱਧ ਘਿਓ ਦੀ ਕਦੇ ਤੋਟ ਨਹੀਂ ਆਈ। ਨੀਰਜ ਨੂੰ ਬਚਪਨ ਤੋਂ ਖੁੱਲ੍ਹਾ ਦੁੱਧ-ਘਿਓ ਤੇ ਮਲਾਈ-ਬੂਰਾ ਮਿਲਦਾ ਰਿਹਾ। ਪਹਿਲਾਂ ਉਹ ਪਿੰਡ ਦੀ ਚੌਪਾਲ 'ਚ ਬਾਲ ਜੋਤੀ ਪਬਲਿਕ ਸਕੂਲ ਵਿਚ ਪੜ੍ਹਨ ਲੱਗਾ ਤੇ ਫਿਰ ਪਾਣੀਪਤ ਦੇ ਬੀਵੀਐੱਨ ਸਕੂਲ 'ਚ ਦਾਖਲ ਹੋ ਗਿਆ। ਬਾਅਦ ਵਿਚ ਡੀਏਵੀ ਕਾਲਜ ਚੰਡੀਗੜ੍ਹ ਤੇ ਲਵਲੀ ਯੁਨੀਵਰਸਿਟੀ ਵਿਚ ਪੜ੍ਹਿਆ।




ਬਚਪਨ ਵਿਚ ਉਹ ਗੋਲ-ਮਟੋਲ ਬਾਲਕ ਸੀ ਜੋ ਆਮ ਬੱਚਿਆਂ ਨਾਲੋਂ ਕਾਫੀ ਮੋਟਾ ਸੀ। ਤੇਰਾਂ ਸਾਲ ਦੀ ਉਮਰ ਵਿਚ ਹੀ ਉਹਦਾ ਵਜ਼ਨ 80-90 ਕਿਲੋ ਹੋ ਗਿਆ ਸੀ। ਨਾਲ ਦੇ ਮੁੰਡੇ ਉਸ ਨੂੰ 'ਮੋਟੂ' ਕਹਿ ਕੇ ਛੇੜਦੇ ਪਰ ਉਹ ਗੁੱਸਾ ਨਹੀਂ ਸੀ ਕਰਦਾ। ਜਦੋਂ ਉਹ ਕੁੜਤੇ ਪਜਾਮੇ ਵਿਚ ਬਣ ਫੱਬ ਕੇ ਪਿੰਡ ਦੀਆਂ ਬੀਹੀਆਂ 'ਚ ਮੇਲ੍ਹਦਾ ਤਾਂ ਪਿੰਡ ਵਾਲੇ ਉਸ ਨੂੰ 'ਸਰਪੰਚ' ਕਹਿ ਕੇ ਮਖੌਲ ਕਰਦੇ ਤੇ ਹੱਸਦੇ। ਉਦੋਂ ਕੋਈ ਸੋਚ ਨਹੀਂ ਸੀ ਸਕਦਾ ਕਿ ਇਹ ਭਾਰੀ ਭਰਕਮ ਛੋਹਰਾ ਵੱਡਾ ਹੋ ਕੇ ਓਲੰਪਿਕ ਚੈਂਪੀਅਨ ਬਣੇਗਾ! ਹੁਣ ਉਸ ਦੇ ਸਡੌਲ ਸਰੀਰ ਦਾ ਵਜ਼ਨ 86 ਕਿਲੋਗਰਾਮ ਤੇ ਕੱਦ 1.82 ਮੀਟਰ ਹੈ। ਉਂਜ ਵੀ ਬਣਦਾ ਫਬਦਾ ਤੇ ਸੋਹਣਾ ਸੁਣੱਖਾ ਨੌਜਵਾਨ ਹੈ।

ਕਿਸ਼ੋਰ ਅਵਸਥਾ ਵਿਚ ਉਸ ਦਾ ਬਾਪ ਉਹਦਾ ਭਾਰ ਘਟਾਉਣ ਤੇ ਸਰੀਰ ਸਡੌਲ ਬਣਾਉਣ ਲਈ ਉਸ ਨੂੰ ਨੇੜਲੇ ਜਿਮਨੇਜੀਅਮ 'ਚ ਲਿਜਾਣ ਲੱਗ ਪਿਆ ਸੀ। ਫਿਰ ਉਹ ਪਾਣੀਪਤ ਦੇ ਜਿਮ ਦਾ ਮੈਂਬਰ ਬਣ ਗਿਆ ਤੇ ਸ਼ਿਵਾਜੀ ਸਟੇਡੀਅਮ ਪਾਣੀਪਤ ਵਿਚ ਖੇਡਣ ਲੱਗ ਪਿਆ। ਜਿਤੇਂਦਰ ਜਾਗਲਾਨ ਉਹਦੀ ਫਿੱਟਨੈੱਸ ਕਰਵਾਉਂਦਾ ਸੀ। ਉਥੇ ਹੀ ਕੋਚ ਜੈਵੀਰ ਚੌਧਰੀ ਅਥਲੈਟਿਕਸ ਦੀ ਕੋਚਿੰਗ ਦਿੰਦਾ ਸੀ। ਇਕ ਦਿਨ ਨੀਰਜ ਨੇ ਕੁਝ ਮੁੰਡੇ ਜੈਵਲਿਨ ਸੁੱਟਦੇ ਵੇਖੇ। ਉਨ੍ਹਾਂ ਦੀ ਰੀਸ ਕਰਦਿਆਂ ਉਸ ਨੇ ਵੀ ਜੈਵਲਿਨ ਸੁੱਟਿਆ ਜੋ ਪਹਿਲੀ ਵਾਰ ਹੀ 30 ਮੀਟਰ ਦੂਰ ਚਲਾ ਗਿਆ। ਉਸ ਤੋਂ ਦੋ-ਤਿੰਨ ਸਾਲ ਵੱਡੇ ਮੁੰਡੇ ਮਸੀਂ 25 ਕੁ ਮੀਟਰ ਦੂਰ ਜੈਵਲਿਨ ਸੁੱਟਦੇ ਸਨ। ਉਦੋਂ ਉਹਦੀ ਉਮਰ 13 ਕੁ ਸਾਲ ਦੀ ਸੀ। ਉਸੇ ਵੇਲੇ ਉਹ ਸਪੋਰਟਸ ਸੈਂਟਰ ਪਾਣੀਪਤ ਦੇ ਕੋਚਾਂ ਦੀ ਨਜ਼ਰੇ ਚੜ੍ਹ ਗਿਆ। ਜੈਵੀਰ ਚੌਧਰੀ ਉਸ ਦਾ ਪਹਿਲਾ ਕੋਚ ਬਣਿਆ। ਕੁਝ ਮਹੀਨੇ ਪ੍ਰੈਕਟਿਸ ਕਰਨ ਨਾਲ ਉਹ ਪਾਣੀਪਤ ਜ਼ਿਲ੍ਹੇ ਦਾ ਚੈਂਪੀਅਨ ਬਣ ਗਿਆ।

ਪਹਿਲੀ ਜਿੱਤ ਨਾਲ ਨੀਰਜ ਦੇ ਮਨ ਵਿਚ ਹੋਰ ਤਕੜਾ ਜੈਵਲਿਨ ਥਰੋਅਰ ਬਣਨ ਦੀ ਰੀਝ ਜਾਗ ਪਈ। ਉਹ ਯੂ-ਟਿਊਬ ਤੋਂ ਵਿਸ਼ਵ ਚੈਂਪੀਅਨ ਜੈਵਲਿਨ ਥਰੋਅਰ ਜੇਨ ਜੇਲੇਜ਼ਨੀ ਦੀਆਂ ਵੀਡੀਓਜ਼ ਵੇਖਣ ਲੱਗਾ। ਉਨ੍ਹਾਂ ਨਾਲ ਉਸ ਨੂੰ ਜੈਵਲਿਨ ਸੁੱਟਣ ਦੀ ਚੰਗੀ ਜਾਚ ਆਉਂਦੀ ਗਈ। ਚੈਕੋਸਲੋਵਾਕੀਆ ਦੇ ਜੇਲੇਜ਼ਨੀ ਨੇ ਓਲੰਪਿਕ ਖੇਡਾਂ 'ਚੋਂ ਇਕ ਚਾਂਦੀ ਤੇ ਤਿੰਨ ਸੋਨੇ ਦੇ ਤਗਮੇ ਜਿੱਤੇ ਸਨ। ਉਹ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਵਿਚ ਵੀ ਤਿੰਨ ਵਾਰ ਚੈਂਪੀਅਨ ਬਣਿਆ ਸੀ ਤੇ ਦੋ ਵਾਰ ਤੀਜੇ ਸਥਾਨ 'ਤੇ ਰਿਹਾ ਸੀ। ਨੀਰਜ ਮਨੋ-ਮਨੀ ਜੇਨ ਜੇਲੇਜ਼ਨੀ ਬਣਨ ਦੇ ਸੁਫਨੇ ਲੈਣ ਲੱਗਾ।

ਜੈਵਲਿਨ ਥਰੋਅ ਨੂੰ ਨੇਜ਼ਾ ਸੁੱਟਣਾ ਵੀ ਕਿਹਾ ਜਾਂਦਾ ਹੈ। ਕਿਸੇ ਸਮੇਂ ਇਹ ਸ਼ਿਕਾਰ ਕਰਨ ਲਈ ਹਥਿਆਰ ਵਜੋਂ ਵਰਤਿਆ ਜਾਂਦਾ ਸੀ। ਪੁਰਾਤਨ ਓਲੰਪਿਕ ਖੇਡਾਂ ਵਿਚ ਨੇਜ਼ਾ ਸੁੱਟਣਾ ਅਥਲੈਟਿਕਸ ਦੇ ਇਕ ਈਵੈਂਟ ਵਜੋਂ ਸ਼ੁਰੂ ਹੋਇਆ ਜੋ ਮਾਡਰਨ ਓਲੰਪਿਕ ਖੇਡਾਂ 'ਚ ਵੱਖ-ਵੱਖ ਰੂਪ ਵਟਾਉਂਦਾ ਰਿਹਾ। 2020 ਦੀਆਂ ਓਲੰਪਿਕ ਖੇਡਾਂ ਤਕ ਇਸ ਈਵੈਂਟ ਦੇ 69 ਓਲੰਪਿਕ ਮੈਡਲਾਂ ਵਿਚੋਂ ਨਾਰਵੇ, ਸਵੀਡਨ ਤੇ ਫਿਨਲੈਂਡ ਦੇ ਸੁਟਾਵਿਆਂ ਨੇ 32 ਮੈਡਲ ਜਿੱਤੇ ਹਨ ਜਦ ਕਿ ਬਾਕੀ ਸਾਰੀ ਦੁਨੀਆ ਦੇ ਹਿੱਸੇ 37 ਮੈਡਲ ਹੀ ਆਏ ਹਨ। ਪੁਰਾਤਨ ਤੋਂ ਨਵੀਨ ਓਲੰਪਿਕ ਖੇਡਾਂ ਤਕ ਪੁੱਜਦਿਆਂ ਜੈਵਲਿਨ ਯਾਨੀ ਨੇਜੇ ਦੀ ਬਣਤਰ ਤੇ ਸੁੱਟਣ ਦੇ ਸਟਾਈਲ ਨੇ ਵੀ ਕਈ ਰੂਪ ਵਟਾਏ ਹਨ।

ਪਹਿਲਾਂ ਬਾਂਸ ਦਾ ਜੈਵਲਿਨ ਹੀ ਸੁੱਟਿਆ ਜਾਂਦਾ ਸੀ ਹੁਣ ਮੈਟਲ ਦਾ ਸੁੱਟਿਆ ਜਾ ਰਿਹੈ। 21 ਜੁਲਾਈ 1984 ਨੂੰ ਉਵੇ ਹੌਨ੍ਹ ਨੇ ਬਰਲਿਨ ਵਿਖੇ ਪੁਰਾਣੀ ਟਾਈਪ ਦਾ ਜੈਵਲਿਨ 104.80 ਮੀਟਰ ਯਾਨੀ 343 ਫੁੱਟ 8 ਇੰਚ ਦੂਰ ਸੁੱਟ ਕੇ ਦਰਸ਼ਕ ਦੰਗ ਕਰ ਦਿੱਤੇ ਤੇ ਖੇਡ ਅੰਪਾਇਰ ਪਰੇਸ਼ਾਨ! 400 ਮੀਟਰ ਦੇ ਸਟੇਡੀਅਮ ਵਿਚ ਇਹ ਈਵੈਂਟ ਕਰਾਉਣਾ ਇਕ ਤਰ੍ਹਾਂ ਖ਼ਤਰਨਾਕ ਬਣ ਗਿਆ ਸੀ। ਮਾਹਿਰਾਂ ਨੇ ਸੋਚ ਵਿਚਾਰ ਕੇ ਜੈਵਲਿਨ ਦਾ ਅਗਲਾ ਭਾਗ ਰਤਾ ਭਾਰਾ ਕਰ ਦਿੱਤਾ। ਵਜ਼ਨ ਤਾਂ ਪਹਿਲਾਂ ਜਿੰਨਾ 800 ਗਰਾਮ ਹੀ ਰੱਖਿਆ ਤੇ ਲੰਬਾਈ ਵੀ ਓਨੀ ਹੀ 2.6 ਮੀਟਰ ਰੱਖੀ ਪਰ ਉਹਦੀ ਸੈਂਟਰ ਆਫ਼ ਗਰੈਵਟੀ 4 ਸੈਂਟੀਮੀਟਰ ਅੱਗੇ ਖਿਸਕਾ ਦਿੱਤੀ। ਨਤੀਜਾ ਇਹ ਨਿਕਲਿਆ ਕਿ ਨੇਜ਼ਾ ਪਹਿਲਾਂ ਨਾਲੋਂ ਦਸਵਾਂ ਹਿੱਸਾ ਨੇੜੇ ਡਿੱਗਣ ਲੱਗ ਪਿਆ। ਧਾਤ ਦੇ ਨਵੇਂ ਜੈਵਲਿਨ ਦਾ ਵਿਸ਼ਵ ਰਿਕਾਰਡ ਹੁਣ ਜੇਨ ਜੇਲੇਜ਼ਨੀ ਦੇ ਨਾਂ ਹੈ: 98.48 ਮੀਟਰ। ਜਦੋਂ100 ਮੀਟਰ ਹੱਦ ਫਿਰ ਟੱਪ ਗਈ ਤਾਂ ਸੰਭਵ ਹੈ ਜੈਵਲਿਨ ਦੀ ਸੈਂਟਰ ਆਫ਼ ਗਰੈਵਟੀ ਹੋਰ ਅੱਗੇ ਨੂੰ ਖਿਸਕਾਉਣੀ ਪਵੇ। ਬਾਂਸ ਦੇ ਪੁਰਾਣੇ ਜੈਵਲਿਨ ਤਾਂ ਸਸਤੇ ਮਿਲ ਜਾਂਦੇ ਸਨ ਪਰ ਮੈਟਲ ਦੇ ਜੈਵਲਿਨਾਂ ਦੀ ਕੀਮਤ ਹੁਣ ਡੇਢ ਦੋ ਲੱਖ ਰੁਪਏ ਤੱਕ ਜਾ ਪੁੱਜੀ ਹੈ। ਨੀਰਜ ਚੋਪੜਾ ਨੇ ਪਹਿਲਾ ਜੈਵਲਿਨ 200 ਰੁਪਏ ਦਾ ਖਰੀਦਿਆ ਸੀ, ਫਿਰ ਸੱਤ ਹਜ਼ਾਰ ਦਾ ਖਰੀਦਿਆ ਤੇ ਹੁਣ ਲੱਖ ਰੁਪਏ ਤੋਂ ਵੱਧ ਦਾ ਸੁੱਟ ਰਿਹੈ!

ਨੀਰਜ ਕੋਲੋਂ ਪ੍ਰੈਕਟਿਸ ਕਰਦਿਆਂ ਇਕ ਵਾਰ ਜੈਵਲਿਨ ਟੁੱਟ ਵੀ ਗਿਆ ਸੀ ਜਿਸ ਕਰਕੇ ਜੈਵਲਿਨ ਸੁੱਟਣ ਵਾਲੇ ਸੀਨੀਅਰ ਸਾਥੀ ਨਾਰਾਜ਼ ਹੋਏ ਸਨ ਤੇ ਉਸ ਨੂੰ ਜੈਵਲਿਨ ਸੁੱਟਣੋਂ ਮਨ੍ਹਾਂ ਕਰ ਦਿੱਤਾ ਸੀ। ਹਾਲਾਂਕਿ ਉਦੋਂ ਬਾਂਸ ਦੇ ਉਸ ਜੈਵਲਿਨ ਦੀ ਕੀਮਤ ਸਿਰਫ਼ 200 ਰੁਪਏ ਸੀ। ਪਰ ਨੀਰਜ ਜੈਵਲਿਨ ਸੁੱਟਣੋਂ ਨਾ ਹਟਿਆ ਸਗੋਂ ਘਰਦਿਆਂ ਕੋਲੋਂ ਪੈਸੇ ਲੈ ਕੇ 7000 ਹਜ਼ਾਰ ਦਾ ਵਧੀਆ ਜੈਵਲਿਨ ਖਰੀਦ ਲਿਆਇਆ। ਵੈਸੇ ਘਰਦਿਆਂ ਨੂੰ ਉਦੋਂ ਇਲਮ ਨਹੀਂ ਸੀ ਕਿ ਉਨ੍ਹਾਂ ਦਾ ਇਹ ਗੋਲ ਮਟੋਲ ਮੁੰਡਾ ਓਲੰਪਿਕ ਚੈਂਪੀਅਨ ਬਣਨ ਦਾ ਸੁਪਨਾ ਪਾਲ ਰਿਹੈ। ਨੀਰਜ ਦੇ ਵਡੇਰਿਆਂ ਵਿਚ ਕਿਸੇ ਨੂੰ ਵੀ ਖੇਡਾਂ ਦਾ ਕੋਈ ਖ਼ਾਸ ਸ਼ੌਕ ਨਹੀਂ ਸੀ। ਇਹ ਤੱਥ ਸਾਬਤ ਕਰਦਾ ਹੈ ਕਿ ਬਿਨਾਂ ਕਿਸੇ ਖੇਡ ਪਿਛੋਕੜ ਦੇ ਵੀ ਕੋਈ ਬੱਚਾ ਓਲੰਪਿਕ ਚੈਂਪੀਅਨ ਬਣ ਸਕਦਾ ਹੈ।

ਨੀਰਜ ਦੀ ਰੀਝ ਨੂੰ ਉਸ ਵੇਲੇ ਬੂਰ ਪਿਆ ਜਦੋਂ ਉਹ 15ਵੇਂ ਸਾਲ ਦੀ ਉਮਰ ਵਿਚ ਹੀ 27 ਅਕਤੂਬਰ 2012 ਨੂੰ ਲਖਨਊ ਵਿਖੇ ਜੈਵਲਿਨ ਥਰੋਅ ਦਾ ਜੂਨੀਅਰ ਨੈਸ਼ਨਲ ਚੈਂਪੀਅਨ ਬਣ ਗਿਆ। ਫਿਰ ਹਰਿਦੁਆਰ ਦੀ ਜੂਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿਚ 68.46 ਮੀਟਰ ਦੂਰ ਨੇਜ਼ਾ ਸੁੱਟ ਕੇ ਨਵਾਂ ਨੈਸ਼ਨਲ ਰਿਕਾਰਡ ਰੱਖ ਦਿੱਤਾ। 2013 ਵਿਚ ਉਸ ਨੇ ਯੂਕਰੇਨ ਵਿਖੇ ਹੋਈ ਵਿਸ਼ਵ ਯੂਥ ਚੈਂਪੀਅਨਸ਼ਿਪ ਜਿੱਤੀ ਤੇ ਕੇਰਲਾ ਦੀ ਨੈਸ਼ਨਲ ਚੈਂਪੀਅਨਸ਼ਿਪ ਵਿਚ 69.66 ਮੀਟਰ ਦੂਰ ਜੈਵਲਿਨ ਸੁੱਟੀ। 2014 ਵਿਚ 17 ਸਾਲ ਦੀ ਉਮਰੇ ਉਸ ਨੇ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ 'ਚ 70 ਮੀਟਰ ਦਾ ਬੈਰੀਅਰ ਤੋੜਿਆ। 2015 'ਚ ਉਸ ਨੇ ਆਲ ਇੰਡੀਆ ਇੰਟਰਵਰਸਿਟੀ ਮੀਟ 'ਚ 81.04 ਮੀਟਰ ਦੂਰ ਜੈਵਲਿਨ ਸੁੱਟ ਕੇ ਦਰਸ਼ਕਾਂ ਨੂੰ ਦੰਗ ਕਰ ਦਿੱਤਾ। ਉਸ ਦੀ ਇਸ ਸੁੱਟ ਨਾਲ ਨਵਾਂ ਜੂਨੀਅਰ ਵਿਸ਼ਵ ਰਿਕਾਰਡ ਰੱਖਿਆ ਗਿਆ। ਇਹ ਪਹਿਲੀ ਵਾਰ ਸੀ ਕਿ ਉਹ 80 ਮੀਟਰ ਦੀ ਹੱਦ ਟੱਪਿਆ। ਉਸ ਪਿੱਛੋਂ ਤਾਂ ਉਸ ਦੀ ਦੇਸ਼ ਵਿਦੇਸ਼ ਦੀਆਂ ਅਥਲੈਟਿਕਸ ਮੀਟਾਂ ਵਿਚ ਲਗਾਤਾਰ ਮੰਗ ਵਧਣ ਲੱਗੀ ਹਾਲਾਂਕਿ ਵਿਚੋਂ ਕੁਝ ਸਮੇਂ ਲਈ ਉਹ ਅੰਗੂਠੇ ਦੀ ਚੋਟ ਕਾਰਨ ਤੇ ਫਿਰ ਕੂਹਣੀ ਦੇ ਅਪ੍ਰੇਸ਼ਨ ਕਾਰਨ ਪ੍ਰੈਕਟਿਸ ਤੇ ਮੁਕਾਬਲਿਆਂ ਤੋਂ ਪਾਸੇ ਵੀ ਰਿਹਾ।

ਉਸ ਦੀ ਟ੍ਰੇਨਿੰਗ ਦਾ ਮੁੱਖ ਸੈਂਟਰ ਐੱਨ ਆਈ ਐੱਸ ਪਟਿਆਲਾ ਹੁੰਦਾ ਜਿਥੇ ਉਸ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮਿਲਦੀਆਂ। ਪੰਚਕੂਲਾ ਦੇ ਤਾਊ ਦੇਵੀ ਲਾਲ ਸਟੇਡੀਅਮ ਵਿਚ ਵੀ ਕੋਈ ਘਾਟ ਨਹੀਂ ਸੀ। ਭਾਰਤ ਦੇ ਖਿਡਾਰੀਆਂ ਨੂੰ ਮੁੱਢ ਤੋਂ ਹੀ ਖੇਡ ਸਹੂਲਤਾਂ ਦੀ ਘਾਟ ਰੜਕਦੀ ਰਹੀ ਹੈ ਪਰ ਨੀਰਜ ਚੋਪੜਾ ਨੂੰ ਅਜਿਹੀ ਕੋਈ ਘਾਟ ਨਹੀਂ ਰਹੀ। ਜੇਕਰ ਨੀਰਜ ਵਾਂਗ ਹੋਰਨਾਂ ਖਿਡਾਰੀਆਂ ਨੂੰ ਵੀ ਖੇਡ ਸਹੂਲਤਾਂ ਮਿਲਣ ਲੱਗ ਪੈਣ ਤਾਂ ਭਾਰਤ ਕੌਮਾਂਤਰੀ ਖੇਡ ਮੁਕਾਬਲਿਆਂ ਵਿਚ ਵਧੇਰੇ ਮੈਡਲ ਜਿੱਤ ਸਕਦਾ ਹੈ। ਨੀਰਜ ਕੁਮਾਰ ਨੂੰ ਭਾਰਤੀ ਕੋਚਾਂ ਦੇ ਨਾਲ ਵਿਦੇਸ਼ੀ ਕੋਚਾਂ ਨੇ ਵੀ ਵਧੀਆ ਕੋਚਿੰਗ ਦਿੱਤੀ ਤੇ ਉਸ ਨੂੰ ਅੰਤਰਾਰਸ਼ਟਰੀ ਪੱਧਰ ਦੇ ਖੇਡ ਮੁਕਾਬਲਿਆਂ 'ਚ ਭਾਗ ਲੈਣ ਦੀ ਕਦੇ ਤੋਟ ਨਹੀਂ ਆਈ। ਉਸ ਨੇ ਰੀਓ ਦੀਆਂ ਓਲੰਪਿਕ ਖੇਡਾਂ-2016 ਵਿਚ 19 ਸਾਲ ਦੀ ਉਮਰੇ ਹੀ ਭਾਗ ਲੈ ਲੈਣਾ ਸੀ ਜੇਕਰ ਕੁਆਲੀਫਾਈ ਟਰਾਇਲਾਂ ਵਿਚ ਉਹਦੀ 82.23 ਮੀਟਰ ਥਰੋਅ 83 ਮੀਟਰ ਤੱਕ ਚਲੀ ਜਾਂਦੀ। ਇਕ ਮਹੀਨੇ ਬਾਅਦ ਉਹ 2016 ਦੀ ਅੰਡਰ 20 ਵਿਸ਼ਵ ਚੈਂਪੀਅਨਸ਼ਿਪਸ 'ਚ 86.48 ਮੀਟਰ ਦੂਰ ਜੈਵਲਿਨ ਸੁੱਟ ਕੇ ਨਵਾਂ ਵਿਸ਼ਵ ਰਿਕਾਰਡ ਕਰ ਗਿਆ ਸੀ ਪਰ ਤਦ ਤਕ 11 ਜੁਲਾਈ 2016 ਦੀ ਓਲੰਪਿਕ ਕੱਟ ਅੱਪ ਤਾਰੀਖ ਲੰਘ ਚੁੱਕੀ ਸੀ।

ਨੀਰਜ ਚੋਪੜਾ ਦੀਆਂ ਵੱਡੀਆਂ ਖੇਡ ਪ੍ਰਾਪਤੀਆਂ ਸਦਕਾ 2018 ਵਿਚ ਉਸ ਨੂੰ ਅਰਜਨਾ ਅਵਾਰਡ ਦਿੱਤਾ ਗਿਆ, 2020 ਵਿਚ ਵਸ਼ਿਸ਼ਟ ਸੇਵਾ ਮੈਡਲ, 2021 ਵਿਚ ਮੇਜਰ ਧਿਆਨ ਚੰਦ ਖੇਲ ਰਤਨ ਅਵਾਰਡ, 2022 ਵਿਚ ਪਰਮ ਵਸ਼ਿਸ਼ਟ ਸੇਵਾ ਮੈਡਲ ਤੇ 2022 ਵਿਚ ਪਦਮਸ਼੍ਰੀ ਪੁਰਸਕਾਰ। ਉਸ ਨੂੰ ਮਿਲੇ ਕੈਸ਼ ਅਵਾਰਡਾਂ ਦਾ ਤਾਂ ਕੋਈ ਲੇਖਾ ਹੀ ਨਹੀਂ ਜੋ ਕਰੋੜਾਂ ਵਿਚ ਹਨ। ਸੰਭਵ ਹੈ ਕਦੇ ਅਰਬ ਤੋਂ ਵੀ ਟੱਪ ਜਾਣ। 2013 ਵਿਚ ਉਸ ਨੇ 66.75 ਮੀਟਰ ਦੂਰ ਜੈਵਲਿਨ ਸੁੱਟਿਆ ਸੀ। 2015 ਵਿਚ 70.50 ਮੀਟਰ ਦੂਰ ਸੁੱਟਿਆ। 2016 ਵਿਚ 82.23 ਮੀਟਰ, 2017 ਵਿਚ 86.48 ਮੀਟਰ, 2018 ਵਿਚ 86.47 ਮੀਟਰ, 2018 ਵਿਚ 88.06 ਮੀਟਰ, 2021 ਵਿਚ 87.58 ਮੀਟਰ, 2022 ਵਿਚ 88.13 ਮੀਟਰ ਤੇ 2023 ਵਿਚ 88.17 ਮੀਟਰ ਦੂਰ ਸੁੱਟਿਆ। 4 ਅਕਤੂਬਰ 2023 ਨੂੰ ਸਟਾਕਹੋਮ ਦੀ ਡਾਇਮੰਡ ਲੀਗ ਵਿਚ ਉਹ 89.94 ਮੀਟਰ ਦੂਰ ਜੈਵਲਿਨ ਸੁੱਟ ਕੇ 90 ਮੀਟਰ ਦੇ ਨੇੜੇ ਜਾ ਢੁੱਕਾ ਹੈ। ਹੁਣ ਨੀਰਜ ਦਾ ਨਿਸ਼ਾਨਾ 90 ਮੀਟਰ ਦੀ ਹੱਦ ਪਾਰ ਕਰਨਾ ਤੇ 2024 ਵਿਚ ਪੈਰਿਸ ਵਿਖੇ ਹੋ ਰਹੀਆਂ ਓਲੰਪਿਕ ਖੇਡਾਂ 'ਚੋਂ ਦੂਜਾ ਗੋਲਡ ਮੈਡਲ ਜਿੱਤਣਾ ਹੈ। ਉਹਦੇ ਲਈ ਉਹ ਲਗਾਤਾਰ ਜੂਝ ਰਿਹੈ।

---

# ਸਮੇਂ ਦਾ ਸੱਚ

ਬੇਸ਼ਕ ਕੌੜਾ ਬੋਲਦਾਂ ਮੈਂ ਪਰ ਰੁਤਬਾ ਮੇਰਾ ਆਮ ਹੈ, ਐਵੇਂ ਚੰਗੇ ਬਣਨ ਦੇ ਡਰਾਮੇ ਨਹੀਂ ਆਉਂਦੇ ਮੈਨੂੰ, ਮੈਂ ਜੋ ਵੀ ਹਾਂ ਸ਼ਰੇਆਮ ਹਾਂ।

* ਤਾਰੀਫ ਦੇ ਮੁਹਤਾਜ ਨਹੀਂ ਹੁੰਦੇ ਸੱਚੇ ਲੋਕ ਕਿਉਂਕਿ ਅਸਲੀ ਫੁੱਲਾਂ ਦੇ ਉਪਰ ਇਤਰ ਨਹੀਂ ਛਿੜਕਿਆ ਹੁੰਦਾ।

ਪਰਮਜੀਤ ਸਿੰਘ ਸੇਖੋਂ (ਦਾਖਾ)
ਫੋਨ: 510-774-5909

* ਜਿੱਥੇ ਹਿੰਮਤ ਖ਼ਤਮ ਹੁੰਦੀ ਹੈ ਉਥੇ ਹੀ ਹਾਰ ਦੀ ਸ਼ੁਰੂਆਤ ਹੁੰਦੀ ਹੈ। ਠੰਡ ਦਾ ਮੌਸਮ ਹੈ, ਹਿੰਮਤ ਨਾ ਹਾਰੋ ਰਜਾਈ ਵਿਚੋਂ ਨਿਕਲੋ ਪਾਣੀ ਗਰਮ ਕਰੋ ਅਤੇ ਨਹਾਓ ਫਿਰ ਕੰਮ ਤੇ ਜਾਓ।

* ਹਿੰਦੋਸਤਾਨੀ ਸੱਭਿਅਤਾ 'ਚ ਔਰਤ ਖ਼ੂਬਸੂਰਤ ਹੋਵੇ ਤੇ ਮਰਦ ਅਮੀਰ ਹੋਵੇ ਤਾਂ ਸੱਚੀ ਮੁਹੱਬਤ ਹੋਣ ਲੱਗਿਆਂ ਦੇਰ ਨਹੀਂ ਲੱਗਦੀ।

* ਮਿੱਠਾ ਜਿਹਾ ਹੁੰਦਾ ਹੈ ਸਫ਼ਰ ਜ਼ਿੰਦਗੀ ਦਾ, ਬਸ ਕੁੜੱਤਣ ਤਾਂ ਕਿਸੇ ਤੋਂ ਜ਼ਿਆਦਾ ਉਮੀਦਾਂ ਰੱਖਣ 'ਚ ਹੁੰਦੀ ਹੈ।

* ਕਹਿੰਦੇ ਨੇ ਕਿ ਹੋ ਜਾਂਦਾ ਹੈ ਸੰਗਤ ਦਾ ਅਸਰ ਪਰ ਕੰਡਿਆਂ ਨੂੰ ਤਾਂ ਅੱਜ ਤੱਕ ਮਹਿਕਣ ਦਾ ਤਰੀਕਾ ਨਹੀਂ ਆਇਆ।

* ਸਮਾਂ ਸਿਖਾ ਦਿੰਦਾ ਹੈ ਚੱਲਣਾ ਬਿਨਾਂ ਸਹਾਰੇ ਤੋਂ, ਜ਼ਿੰਦਗੀ ਨਹੀਂ ਕਦੇ ਮੁੱਕਦੀ ਹੁੰਦੀ ਇਕ ਬਾਜ਼ੀ ਹਾਰੇ ਤੋਂ।

* ਜੇਕਰ ਤੁਸੀਂ ਆਪਣੇ ਮੂੰਹ ਵਿਚੋਂ ਬਿਨਾਂ ਗਾਲ ਕੱਢਿਆਂ ਹਿੰਦੋਸਤਾਨ ਵਿਚ ਕਾਰ ਚਲਾ ਲਈ ਤਾਂ ਸਮਝ ਲਵੋ ਕਿ ਤੁਸੀਂ ਆਪਣੀ ਅੰਤਰ ਆਤਮਾ 'ਤੇ ਕਾਬੂ ਪਾ ਲਿਆ ਹੈ।

* ਜੁੱਤੀ ਤੰਗ, ਕੁਪੱਤੀ ਰੰਨ, ਬਿਗਾਨਾ ਧਨ, ਮਰਦ ਨੂੰ ਸਿਰ ਉੱਚਾ ਕਰ ਕੇ ਨਹੀਂ ਤੁਰਨ ਦਿੰਦੇ।

* ਆਪਣੇ ਐਸੇ ਹੰਝੂਆਂ ਨੂੰ ਰੋਕ ਲਵੋ ਜੋ ਦੂਸਰਿਆਂ ਦੀ ਖੁਸ਼ੀ ਵਿਚ ਰੁਕਾਵਟ ਬਣਦੇ ਹੋਣ।

* ਮੂੰਹ ਖੋਲ੍ਹਣ ਤੋਂ ਪਹਿਲਾਂ ਦਿਮਾਗ ਦਾ ਇਸਤੇਮਾਲ ਕਰੋ।

* ਬੁਰੇ ਵਕਤ ਦੀ ਮਾਰ ਵੱਡੀ ਤੋਂ ਵੱਡੀ ਤਾਕਤ ਨੂੰ ਵੀ ਤਬਾਹ ਕਰ ਸਕਦੀ ਹੈ।

* ਸ਼ੱਕ ਵਫਾਦਾਰੀ ਦਾ ਸਭ ਤੋਂ ਵੱਡਾ ਵੈਰੀ ਹੈ।

* ਜਦੋਂ ਸਾਇੰਸ ਕੋਈ ਨਵੀਂ ਤਰੱਕੀ ਕਰਦੀ ਹੈ ਤਾਂ ਕੁਦਰਤ ਉਸੇ ਵਕਤ ਕੋਈ ਨਵੀਂ ਮੁਸੀਬਤ ਸਾਇੰਸ ਅਗੇ ਖੜੀ ਕਰ ਦਿੰਦੀ ਹੈ।

* ਦੁਨੀਆ ਦੀ ਸਭ ਤੋਂ ਵਧੀਆ ਕਿਤਾਬ ਅਸੀਂ ਖੁਦ ਹਾਂ, ਜੇ ਆਪਣੇ ਆਪ ਨੂੰ ਚੰਗੀ ਤਰ੍ਹਾਂ ਸਮਝ ਲਈਏ ਤਾਂ ਸਾਰੇ ਦੁੱਖ ਦੂਰ ਹੋ ਜਾਣਗੇ।

* ਆਪਣੇ ਜ਼ਖਮ ਹਰ ਕਿਸੇ ਨੂੰ ਨਾ ਵਿਖਾਓ, ਮੱਲ੍ਹਮ ਸ਼ਾਇਦ ਹੀ ਮਿਲੇ, ਨਮਕ ਛਿੜਕਣ ਨੂੰ ਹਰ ਕੋਈ ਤਿਆਰ ਰਹਿੰਦਾ ਹੈ।

* ਕਿਸੇ ਨੂੰ ਇੰਨਾ ਵੀ ਮਜਬੂਰ ਨਾ ਕਰੋ ਕਿ ਉਸ ਦੀ ਚੁੱਪ ਟੁੱਟੇ ਤੇ ਉਹ ਤੁਹਾਡੀਆਂ ਧੱਜੀਆਂ ਉਡਾ ਦੇਵੇ।

* ਗੁੱਸੇ ਵਾਲਾ ਜ਼ਰੂਰ ਹਾਂ ਪਰ ਧੋਖੇਬਾਜ਼ ਨਹੀਂ।

* ਸਿਆਸਤ ਅੰਨ੍ਹਾ ਖੂਹ ਹੈ, ਕਦੇ ਨਾ ਮੇਟੇ ਪਿਆਸ। ਝੋਟਿਆਂ ਤੋਂ ਨਾ ਰੱਖੀਏ, ਕਦੇ ਲੱਸੀ ਦੀ ਆਸ।

* ਲੂਣ ਬਣਜੋ ਤੇ ਚਾਹੇ ਬਣਜੋ ਖੰਡ, ਵਰਤਿਆ ਤੇ ਤੁਹਾਨੂੰ 'ਸਵਾਦ' ਅਨੁਸਾਰ ਹੀ ਜਾਣਾ।

* ਤੂੰ ਚੰਗੀ ਕੀਤੀ ਜਾਂ ਮਾੜੀ ਦਿਲ ਆਪਣੇ 'ਤੇ ਜਰ ਗਏ ਆਂ, ਸਾਹ ਹਜੇ ਤਕ ਚਲਦੇ ਨੇ ਪਰ ਤੇਰੇ ਲਈ ਤਾਂ ਮਰ ਗਏ ਆਂ।

# ਸ਼ਕਤੀਆਂ ਦੀ ਵੰਡ, ਜੱਜਾਂ ਦੇ ਅਣਚੁਣੇ ਹੋਣ ਬਾਰੇ ਚੀਫ ਜਸਟਿਸ ਚੰਦਰਚੂੜ ਦੇ ਵਿਚਾਰ

"ਇਹ ਤੱਥ ਕਿ ਜੱਜਾਂ ਦੀ ਚੋਣ ਨਹੀਂ ਹੁੰਦੀ, ਸਾਡੀ ਖਾਮੀ ਨਹੀਂ ਸਗੋਂ ਸਾਡੀ ਤਾਕਤ ਹੈ। ਅਸੀਂ ਫੈਸਲੇ ਕਰਨ ਸਮੇਂ ਸੰਵਿਧਾਨਕ ਨੈਤਿਕਤਾ ਦੁਆਰਾ 'ਗਾਈਡ' ਕੀਤੇ ਜਾਂਦੇ ਹਾਂ, ਨਾ ਕਿ ਲੋਕਮੁਖੀ ਨੈਤਿਕਤਾ ਦੁਆਰਾ। ਕੋਰਟ ਦੇ ਫੈਸਲਿਆਂ ਨੂੰ ਵਿਧਾਨ ਪਾਲਿਕਾ (ਸਮੇਤ ਸੰਸਦ) ਸਿੱਧੇ ਤੌਰ 'ਤੇ ਰੱਦ ਨਹੀਂ ਕਰ ਸਕਦੀ ਪਰ ਉਹ ਜੱਜਮੈਂਟ ਵਿਚਲੀ ਕਿਸੇ ਗੰਭੀਰ ਖਾਮੀ ਨੂੰ ਦੂਰ ਕਰਨ ਲਈ ਨਵਾਂ ਕਾਨੂੰਨ ਘੜ ਸਕਦੀ ਹੈ"।



ਇਹ ਵਿਚਾਰ ਭਾਰਤ ਦੀ ਸਰਬਉੱਚ ਅਦਾਲਤ ਦੇ ਚੀਫ ਜਸਟਿਸ ਡੀ.ਵਾਈ.

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਚੰਦਰਚੂੜ ਨੇ 4 ਨਵੰਬਰ ਨੂੰ ਦਿੱਲੀ ਵਿਚ ਇਕ ਅੰਗਰੇਜ਼ੀ ਅਖਬਾਰ ਵਲੋਂ ਕਰਵਾਏ ਗਏ ਸਮਾਗਮ ਵਿਚ ਪ੍ਰਗਟ ਕੀਤੇ।

ਇਸ ਗੱਲ ਤੋਂ ਭਲੀਭਾਂਤ ਜਾਣੂੰ ਹੁੰਦਿਆਂ ਕਿ ਇਕ ਵਰਗ ਵਲੋਂ, ਖਾਸ ਤੌਰ 'ਤੇ ਸੋਸ਼ਲ ਮੀਡੀਆ ਉਪਰ, ਅੱਜ-ਕੱਲ੍ਹ ਨਿਆਂਪਾਲਿਕਾ ਦੀ ਇਹ ਕਹਿ ਕੇ ਬਹੁਤ ਆਲੋਚਨਾ ਕੀਤੀ ਜਾ ਰਹੀ ਹੈ ਕਿ ਚੋਣ ਲੜੇ ਬਗੈਰ ਚੁਣੇ ਜਾਣ ਵਾਲੇ ਜੱਜ ਚੁਣੀ ਹੋਈ ਸੰਸਥਾ, ਭਾਵ ਵਿਧਾਨ ਪਾਲਿਕਾ/ਸੰਸਦ ਦੇ ਕੰਮ ਕਾਜਾਂ ਵਿਚ ਟੰਗ ਅੜਾਉਂਦੇ ਰਹਿੰਦੇ ਹਨ, ਜਸਟਿਸ ਚੰਦਰਚੂੜ ਵੱਖ ਵੱਖ ਸਮੇਂ ਇਸ ਨੁਕਤੇ 'ਤੇ ਟਿੱਪਣੀ ਕਰਦੇ ਰਹਿੰਦੇ ਹਨ।

4 ਨਵੰਬਰ ਨੂੰ ਵੀ ਉਨ੍ਹਾਂ ਸਾਫ ਕਿਹਾ, 'ਸ਼ਕਤੀਆਂ ਦੀ ਵੰਡ ਵਿਚਲੀ ਲਾਈਨ ਬਿਲਕੁਲ ਸਾਫ ਹੈ। ਵਿਧਾਨ ਪਾਲਿਕਾ, ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ ਦੇ ਆਪੋ-ਆਪਣੇ ਕਾਰਜ ਖੇਤਰ ਹਨ। ਕੋਰਟ ਦੇ ਫੈਸਲੇ ਬਾਰੇ ਵੀ ਇਹ ਲਾਈਨ ਸਪੱਸ਼ਟ ਕਰਦੀ ਹੈ ਕਿ ਵਿਧਾਨਪਾਲਿਕਾ ਕਿਸੇ ਜੱਜਮੈਂਟ ਉਪਰ ਕੀ ਕਰ ਸਕਦੀ ਹੈ ਅਤੇ ਕੀ ਨਹੀਂ ਕਰ ਸਕਦੀ। ਜੇ ਕੋਰਟ ਦੀ ਕੋਈ ਜੱਜਮੈਂਟ ਕਿਸੇ ਵਿਸ਼ੇਸ਼ ਮਸਲੇ ਨਾਲ ਸਬੰਧਤ ਆਪਣਾ ਫੈਸਲਾ ਦਿੰਦੀ ਹੈ ਜੋ ਕਾਨੂੰਨ ਵਿਚਲੀ ਕਿਸੇ ਗੰਭੀਰ ਖਾਮੀ ਵੱਲ ਇਸ਼ਾਰਾ ਕਰਦੈ ਤਾਂ ਕੋਰਟ ਦੇ ਅਜਿਹੇ ਫੈਸਲੇ ਨੂੰ ਵਿਧਾਨ ਪਾਲਿਕਾ/ਸੰਸਦ ਸਿੱਧੇ ਤੌਰ 'ਤੇ ਇਹ ਕਹਿ ਕੇ ਰੱਦ ਨਹੀਂ ਕਰ ਸਕਦੀ ਕਿ ਇਹ ਫੈਸਲਾ ਗਲਤ ਹੈ। ਹਾਂ, ਇਹ ਵਿਵਸਥਾ ਸਦਾ ਹੀ ਰਹੀ ਹੈ ਕਿ ਵਿਧਾਨ ਪਾਲਿਕਾ/ਸੰਸਦ ਅਜਿਹੀ ਖਾਮੀ ਦੂਰ ਕਰਨ ਲਈ ਨਵਾਂ ਕਾਨੂੰਨ ਘੜ ਸਕਦੀ ਹੈ'।

ਉਨ੍ਹਾਂ ਇਸ ਸਬੰਧੀ 1951 ਤੋਂ ਲੈ ਕੇ ਹੁਣ ਤਕ ਦੀਆਂ ਕਈ ਉਦਾਹਰਨਾਂ ਦਿੰਦਿਆਂ ਜਦੋਂ ਸੰਸਦ ਨੇ ਸੁਪਰੀਮ ਕੋਰਟ ਦੇ ਫੈਸਲਿਆਂ ਨੂੰ ਬਦਲਣ ਲਈ ਨਵੇਂ ਕਾਨੂੰਨ ਲਿਆਂਦੇ। ਉਨ੍ਹਾਂ ਖਾਸ ਕਰਕੇ ਟੈਕਸਾਂ ਦੇ ਖੇਤਰ ਵਿਚ ਕਿਸੇ ਨਿਯਮ ਨੂੰ ਪ੍ਰਮਾਣਿਕ ਕਰਨ ਸਬੰਧੀ ਗੱਲ ਵੀ ਕਹੀ ਪਰ ਨਾਲ ਹੀ ਕਿਹਾ ਕਿ 'ਕਿਸੇ ਨਿਯਮ ਨੂੰ ਪ੍ਰਮਾਣਿਕ ਕਰਨ ਦੀ ਪ੍ਰਰਨ ਆਗਿਆ ਹੈ ਪਰ ਕੋਰਟ ਦੀ ਕਿਸੇ ਜੱਜਮੈਂਟ ਨੂੰ ਸਿੱਧੇ ਤੌਰ 'ਤੇ ਰੱਦ ਕਰਨ ਦੀ ਆਗਿਆ ਨਹੀਂ'।

ਜਸਟਿਸ ਚੰਦਰਚੂੜ ਨੇ ਕਿਹਾ ਕਿ ਫੈਸਲੇ ਕਰਦੇ ਸਮੇਂ ਜੱਜ ਇਹ ਨਹੀਂ ਦੇਖਦੇ ਕਿ ਇਨ੍ਹਾਂ ਫੈਸਲਿਆਂ ਬਾਰੇ ਸਮਾਜ ਦਾ ਪ੍ਰਤੀਕਰਮ ਕੀ ਹੋਵੇਗਾ, ਸਗੋਂ ਉਹ ਸੰਵਿਧਾਨਕ ਨੈਤਿਕਤਾ ਨੂੰ ਸਨਮੁਖ ਰੱਖ ਕੇ ਫੈਸਲੇ ਕਰਦੇ ਹਨ ਅਤੇ ਇਹੀ ਗੱਲ ਨਿਆਂਪਾਲਿਕਾ ਨੂੰ ਸਰਕਾਰ ਦੇ ਦੂਸਰੇ ਅੰਗਾਂ/ਵਿੰਗਾਂ ਨਾਲੋਂ ਵੱਖਰਾ ਕਰਦੀ ਹੈ।

ਉਨ੍ਹਾਂ ਕਿਹਾ, 'ਕੋਰਟਾਂ ਨੂੰ ਵਧੇਰੇ ਵਿਸਤ੍ਰਿਤ ਕਦਰਾਂ-ਕੀਮਤਾਂ, ਜਿਵੇਂ ਭਾਈਚਾਰਾ, ਮਾਨਵੀ ਮਾਣ-ਤਾਣ, ਸ਼ਖਸੀ ਆਜ਼ਾਦੀ, ਬਰਾਬਰੀ ਨੂੰ ਪ੍ਰਨਾਉਣਾ ਪੈਂਦੈ, ਇਸ ਲਈ ਅਸੀਂ ਕਾਨੂੰਨ ਪ੍ਰਬੰਧ ਵਿਚ ਇਕ ਸਥਿਰੀਕਰਨ ਦਾ ਪ੍ਰਭਾਵ ਪਾਉਂਦੇ ਹਾਂ। ਕਈ ਸਮਾਜਾਂ ਵਿਚ ਬੰਦੂਕ ਦੀ ਤਾਕਤ ਸ਼ਕਤੀਸ਼ਾਲੀ ਹੋ ਗਈ ਹੈ। ਕੋਰਟਾਂ ਬਚਨ-ਬੰਧੇਜ ਦਾ ਇਕ ਅਜਿਹਾ ਪਲੇਟਫਾਰਮ ਹਨ ਜਿਥੇ ਲੋਕ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਵਿਚਾਰਾਂ/ਖਿਆਲਾਂ ਦੇ ਆਦਾਨ ਪ੍ਰਦਾਨ ਦੀ ਘਟੋ ਘਟ ਥਾਂ ਤਾਂ ਮਿਲੇਗੀ ਤਾਂ ਕਿ ਇਕ ਨਵਾਂ ਸਿੰਸ਼ਲੇਸ਼ਨ ਪਨਪ ਸਕੇ ਅਤੇ ਤਬਦੀਲੀ ਹੋ ਸਕੇ"।

ਉਨ੍ਹਾਂ ਕਿਹਾ ਕਿ ਜੱਜਾਂ ਦਾ ਕਿਸੇ ਚੋਣ ਰਾਹੀਂ ਨਾ ਚੁਣੇ ਜਾਣਾ ਉਨ੍ਹਾਂ ਦੀ ਖਾਮੀ ਨਹੀਂ ਸਗੋਂ ਤਾਕਤ ਹੈ। ਉਨ੍ਹਾਂ ਕਿਹਾ, 'ਅਸੀਂ ਸਟੇਟ ਦਾ ਚੁਣਿਆ ਹੋਇਆ ਅੰਗ ਨਹੀਂ ਹਾਂ ਤੇ ਇਸ ਦਾ ਵੀ ਕਾਰਨ ਹੈ। ਚੁਣਿਆ ਹੋਇਆ ਅੰਗ (ਵਿਧਾਨਪਾਲਿਕਾ/ਸੰਸਦ) ਅਤੇ ਕਾਰਜਪਾਲਿਕਾ ਮਹੱਤਵਪੂਰਨ ਹਨ। ਇਹ ਦੋਵਾਂ ਦੀ ਲੋਕਾਂ ਪ੍ਰਤੀ ਜਵਾਬਦੇਹੀ ਹੁੰਦੀ ਹੈ। ...ਇਸ ਦੀ ਮੈਂ ਬਤੌਰ ਇਕ ਜੱਜ ਅਤੇ ਚੀਫ ਜਸਟਿਸ ਆਫ ਇੰਡੀਆ ਦੇ ਤੌਰ 'ਤੇ ਸਤਿਕਾਰ ਕਰਦਾ ਹਾਂ। ਪਰ ਜੱਜਾਂ ਦੁਆਰਾ ਨਿਭਾਏ ਗਏ ਰੋਲ ਨੂੰ ਪ੍ਰਵਾਨਿਤ ਕਰਨਾ ਵੀ ਓਡਾ ਹੀ ਮਹੱਤਵਪੂਰਨ ਹੈ। ਇਹ ਤੱਥ ਕਿ ਨਿਆਂਪ੍ਰਣਾਲੀ ਦੀ ਪ੍ਰਕਿਰਿਆ ਵਿਚ ਅਸੀਂ ਚੁਣ ਕੇ ਨਹੀਂ ਆਉਂਦੇ ਇਹ ਖਾਮੀ ਨਹੀਂ ਸਗੋਂ ਇਸ ਪ੍ਰਕਿਰਿਆ ਦੀ ਤਾਕਤ ਹੈ"।

ਇਸ ਨੁਕਤੇ ਉਪਰ ਜਸਟਿਸ ਚੰਦਰਚੂੜ ਨੇ ਅਕਤੂਬਰ ਵਿਚ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਸਨ। ਵਾਸ਼ਿੰਗਟਨ (ਅਮਰੀਕਾ) ਦੀ ਇਕ ਯੂਨੀਵਰਸਿਟੀ ਅਤੇ ਦਿੱਲੀ ਦੀ ਇਕ ਸੰਸਥਾ ਵਲੋਂ ਕਰਵਾਏ ਸਮਾਗਮ ਸਮੇਂ ਜਸਟਿਸ ਚੰਦਰਚੂੜ ਨੇ ਕਿਹਾ ਸੀ ਕਿ ਭਾਵੇਂ ਜੱਜ ਚੋਣਾਂ ਰਾਹੀਂ ਨਹੀਂ ਚੁਣੇ ਜਾਂਦੇ, ਫਿਰ ਵੀ ਉਨ੍ਹਾਂ ਦਾ ਸਮਾਜ ਦੇ ਵਿਕਾਸ ਵਿਚ ਇਕ ਮੁਹਰੈਲ ਰੋਲ ਹੁੰਦੈ ਕਿਉਂਕਿ ਟੈਕਨੋਲੋਜੀ ਦੇ ਪ੍ਰਭਾਵ ਹੇਠ ਤੇਜ਼ੀ ਨਾਲ ਬਦਲਦੇ ਸਮਾਜਾਂ ਦੇ ਵਿਕਾਸ ਵਿਚ ਨਿਆਂਪਾਲਿਕਾ ਇਕ ਸਥਿਰ-ਪ੍ਰਭਾਵੀ ਕੜੀ ਦਾ ਕੰਮ ਕਰਦੀ ਹੈ।

ਜਸਟਿਸ ਚੰਦਰਚੂੜ ਨੇ ਹੋਰ ਕਿਹਾ ਸੀ, 'ਅਸੀਂ ਹਰ ਪੰਜ ਸਾਲ ਬਾਅਦ ਲੋਕਾਂ ਕੋਲੋਂ ਵੋਟ ਮੰਗਣ ਨਹੀਂ ਜਾਂਦੇ। ਪਰ ਇਸ ਪਿੱਛੇ ਵੀ ਇਕ ਤਰਕ ਹੈ...ਮੇਰਾ ਵਿਸ਼ਵਾਸ ਹੈ ਕਿ ਇਸ ਪੱਖੋਂ ਨਿਆਂਪਾਲਿਕਾ, ਸਾਡੇ ਵਿਕਾਸ ਕਰਦੇ ਸਮਾਜਾਂ ਵਿਚ ਇਕ ਸਥਿਰ ਕਰਨ ਵਾਲੇ ਪ੍ਰਭਾਵ ਦਾ ਰੋਲ ਅਦਾ ਕਰਦੀ ਹੈ, ਖਾਸ ਕਰਕੇ ਉਦੋਂ ਜਦ ਸਾਡਾ ਸਮਾਜ ਟੈਕਨੋਲੋਜੀ ਕਾਰਨ ਬਹੁਤ ਤੇਜ਼ੀ ਨਾਲ ਬਦਲ ਰਿਹੈ"।

ਪਰ 4 ਨਵੰਬਰ ਨੂੰ ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਸੁਪਰੀਮ ਕੋਰਟ ਲੋਕਾਂ ਦੀ ਅਦਾਲਤ ਹੈ ਜੋ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਸਮਝਣ ਲਈ ਕਾਰਜ ਕਰਦੀ ਹੈ। ਇਸ ਪੱਖੋਂ ਭਾਰਤ ਦੀ ਸੁਪਰੀਮ ਕੋਰਟ ਅਮਰੀਕਾ ਦੀ ਸੁਪਰੀਮ ਕੋਰਟ ਨਾਲੋਂ ਬਿਲਕੁਲ ਵੱਖਰਾ ਰੋਲ ਅਦਾ ਕਰਦੀ ਹੈ।

ਜਸਟਿਸ ਚੰਦਰਚੂੜ ਨੇ ਕਿਹਾ ਕਿ ਅਮਰੀਕਾ ਦੀ ਸੁਪਰੀਮ ਕੋਰਟ ਸਾਲ ਵਿਚ ਕਰੀਬ 80 ਕੇਸਾਂ ਦੇ ਫੈਸਲੇ ਕਰਦੀ ਹੈ ਜਦ ਕਿ ਭਾਰਤ ਦੀ ਸੁਪਰੀਮ ਕੋਰਟ ਨੇ ਇਸ ਸਾਲ ਘੱਟੋ ਘੱਟ 72,000 ਕੇਸਾਂ ਦੇ ਫੈਸਲੇ ਕੀਤੇ ਹਨ ਅਤੇ ਅਜੇ ਇਸ ਸਾਲ ਦੇ ਦੋ ਮਹੀਨੇ ਬਾਕੀ ਹਨ।

ਉਨ੍ਹਾਂ ਕਿਹਾ, 'ਇਹ ਫਰਕ ਹੈ ਸਾਡੀ ਸਰਬਉੱਚ ਅਦਾਲਤ ਦੇ ਕੰਮ ਕਰਨ ਵਿਚ। ਸਾਡੇ ਲਈ ਇਕ ਕੋਰਟ ਵਜੋਂ ਇਹ ਗੱਲ ਮਹੱਤਵਪੂਰਨ ਹੈ ਕਿ ਅਸੀਂ ਨਾਗਰਿਕਾਂ ਦਾ ਵਿਸ਼ਵਾਸ ਆਪਣੇ ਕੰਮ ਰਾਹੀਂ ਬਣਾਈ ਰਖੀਏ'।

ਕੋਰਟ ਦੇ ਕੰਮ ਵਿਚਲੀ ਤੇਜ਼ੀ ਦੇ ਮੱਦੇਨਜ਼ਰ ਹੀ 3 ਨਵੰਬਰ ਨੂੰ ਜਸਟਿਸ ਚੰਦਰਚੂੜ ਨੇ ਵਕੀਲਾਂ ਨੂੰ ਅਪੀਲ ਕੀਤੀ ਸੀ ਕਿ ਉਹ ਕੇਸਾਂ ਦੀਆਂ ਤਰੀਕਾਂ ਵਾਰ ਵਾਰ ਅੱਗੇ ਨਾ ਪੁਆਉਣ ਕਿਉਂਕਿ ਉਹ ਨਹੀਂ ਚਾਹੁੰਦੇ ਕਿ ਸੁਪਰੀਮ ਕੋਰਟ 'ਤਾਰੀਖ-ਪੇ-ਤਾਰੀਖ' ਵਾਲੀ ਕੋਰਟ ਹੋ ਨਿਬੜੇ ਕਿਉਂਕਿ ਅਜਿਹਾ ਹੋਣ ਕਾਰਨ ਨਾਗਰਿਕਾਂ ਦਾ ਕੋਰਟ ਵਿਚ ਭਰੋਸਾ ਲਿੱਸਾ ਪੈਂਦੈ"।

ਬੌਲੀਵੁੱਡ ਫਿਲਮ 'ਦਾਮਿਨੀ' (1993) ਵਿਚ ਅਦਾਕਾਰ ਸਨੀ ਦਿਓਲ ਵਲੋਂ ਕੇਸ ਲੜ ਰਹੇ ਲੋਕਾਂ ਦੇ ਮਾਮਲਿਆਂ ਦੀ ਤਾਰੀਖ ਵਾਰ ਵਾਰ ਅੱਗੇ ਪਾਏ ਜਾਣ ਦੀ ਨਿਰਾਸ਼ਾ/ਗੁੱਸਾ ਪ੍ਰਗਟ ਕਰਦੇ ਇਸ ਸੰਵਾਦ ਦਾ ਹਵਾਲਾ ਜਸਟਿਸ ਚੰਦਰਚੂੜ ਪਹਿਲਾਂ ਵੀ ਦੇ ਚੁੱਕੇ ਹਨ।

ਆਪਣੇ 4 ਨਵੰਬਰ ਦੇ ਪ੍ਰੋਗਰਾਮ ਵਿਚ ਉਨ੍ਹਾਂ ਦੱਸਿਆ ਕਿ ਕੋਰਟਾਂ 3 ਨਾਜ਼ੁਕ ਕੰਮ ਕਰਦੀਆਂ ਹਨ-ਪਹਿਲਾ ਤੇ ਸਭ ਤੋਂ ਮਹੱਤਵਪੂਰਨ ਹੈ ਉਹ ਕੇਸ ਜਿਨ੍ਹਾਂ ਉਪਰ ਅਸੀਂ ਫੈਸਲਾ ਦਿੰਦੇ ਹਾਂ। ਦੂਸਰਾ, ਕੋਰਟਾਂ ਸਮਾਜਿਕ ਬਚਨ-ਬੰਧੇਜ ਦਾ ਇਕ ਮਹੱਤਵਪੂਰਨ ਪਲੇਟਫਾਰਮ ਵੀ ਬਣ ਗਈਆਂ ਹਨ, ਨਾ ਸਿਰਫ ਉਨ੍ਹਾਂ ਫੈਸਲਿਆਂ ਕਾਰਨ ਜੋ ਅਸੀਂ ਕਰਦੇ ਹਾਂ ਸਗੋਂ ਵਿਭਿੰਨ ਖੰਡਾਂ ਵਿਚਾਲੇ ਸੰਵਾਦ ਦੀ ਥਾਂ ਮੁਹੱਈਆ ਕਰਵਾਉਣ ਲਈ ਵੀ। ਤੀਸਰਾ ਕੰਮ ਉਹ ਹੈ ਜੋ ਅਸੀਂ ਆਪਣੇ ਪ੍ਰਸ਼ਾਸਨਿਕ ਪੱਖੋਂ ਨਿਭਾਉਂਦੇ ਹਾਂ"।

ਕੁਝ ਢਾਂਚਾਗਤ ਰੋਕਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ "ਪ੍ਰਵੇਸ਼ ਪੱਧਰ ਉਪਰ ਹੀ ਭਾਰਤੀ ਨਿਆਂ ਪ੍ਰਣਾਲੀ ਵਿਚ ਅਜਿਹੀਆਂ ਰੋਕਾਂ ਹਨ ਜਿਸ ਕਾਰਨ ਮੁਕਾਬਲਿਆਂ ਦੇ ਬਰਾਬਰ ਮੌਕਿਆਂ ਦੀ ਥੋੜ ਹੁੰਦਿਆਂ ਔਰਤਾਂ ਵਧੇਰੀ ਗਿਣਤੀ ਵਿਚ ਇਸ ਪ੍ਰਬੰਧ ਵਿਚ ਨਹੀਂ ਆ ਸਕੀਆਂ। ਸੀਨੀਅਰ ਕੌਂਸਲਜ਼ ਦੇ ਚੈਂਬਰ ਅਜੇ ਵੀ 'ਬੁਆਏਜ਼ ਕਲੱਬ' ਹੀ ਹਨ। ਨਿਆਂਇਕ ਪ੍ਰਣਾਲੀ ਵਿਚਲੀਆਂ ਬਹੁਤੀਆਂ ਪ੍ਰੀਖਿਆਵਾਂ ਅੰਗਰੇਜ਼ੀ ਮਾਧਿਅਮ ਵਿਚ ਹੁੰਦੀਆਂ ਹਨ ਅਤੇ ਇਹ ਸ਼ਹਿਰ-ਕੇਂਦਰਤ ਵਿਵਸਥਾ ਹੀ ਹੋ ਨਿਬੜਦੀ ਹੈ"।

ਭਾਸ਼ਾ ਦੇ ਬੈਰੀਅਰ ਬਾਰੇ ਵੀ ਉਨ੍ਹਾਂ ਆਪਣੇ ਵਿਚਾਰ ਪ੍ਰਗਟ ਕੀਤੇ।

ਉਨ੍ਹਾਂ ਕਿਹਾ, 'ਕੋਰਟ ਦੀ ਪ੍ਰਕਿਰਿਆ ਨੂੰ ਸਮਝਣ ਜਾਂ ਨਿਆਂ ਤਕ ਰਸਾਈ ਵਿਚ ਭਾਸ਼ਾ ਇਕ ਗੰਭੀਰ ਰੋਕ ਹੈ। ਦੇਸ਼ ਦੀ ਸਰਬਉੱਚ ਅਦਾਲਤ ਆਪਣੀ ਸਾਰੀ ਕਾਰਵਾਈ ਅੰਗਰੇਜ਼ੀ ਵਿਚ ਕਰਦੀ ਹੈ ਅਤੇ ਸੰਵਿਧਾਨਕ ਤੌਰ 'ਤੇ ਇਸ ਦਾ ਇਕ ਵਾਜਬ ਕਾਰਨ ਹੈ। ਦੇਸ਼ ਵਿਚ ਸੰਵਿਧਾਨਕ ਤੌਰ 'ਤੇ 22 ਭਾਸ਼ਾਵਾਂ ਨੂੰ ਮਾਨਤਾ ਪ੍ਰਾਪਤ ਹੈ ਅਤੇ ਦੇਸ਼ ਦੇ ਵੱਖ ਵੱਖ ਭਾਗਾਂ ਤੋਂ ਵੱਖ ਵੱਖ ਜੱਜ ਇਥੇ ਪੁੱਜਦੇ ਹਨ। ਅੰਗਰੇਜ਼ੀ ਨੂੰ ਇਸ ਸੰਸਥਾ ਨੂੰ ਇਕੱਠੇ ਰਖਣ ਵਿਚ ਇਕ ਕੇਂਦਰੀ ਬੋਲੀ ਸਮਝਿਆ ਗਿਆ। ਪਰ ਇਹ ਸਾਡੀ ਬੋਲ-ਚਾਲ ਦੀ ਭਾਸ਼ਾ ਨਹੀਂ, ਇਸ ਦਾ ਅਰਥ ਇਹ ਹੈ ਕਿ ਅਸੀਂ ਲੋਕਾਂ ਤਕ ਉਸ ਬੋਲੀ ਵਿਚ ਪਹੁੰਚ ਨਹੀਂ ਬਣਾ ਸਕਦੇ ਜੋ ਬੋਲੀ ਉਹ ਸਮਝਦੇ ਹਨ। ਸੋ ਪਿਛਲੇ ਇਕ ਸਾਲ ਤੋਂ ਇਕ ਮੁੱਖ ਗੱਲ ਜੋ ਅਸੀਂ ਕਰ ਰਹੇ ਹਾਂ ਉਹ ਹੈ ਕਿ ਸਰਬਉੱਚ ਅਦਾਲਤ ਦੇ ਫੈਸਲਿਆਂ ਦਾ ਅਨੁਵਾਦ ਕਰਵਾਇਆ ਜਾਵੇ ਤਾਂ ਕਿ ਲੋਕ ਇਨ੍ਹਾਂ ਨੂੰ ਆਪਣੀ ਭਾਸ਼ਾ ਵਿਚ ਸਮਝ ਸਕਣ। ਹੁਣ ਤਕ ਅਸੀਂ 31,000 ਜੱਜਮੈਂਟਾਂ ਦਾ ਅਨੁਵਾਦ ਕਰਵਾ ਚੁਕੇ ਹਾਂ। ਤਕਨੀਕ ਅਤੇ ਮਸਨੂਹੀ ਸੂਝ ਦੇ ਸੰਦਾਂ ਦੀ ਵਰਤੋਂ ਰਾਹੀਂ ਕਰਵਾਏ ਜਾ ਰਹੇ ਇਸ ਅਨੁਵਾਦ ਦਾ ਮਕਸਦ ਹੈ ਕਿ ਕੋਰਟਾਂ ਲੋਕਾਂ ਤਕ ਪਹੁੰਚਣ"।

ਜਸਟਿਸ ਚੰਦਰਚੂੜ ਕਈ ਵਾਰ ਭਾਸ਼ਾ ਦੀਆਂ ਰੁਕਾਵਟਾਂ ਬਾਰੇ ਵਿਚਾਰ ਪ੍ਰਗਟ ਕਰਦੇ ਰਹਿੰਦੇ ਹਨ। ਉਹ ਕੋਰਟਾਂ ਨੂੰ ਹਾਈ-ਟੈਕ ਕੀਤੇ ਜਾਣ, ਡਿਜੀਟਲ ਟੈਕਨੋਲੋਜੀ, ਲਾਈਵਸਟ੍ਰੀਮ ਵਿਧੀ ਅਤੇ ਵਧੇਰੇ ਔਰਤ ਜੱਜਾਂ ਅਤੇ ਸੀਨੀਅਰ ਵਕੀਲ ਹੋਣ ਉਪਰ ਜ਼ੋਰ ਦਿੰਦੇ ਰਹਿੰਦੇ ਹਨ।

ਕੋਰਟ ਦੀ ਕਾਰਵਾਈ ਦੀ ਲਾਈਵਸਟ੍ਰੀਮਿੰਗ ਨੂੰ ਉਨ੍ਹਾਂ ਨੇ 'ਭਰੋਸਾ ਨਿਰਮਤ ਕਰਨ ਦੀ ਪ੍ਰਕਿਰਿਆ ਦਾ ਹਿੱਸਾ' ਕਿਹਾ।

ਉਨ੍ਹਾਂ ਦੀ ਇਹ ਸੋਚ ਅਤੇ ਪਹੁੰਚ ਸ਼ਲਾਘਾਯੋਗ ਹੈ। ਸਰਬ-ਉੱਚ ਅਦਾਲਤ ਦੇ ਫੈਸਲਿਆਂ ਨੂੰ ਦੇਸ਼ ਦੀਆਂ 22 ਸੰਵਿਧਾਨਕ ਭਾਸ਼ਾਵਾਂ ਵਿਚ ਅਨੁਵਾਦ ਕਰਵਾਏ ਜਾਣਾ ਬਹੁਤ ਹੀ ਪ੍ਰਸ਼ੰਸਾਜਨਕ ਕਦਮ ਹੈ।

ਜਸਟਿਸ ਚੰਦਰਚੂੜ ਨੇ ਜੱਜਾਂ ਦੇ ਸੇਵਾ-ਮੁਕਤੀ ਦੀ ਉਮਰ ਬਾਰੇ ਪੁੱਛੇ ਗਏ ਪ੍ਰਸ਼ਨ ਦੇ ਜਵਾਬ ਵਿਚ ਜ਼ੋਰ ਦੇ ਕੇ ਕਿਹਾ ਕਿ ਜੱਜਾਂ ਨੇ ਸੇਵਾ-ਮੁਕਤ ਹੋਣਾ ਹੀ ਹੁੰਦੇ ਕਿਉਂਕਿ ਉਹ ਵੀ ਇਨਸਾਨ ਹਨ।

ਉਨ੍ਹਾਂ ਕਿਹਾ 'ਆਉਣ ਵਾਲੀਆਂ ਪੀੜ੍ਹੀਆਂ ਨੂੰ ਚੋਗਾ ਸਪੁਰਦ ਕਰਨਾ ਜ਼ਰੂਰੀ ਹੈ ਤਾਂ ਕਿ ਉਹ ਬੀਤੇ ਦੀਆਂ ਗਲਤੀਆਂ ਦੱਸ ਸਕਣ ਅਤੇ ਸਮਾਜ ਦੇ ਵਿਕਾਸ ਹਿਤ ਸਮਾਜਿਕ ਕਾਨੂੰਨੀ ਢਾਂਚੇ ਦਾ ਪੁਨਰ ਪ੍ਰਬੰਧ ਕਰ ਸਕਣ'।

ਪਰ ਉਨ੍ਹਾਂ ਵਲੋਂ ਸਰਬਉੱਚ ਅਦਾਲਤ ਦੀ ਸ੍ਰੇਸ਼ਟਤਾ ਬਾਰੇ ਇਕ ਬੜੀ ਕਹਾਵਤੀ ਟਿੱਪਣੀ ਕੀਤੀ। ਇਹ ਮੰਨਦਿਆਂ ਕਿ 'ਅਸੀਂ ਸਹੀ ਹੋਣ ਦਾ ਦਾਅਵਾ ਨਹੀਂ ਕਰ ਸਕਦੇ', ਜਸਟਿਸ ਚੰਦਰਚੂੜ ਨੇ ਸੌ ਹੱਥ ਰੱਸਾ ਸਿਰੇ 'ਤੇ ਗੰਢ ਵਾਂਗ ਕਿਹਾ, 'ਅਸੀਂ (ਅਦਾਲਤੀ ਪ੍ਰਕਿਰਿਆ ਵਿਚ) ਆਖੀਰਲੀ ਕੜੀ ਇਸ ਲਈ ਨਹੀਂ ਹਾਂ ਕਿ ਅਸੀਂ ਸਹੀ ਹਾਂ ਸਗੋਂ ਅਸੀਂ ਇਸ ਲਈ ਸਹੀ ਹਾਂ ਕਿਉਂਕਿ ਅਸੀਂ ਅਖੀਰਲੀ ਕੜੀ ਹਾਂ"।

# ਨਾਸਤਿਕ ਭੂਆ ਦਾ ਸੱਚਖੰਡ

ਸਾਡੇ ਭਾਈਆ ਜੀ ਦੀਆਂ ਦੋ ਭੈਣਾਂ ਸਨ, ਦੋਵੇਂ ਉਨ੍ਹਾਂ ਤੋਂ ਵੱਡੀਆਂ। ਸੋਚ ਕੇ ਹੈਰਾਨੀ ਹੁੰਦੀ ਹੈ ਕਿ ਸਾਡਾ ਦਾਦਾ ਅੰਮ੍ਰਿਤਧਾਰੀ ਅਤੇ ਦਾਦੀ ਬੜੇ ਮਾਣ ਨਾਲ ਖੁਦ ਨੂੰ ਗੁਰਬਾਣੀ ਕੀਰਤਨੀਏ 'ਰਾਗੀਆਂ ਦੀ ਧੀ' ਕਹਿੰਦੀ ਹੁੰਦੀ ਸੀ। ਸਿੰਘ ਸਭੀਆ ਸਾਡਾ ਬਾਪ ਤੇ ਵੱਡੀ ਭੂਆ, ਦੋਵਾਂ ਨੇ ਰੌਲਿਆਂ ਤੋਂ ਪਹਿਲਾਂ ਹੀ ਅੰਮ੍ਰਿਤਪਾਨ ਕਰ ਲਿਆ ਸੀ ਪਰ ਅਜਿਹੇ ਧਾਰਮਿਕ ਪਰਿਵਾਰ ਵਿਚ ਜੰਮੀ ਪਲੀ ਸਾਡੀ ਛੋਟੀ ਭੂਆ ਪਤਾ ਨਹੀਂ ਨਾਸਤਿਕ ਜਿਹੇ ਵਿਚਾਰਾਂ ਦੀ ਕਿਉਂ ਤੇ ਕਿਵੇਂ ਬਣ ਗਈ ਹੋਵੇਗੀ!



ਛੋਟਾ ਹੁੰਦਾ ਮੈਂ ਦੇਖਦਾ ਰਿਹਾਂ ਕਿ ਜਦ ਕਦੇ ਕਿਤੇ

**ਤਰਲੋਚਨ ਸਿੰਘ 'ਦੁਪਾਲ ਪੁਰ'**
**ਫੋਨ: 1-408-915-1268**

ਦੋਹਾਂ ਭੂਆ ਨੇ ਸਾਡੇ ਘਰੇ ਆਈਆਂ ਹੋਣਾ ਤਾਂ ਵੱਡੀ ਭੂਆ ਤੇ ਭਾਈਆ ਜੀ ਨੂੰ ਆਪਸ ਵਿਚੀਂ ਧਾਰਮਿਕ ਜਾਂ ਸਿੱਖ ਇਤਿਹਾਸ ਬਾਰੇ ਗੱਲਾਂ ਬਾਤਾਂ ਕਰਦਿਆਂ ਨੂੰ ਛੋਟੀ ਭੂਆ ਨੇ ਝੱਟ ਟੋਕ ਦੇਣਾ- 'ਤੁਸੀਂ ਏਦਾਂ ਦੀਆਂ ਗੱਲਾਂ ਗੁਰਦੁਆਰੇ ਜਾ ਕੇ ਕਰ ਲਿਆ ਕਰੋ! ਭੈਣਾਂ ਭਰਾਵਾਂ ਦੇ ਸਬੰਧੀ ਕਿਤੇ ਮੇਲ-ਮਿਲਾਪ ਹੁੰਦੇ ਆ, ਏਸ ਮੌਕੇ ਤਾਂ 'ਚੱਜ ਦੀਆਂ ਗੱਲਾਂ' ਕਰ ਲਿਆ ਕਰੋ ਤੁਸੀਂ?'

ਉਹਦੇ ਟੋਕਣ 'ਤੇ ਭਾਈਆ ਜੀ ਨੇ ਹੱਸਦਿਆਂ ਉਹਨੂੰ ਸਿਰਫ ਏਨਾ ਹੀ ਕਹਿਣਾ- 'ਬਾਜੀ!'

ਬੜੀ ਸ਼ਰਧਾ ਭਾਵਨਾ ਨਾਲ ਸਾਈਕਲ 'ਤੇ ਕਈ ਵਾਰ ਸ੍ਰੀ ਅੰਮ੍ਰਿਤਸਰ ਦਰਸ਼ਨ ਕਰਨ ਜਾਂਦੇ ਰਹੇ ਸਾਡੇ ਭਾਈਆ ਜੀ ਨੇ ਭੂਆ ਨੂੰ ਕਹਿਣਾ ਕਿ ਬੀਬੀ ਤੈਨੂੰ ਕਿਰਾਏ ਦੇ ਪੈਸੇ ਮੈਂ ਦੇ ਦਿੰਨਾਂ, ਤੂੰ ਵੀ ਸ੍ਰੀ ਅੰਮ੍ਰਿਤਸਰ ਸਾਹਬ ਜਾਇਆ ਇਕ ਵਾਰ!

ਬਣਾ ਸਵਾਰ ਕੇ ਭੂਆ ਨੇ ਜਵਾਬ ਦੇਣਾ- 'ਬੀਰਾ ਤੂੰ ਮੈਨੂੰ ਪੈਸੇ ਦੇ ਦੇ, ਮੈਂ ਆਪਣੀਆਂ ਕੁੜੀਆਂ ਦੇ (ਸਹੁਰੀਂ) ਜਾ ਆਊਂਗੀ! ਜਿਹੜੇ ਅੰਬਰਸਰ ਜਾਂਦੇ ਰਹਿੰਦੇ ਆ, ਉਹ ਕਿਹੜਾ ਮਰਦੇ ਨੀ ਹੈਗੇ!!'

ਜੇ ਕਿਤੇ ਉਹਨੂੰ ਭਾਈਆ ਜੀ ਨੇ ਪਾਠ ਕਰਨ ਜਾਂ ਵਾਹਿਗੁਰੂ ਦਾ ਸਿਮਰਨ ਕਰਨ ਲਈ ਕਹਿਣਾ ਤਦ ਵੀ ਉਸਦਾ ਘੜਿਆ ਘੜਾਇਆ ਇਹੋ ਉੱਤਰ ਹੁੰਦਾ ਕਿ ਪਾਠ ਕਰਨ ਵਾਲੇ ਵੀ ਤਾਂ ਮਰ ਈ ਜਾਂਦੇ ਆ!'

ਭਾਈਆ ਜੀ ਨੂੰ ਉਹ ਮੋਹ ਪਿਆਰ ਵੀ ਰੱਜ ਕੇ ਕਰਦੀ ਸੀ ਪਰ ਇਲਾਕੇ ਭਰ ਵਿਚ 'ਗਿਆਨੀ ਜੀ' ਵਜੋਂ ਸਤਿਕਾਰੇ ਜਾਂਦੇ ਆਪਣੇ ਭਰਾ ਨੂੰ ਏਨਾ ਖੁਸ਼ਕ ਤੇ ਠੋਕਵਾਂ ਜਵਾਬ ਵੀ ਉਹ ਪੂਰੀ ਨਿਰਭੈਤਾ ਅਤੇ ਬੇਬਾਕੀ ਨਾਲ ਦੇ ਦਿੰਦੀ ਸੀ!

ਮੈਥੋਂ ਵੱਡੀਆਂ ਭੈਣਾ ਹੱਸ ਹੱਸ ਕੇ ਦੱਸਦੀਆਂ ਹੁੰਦੀਆਂ ਕਿ ਕਿਤੇ ਸਿਆਲ ਦੇ ਮੌਸਮ ਵਿਚ ਸਾਡੇ ਘਰੇ ਆਈ ਭੂਆ ਨੇ ਇਸ਼ਨਾਨ-ਪਾਨ ਕਰਨ ਲਈ ਤੜਕੇ ਉੱਠੇ ਭਾਈਆ-ਬੀਬੀ ਨੂੰ ਕਹਿਣਾ ਕਿ ਕਿਉਂ ਹੱਡ ਠਾਰਦੇ ਆਂ ਤੁਸੀਂ? ਜੇ ਧੁੱਪ ਚੜ੍ਹੇ ਨਹਾ ਲਊਂਗੇ ਤਾਂ 'ਰੱਬ ਨਰਾਜ਼' ਹੋਣ ਲੱਗਾ ਐ ਤੁਹਾਡੇ ਨਾਲ?

ਮੈਂ ਜਦ ਨਵਾਂ ਨਵਾਂ ਸਾਈਕਲ ਚਲਾਉਣਾ ਸਿੱਖਿਆ ਤਾਂ ਚਾਅ ਨਾਲ ਫਿਲੌਰ ਲਾਗੇ ਭੂਆ ਦੇ ਪਿੰਡ ਥਲੇ ਚਲਾ ਗਿਆ। ਬੜੇ ਲਾਡ ਪਿਆਰ ਨਾਲ ਮੇਰਾ ਮੂੰਹ-ਮੱਥਾ ਚੁੰਮਣ ਤੋਂ ਬਾਅਦ ਮੇਰੇ ਸਿਰ 'ਤੇ ਨੀਲੀ ਪੱਗ ਬੱਧੀ ਦੇਖ ਕੇ ਉਹ ਲੱਗ ਪਈ ਭਾਈਆ ਜੀ ਨੂੰ ਖਿਝਣ ਕੋਸਣ! ਅਖੇ ਮੇਰੇ ਭਤੀਜੇ ਨੂੰ ਵੀ 'ਪੁੱਠੇ ਰਾਹ' ਤੋਰਨਾ ਚਾਹੁੰਦਾ ਐ ਬੀਰਾ!

ਉਸੇ ਵੇਲੇ ਉਹ ਆਪਣੇ ਮੁੰਡਿਆਂ ਨੂੰ ਲੱਗ ਪਈ 'ਵਾਜਾਂ ਮਾਰਨ-'ਵੇ ਮੋਹਣਿਆਂ...ਵੇ ਮਿੰਦੁਰਾ, ਲਿਆਓ ਹੈਥੋਂ ਕੋਈ ਲਾਲ-ਉਨਾਭੀ ਪੱਗ, ਬੰਨ੍ਹੋਂ ਮੇਰੇ ਸੋਹਣੇ ਪੁੱਤ ਦੇ!'

ਮੇਰੀ ਵਾਪਸੀ 'ਤੇ ਭੂਆ ਨੇ ਮੇਰਾ ਝੋਲਾ ਮੂੰਗਫਲੀ ਨਾਲ ਭਰ ਦਿੱਤਾ ਤੇ ਨੀਲੀ ਪੱਗ ਹੇਠਾਂ ਗੁੱਝ ਦਿੱਤੀ!

ਏਹੀ ਮੋਹਣ ਅਤੇ ਮਹਿੰਦਰ ਗਭਰੇਟ ਜਿਹੇ ਹੋਏ ਤਾਂ ਦਾੜ੍ਹੀ ਕੱਟਣ ਲੱਗ ਪਏ। ਉੱਥੇ ਗਏ ਹੋਏ ਭਾਈਆ ਜੀ ਨੇ ਦੋਹਾਂ ਜਣਿਆਂ ਨੂੰ ਬਹੁਤ ਦਬਕਿਆ। ਇੱਥੋਂ ਤੱਕ ਕਹਿ ਦਿੱਤਾ ਕਿ ਏਦਾਂ ਦੀ 'ਬਜਾ ਬਣਾ ਕੇ' ਨਾਨਕੀਂ ਨਾ ਵੜਿਓ ਓਏ! ਭੂਆ ਕਹਿੰਦੀ-'ਵੇ ਬੀਰਾ ਛੱਡ ਪਰੇ, ਮੁੰਡੇ-ਖੁੰਡੇ ਆ...ਬੜੇ ਹੋ ਕੇ ਆਪੇ ਈ 'ਸਿੱਖ' ਬਣ ਜਾਣਗੇ!

ਸੰਨ ਪੈਂਹਟ ਵਿਚ ਸਾਡੀ ਦਾਦੀ ਦੇ ਭੋਗ ਵੇਲੇ ਕਰਮਕਾਂਡਾਂ ਤੋਂ ਕੋਹਾਂ ਦੂਰ ਰਹਿਣ ਵਾਲੇ ਭਾਈਆ ਜੀ ਨੇ ਮ੍ਰਿਤਕ ਨਮਿਤ ਵਸਤਰ ਭਾਂਡੇ ਬਗੈਰਾ ਨਹੀਂ ਸਨ ਲਿਆਂਦੇ ਪਰ ਭੂਆ ਨੇ ਭਾਈਆ ਜੀ ਨੂੰ ਬੜੇ ਰੋਹਬ ਨਾਲ ਕਹਿ'ਤਾ ਕਿ ਮੇਰੇ ਨਾਲ ਸਹੁਰਿਆਂ ਤੋਂ ਸਾਡਾ ਸ਼ਰੀਕਾ ਵੀ ਆਇਆ ਹੋਇਆ ਐ, ਮੈਂ 'ਨੱਕ ਨੀ ਵਢਾਉਣਾ'! ਜਾ ਕੇ ਸੂਟ ਤੇ ਭਾਂਡੇ ਹੁਣੇ ਲੈ ਕੇ ਆ, ਸਾਡੀ ਮਾਂ ਨੇ ਰੋਜ਼ ਰੋਜ਼ ਨੀ ਮਰਨਾ! ਭਾਈਆ ਜੀ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਭੋਗ ਤੋਂ ਪਹਿਲਾਂ ਖੜੇ ਪੈਰ ਜਾਲੰਧਰੋਂ ਉਕਤ ਸਮਾਨ ਲਿਆਉਣਾ ਪਿਆ ਸੀ!

ਸੰਨ ਉਣਾਸੀ 'ਚ ਮੇਰੇ ਵਿਆਹ ਮੌਕੇ ਆਈ ਭੂਆ ਨੇ ਕੁੜੀਆਂ-ਵਹੁਟੀਆਂ ਨਾਲ ਘੋੜੀਆਂ-ਸਿੱਠਣੀਆਂ ਗਾ ਗਾ ਅਤੇ ਗਿੱਧਾ ਪਾ ਕੇ ਪੂਰਾ ਅਨੰਦ ਮਾਣਿਆ! ਦੂਜੇ ਤੀਜੇ ਦਿਨ ਜਦ ਭੂਆ ਹੁਣੀ ਵਾਪਸ ਮੁੜਨਾ ਸੀ ਤਾਂ ਮੇਰੀਆਂ ਭੈਣਾ ਦੱਸਦੀਆਂ ਕਿ ਅਸੀਂ ਸੁਵਖਤੇ ਮੂੰਹ-ਹਨੇਰੇ ਨਲਕਾ ਗੇੜ ਗੇੜ ਬੀਬੀਆਂ ਨੂੰ ਨੁਹਾ ਰਹੀਆਂ ਸਾਂ। ਜਦ ਭੂਆ ਨਲਕੇ ਹੇਠ ਹੋਈ ਤਾਂ ਰੱਬ ਜਾਣੇ ਉਹ ਭਾਵੁਕ ਕਿਉਂ ਹੋ ਗਈ! ਮੇਰੀਆਂ ਭੈਣਾ ਨੂੰ ਕਹਿੰਦੀ- 'ਕੁੜੇ ਜਿਊਂਦੀਆਂ ਵਸਦੀਆਂ ਰਹੋ ਭਤੀਜੀਓ......'ਵਾਖਰੂ-ਵਾਖਰੂ' ਮੈਂ ਤਾਂ ਆਪਣੇ ਬਾਬਲ ਦੇ ਵਿਹੜੇ ਵਿਚ ਲੱਗੇ ਹੋਏ ਨਲਕੇ ਹੇਠ ਅੱਜ ਆਹ ਆਖਰੀ ਵਾਰ ਨਹਾ ਲਿਆ ਐ!

ਉਹੀ ਗੱਲ ਹੋਈ! ਫਰਵਰੀ ਵਿਚ ਮੇਰੇ ਵਿਆਹ ਤੋਂ ਚਾਰ ਮਹੀਨੇ ਬਾਅਦ ਜੂਨ 'ਚ ਸਾਨੂੰ ਥਲੇ ਪਿੰਡੋਂ ਡਾਕ ਰਾਹੀਂ ਕਾਰਡ ਆਇਆ ਕਿ ਭੂਆ ਸਖਤ ਬੀਮਾਰ ਹੈ ਆ ਕੇ ਮਿਲ ਜਾਓ! ਦੂਜੇ ਦਿਨ ਸਾਝਰੇ ਭਾਈਆ ਜੀ ਬੀਬੀ ਨੂੰ ਨਾਲ ਲੈ ਕੇ ਥਲੇ ਪਿੰਡ ਜਾ ਪਹੁੰਚੇ।

ਕਹਿੰਦੇ ਭੂਆ ਨਿਢਾਲ ਜਿਹੀ ਤਾਂ ਸੀ ਪਰ ਉਸਨੂੰ ਸੁਰਤਿ ਪੂਰੀ ਸੀ! 'ਆ ਗਈ ਭਰਜਾਏ?' ਉਸਦੇ ਇੰਜ ਕਹਿਣ 'ਤੇ ਸਾਡੀ ਬੀਬੀ ਉਹਦੇ ਮੂੰਹ 'ਚ ਅੰਗੂਰ ਘੁੱਟ ਘੁੱਟ ਕੇ ਪਾਉਣ ਲੱਗ ਪਈ! ਦੋ ਤਿੰਨ ਕੁ ਅੰਗੂਰ ਅੰਦਰ ਲੰਘਾਉਣ ਤੋਂ ਬਾਅਦ ਉਸਨੇ ਬੀਬੀ ਦਾ ਹੱਥ ਫੜ ਲਿਆ ਤੇ ਟੁੱਟਵੀਂ ਜਿਹੀ 'ਵਾਜ਼ ਵਿਚ ਉਸਨੂੰ ਮਨ੍ਹਾਂ ਕਰਦਿਆਂ ਕਹਿੰਦੀ- 'ਭਰਜਾਏ, ਤੂੰ...ਹੁਣ ਮੇਰਾ ਬੀਰਾ ਪਾਵੇ!'

ਭਾਈਆ ਜੀ ਨੇ ਭੈਣ ਦੇ ਸਿਰ ਹੇਠ ਬਾਂਹ ਦੇ ਕੇ ਉਸਨੂੰ ਬੱਚਿਆਂ ਵਾਂਗ ਪੁਚਕਾਰ ਕੇ ਕਿਹਾ- 'ਲੈ ਤਾਂ, ਆਪਣੀ ਬੀਬੀ ਭੈਣ ਨੂੰ ਮੈਂ ਅੰਗੂਰ ਖੁਆਉਂਦਾ ਹਾਂ...!'

ਕਹਿੰਦੇ ਭਾਈਆ ਜੀ ਦੇ ਹੱਥੋਂ ਵੀ ਕੁੱਝ ਕੁ ਅੰਗੂਰ ਮੂੰਹ 'ਚ ਪੁਆ ਕੇ ਭੂਆ ਨੇ ਆਪਣੇ ਭਰਾ ਨੂੰ ਗਲਵੱਕੜੀ ਪਾਉਣ ਦੇ ਯਤਨ ਵਜੋਂ ਇਕ ਬਾਂਹ ਉਤੇ ਨੂੰ ਚੁੱਕੀ ਪਰ ਉਹ ਭਾਈਆ ਜੀ ਦੀ ਦਾਹੜੀ ਤੱਕ ਹੀ ਪਹੁੰਚ ਸਕੀ ਤੇ ਲੁੜ੍ਹਕ ਕੇ ਮੁੜ ਛਾਤੀ 'ਤੇ ਡਿੱਗ ਪਈ...!

ਹੰਝੂ ਭਰੀਆਂ ਅੱਖਾਂ ਨਾਲ ਭੂਆ ਦਾ ਸਿਰ ਪਲੋਸਦਿਆਂ ਭਾਈਆ ਜੀ ਦੇ ਮੂੰਹੋਂ ਬਸ ਏਨਾ ਹੀ ਨਿਕਲਿਆ- 'ਬੀਬੀ... ਭੈਣੇ ਤੂੰ ਸੌਂ ਗਈ!'

ਭੂਆ ਦੇ ਭੋਗ ਮਗਰੋਂ ਸਾਡੇ ਘਰੇ ਵੀ ਪਿੰਡ ਦੇ ਲੋਕ ਬੀਬੀ-ਭਾਈਆ ਜੀ ਨਾਲ ਅਫਸੋਸ ਕਰਨ ਆਉਂਦੇ ਰਹੇ। ਪਿੰਡ ਦੀਆਂ ਮਾਈਆਂ ਨਾਲ ਭੂਆ ਦੀਆਂ ਗੱਲਾਂ ਕਰਦਿਆਂ ਪਾਕਿਸਤਾਨ ਦੇ ਜ਼ਿਲ੍ਹਾ ਸਰਗੋਧਾ ਤੋਂ ਵਿਆਹੀ ਆਈ ਹੋਈ, ਬਾਣੀ ਦਾ ਪਾਠ ਨਿੱਤਨੇਮ ਨਾਲ ਕਰਨ ਵਾਲੀ ਸਾਡੀ ਬੀਬੀ ਨੇ ਗੱਲ ਸੁਣਾਈ ਅਖੇ ਇਕ ਵਾਰ ਆਪਣੇ ਮੁੰਡੇ ਦੀ ਜੰਞ ਚੜ੍ਹਨ ਤੋਂ ਬਾਅਦ ਬੀਬੀ (ਭੂਆ) ਦੇ ਵਿਹੜੇ ਵਿਚ ਕੁੜੀਆਂ-ਵਹੁਟੀਆਂ ਨੇ ਗਿੱਧੇ ਦਾ ਧਮੱਚੜ ਪਾਇਆ ਹੋਇਆ ਸੀ। ਨੱਚ ਨੱਚ ਕੇ ਦੋਹਰੀ ਹੁੰਦੀ ਜਾਂਦੀ ਬੀਬੀ ਮੇਰੇ ਕੋਲ ਆ ਕੇ ਬਾਗੋ ਬਾਗ ਹੁੰਦਿਆਂ ਬੋਲੀ- 'ਭਰਜਾਏ! ਇਸ ਵੇਲੇ ਮੈਂ 'ਸੱਚਖੰਡ' ਵਿਚ ਖੜ੍ਹੀ ਆਂ!!'

ਗਿੱਧੇ ਦੇ ਪਿੜ ਨੂੰ 'ਸੱਚਖੰਡ' ਕਿਹਾ ਸੁਣ ਕੇ ਸਾਡੀ ਬੀਬੀ ਤੇ ਕਈ ਮਾਈਆਂ ਹੱਸ ਪਈਆਂ ਸਨ!

# ਹਰਫ਼ਾਂ ਨੂੰ ਮਿਲਦਿਆਂ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਹਰਫ਼ਾਂ ਦਾ ਵਸੀਹ ਸੰਸਾਰ। ਸਮੁੱਚੀਆਂ ਸੰਸਾਰਕ ਗਤੀਵਿਧੀਆਂ ਅਤੇ ਮਨੁੱਖੀ ਸਰੋਕਾਰ ਇਨ੍ਹਾਂ ਹਰਫ਼ਾਂ ਵਿਚੋਂ ਹੀ ਉਦੈ ਹੁੰਦੇ। ਹਰਫ਼ ਹੀ ਇਨ੍ਹਾਂ ਨੂੰ ਪਰਿਭਾਸ਼ਤ ਕਰਦੇ ਅਤੇ ਦਾਇਰਿਆਂ ਨੂੰ ਵਿਸਥਾਰਦੇ।

ਮੈਂ ਅਕਸਰ ਹੀ ਹਰਫ਼ਾਂ ਨੂੰ ਮਿਲਦਾਂ। ਕਦੇ ਚੁੱਪ-ਚੁਪੀਤੇ, ਕਦੇ ਸੁੰਨ-ਸਮਾਧੀ 'ਚ ਅਤੇ ਕਦੇ ਉੱਚੀ ਉੱਚੀ ਚੀਖਦਿਆਂ। ਇਹ ਹਰਫ਼ ਹੀ ਹੁੰਦੇ ਜੋ ਮੇਰੇ ਭਾਂਵਾਂ ਨੂੰ ਜ਼ੁਬਾਨ ਦਿੰਦੇ। ਮੇਰੀਆਂ ਸੋਚਾਂ ਨੂੰ ਅੰਦਾਜ਼, ਸੁਪਨਿਆਂ ਨੂੰ ਪ੍ਰਵਾਜ਼ ਅਤੇ ਤਦਬੀਰਾਂ ਨੂੰ ਖ਼ਾਬ ਦਿੰਦੇ। ਇਸ ਵਿਚੋਂ ਹੀ ਤਕਦੀਰਾਂ ਨੇ ਮੇਰੇ ਮਸਤਕ 'ਤੇ ਆਪਣੇ ਨਕਸ਼ਾਂ ਦੀ ਨਿਸ਼ਾਨਦੇਹੀ ਕਰਨੀ ਹੁੰਦੀ।

ਹਰਫ਼ ਹੀ ਹੁੰਦੇ ਜਿਨ੍ਹਾਂ ਦੀ ਜੂਹ ਵਿਚ ਮੈਂ ਆਪਣੇ ਆਪ ਨੂੰ ਮਿਲਦਾ। ਸਵੈ-ਸੰਵਾਦ ਵੀ ਇਹੀ ਹਰਫ਼ ਉਲਥਾਉਂਦੇ ਅਤੇ ਮੇਰੇ ਅੰਤਰੀਵ ਨੂੰ ਫੈਲਣ ਦਾ ਹੁਨਰ ਅਤੇ ਹਾਸਲ ਮਿਲਦਾ। ਹਰਫ਼ ਹੀ ਹੁੰਦੇ ਜੋ ਅਛੋਪਲੇ ਜਹੇ ਕਲਮ ਦੀ ਨੋਕ 'ਤੇ ਆ ਬਹਿੰਦੇ ਅਤੇ ਫਿਰ ਹੌਲੀ ਹੌਲੀ ਸਫ਼ਿਆਂ 'ਤੇ ਫੈਲਦੇ, ਕਿਸੇ ਲਿਖਤ ਨੂੰ ਸਿਰਜਦੇ। ਇਸ ਲਿਖਤ ਦੀ ਤਾਸੀਰ ਵਿਚ ਹਰਫ਼ਾਂ ਦੀ ਸਭ ਤੋਂ ਜ਼ਿਆਦਾ ਅਹਿਮੀਅਤ। ਜਦ ਲਿਖਤ ਵਿਚ ਹਰਫ਼ ਕਿਸੇ ਖਾਸ ਰਿਦਮ ਵਿਚ ਹੁੰਦੇ ਤਾਂ ਇਹ ਗੁੱਟਕਦੇ, ਮੌਲਦੇ, ਮਹਿਕਦੇ ਅਤੇ ਇਨ੍ਹਾਂ ਦੀ ਬਦੌਲਤ ਬਹੁਤ ਕੁਝ ਲਿਖਤ ਵਿਚ ਸਮਾ ਜਾਂਦਾ ਜਿਸਨੇ ਪਾਠਕ ਨੂੰ ਕਈ ਵਾਰ ਅਚੰਭਤ ਵੀ ਕਰਨਾ ਹੁੰਦਾ। ਕਈ ਵਾਰ ਤਾਂ ਮੈਂ ਵੀ ਹੈਰਾਨ ਹੁੰਦਾ ਕੀ ਇਹ ਮੇਰੇ ਹੀ ਹਰਫ਼ ਨੇ ਜਿਨ੍ਹਾਂ ਦੇ ਸੰਵਾਦ ਵਿਚੋਂ ਇਸ ਕਿਰਤ ਨੇ ਜਨਮ ਲਿਆ।

ਹਰਫ਼ ਹੀ ਹੁੰਦੇ ਜੋ ਤੁਹਾਡੇ ਸੰਬੰਧਾਂ ਦੀ ਨੀਂਹ। ਇਨ੍ਹਾਂ ਵਿਚਲੀ ਪਾਕੀਜ਼ਗੀ। ਇਨ੍ਹਾਂ ਵਿਚਲੀ ਪਾਹੁਲ ਨੇ ਹੀ ਰਿਸ਼ਤਿਆਂ ਨੂੰ ਨਰੋਇਆਪਣ ਅਤੇ ਨਵੀਨਤਾ ਬਖਸ਼ਣੀ ਹੁੰਦੀ।

ਹਰਫ਼ ਹੀ ਹੁੰਦੇ ਜਿਨ੍ਹਾਂ ਰਾਹੀਂ ਇਤਿਹਾਸ ਅਤੇ ਮਿਥਿਹਾਸ ਸਾਂਭਿਆ ਗਿਆ। ਆਦਿ-ਗਰੰਥ ਰਚੇ ਗਏ। ਇਹ ਹਰਫ਼ਾਂ ਦੀ ਹੀ ਕਰਤਾਰੀ ਸ਼ਕਤੀ ਹੈ ਜਿਸ ਨਾਲ ਸਾਡੇ ਬਜ਼ੁਰਗਾਂ ਦੀਆਂ ਸਿਆਣਪਾਂ ਨੂੰ ਅਗਲੀ ਪੀੜ੍ਹੀ ਨੇ ਸਮਝਿਆ ਅਤੇ ਇਨ੍ਹਾਂ ਸਮੁੱਤਾਂ ਵਿਚੋਂ ਹੀ ਜ਼ਿੰਦਗੀ ਨੂੰ ਨਵੇਂ ਅਰਥਾਂ ਦੀ ਤਸ਼ਬੀਹ ਦਿੱਤੀ।

ਹਰਫ਼ ਹੀ ਹੁੰਦੇ ਜੋ ਕਿਸੇ ਨੂੰ ਲਿਖਤੀ ਇਮਤਿਹਾਨ ਵਿਚੋਂ ਮੋਹਰੀ ਵੀ ਬਣਾਉਂਦੇ ਪਰ ਕਿਸੇ ਨੂੰ ਹੀਣ ਭਾਵਨਾ ਦਾ ਸ਼ਿਕਾਰ ਵੀ। ਹਰਫ਼ ਹੀ ਹੁੰਦੇ ਗਿਆਨ ਤੇ ਲਿਆਕਤ ਦਾ ਪੈਮਾਨਾ। ਪਤਾ ਲੱਗਦਾ ਕਿ ਬੰਦੇ ਨੇ ਕਿਹੜੇ ਹਰਫ਼ਾਂ ਰਾਹੀਂ ਖ਼ੁਦ ਨੂੰ ਪ੍ਰਗਟਾਇਆ? ਕਿਹੜੇ ਹਰਫ਼ਾਂ ਰਾਹੀਂ ਆਪਣੀ ਔਕਾਤ ਅਤੇ ਖ਼ਾਸੀਅਤ ਨੂੰ ਜੱਗ-ਜ਼ਾਹਰ ਕੀਤਾ।

ਹਰਫ਼ ਕੁਝ ਵੀ ਨਾ ਹੁੰਦਿਆਂ, ਬਹੁਤ ਕੁਝ ਹੁੰਦੇ ਕਿਉਂਕਿ ਹਰਫ਼ ਜਦ ਜੁੜਦੇ ਤਾਂ ਸ਼ਬਦ ਬਣਦੇ। ਇਹ ਸ਼ਬਦ ਹੀ ਹੁੰਦੇ ਜਿਨ੍ਹਾਂ ਵਿਚੋਂ ਕਿਸੇ ਲਿਖਤ ਜਾਂ ਵਿਅਕਤੀ ਨੇ ਆਪਣੇ ਆਪ ਨੂੰ ਜ਼ਾਹਰ ਕਰਨਾ ਹੁੰਦਾ। ਹਰਫ਼ ਨਾ ਹੁੰਦੇ ਤਾਂ ਕਿਵੇਂ ਬੰਦਾ ਲਿਖਤੀ ਰੂਪ ਵਿਚ ਆਪਣੀਆਂ ਭਾਵਨਾਵਾਂ ਨੂੰ ਜ਼ਾਹਰ ਕਰਦਾ? ਕਿਵੇਂ ਉਹ ਆਪਣੀਆਂ ਆਸਾਂ ਨੂੰ ਧਰਵਾਸ ਦਿੰਦਾ? ਕਿਵੇਂ ਆਪਣੇ ਵਿਸ਼ਵਾਸ ਨੂੰ ਹਥਿਆਰ ਬਣਾਉਂਦਾ? ਕਿਵੇਂ ਉਹ ਹਰਫ਼ਾਂ ਦੀ ਇਨਾਇਤ ਵਿਚੋਂ ਅਮੁੱਲ ਖ਼ਜ਼ਾਨਿਆਂ, ਅਮੀਰ ਵਿਰਾਸਤ ਅਤੇ ਸਭਿਆਚਾਰ ਦੇ ਸਨਮੁੱਖ ਹੁੰਦਾ। ਮਨੁੱਖੀ ਵਿਕਾਸ ਦੌਰਾਨ ਹੀ ਸਭਿਅਚਾਰ, ਸਾਹਿਤ ਅਤੇ ਵਿਰਾਸਤ ਹਰਫ਼ਾਂ ਰਾਹੀਂ ਹੀ ਅਗਲੇਰੀ ਨਸਲ ਤੀਕ ਪਹੁੰਚਦੀ। ਇਹ ਨਵੀਂ ਪੀੜ੍ਹੀ ਦਾ ਫ਼ਰਜ਼ ਹੁੰਦਾ ਕਿ ਉਸਨੇ ਆਪਣੀ ਵਸੀਅਤ ਰਾਹੀਂ ਵਿਰਾਸਤ ਨੂੰ ਅੱਗੇ ਕਿਵੇਂ ਤੋਰਨਾ ਹੈ?

ਇਹ ਹਰਫ਼ ਹੁੰਦੇ ਜਿਸ ਨਾਲ ਕਿਸੇ ਦਾ ਦੁੱਖ ਵੰਡਾਇਆ ਜਾ ਸਕਦਾ। ਕਿਸੇ ਦੇ ਹੰਝੂਆਂ ਨੂੰ ਪੂੰਝਿਆ ਜਾ ਸਕਦਾ। ਕਿਸੇ ਦੀ ਸਿਰੋਂ ਲੱਥੀ ਚੁੰਨੀ ਨੂੰ ਸਿਰ 'ਤੇ ਟਿਕਾ ਕੇ, ਅਜ਼ਮਤ ਨੂੰ ਨਵੇਂ ਅਰਥ ਦਿੱਤੇ ਜਾ ਸਕਦੇ। ਹਰਫ਼ਾਂ ਵਿਚ ਘੁਲੇ ਬੋਲ ਹੀ ਹੁੰਦੇ ਜੋ ਕਿਸੇ ਬੇਸਹਾਰਾ ਬਦਨਸੀਬ ਜਾਂ ਬੇਗਾਨੇ ਨੂੰ ਅਪਣੱਤ ਦਾ ਅਹਿਸਾਸ ਕਰਾਉਂਦੇ।

ਗੁਰੂਆਂ, ਸੰਤਾਂ, ਮਹਾਂਪੁਰਖਾਂ, ਰਿਸ਼ੀਆਂ ਅਤੇ ਸਾਧੂ-ਸੰਤਾਂ ਦੇ ਹਰਫ਼ੀ ਪ੍ਰਵਚਨ ਹੀ ਹੁੰਦੇ ਜਿਨ੍ਹਾਂ ਨਾਲ ਮਾਯੂਸ ਅਤੇ ਉਦਾਸ ਵਿਅਕਤੀਆਂ ਨੂੰ ਜੀਵਨ ਦੀ ਸ਼ਾਮ ਵਿਚ ਵੀ ਸਰਘੀ ਨਜ਼ਰ ਆਉਂਦੀ। ਇਸ ਵਿਚੋਂ ਹੀ ਉਹ ਆਪਣੇ ਹਿੱਸੇ ਦੇ ਸੂਰਜ ਅਤੇ ਅੰਬਰ ਨੂੰ ਮਿਲਦੇ ਅਤੇ ਜ਼ਿੰਦਗੀ ਨੂੰ ਨਵਾਂਪਣ ਮਿਲਦਾ।



ਇਹ ਹਰਫ਼ ਹੀ ਹੁੰਦੇ ਜਿਨ੍ਹਾਂ ਨੇ ਬੰਦੇ ਨੂੰ ਇਨਸਾਨੀਅਤ ਦੇ ਰਾਹ ਤੋਰਨਾ ਹੁੰਦਾ। ਹੈਵਾਨੀਅਤ ਨੂੰ ਇਨਸਾਨੀਅਤ ਵਿਚ ਬਦਲਣਾ ਹੁੰਦਾ। ਕਿਆਮਤ ਨੂੰ ਰਹਿਮਤਾਂ ਦੇ ਰੂਪ ਵਿਚ ਦੇਖਣਾ ਹੁੰਦਾ। ਮਨੁੱਖ ਦਾ ਦ੍ਰਿਸ਼ਟੀਕੋਣ ਵੀ ਹਰਫ਼ਾਂ ਵਿਚੋਂ ਨਜ਼ਰ ਆਉਂਦਾ। ਇਸ ਰਾਹੀਂ ਅਸੀਂ ਮਨੁੱਖੀ ਫ਼ਿਤਰਤ ਨੂੰ ਪੜ੍ਹਦੇ ਅਤੇ ਫਿਰ ਉਸ ਅਨੁਸਾਰ ਸਮਾਜ ਵਿਚ ਵਿਚਰਦੇ।

ਹਰਫ਼ ਦਾ ਵੀ ਅਜੀਬ ਹੀ ਸੰਸਾਰ। ਆਪਣੇ ਆਪ 'ਚ ਵਿਸਥਾਰ ਅਤੇ ਅਕਾਰ। ਹਰਫ਼ ਕਦੇ ਸੂਰਜ ਹੁੰਦੇ ਤੇ ਕਦੇ ਬਣਦੇ ਤਾਰੇ। ਕਦੇ ਇਹ ਦਰਿਆ ਦਾ ਵਹਿਣ ਤੇ ਕਦੇ ਸਮੁੰਦਰ ਖਾਰੇ। ਕਦੇ ਇਹ ਫੁੱਲਾਂ ਦੀ ਵਾਦੀ ਅਤੇ ਕਦੇ ਪੱਤਝੜ ਦੇ ਦੀਦਾਰੇ। ਕਦੇ ਇਹ ਮਾਸੂਮ ਹੁੰਦੇ ਤੇ ਕਦੇ ਕਦਾਈਂ ਇਹ ਅੱਖਰਦੇ। ਕਦੇ ਬੁੱਕਲ ਦਾ ਨਿੱਘ ਅਤੇ ਕਦੇ ਸ਼ਰੀਕ ਬਣ ਕੇ ਟੱਕਰਦੇ। ਕਦੇ ਇਹ ਨਿਮਰਤਾ ਦੇ ਪੁੰਜ ਅਤੇ ਕਦੇ ਨਫ਼ਰਤਾਂ ਦਾ ਪੈਗ਼ਾਮ। ਕਦੇ ਇਹ ਮਨ ਦੀ ਸਵੇਰ ਅਤੇ ਕਦੇ ਸਾਡੀ ਸੋਚ ਦੀ ਸ਼ਾਮ। ਕਦੇ ਇਹ ਮਿਲ ਕੇ ਬਹਿੰਦੇ ਤੇ ਕਦੇ ਇਕੱਲ ਹੰਢਾਉਂਦੇ। ਕਦੇ ਸੁਖਨ ਦੀ ਬਾਰਸ਼ ਅਤੇ ਕਦੇ ਦੁੱਖਾਂ ਦੀ ਬਾਤ ਪਾਉਂਦੇ। ਕਦੇ ਇਹ ਰੂਹ ਦਾ ਰੱਜ ਹੁੰਦੇ ਤੇ ਕਦੇ ਇਹ ਰੱਬ ਹੁੰਦੇ। ਕਦੇ ਇਹ ਤਨ ਦੀਆਂ ਲੀਰਾਂ ਤੇ ਕਦੇ ਇਹ ਤਨ ਦਾ ਕੱਜ ਹੁੰਦੇ।

ਕਦੇ ਇਹ ਪੀੜਾਂ ਦੀ ਵੰਝਲੀ ਅਤੇ ਕਦੇ ਖੁਸ਼ੀ ਦਾ ਰਾਗ ਹੁੰਦੇ। ਕਦੇ ਇਹ ਚਿੱਤ ਦੀ ਵਿਲਕਣੀ ਅਤੇ ਕਦੇ ਅੰਤਰੀਵੀ ਨਾਦ ਹੁੰਦੇ। ਕਦੇ ਇਹ ਕੂੜ ਦਾ ਪੁਲੰਦਾ ਅਤੇ ਕਦੇ ਸਮਿਆਂ ਦਾ ਸੱਚ ਹੁੰਦੇ। ਕਦੇ ਇਹ ਹਿਰਖ਼ਾਂ ਦੀ ਭੱਠੀ ਅਤੇ ਕਦੇ ਰਾਹਾਂ ਦਾ ਕੱਚ ਹੁੰਦੇ। ਕਦੇ ਇਹ ਮਿਲਣ ਦਾ ਸਬੱਬ ਅਤੇ ਕਦੇ ਵਿਛੜਣ ਦੀ ਲੇਰ ਹੁੰਦੇ। ਕਦੇ ਇਹ ਸੰਦਲੀ ਸਮਿਆਂ ਦੀ ਸੱਥ ਅਤੇ ਕਦੇ ਅੱਖਾਂ ਵਿਚਲੀ ਗਹਿਰ ਹੁੰਦੇ। ਕਦੇ ਇਹ ਸਫ਼ਰ ਦਾ ਨਾਮ ਅਤੇ ਕਦੇ ਸਫ਼ਰ 'ਚ ਉਗੀਆਂ ਖਾਈਆਂ ਹੁੰਦੇ। ਕਦੇ ਪੈੜਾਂ 'ਚ ਚਾਨਣ ਦੀ ਬਾਰਸ਼ ਅਤੇ ਕਦੇ 'ਨੇਰਿਆਂ ਦੀਆਂ ਵਿਛਾਈਆਂ ਹੁੰਦੇ।

ਹਰਫ਼ਾਂ ਦੇ ਬਹੁਤ ਸਾਰੇ ਰੰਗ ਅਤੇ ਰੂਪ। ਕਈ ਵਾਰ ਕੁਝ ਹਰਫ਼ ਮੜੇ ਜਾਂਦੇ, ਕਦੇ ਕੁਝ ਪੜ੍ਹੇ ਜਾਂਦੇ। ਕਦੇ ਕੁਝ ਹਰਫ਼ ਮਿਟਾਏ ਜਾਂਦੇ ਤੇ ਕੁਝ ਹਰਫ਼ ਲੁਕਾਏ ਜਾਦੇ। ਕੁਝ ਹਰਫ਼ ਦਬਕਾਏ ਜਾਂਦੇ। ਕਈ ਵਾਰ ਕੁਝ ਹਰਫ਼ਾਂ ਨੂੰ ਪਲੋਸਣਾ ਪੈਂਦਾ, ਲਾਡ ਲਡਾਉਣਾ ਪੈਂਦਾ ਤੇ ਪੁੱਚਕਾਰਨਾ ਪੈਂਦਾ। ਇਨ੍ਹਾਂ ਦੀ ਪੁਸ਼ਤਪਨਾਹੀ ਵਿਚੋਂ ਉਦੈ ਹੁੰਦੀ ਨਵੇਂ ਸ਼ਬਦਾਂ ਦੀ ਲਾਮਡੋਰੀ ਜੋ ਲਿਖਤ ਨੂੰ ਵਿਲੱਖਣਤਾ ਦਾ ਨਾਮ ਦਿੰਦੀ।

ਕੁਝ ਹਰਫ਼ਾਂ ਦੀ ਤਾਸੀਰ ਮਿੱਠੀ ਤੇ ਕੁਝ ਦੀ ਨਮਕੀਨ। ਕੁਝ ਦੀ ਕੁਸੈਲੀ ਅਤੇ ਕੁਝ ਦੀ ਖੱਟ-ਮਿੱਠੀ। ਕੁਝ ਦੀ ਤਿੱਖੜੀ ਅਤੇ ਕੁਝ ਦੀ ਫਿੱਕੜੀ। ਪਰ ਕਈ ਹਰਫ਼ ਸਵਾਦਹੀਣ। ਪਰ ਇਹ ਉਹੀ ਹਰਫ਼ ਹੁੰਦੇ ਜਿਸ ਵਿਚ ਸਾਰੇ ਸਵਾਦ ਹੀ ਮਿਲੇ ਹੁੰਦੇ। ਇਹ ਤਾਂ ਤੁਹਾਡੇ 'ਤੇ ਨਿਰਭਰ ਕਿ ਤੁਸੀਂ ਇਨ੍ਹਾਂ ਹਰਫ਼ਾਂ ਵਿਚੋਂ ਕਿਹੜੀ ਤਾਸੀਰ ਨੂੰ ਚਿੱਤਰਨਾ ਅਤੇ ਇਸ ਨੂੰ ਜੀਵੰਤ ਤਾਬੀਰ ਦੇਣੀ।

ਹਰਫ਼ ਕਤਲ ਵੀ ਕਰਦੇ ਅਤੇ ਸਾਹ ਵੀ ਬਣਦੇ। ਹਰਫ਼ ਬੇਇਜ਼ਤੀ ਵੀ ਕਰਵਾਉਂਦੇ ਪਰ ਸਨਮਾਨ ਵੀ ਹੁੰਦੇ। ਹਰਫ਼ ਆਪਣਿਆਂ ਨੂੰ ਮਿਲਾਉਂਦੇ ਵੀ, ਪਰ ਕਦੇ ਕਦੇ ਇਹ ਦੂਰੀਆਂ ਵੀ ਵਧਾਉਂਦੇ। ਕਈ ਵਾਰ ਕੁਝ ਹਰਫ਼ ਕਬਰਾਂ ਦੀ ਨਿਸ਼ਾਨਦੇਹੀ ਹੁੰਦੇ। ਕੁਝ ਮਰਸੀਆ ਅਤੇ ਕੁਝ ਵਿਰਲਾਪ ਹੁੰਦੇ। ਕੁਝ ਲੇਰ ਅਤੇ ਕੁਝ ਬੰਨਾਇਆ ਹੋਇਆ ਧੀਰਜ ਹੁੰਦੇ।

ਕਈ ਵਾਰ ਹਰਫ਼ਾਂ ਦੀ ਇਨਾਇਤ, ਜ਼ਿੰਦਗੀ ਦੇ ਦਰ 'ਤੇ ਅਜੇਹੀ ਦਸਤਕ ਦਿੰਦੀ ਕਿ ਹਰਫ਼ ਜੀਵਨਦਾਨੀ ਬਣ, ਜੀਵਨ ਨੂੰ ਨਵੇਂ ਅਰਥਾਂ ਨਾਲ ਜਿਊਣ ਦਾ ਸੰਦੇਸ਼ ਬਣ ਜਾਂਦੇ। ਇਹ ਹਰਫ਼ਾਂ ਦੀ ਕਾਇਨਾਤ ਦਾ ਕੇਹਾ ਕਮਾਲ ਕਿ ਕਈ ਵਾਰ ਮੇਰੇ ਪਾਠਕ ਹਰਫ਼ਾਂ ਦੀ ਸ਼ੁਕਰਗੁਜ਼ਾਰੀ ਵਿਚੋਂ ਹੀ ਜ਼ਿੰਦਗੀ ਦੀਆਂ ਬਖਸ਼ਿਸ਼ਾਂ ਨੂੰ ਮਾਨਣ ਲੱਗਦੇ ਅਤੇ ਉਨ੍ਹਾਂ ਲਈ ਜ਼ਿੰਦਗੀ ਨਰਕ ਨਹੀਂ ਸਗੋਂ ਨਿਆਮਤ ਬਣ ਜਾਂਦੀ। ਹਰਫ਼ਾਂ ਨਾਲ ਸਬੰਧਤ ਇਕ ਵਾਕਿਆ ਹੁਣ ਵੀ ਮੇਰੇ ਮਨ ਨੂੰ ਹੁਲਾਸ ਨਾਲ

ਭਰ ਜਾਂਦਾ ਕਿ ਹਰਫ਼ ਕਰਾਮਾਤ ਵੀ ਹੁੰਦੇ। 2017 ਦੀ ਗੱਲ ਹੈ। ਰਾਤ ਦੇ ਇੱਕ ਵਜੇ ਕਿਸੇ ਪਾਠਕ ਦਾ ਫ਼ੋਨ ਆਉਂਦਾ ਏ। ਇੱਕ ਲੇਡੀ ਪੁੱਛਦੀ ਹੈ ਕਿ ਤੁਸੀਂ ਡਾ. ਭੰਡਾਲ ਹੋ? ਜਦ ਮੈਂ ਹਾਂ ਵਿਚ ਉਤਰ ਦਿੰਦਾ ਹਾਂ ਤਾਂ ਉਹ ਕਹਿੰਦੀ ਹੈ ਕਿ ਮੈਂ ਅੱਜ ਅਖ਼ਬਾਰ ਵਿਚ ਤੁਹਾਡਾ ਲੇਖ 'ਸਾਹ-ਸੁਰੰਗੀ' ਪੜ੍ਹਿਆ ਹੈ। ਮੈਂ ਬੇਨਤੀ ਕਰਦਾ ਹਾਂ ਕਿ ਹੁਣ ਅੱਧੀ ਰਾਤ ਹੈ। ਮੈਂ ਸਵੇਰੇ ਤੁਹਾਨੂੰ ਫ਼ੋਨ ਕਰਾਂਗਾ ਅਤੇ ਫ਼ੋਨ ਕੱਟ ਦਿੰਦਾ ਹਾਂ।

ਸਵੇਰੇ ਫ਼ੋਨ ਕਰਦਾ ਹਾਂ ਤਾਂ ਔਰਤ ਦੱਸਦੀ ਹੈ ਕਿ ਉਹ ਰਿਟਾਇਰਡ ਸਕੂਲ ਪ੍ਰਿੰਸੀਪਲ ਹੈ ਅਤੇ ਘਰੋਗੀ ਪਰੇਸ਼ਾਨੀਆਂ ਕਾਰਨ ਡਿਪਰੈਸ਼ਨ ਦੀ ਸ਼ਿਕਾਰ ਹੈ। ਨੀਂਦ ਵਾਲੀਆਂ ਗੋਲੀਆਂ ਖਾ ਕੇ ਸੌਣ ਦੀ ਕੋਸ਼ਿਸ਼ ਕਰਦੀ ਹਾਂ ਪਰ ਕਈ ਵਾਰ ਹਫ਼ਤਾ ਭਰ ਮੈਨੂੰ ਨੀਂਦ ਹੀ ਨਹੀਂ ਆਉਂਦੀ। ਮੇਰੇ ਲਈ ਜ਼ਿੰਦਗੀ ਦੇ ਕੋਈ ਅਰਥ ਨਹੀਂ ਸੀ ਰਹਿਗੇ। ਮੈਂ ਤਾਂ ਦੋ ਵਾਰ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰ ਚੁੱਕੀ ਹਾਂ। ਪਰ ਮੈਂ ਤੁਹਾਡੇ ਆਰਟੀਕਲ ਨੂੰ ਵਾਰ ਵਾਰ ਪੜ੍ਹਿਆ। ਬਹੁਤ ਰੋਈ। ਇਸ ਆਰਟੀਕਲ ਨੇ ਮੇਰੇ ਲਈ ਜ਼ਿੰਦਗੀ ਦੇ ਅਰਥ ਹੀ ਬਦਲ ਦਿੱਤੇ ਨੇ ਅਤੇ ਹੁਣ ਮੈਂ ਜ਼ਿੰਦਗੀ ਨੂੰ ਭਰਪੂਰਤਾ ਨਾਲ ਜਿਊਣਾ ਚਾਹੁੰਦੀ ਹਾਂ। ਫਿਰ ਕੁਝ ਸਮੇਂ ਬਾਅਦ ਫ਼ੋਨ ਆਇਆ ਅਤੇ ਦੱਸਿਆ ਕਿ ਉਸ ਦੀਆਂ ਡਿਪਰੈਸ਼ਨ ਨਾਲ ਸਬੰਧਤ ਸਾਰੀਆਂ ਦਵਾਈਆਂ ਛੁੱਟ ਗਈਆਂ ਅਤੇ ਹੁਣ ਉਹ ਜ਼ਿੰਦਗੀ ਨੂੰ ਜਸ਼ਨ ਵਾਂਗ ਮਾਣਦੀ ਹੈ। ਉਸਨੇ ਮੇਰੀਆਂ ਸਾਰੀਆਂ ਕਿਤਾਬਾਂ ਮੰਗਵਾਈਆਂ ਅਤੇ ਆਪਣੇ ਮਨਪਸੰਦ ਵਿਚਾਰਾਂ ਨੂੰ ਖਾਸ ਤਰਤੀਬ ਦੇ ਕੇ "ਸੁੱਚੇ ਸ਼ਬਦ" ਨਾਮੀ ਖ਼ੂਬਸੂਰਤ ਪੁਸਤਕ ਤੋਹਫ਼ੇ ਵਜੋਂ ਮੈਨੂੰ ਭੇਟ ਕੀਤੀ। ਉਸਨੇ ਨਿਰਾਸ਼ਾ ਦੇ ਆਲਮ ਵਿਚੋਂ ਨਿਕਲ ਕੇ ਜ਼ਿੰਦਗੀ ਦੀ ਖ਼ੂਬਸੂਰਤੀ ਨੂੰ ਜਾਣਿਆ। ਹੁਣ ਉਹ ਜੀਵਨ ਦਾ ਰੱਜ ਮਾਣ ਰਹੀ ਏ। ਉਸਨੇ ਜੀਵਨ ਨੂੰ ਸੁਹਜ ਦੀ ਤਸ਼ਬੀਹ ਦੇਣੀ ਸਿੱਖ ਲਈ।

ਮੈਂ ਅਕਸਰ ਹੀ ਹਰਫ਼ਾਂ ਨੂੰ ਬਹੁਤ ਹੀ ਤਾਮੀਜ਼, ਤਹੱਮਲ ਅਤੇ ਤਾਂਘ ਨਾਲ ਮਿਲਦਾਂ। ਇਨ੍ਹਾਂ ਦੀਆਂ ਪਰਤਾਂ ਫਰੋਲਦਾ। ਨਵੇਂ ਸ਼ਬਦਾਂ ਦੀ ਸਿਰਜਣਾ ਸੁੱਤੇ-ਸਿੱਧ ਹੀ ਹੋ ਜਾਂਦੀ ਜੋ ਸ਼ਬਦ ਭੰਡਾਰ ਬਣ ਜਾਂਦੇ। ਇਹ ਹਰਫ਼ਾਂ ਸਦਕਾ ਹੀ ਮੈਂ ਅਵਚੇਤਨ ਵਿਚ ਘਰ ਕਰੀ ਪਿੰਡ ਦੀ ਸ਼ਬਦਾਵਲੀ ਨੂੰ ਲਿਖਤਾਂ ਵਿਚ ਲਿਆਉਂਦਾ ਹਾਂ। ਉਸ ਸ਼ਬਦਾਵਲੀ ਨੂੰ ਸੰਭਾਲਣ ਦੇ ਯਤਨਾਂ ਵਿਚ ਹਾਂ ਜਿਸ ਰਾਹੀਂ ਸਾਡੇ ਬਜ਼ੁਰਗ ਆਪਣੇ ਖੇਤਾਂ, ਪਸ਼ੂਆਂ ਅਤੇ ਆਪਣਿਆਂ ਨੂੰ ਮੁਖ਼ਾਤਬ ਹੁੰਦੇ ਸਨ। ਇਨ੍ਹਾਂ ਵਿਚੋਂ ਹੀ ਅਸੀਂ ਉਨ੍ਹਾਂ ਦੀ ਜੀਵਨ-ਸ਼ੈਲੀ ਦੇ ਰੁਬਰੂ ਹੋ ਕੇ ਬੀਤੇ ਦੀ ਨਿਸ਼ਾਨਦੇਹੀ ਕਰ ਸਕਦੇ ਹਾਂ।

ਹਰਫ਼ਾਂ ਦੀ ਜਦ ਬੋਲੀ ਲੱਗਦੀ, ਉਹ ਵਿਕਾਊ ਹੁੰਦੇ ਤਾਂ ਹਰਫ਼ ਮਰ ਜਾਂਦੇ। ਉਨ੍ਹਾਂ ਵਿਚਲੇ ਸ਼ਬਦ ਅਤੇ ਅਰਥਾਂ ਵਿਚ ਮਾਤਮ ਛਾ ਜਾਂਦਾ। ਪਰ ਸੁੱਚੇ ਸ਼ਬਦ ਕਦੇ ਵੀ ਨਹੀਂ ਵਿਕਦੇ ਭਾਵੇਂ ਉਨ੍ਹਾਂ ਦੀ ਕੋਈ ਵੀ ਕੀਮਤ ਲਾਈ ਜਾਵੇ।

ਹਰਫ਼ ਚੁੱਭਦੇ ਵੀ, ਪੀੜਾ ਵੀ ਦਿੰਦੇ ਤੇ ਗ਼ਮ। ਪਰ ਇਹੀ ਹਰਫ਼ ਕਦੇ ਜ਼ਖ਼ਮ ਸਹਿਲਾਉਂਦੇ ਤੇ ਲਾ ਦਿੰਦੇ ਮਰ੍ਹਮ। ਹਰਫ਼ ਹੱਸਦੇ ਵੀ ਅਤੇ ਹਸਾਉਂਦੇ ਵੀ। ਰੋਂਦੇ ਵੀ ਅਤੇ ਰੁਆਉਂਦੇ ਵੀ। ਰੁੱਸਦੇ ਵੀ ਅਤੇ ਮਨਾਉਂਦੇ ਵੀ। ਘੂਰਦੇ ਵੀ ਅਤੇ ਸਮਝਾਉਂਦੇ ਵੀ। ਕੂਕਦੇ ਵੀ ਅਤੇ ਕੁਰਲਾਉਂਦੇ ਵੀ। ਹਰਫ਼ ਜਿਤਾਉਂਦੇ ਵੀ ਅਤੇ ਹਰਾਉਂਦੇ ਵੀ। ਪਰ ਕਦੇ ਕਦਾਈਂ ਹਰਫ਼ ਮਰਵਾ ਵੀ ਦਿੰਦੇ ਪਰ ਕਈ ਵਾਰ ਜੀਵਾਉਂਦੇ ਵੀ।

ਹਰਫ਼ ਚੁਲਬੁਲੇ ਵੀ ਤੇ ਨਖ਼ਰੀਲੇ ਵੀ। ਕੁਤਕੁੱਤਾਰੀਆਂ ਵੀ ਕੱਢਦੇ, ਖਿਝਾਉਂਦੇ ਵੀ। ਕਈ ਵਾਰ ਪਿਆਰ ਵੀ ਕਰਦੇ ਅਤੇ ਤੁਹਾਡੇ ਸਾਹਾਂ ਦਾ ਦਮ ਵੀ ਭਰਦੇ। ਇਹ ਹਰਫ਼ ਕਦੇ ਸੱਜਣਾਂ ਦੀ ਹਾਕ ਦਾ ਹੁੰਗਾਰਾ ਤੇ ਕਦੇ ਪਿਆਰ ਪੁੰਗਾਰਾ। ਕਦੇ ਮਿੱਠਾ ਜਿਹਾ ਲਾਰਾ ਅਤੇ ਕਦੇ ਰੋਂਦੇ ਲਈ ਮੋਢੇ ਜੇਹਾ ਸਹਾਰਾ।

ਸ਼ਬਦ ਸਿਰਫ਼ ਲਿਖੇ ਹੀ ਨਹੀਂ ਜਾਂਦੇ। ਇਹ ਅਤੁੱਲ, ਅਮੁੱਲ, ਅਜੀਬ, ਅਣਭੋਲ, ਅਦਭੁਤ, ਅੰਤਰੀਵੀ, ਅਗਾਜ਼ੀ, ਆਵੇਸ਼ੀ, ਅੰਦਾਜ਼ੀ ਤੇ ਅਮਰ ਵੀ। ਆਖਰੀ ਸ਼ਬਦ ਕੋਈ ਨਹੀਂ ਹੁੰਦਾ ਕਿਉਂਕਿ ਹਰਫ਼ਾਂ ਵਿਚੋਂ ਹੀ ਹੋਰ ਸ਼ਬਦ ਜਨਮਦੇ ਅਤੇ ਇਨ੍ਹਾਂ ਵਿਚੋਂ ਨਵੀਆਂ ਬੋਲਬਾਣੀਆਂ ਅਤੇ ਤਬਸਰਿਆਂ
ਨੇ ਜਨਮ ਲੈਣਾ ਹੁੰਦਾ।
ਅਕਸਰ ਹੀ ਮੇਰੇ ਮਨ ਦੀ ਧਰਾਤਲ 'ਤੇ
ਸ਼ਬਦਾਂ ਦੇ ਬੀਜ ਪੁੰਗਰਦੇ
ਕੋਮਲ ਪੱਤੀਆਂ ਲਹਿਰਾਉਂਦੀਆਂ

ਲੱਗਰਾਂ ਫੁੱਟਦੀਆਂ
ਤੇ ਫੁੱਲਾਂ ਤੇ ਫਲਾਂ ਨਾਲ ਲਿਫੀਆਂ ਟਾਹਣੀਆਂ
ਕਿਸੇ ਕਲਮ-ਕਿਰਤ ਦਾ ਬਿਰਖ਼ ਬਣ
ਸਫ਼ਿਆਂ ਦੀ ਸੰਘਣੀ ਛਾਂ ਬਣ ਜਾਂਦੇ।

ਇਹ ਸ਼ਬਦ
ਮੈਨੂੰ ਜੀਵਨ-ਜਾਚ ਦੀ ਗੁੱੜਤੀ ਦਿੰਦੇ
ਕਿ ਕਿਵੇਂ
ਸੂਲਾਂ ਨਾਲ ਪੁੱੜੇ ਪੈਰਾਂ ਵਿਚ ਸਫ਼ਰ ਉਗਾਈਦਾ
ਰੱਕੜ ਲਈ ਬਾਰਸ਼-ਬੂੰਦਾਂ ਬਣੀਦਾ
ਬਰੇਤਿਆਂ 'ਚੋਂ ਪਾਣੀ ਸਿੰਮਣ ਲਾਈਦਾ
ਕੰਡਿਆਂ ਦੀ ਸੇਜ ਨੂੰ ਮਾਣੀਦਾ
ਜ਼ਖ਼ਮ ਦੀ ਚੀਸ 'ਚੋਂ ਚਾਅ ਪਨਪਦੇ
ਅੰਦਰਲੀ ਪੀੜ ਰਾਗ-ਨਾਦ ਬਣਦੀ
ਉਦਾਸੀ ਉਤਸ਼ਾਹ ਪੈਦਾ ਕਰਦੀ
ਤੇ ਜ਼ਿੰਦਗੀ ਜਸ਼ਨ ਬਣ ਜਾਂਦੀ।

ਇਹ ਪੁੰਗਰੇ ਹੋਏ ਸ਼ਬਦ ਮੇਰੇ ਲਈ
ਸਿਆਣਿਆਂ ਦੀਆਂ ਸੁਮੱਤਾਂ
ਫ਼ੱਕਰਾਂ ਦੀਆਂ ਰਹਿਮਤਾਂ
ਬਾਪ ਦੀ ਹੱਲਾਸ਼ੇਰੀ

ਮਾਂ ਦੀਆਂ ਦੁਆਵਾਂ
ਭੈਣਾਂ ਭਰਾਵਾਂ ਦਾ ਮੋਹ
ਤੇ ਸੱਜਣਾਂ ਦਾ ਮੋਢਾ ਬਣਦੇ
ਜਿਥੇ ਸਿਰ ਧਰ ਕੇ
ਦਿਲ ਦਾ ਦੁੱਖੜਾ ਸੁਣਾਉਂਦਾ
ਰੱਜ ਕੇ ਰੋ ਵੀ ਲੈਂਦਾ
ਅਤੇ ਖ਼ੂਬ ਹੱਸ ਵੀ ਲਈਦਾ।

ਇਹ ਸ਼ਬਦ
ਰਿਸ਼ਤਿਆਂ ਦੀ ਅਪਣੱਤ
ਸੰਬੰਧਾਂ ਦੀ ਖੁਸ਼ਬੂ
ਸਾਂਝਾਂ ਦੀ ਸਮਰਪਿੱਤਾ
ਤੇ ਮੋਹਵੰਤਿਆਂ ਦੀ ਦਿਲਲੱਗੀ ਬਣ
ਖ਼ਾਬਾਂ ਤੇ ਖ਼ਿਆਲਾਂ ਦਾ ਖ਼ਜਾਨਾ ਬਣ ਜਾਂਦੇ।

ਇਹ ਸ਼ਬਦ ਹੀ ਨੇ
ਜੋ ਮੈਨੂੰ ਮੇਰੀ ਔਕਾਤ ਦੇ ਰੂਬਰੂ ਕਰਦੇ
ਸਮਾਜਿਕ ਸਰੋਕਾਰਾਂ ਦੀ ਸੋਝੀ ਦਿੰਦੇ
ਸੁਪਨਿਆਂ ਅਤੇ ਸੰਭਾਵਨਾਵਾਂ ਦੀ ਦੱਸ ਪਾਉਂਦੇ
ਤੇ ਮੋਹ-ਮੁਹੱਬਤ ਦੀ ਸੂਹ ਦਿੰਦੇ।

ਇਨ੍ਹਾਂ ਸ਼ਬਦਾਂ ਵਿਚ
ਅਰਥਾਂ ਦੇ ਜਗਦੇ ਚਿਰਾਗ
ਕਾਲੇ ਰਾਹਾਂ ਵਿਚ ਚਾਨਣ ਦੀ ਕਲੀ ਕਰਦੇ
ਰਾਤ ਦੀ ਕੁੱਖ ਵਿਚ ਸਰਘੀ ਧਰਦੇ
ਤੇ ਮੱਥਿਆਂ ਵਿਚ ਸੂਰਜਾਂ ਦੀ ਸਰਗਮ ਬਣਦੇ।

ਸ਼ਬਦਾਂ ਰਾਹੀਂ ਹੀ
ਮੈਂ ਆਪਣੇ ਆਪ ਨੂੰ ਤੇ ਆਪਣਿਆਂ ਨੂੰ ਮਿਲਦਾ
ਖ਼ੁਦ ਨੂੰ ਤਲਾਸ਼ਦਾ ਤੇ ਤਰਾਸ਼ਦਾ
ਤੇ ਇਨ੍ਹਾਂ ਦੀ ਰਹਿਬਰੀ ਵਿਚ
ਸੁਖਨ ਤੇ ਸਕੂਨ ਦੀ ਆਗੋਸ਼ ਮਾਣਦਾ

ਮੈਂ ਤਾਂ ਕੁਝ ਵੀ ਨਹੀਂ
ਅਤੇ ਨਾ ਹੀ ਮੈਂ ਕੁਝ ਲਿਖਦਾ ਹਾਂ
ਇਹ ਤਾਂ ਸ਼ਬਦ ਹੀ ਹਨ
ਜੋ ਮੇਰੀ ਉਂਗਲ ਫੜ
ਮੈਨੂੰ ਸ਼ਬਦ-ਰਾਹ 'ਤੇ ਤੋਰੀ ਰੱਖਦੇ
ਤੁਸੀਂ ਆਪਣੀਆਂ ਦੁਆਵਾਂ ਵਿਚ
ਮੈਨੂੰ ਜ਼ਰੂਰ ਸ਼ਾਮਲ ਕਰਨਾ
ਤਾਂ ਕਿ ਸ਼ਬਦ-ਸਫ਼ਰ ਸਲਾਮਤ ਰਹੇ।

ਹਰਫ਼ ਗੁਪਤ ਵੀ ਹੁੰਦੇ ਅਤੇ ਪਰਤੱਖ ਵੀ। ਹਰਫ਼ਾਂ ਦਾ ਸਿਵਾ ਬਲਦਾ ਤਾਂ ਹਰਫ਼ ਤੜਫਦੇ। ਹਰਫ਼ ਨਹੀਂ ਚਾਹੁੰਦੇ ਕਿ ਕਿਸੇ ਦੀ ਹਿੱਕ ਵਿਚ ਕਬਰ ਉਗੇ। ਕਿਸੇ ਦੇ ਸਾਹਾਂ ਵਿਚ ਸਿਵੇ ਦਾ ਸੇਕ ਪੈਦਾ ਹੋਵੇ। ਕਿਸੇ ਦੀ ਚੁੱਪ ਵਿਚ ਬੋਲ ਖ਼ੁਦਕੁਸ਼ੀ ਕਰਨ। ਕਿਸੇ ਦੀ ਜ਼ੁਬਾਨ ਠਾਕੀ ਜਾਵੇ। ਸ਼ੋਰਗੁੱਲ ਵਿਚ ਮਾਤਮੀ ਚੁੱਪ ਦਾ ਵਾਸਾ ਹੋਵੇ। ਕਿਸੇ ਰੱਗ ਵਿਚ ਚੀਸ ਪੈਦਾ ਕੀਤੀ ਜਾਵੇ।

ਕਿਸੇ ਦੇ ਜ਼ਖ਼ਮ ਉਚੇੜੇ ਜਾਣ ਜਾਂ ਕਿਸੇ ਦੇ ਨੈਣਾਂ ਵਿਚ ਸੁਪਨਿਆਂ ਦਾ ਮਾਤਮ ਉਗਾਇਆ ਜਾਵੇ। ਕਿਸੇ ਨੂੰ ਹੰਝੂਆਂ ਦਾ ਸਰਾਪ ਦਿਤਾ ਜਾਵੇ ਜਾਂ ਕਿਸੇ ਦੇ ਚਾਅ ਵਿਚ ਹਾਅ ਬੀਜੀ ਜਾਵੇ।

ਹਰਫ਼ ਤਾਂ ਚਾਹੁੰਦੇ ਕਿ ਉਨ੍ਹਾਂ ਵਿਚ ਮੁਹੱਬਤ ਦਾ ਚਸ਼ਮਾ ਫੁੱਟੇ। ਉਨ੍ਹਾਂ ਵਿਚ ਮਿਲਵਰਤਨ ਦੀ ਨੈਂਅ ਵਗਦੀ ਰਹੇ। ਹਰੇਕ ਮਸਤਕ ਵਿਚ ਸੁੱਚੇ ਵਿਚਾਰਾਂ ਦਾ ਚਿਰਾਗ ਬਲਦਾ ਰਹੇ। ਹਰ ਵਿਹੜੇ ਵਿਚ ਖੁਸ਼ੀਆਂ ਦੇ ਮੇਲੇ ਲੱਗਦੇ ਰਹਿਣ। ਹਰ ਘਰ ਨੂੰ ਘਰ ਹੋਣ ਦਾ ਨਾਜ਼ ਹੋਵੇ। ਹਰ ਵਿਹੜੇ ਵਿਚ ਘਰ ਵਾਲਿਆਂ ਦੀ ਰੌਣਕ ਰਹੇ ਅਤੇ ਹਰ ਚੁੱਲ੍ਹੇ ਵਿਚ ਤੌਣ ਪੱਕਦੀ ਰਹੇ। ਹਰ ਬਨੇਰੇ 'ਤੇ ਮੋਮਬੱਤੀਆਂ ਜਗਦੀਆਂ ਰਹਿਣ। ਹਰ ਰਾਤ ਤੋਂ ਬਾਅਦ ਸੂਰਜ ਪੋਲੇ ਪੱਬੀਂ ਪੌੜੀਆਂ ਤੋਂ ਉਤਰੇ ਅਤੇ ਘਰ ਨੂੰ ਸਰਘੀ ਨਾਲ ਭਰ ਦੇਵੇ।

ਇਹ ਹਰਫ਼ ਮੇਰੇ ਪਿੰਡ, ਮਾਪਿਆਂ ਅਤੇ ਬਜ਼ੁਰਗਾਂ ਦੀ ਸਭ ਤੋਂ ਕੀਮਤੀ ਦਾਤ, ਮੇਰੀ ਜਨਮ-ਜਾਤ, ਸੋਚ-ਸਰਗਮ ਵਿਚ ਉਗਦੀ ਪ੍ਰਭਾਤ ਅਤੇ ਮੇਰੀ ਲਿਖਤ ਲਈ ਇਨਾਇਤ। ਹਰਫ਼ਾਂ ਕਰਕੇ ਹੀ ਮੈਂ ਆਪਣੇ ਆਪ ਨੂੰ ਮਿਲਦਾਂ ਹਾਂ। ਇਹ ਮੇਰਾ ਖ਼ੁਦ ਨਾਲ ਰਚਾਇਆ ਸੰਵਾਦ ਹੀ ਹੁੰਦਾ ਜਿਹੜਾ ਮੇਰੀਆਂ ਲਿਖਤਾਂ ਰਾਹੀਂ ਲੋਕ ਮਨਾਂ ਵਿਚ ਨਿੱਕੜੀ ਜਹੀ ਪਛਾਣ ਬਣਾਉਣ ਦੇ ਕਾਬਲ ਹੋਇਆ।

ਮੇਰੀ ਜੋਦੜੀ ਹੈ ਐ ਹਰਫ਼ੋ! ਤੁਸੀਂ ਮੇਰੇ ਦਰ ਖੜਕਾਉਂਦੇ ਰਹਿਣਾ। ਸ਼ਬਦਾਂ ਦੀ ਦਾਤ ਝੋਲੀ ਵਿਚ ਪਾਉਂਦੇ ਰਹਿਣਾ। ਮੇਰੇ ਸਮੁੱਚ ਨੂੰ ਉਲਥਾਉਂਦੇ ਰਹਿਣਾ। ਮੇਰੀਆਂ ਕਮੀਨਗੀਆਂ ਅਤੇ ਕੁਤਾਹੀਆਂ ਨੂੰ ਪ੍ਰਗਟਾਉਂਦੇ ਰਹਿਣਾ। ਮੇਰੇ ਮਨ ਦੀ ਮੈਲ਼ ਧੋਂਦੇ ਰਹਿਣਾ। ਅਤੇ ਮੈਨੂੰ ਮੇਰੀ ਔਕਾਤ ਦਿਖਾਉਂਦੇ ਰਹਿਣਾ ਤਾਂ ਕਿ ਮੈਂ ਜ਼ਮੀਂ ਦਾ ਬੰਦਾ ਬਣ ਕੇ ਜ਼ਮੀਂ ਨਾਲ ਹੀ ਜੁੜਿਆ ਰਹਾਂ। ਮੈਨੂੰ ਅੰਬਰ ਨਹੀਂ ਚਾਹੀਦਾ। ਮੇਰੇ ਲਈ ਸਭ ਤੋਂ ਵੱਡੀ ਪ੍ਰਾਪਤੀ ਹੀ ਇਹੀ ਕਿ ਮੈਂ ਨੀਵਾਂ ਰਹਿ, ਮਿੱਟੀ ਦੀ ਮਹਿਕ ਨੂੰ ਮਾਣਦਾ ਰਹਾਂ। ਉਹੀ ਮਹਿਕ ਮੈਂ ਆਪਣੀਆਂ ਲਿਖਤਾਂ ਰਾਹੀਂ ਪਾਠਕਾਂ ਦੇ ਸਨਮੁੱਖ ਕਰਦਾ ਰਹਾਂ।

ਹਰਫ਼ੋ! ਤੁਹਾਡੀ ਇਨਾਇਤ ਬਣੀ ਰਹੀ ਤਾਂ ਆਖਰੀ ਸਾਹ ਤੀਕ ਮੈਂ ਆਪਣੇ ਆਪ ਨੂੰ ਮਿਲਦਾ ਰਹਾਂਗਾ। ਇਸ ਮਿਲਣੀ ਨੂੰ ਕਲਮ-ਕਿਰਤ ਰਾਹੀਂ ਪਿਆਰੇ ਪਾਠਕਾਂ ਤੀਕ ਪਹੁੰਚਾਂਦਾ ਰਹਾਂਗਾ ਜੋ ਮੇਰੇ ਸਾਹਾਂ ਦੀ ਖ਼ੈਰ ਅਤੇ ਮੇਰੀ ਕਲਮ ਲਈ ਦੁਆਵਾਂ ਮੰਗਦੇ ਨੇ।

# ਚੁਣਾਵੀ ਬਾਂਡ ਰਾਹੀਂ ਸੱਤਾਧਾਰੀਆਂ ਦੀ ਝੰਡੀ

ਨਰਿੰਦਰ ਮੋਦੀ ਸਰਕਾਰ (2014-19) ਵਿਚ ਵਿੱਤ ਮੰਤਰੀ ਰਹੇ ਅਰੁਣ ਜੇਤਲੀ ਨੇ ਚੁਣਾਵੀ ਬਾਂਡ ਸਕੀਮ ਅਪਣਾਉਣ 'ਤੇ ਬਹੁਤ ਜ਼ੋਰ ਦਿੱਤਾ ਸੀ। ਉਨ੍ਹਾਂ ਦੀ ਦਿਲਚਸਪੀ ਇਸ ਗੱਲ ਵਿਚ ਸੀ ਕਿ ਸਿਆਸੀ ਫੰਡਿੰਗ ਨੂੰ ਬੱਝਵਾਂ ਰੂਪ ਦੇ ਕੇ ਇਸ ਨੂੰ ਨੇਮਬੱਧ ਕੀਤਾ ਜਾਵੇ। ਉਨ੍ਹਾਂ ਨੂੰ ਪਤਾ ਸੀ ਕਿ ਇਹ ਸਕੀਮ ਸਿਆਸੀ ਫੰਡਿੰਗ ਨਾਲ ਜੁੜੇ ਸਾਰੇ ਮੁੱਦਿਆਂ ਨੂੰ ਨਹੀਂ ਸੁਲਝਾ ਸਕੇਗੀ ਅਤੇ ਇਹ ਕਿ ਇਸ ਸਕੀਮ ਦੀਆਂ ਆਪਣੀਆਂ ਸੀਮਤਾਈਆਂ ਹਨ ਪਰ ਉਨ੍ਹਾਂ ਦਾ ਖਿਆਲ ਸੀ ਕਿ ਕਿਸੇ ਸੰਪੂਰਨ ਹੱਲ ਦੀ ਉਡੀਕ ਕਰਨ ਨਾਲੋਂ ਬਿਹਤਰ ਇਹੀ ਹੈ ਕਿ ਕਿਤੋਂ ਨਾ ਕਿਤੋਂ ਸ਼ੁਰੂਆਤ ਕੀਤੀ ਜਾਵੇ। ਉਨ੍ਹਾਂ ਚੋਣਾਂ ਵਿਚ ਆਉਣ ਵਾਲੇ


**ਪਰਸਾ ਵੈਂਕਟੇਸ਼ਵਰ ਰਾਓ ਜੂਨੀਅਰ**

ਸ਼ੱਕੀ ਸਰੋਤਾਂ ਦੇ ਫੰਡਾਂ ਦੀ ਸਮੱਸਿਆ ਨਾਲ ਸਿੱਝਣ ਲਈ ਪਹਿਲੇ ਕਦਮ ਦੇ ਤੌਰ 'ਤੇ ਇਹ ਸਕੀਮ ਲਿਆਂਦੀ ਸੀ ਨਾ ਕਿ ਇਸ ਦੇ ਅੰਤਿਮ ਹੱਲ ਦੇ ਤੌਰ 'ਤੇ। ਉਂਝ, ਸ਼ੁਰੂ ਤੋਂ ਹੀ ਇਹ ਸਕੀਮ ਭਾਜਪਾ ਦੇ ਹੱਕ ਵਿਚ ਭੁਗਤ ਗਈ ਜਿਸ ਨੂੰ ਦੋ ਪੱਖਾਂ ਤੋਂ ਦੇਖਿਆ ਜਾ ਸਕਦਾ ਹੈ। ਪਹਿਲਾ, ਬਾਂਡ ਦੇ ਰੂਪ ਵਿਚ ਚੰਦਾ ਦੇਣ ਵਾਲੇ ਸ਼ਖ਼ਸ ਜਾਂ ਕਾਰਪੋਰੇਟ ਕੰਪਨੀਆਂ ਦੀ ਪਛਾਣ ਗੁਪਤ ਰੱਖੀ ਜਾਂਦੀ ਹੈ ਜਿਨ੍ਹਾਂ ਬਾਰੇ ਬੈਂਕ ਅਤੇ ਚੰਦਾ ਲੈਣ ਵਾਲੀ ਪਾਰਟੀ ਨੂੰ ਹੀ ਪਤਾ ਹੁੰਦਾ ਹੈ। ਦੂਜਾ, ਕਾਰਪੋਰੇਟ ਕੰਪਨੀਆਂ ਦੇ ਮੁਨਾਫ਼ੇ ਦਾ 7.5 ਫ਼ੀਸਦ ਹਿੱਸੇ ਤੱਕ ਚੰਦਾ ਲੈਣ ਦੀ ਹੱਦ ਹਟਾ ਦਿੱਤੀ ਗਈ। ਦਲੀਲ ਇਹ ਦਿੱਤੀ ਗਈ ਸੀ ਕਿ ਇਨ੍ਹਾਂ ਉਪਬੰਧਾਂ ਨਾਲ ਸਾਰੀਆਂ ਸਿਆਸੀ ਪਾਰਟੀਆਂ ਨੂੰ ਫਾਇਦਾ ਹੋਵੇਗਾ, ਇਕੱਲੀ ਭਾਜਪਾ ਨੂੰ ਨਹੀਂ।

ਅਸਲ ਵਿਚ ਇਹ ਸਕੀਮ ਮੁੱਢ ਤੋਂ ਹੀ ਭਾਜਪਾ ਪੱਖੀ ਯੋਜਨਾ ਹੋ ਨਿੱਬੜੀ ਕਿਉਂਕਿ ਇਸ ਪਾਰਟੀ ਨੂੰ ਤਨਖ਼ਾਹਦਾਰ ਮੱਧ ਵਰਗ ਦੀ ਹਮਾਇਤ ਹਾਸਲ ਰਹੀ ਹੈ ਜੋ ਬਾਜ਼ਾਰ ਪੱਖੀ ਅਤੇ ਕਾਰਪੋਰੇਟ ਪੱਖੀ ਤਬਕਾ ਗਿਣਿਆ ਜਾਂਦਾ ਹੈ। ਸਿਆਸੀ ਮੁਹਾਵਰੇ ਦੇ ਲਿਹਾਜ਼ ਤੋਂ ਭਾਜਪਾ ਕਦੇ ਵੀ ਮੱਧ ਵਰਗ ਵਿਰੋਧੀ ਜਾਂ ਧਨਾਢ ਵਿਰੋਧੀ ਜਮਾਤ ਨਹੀਂ ਰਹੀ। ਬਿਨਾਂ ਸ਼ੱਕ, ਪਿਛਲੇ ਨੌਂ ਸਾਲਾਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ ਅਤੇ ਕਮਿਊਨਿਸਟ ਪਾਰਟੀਆਂ ਦੇ ਗ਼ਰੀਬ ਪੱਖੀ ਮੁਹਾਵਰੇ ਨੂੰ ਅਪਣਾਇਆ। ਇਸ ਕਰ ਕੇ ਮੱਧ ਵਰਗ ਅਤੇ ਕਾਰਪੋਰੇਟਾਂ ਦਾ ਵੱਡਾ ਹਿੱਸਾ ਭਾਜਪਾ ਤੋਂ ਦੂਰ ਹੋ ਗਿਆ, ਫਿਰ ਵੀ ਪਾਰਟੀ ਨੂੰ ਚੁਣਾਵੀ ਬਾਂਡ ਸਕੀਮ ਰਾਹੀਂ ਆਉਂਦੇ ਫੰਡਾਂ ਦਾ ਪ੍ਰਵਾਹ ਬਾਦਸਤੂਰ ਜਾਰੀ ਰਿਹਾ। ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਭਾਜਪਾ ਚੁਣਾਵੀ ਬਾਂਡਾਂ ਰਾਹੀਂ ਚੰਦਿਆਂ ਦੀ ਸਭ ਤੋਂ ਵੱਡੀ ਲਾਭਪਾਤਰੀ ਬਣੀ ਹੋਈ ਹੈ। ਇਸ ਦਾ ਇਕ ਕਾਰਨ ਇਹ ਹੋ ਸਕਦਾ ਹੈ ਕਿ ਸਕੀਮ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਭਾਜਪਾ ਹੀ ਕੇਂਦਰ ਦੀ ਸੱਤਾ 'ਤੇ ਕਾਬਜ਼ ਰਹੀ ਹੈ।

ਉਂਝ, ਸਿਆਸੀ ਪਾਰਟੀਆਂ ਨੂੰ ਸਿਰਫ਼ ਚੁਣਾਵੀ ਬਾਂਡਾਂ ਜ਼ਰੀਏ ਹੀ ਚੰਦੇ ਹਾਸਲ ਨਹੀਂ ਹੁੰਦੇ ਸਗੋਂ ਇਸ ਦੇ ਕਈ ਹੋਰ ਰਾਹ ਵੀ ਹਨ। 2016-17 ਤੋਂ 2021-22 ਦਰਮਿਆਨ ਕੁੱਲ 16437 ਕਰੋੜ ਰੁਪਏ ਦੇ ਸਿਆਸੀ ਚੰਦਿਆਂ ਵਿਚੋਂ 56 ਫ਼ੀਸਦ, ਭਾਵ 9188.35 ਕਰੋੜ ਰੁਪਏ ਹੀ ਚੁਣਾਵੀ ਬਾਂਡਾਂ ਰਾਹੀਂ ਪ੍ਰਾਪਤ ਹੋਏ ਸਨ। ਬਾਂਡਾਂ ਰਾਹੀਂ ਚੰਦੇ ਦੇਣ ਵਾਲੇ ਦਾਨੀਆਂ ਦੀ ਪਛਾਣ ਭਾਵੇਂ ਗੁਪਤ ਰੱਖੀ ਜਾਂਦੀ ਹੈ ਪਰ ਪਾਰਟੀਆਂ ਨੂੰ ਪ੍ਰਾਪਤ ਹੋਣ ਵਾਲੇ ਚੰਦਿਆਂ ਦਾ ਹਿਸਾਬ ਕਤਿਾਬ ਰੱਖਿਆ ਜਾਂਦਾ ਹੈ; ਤੇ ਇਹ ਦਲੀਲ ਵੀ ਦਿੱਤੀ ਜਾ ਸਕਦੀ ਹੈ ਕਿ ਜੇ ਸਾਰੀ ਸਿਆਸੀ ਫੰਡਿੰਗ ਚੁਣਾਵੀ ਬਾਂਡ ਰਾਹੀਂ ਕਰ ਦਿੱਤੀ ਜਾਵੇ ਤਾਂ ਧਨ ਦਾ ਸਰੋਤ ਹੋਰ ਜ਼ਿਆਦਾ ਪਾਰਦਰਸ਼ੀ ਬਣ ਜਾਵੇਗਾ। ਬਜਾਏ ਖ਼ੁਦ ਇਸ ਸਕੀਮ 'ਤੇ ਕਿੰਤੂ ਨਹੀਂ ਕੀਤਾ ਜਾਂਦਾ, ਜ਼ੋਰ ਸਗੋਂ ਇਸ ਗੱਲ 'ਤੇ ਦਿੱਤਾ ਜਾਂਦਾ ਹੈ ਕਿ ਚੁਣਾਵੀ ਬਾਂਡ ਖਰੀਦਣ ਵਾਲਿਆਂ ਦੀ ਪਛਾਣ ਜਨਤਕ ਕਰ ਕੇ ਇਸ ਅਮਲ ਨੂੰ ਵਧੇਰੇ ਪਾਰਦਰਸ਼ੀ ਬਣਾਇਆ ਜਾਵੇ।

ਸੁਪਰੀਮ ਕੋਰਟ ਨੇ ਭਾਰਤ ਦੇ ਚੋਣ ਕਮਿਸ਼ਨ ਨੂੰ ਸਿਆਸੀ ਫੰਡਿੰਗ ਦੇ ਤਾਜ਼ਾ ਵੇਰਵੇ ਜਮ੍ਹਾਂ ਕਰਾਉਣ ਲਈ ਆਖਿਆ ਸੀ। ਕੀ ਸੁਪਰੀਮ ਕੋਰਟ ਆਪਣੇ ਫ਼ੈਸਲੇ ਜਿਸ ਨੂੰ ਫਿਲਹਾਲ ਰਾਖਵਾਂ ਰੱਖਿਆ ਗਿਆ ਹੈ, ਵਿਚ ਇਸ ਗੱਲ 'ਤੇ ਜ਼ੋਰ ਦੇ ਸਕਦੀ ਹੈ ਕਿ ਚੁਣਾਵੀ ਬਾਂਡ ਰਾਹੀਂ ਕਿਸੇ ਸਿਆਸੀ ਪਾਰਟੀ ਨੂੰ ਚੰਦਾ ਦੇਣ ਵਾਲਿਆਂ ਦੇ ਨਾਂ ਜੱਗ ਜ਼ਾਹਿਰ ਕੀਤੇ ਜਾਣ? ਇਸ ਮੰਤਵ ਲਈ ਮੌਜੂਦਾ ਕਾਨੂੰਨ ਵਿਚ ਸੋਧ ਕਰਨ ਦੀ ਲੋੜ ਪਵੇਗੀ। ਇਹ ਸਕੀਮ ਫਾਇਨਾਂਸ ਐਕਟ-2017 ਤਹਤਿ ਅਮਲ ਵਿਚ ਲਿਆਂਦੀ ਗਈ ਸੀ ਜਿਸ ਵਾਸਤੇ ਆਮਦਨ ਕਰ ਕਾਨੂੰਨ, ਆਰ.ਬੀ.ਆਈ. ਐਕਟ ਅਤੇ ਲੋਕ ਪ੍ਰਤੀਨਿਧਤਾ ਐਕਟ ਵਿਚ ਸੋਧਾਂ ਕੀਤੀਆਂ ਗਈਆਂ ਸਨ। ਕੀ ਅਦਾਲਤ ਇਹ ਆਖ ਸਕਦੀ ਹੈ ਕਿ ਚੁਣਾਵੀ ਬਾਂਡ ਸਕੀਮ ਜਿਸ ਦਾ ਮਨਸ਼ਾ ਸਿਆਸੀ ਫੰਡਿੰਗ ਨੂੰ ਪਾਰਦਰਸ਼ੀ ਬਣਾਉਣਾ ਹੈ, ਤਹਤਿ ਚੁਣਾਵੀ ਬਾਂਡ ਖਰੀਦਣ ਵਾਲਿਆਂ ਦੇ ਨਾਂ ਜਨਤਕ ਕਰਨਾ ਜ਼ਰੂਰੀ ਹੋਵੇਗਾ? ਅਦਾਲਤ ਨੂੰ ਇਸ ਵੇਲੇ ਮੌਜੂਦ ਕਾਨੂੰਨ ਮੁਤਾਬਕ ਇਹ ਦਰਸਾਉਣਾ ਵੀ ਪਵੇਗਾ।




ਸਰਕਾਰ ਨੇ ਇਹ ਦਲੀਲ ਦਿੱਤੀ ਸੀ ਕਿ ਬਾਂਡ ਖਰੀਦਣ ਵਾਲਿਆਂ ਦੀ ਨਿੱਜਤਾ ਦੀ ਰਾਖੀ ਕਰਨੀ ਜ਼ਰੂਰੀ ਹੈ; ਪਟੀਸ਼ਨਰਾਂ ਨੇ ਵੀ ਤਰਕ ਪੇਸ਼ ਕੀਤਾ ਹੈ ਕਿ ਕਿਸੇ ਸਿਆਸੀ ਪਾਰਟੀ ਨੂੰ ਚੰਦਾ ਦੇਣਾ ਜਨਤਕ ਖੇਤਰ ਵਿਚ ਆਉਂਦਾ ਹੈ ਅਤੇ ਜਨਤਕ ਹਿੱਤ ਦੀ ਤਵੱਕੋ ਹੈ ਕਿ ਉਨ੍ਹਾਂ ਦੇ ਨਾਂ ਜੱਗ ਜ਼ਾਹਿਰ ਕੀਤੇ ਜਾਣ। ਅਦਾਲਤ ਮੌਜੂਦਾ ਉਪਬੰਧ ਵਿਚ ਕੋਈ ਨਵਾਂ ਪਹਿਲੂ ਨਹੀਂ ਜੋੜ ਸਕਦੀ। ਇਹ ਰਾਇ ਦੇ ਸਕਦੀ ਹੈ ਕਿ ਇਹ ਵਿਧਾਨਕ ਖੇਤਰ ਤਹਤਿ ਆਉਂਦਾ ਹੈ ਜਿਸ ਕਰ ਕੇ ਸੰਸਦ ਨੂੰ ਇਸ ਸਕੀਮ ਨੂੰ ਵਧੇਰੇ ਪਾਰਦਰਸ਼ੀ ਬਣਾਉਣ ਦੀ ਪਹਿਲ ਕਰਨੀ ਚਾਹੀਦੀ ਹੈ। ਅਦਾਲਤ ਸਿਰਫ਼ ਕਾਨੂੰਨ ਦੀ ਵਿਆਖਿਆ ਕਰ ਸਕਦੀ ਹੈ; ਤੇ ਅਦਾਲਤ ਲਈ ਇਹ ਸੰਭਵ ਨਹੀਂ ਹੋਵੇਗਾ ਕਿ ਇਸ ਸਕੀਮ ਨੂੰ ਮੁੱਢ ਤੋਂ ਹੀ ਰੱਦ ਕਰ ਦਿੱਤਾ ਜਾਵੇ ਕਿਉਂਕਿ ਇਹ ਕਿਸੇ ਮੌਜੂਦਾ ਕਾਨੂੰਨ ਜਾਂ ਸੰਵਿਧਾਨ ਦੀ ਉਲੰਘਣਾ ਨਹੀਂ ਕਰਦੀ।

ਇਹ ਮੁੱਦਾ ਫਿਰ ਸਿਆਸੀ ਫੰਡਿੰਗ ਦੇ ਵਡੇਰੇ ਮੁੱਦੇ ਵੱਲ ਲੈ ਕੇ ਜਾਂਦਾ ਹੈ। ਇਸ ਦਾ ਇਕ ਹੱਲ ਇਹ ਪੇਸ਼ ਕੀਤਾ ਗਿਆ ਹੈ ਕਿ ਪਾਰਟੀਆਂ ਨੂੰ ਚੋਣਾਂ ਲੜਨ ਲਈ ਸਰਕਾਰੀ ਫੰਡਾਂ ਦਾ ਪ੍ਰਬੰਧ ਕੀਤਾ ਜਾਵੇ। ਹਾਲਾਂਕਿ ਸਿਆਸੀ ਪਾਰਟੀਆਂ ਦਾ ਮੁੱਖ ਮਕਸਦ ਚੋਣਾਂ ਲੜਨਾ ਹੁੰਦਾ ਹੈ ਪਰ ਚੋਣਾਂ ਤੋਂ ਅੱਗੋਂ ਪਿੱਛੋਂ ਵੀ ਉਹ ਜੋ ਕੰਮ ਕਰਦੀਆਂ ਹਨ, ਉਨ੍ਹਾਂ ਲਈ ਵੀ ਪੈਸੇ ਦੀ ਲੋੜ ਪੈਂਦੀ ਹੈ। ਇਸ ਲਈ ਸਿਆਸੀ ਫੰਡਿੰਗ ਵਿਚ ਉਹ ਸਾਰੇ ਖਰਚੇ ਆਉਂਦੇ ਹਨ ਜੋ ਕਿਸੇ ਸਿਆਸੀ ਪਾਰਟੀ ਨੂੰ ਸਥਾਪਤ ਕਰਨ, ਇਸ ਨੂੰ ਚਲਾਉਣ ਅਤੇ ਚੋਣਾਂ ਲੜਨ ਲਈ ਤਿਆਰੀ ਕਰਨ ਵਾਸਤੇ ਦਰਕਾਰ ਹਨ। ਚੋਣ ਕਮਿਸ਼ਨ ਨੇ ਉਮੀਦਵਾਰਾਂ ਦੇ ਚੋਣ ਖਰਚਿਆਂ ਦੀ ਹੱਦ ਨਿਸ਼ਚਤ ਕੀਤੀ ਹੈ ਪਰ ਇਸ ਵਿਚ ਚੋਣਾਂ ਦੌਰਾਨ ਪਾਰਟੀਆਂ ਵਲੋਂ ਖਰਚ ਕੀਤਾ ਜਾਂਦਾ ਪੈਸਾ ਸ਼ਾਮਲ ਨਹੀਂ। ਜੇ ਇਸ ਵਿਚ ਪਾਰਟੀਆਂ ਦੇ ਖਰਚ ਕੀਤੇ ਜਾਂਦੇ ਪੈਸੇ ਨੂੰ ਵੀ ਸ਼ਾਮਲ ਕਰ ਲਿਆ ਜਾਵੇ ਤਾਂ ਵੀ ਕਾਫ਼ੀ ਹੱਦ ਤੱਕ ਸਥਿਤੀ ਸੁਧਰ ਸਕਦੀ ਹੈ।

ਚੁਣਾਵੀ ਬਾਂਡ ਅਧੂਰਾ ਹੱਲ ਬਣੇ ਰਹਿਣਗੇ ਕਿਉਂਕਿ ਇਸ ਤਹਿਤ ਚੰਦਿਆਂ ਦੀ ਰਕਮ ਨਿਸ਼ਚਤ ਨਹੀਂ ਕੀਤੀ ਗਈ। ਇਸ ਸਮੱਸਿਆ ਨੂੰ ਅਦਾਲਤ ਵਿਚ ਤੈਅ ਕੀਤਾ ਜਾ ਸਕਦਾ ਹੈ ਪਰ ਇਸ ਸਬੰਧ ਵਿਚ ਵਿਆਪਕ ਅਤੇ ਖੁੱਲ੍ਹੀ ਬਹਿਸ ਦੀ ਲੋੜ ਹੈ। ਸਾਰੀਆਂ ਪਾਰਟੀਆਂ ਨੂੰ ਆਪਣੇ ਜਥੇਬੰਦਕ ਕਾਰਜਾਂ ਅਤੇ ਚੋਣਾਂ ਲੜਨ ਲਈ ਕੀਤੇ ਜਾਂਦੇ ਖਰਚਿਆਂ ਦੇ ਨੇਮਾਂ ਦੀ ਪਾਲਣਾ ਕਰਨੀ ਪਵੇਗੀ। ਇਸ ਸਬੰਧ 'ਚ ਸਿਆਸੀ ਖਿਡਾਰੀਆਂ ਨੂੰ ਸੁਹਿਰਦਤਾ ਵਰਤਣੀ ਪਵੇਗੀ। ਇਸ ਵੱਡੇ ਕਾਰਜ ਨੂੰ ਹੱਥ ਪਾਉਣ ਲਈ ਸਹੀ ਸਮੇਂ ਦੀ ਤਲਾਸ਼ ਕੀਤੀ ਜਾਵੇ; ਇਸ ਮੁੱਦੇ ਨੂੰ ਸਿਰਫ਼ ਇਸ ਕਰ ਕੇ ਛੱਡ ਨਹੀਂ ਦੇਣਾ ਚਾਹੀਦਾ ਕਿ ਇਹ ਬਹੁਤ ਹੀ ਉਲਝਿਆ ਹੋਇਆ ਮੁੱਦਾ ਹੈ।

ਚੁਣਾਵੀ ਬਾਂਡ ਸਕੀਮ ਨੇ ਚੋਣਾਂ ਵਿਚ ਧਨ ਬਲ ਦਾ ਦਖ਼ਲ ਬਿਲਕੁਲ ਨਹੀਂ ਘਟਾਇਆ। ਬਾਂਡਾਂ ਰਾਹੀਂ ਦਿੱਤੇ ਜਾਣ ਵਾਲੇ ਚੰਦਿਆਂ ਦੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਸਿਆਸੀ ਪਾਰਟੀਆਂ ਦੇ ਖ਼ਜ਼ਾਨਿਆਂ ਵਿਚ ਮਣਾਂ ਮੂੰਹੀ ਧਨ ਆ ਰਿਹਾ ਹੈ। ਇਸ ਦਾ ਫਾਇਦਾ ਵੱਡਾ ਹਿੱਸਾ ਹਥਿਆਉਣ ਵਾਲੀ ਪਾਰਟੀ ਨੂੰ ਹੁੰਦਾ ਹੈ। ਜਿਸ ਪਾਰਟੀ ਜਾਂ ਉਮੀਦਵਾਰ ਕੋਲ ਜ਼ਿਆਦਾ ਫੰਡ ਹੁੰਦੇ ਹਨ, ਉਨ੍ਹਾਂ ਦੀ ਲੋਕਾਂ ਤੱਕ ਪਹੁੰਚ ਵਧੇਰੇ ਅਸਰਦਾਰ ਹੁੰਦੀ ਹੈ।

ਲੋਕਰਾਜ ਵਿਚ ਕੋਈ ਜ਼ਰੂਰੀ ਨਹੀਂ ਹੁੰਦਾ ਕਿ ਅਮੀਰ ਉਮੀਦਵਾਰ ਜਾਂ ਅਮੀਰ ਸਿਆਸੀ ਪਾਰਟੀ ਨੂੰ ਚੁਣ ਲਿਆ ਜਾਵੇ। ਇਸੇ ਗੱਲ ਵਿਚ ਹੀ ਸਿਸਟਮ ਵਿਚ ਸੁਧਾਰ ਦੀ ਆਸ ਪਈ ਹੈ। ਇਸ ਦੌਰਾਨ ਨੇਮਾਂ ਅਤੇ ਕਾਨੂੰਨਾਂ ਵਿਚ ਫੇਰਬਦਲ ਜਾਂ ਤਰਮੀਮ ਦਾ ਅਮਲ ਜਾਰੀ ਰਹਿਣਾ ਚਾਹੀਦਾ ਹੈ। ਚੁਣਾਵੀ ਕਾਨੂੰਨ ਨਵਿਆਉਣ ਵਿਚ ਅਦਾਲਤਾਂ ਨਾਲੋਂ ਸੰਸਦ ਦਾ ਜ਼ਿਆਦਾ ਦਖ਼ਲ ਹੋਣਾ ਹੀ ਚਾਹੀਦਾ ਹੈ।

# ਖੇਤੀ ਸੰਕਟ ਤੇ ਖੇਤੀ ਸਹਿਕਾਰਤਾ

ਪੰਜਾਬ ਅਨਾਜ ਉਤਪਾਦਨ ਵਿਚ ਮੋਹਰੀ ਰਿਹਾ ਹੈ। ਖ਼ਰਾਬ ਮੌਸਮ ਦੇ ਬਾਵਜੂਦ ਇਸ ਸਾਲ ਵੀ ਪੰਜਾਬ ਤੋਂ ਕੌਮੀ ਅਨਾਜ ਭੰਡਾਰ ਵਿਚ ਕਣਕ ਦਾ ਯੋਗਦਾਨ 46 ਫ਼ੀਸਦੀ ਤੋਂ ਵੱਧ ਹੈ। ਇੰਨੀ ਪੈਦਾਵਾਰ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਦੀ ਆਰਥਿਕ ਹਾਲਤ ਵਿਗੜ ਰਹੀ ਹੈ। ਉਹ ਫ਼ਸਲ ਅਤੇ ਜ਼ਮੀਨ ਉੱਤੇ ਲਿਆ ਕਰਜ਼ਾ ਮੋੜ ਨਹੀਂ ਸਕਦੇ ਅਤੇ ਕਰਜ਼ਾ ਦੇਣ ਵਾਲੀਆਂ ਏਜੰਸੀਆਂ ਵੱਲੋਂ ਵਸੂਲੀ ਲਈ ਦਬਾਅ ਕਾਰਨ ਕਈ ਕਿਸਾਨ

**ਪ੍ਰੋ. ਸੁਖਦੇਵ ਸਿੰਘ**
ਫੋਨ: +91-94642-25655

ਖ਼ੁਦਕੁਸ਼ੀਆਂ ਦੇ ਰਾਹ ਪੈ ਜਾਂਦੇ ਹਨ।

ਇਹ ਸਚਾਈ ਹੈ ਕਿ ਕੁਝ ਕਿਸਾਨ ਫ਼ਸਲੀ ਕਰਜ਼ੇ ਨੂੰ ਗੈਰ-ਉਤਪਾਦਕ ਨਿੱਜੀ ਕੰਮਾਂ ਲਈ ਵਰਤ ਲੈਂਦੇ ਹਨ ਜਿਸ ਕਰ ਕੇ ਕਰਜ਼ੇ ਦਾ ਮੁੜ ਭੁਗਤਾਨ ਔਖਾ ਹੋ ਜਾਂਦਾ ਹੈ। ਬਹੁਤੀਆਂ ਏਜੰਸੀਆਂ ਅਤੇ ਮਾਹਿਰ ਇਸੇ ਨੂੰ ਹੀ ਸਮੱਸਿਆ ਦਾ ਇੱਕੋ-ਇੱਕ ਕਾਰਨ ਮਿਥ ਲੈਂਦੇ ਹਨ ਜੋ ਸਹੀ ਨਹੀਂ। ਇਹ ਪੂਰੀ ਕਹਾਣੀ ਨਹੀਂ ਹੈ। ਇਸ ਕਹਾਣੀ ਦਾ ਦੂਜਾ ਪੱਖ ਵੀ ਹੈ।

ਪੰਜਾਬ ਵਿਚ ਇੱਕ ਤਿਹਾਈ ਕਿਸਾਨ ਜਾਂ ਤਾਂ 2.5 ਏਕੜ ਤੱਕ ਦੀ ਜ਼ਮੀਨ ਵਾਲੇ ਸੀਮਾਂਤ ਕਿਸਾਨ ਪਰਿਵਾਰ ਹਨ ਜਾਂ ਫਿਰ 2.5 ਤੋਂ 5 ਏਕੜ ਤੱਕ ਦੀ ਜ਼ਮੀਨ ਵਾਲੇ ਛੋਟੇ ਕਿਸਾਨ ਪਰਿਵਾਰ ਹਨ। ਉਨ੍ਹਾਂ ਦੀ ਕੁੱਲ ਜ਼ਮੀਨ ਵਾਹੀਯੋਗ ਜ਼ਮੀਨ ਦਾ ਸਿਰਫ਼ 9.7% ਹੈ। ਇੱਕ ਸਰਵੇਖਣ ਮੁਤਾਬਿਕ 5 ਏਕੜ ਤੱਕ ਜ਼ਮੀਨ ਵਾਲੇ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਗਿਣਤੀ 3,61,938 ਹੈ ਜਦਕਿ 5 ਤੋਂ 10 ਏਕੜ ਜ਼ਮੀਨ ਵਾਲੇ ਅਰਧ ਦਰਮਿਆਨੇ ਕਿਸਾਨਾਂ ਦੀ ਗਿਣਤੀ 3,67,938 ਅਤੇ 10 ਤੋਂ 25 ਏਕੜ ਜ਼ਮੀਨ ਵਾਲੇ ਦਰਮਿਆਨੇ ਦਰਜੇ ਦੇ ਕਿਸਾਨਾਂ ਦੀ ਗਿਣਤੀ 3,05,220 ਹੈ। 25 ਏਕੜ ਤੋਂ ਵੱਧ ਜ਼ਮੀਨ ਵਾਲੇ ਕਿਸਾਨ ਪਰਿਵਾਰ ਕੇਵਲ 57,707 ਹਨ। ਤਕਰੀਬਨ 80 ਫੀਸਦੀ ਤੋਂ ਵੱਧ ਕਿਸਾਨਾਂ ਉੱਪਰ ਕਰਜ਼ਾ ਹੈ।

ਬਹੁ ਗਿਣਤੀ ਕਿਸਾਨ ਛੇ ਮਹੀਨਿਆਂ ਦੀ ਪੈਦਾਵਾਰ ਵਾਲੀਆਂ ਫਸਲਾਂ, ਕਣਕ ਤੇ ਝੋਨੇ 'ਤੇ ਨਿਰਭਰ ਕਰਦੇ ਹਨ ਅਤੇ ਫਸਲ ਵਿਕਣ 'ਤੇ ਹੀ ਉਨ੍ਹਾਂ ਨੂੰ ਆਮਦਨ ਹੁੰਦੀ ਹੈ ਜਦਕਿ ਫਸਲ ਬੀਜਣ, ਤਿਆਰ ਕਰਨ ਅਤੇ ਵੱਢ ਕੇ ਵੇਚਣ ਦੇ ਖਰਚਿਆਂ ਤੋਂ ਇਲਾਵਾ ਇਸ ਲੰਮੇ ਸਮੇਂ ਦੌਰਾਨ ਜੀਵਨ ਦੇ ਹੋਰ ਸਭ ਖਰਚੇ ਪੂਰੇ ਕਰਨ ਲਈ ਨਕਦੀ ਦੀ ਜ਼ਰੂਰਤ ਹੁੰਦੀ ਹੈ ਪਰ ਉਨ੍ਹਾਂ ਕੋਲ ਨਾ ਤਾਂ ਖੇਤੀ ਦੇ ਸੰਦਾਂ, ਬੀਜਾਂ, ਖਾਦਾਂ ਅਤੇ ਕੀਟਨਾਸ਼ਕਾਂ ਦੇ ਖਰਚੇ ਪੂਰਾ ਕਰਨ ਲਈ ਅਤੇ ਨਾ ਹੀ ਨਿੱਜੀ ਲੋੜਾਂ ਜਿਵੇਂ ਪਰਿਵਾਰ ਲਈ ਰੋਜ਼ਾਨਾ ਵਰਤੋਂ ਵਾਲੇ ਭੋਜਨ ਤੇ ਕੱਪੜੇ, ਪਰਿਵਾਰ ਲਈ ਸਿਹਤ ਸਹੂਲਤਾਂ, ਸਮਾਜਿਕ ਜ਼ਿੰਮੇਵਾਰੀਆਂ, ਬੱਚਿਆਂ ਦੀ ਪੜ੍ਹਾਈ ਅਤੇ ਹੋਰ ਕਈ ਤਰ੍ਹਾਂ ਦੇ ਖਰਚਿਆਂ ਲਈ ਬਚਾਈ ਹੋਈ ਕੋਈ ਨਕਦ ਰਾਸ਼ੀ ਹੁੰਦੀ ਹੈ। ਇਨ੍ਹਾਂ ਸਾਰੇ ਖਰਚਿਆਂ ਲਈ ਕਿਸਾਨ ਨੂੰ ਪੈਸੇ ਉਧਾਰ ਲੈਣੇ ਪੈਂਦੇ ਹਨ ਪਰ ਕਰਜ਼ਾ ਉਹ ਸਿਰਫ਼ ਫਸਲ ਅਤੇ ਜ਼ਮੀਨ ਉੱਤੇ ਹੀ ਲੈ ਸਕਦਾ ਹੈ। ਇੱਕ ਅਰਥ ਸ਼ਾਸਤਰੀ ਦੇ ਦ੍ਰਿਸ਼ਟੀਕੋਣ ਤੋਂ ਫਸਲ ਸਬੰਧੀ ਖਰਚਿਆਂ ਤੋਂ ਇਲਾਵਾ ਬਾਕੀ ਸਭ ਖਰਚੇ ਗੈਰ-ਉਤਪਾਦਕ ਨਿੱਜੀ ਖਰਚੇ ਹਨ ਅਤੇ ਸਭ ਤੋਂ ਵੱਧ ਗੈਰ-ਜ਼ਰੂਰੀ ਸਮਾਜਿਕ ਜ਼ਿੰਮੇਵਾਰੀਆਂ ਸਬੰਧੀ ਕੀਤੇ ਖਰਚੇ ਹਨ। ਸਮਾਜਿਕ ਪਰਾਣੀ ਦੇ ਨਜ਼ਰੀਏ ਤੋਂ ਸੀਮਾ ਵਿਚ ਸਮਾਜਿਕ ਜ਼ਿੰਮੇਵਾਰੀਆਂ ਸਬੰਧੀ ਖਰਚੇ ਵੀ ਜ਼ਰੂਰੀ ਹਨ।

ਫਸਲ ਆਉਣ ਤੋਂ ਪਹਿਲਾਂ ਹੀ ਫਸਲ ਦੀ ਆਮਦਨ ਖਰਚ ਹੋ ਜਾਂਦੀ ਹੈ ਅਤੇ ਬੱਚਤ ਦੇ ਰੂਪ ਵਿਚ ਕੋਈ ਨਕਦ ਰਾਸ਼ੀ ਨਾ ਹੋਣ ਕਾਰਨ ਕਿਸਾਨ ਨੂੰ ਕਰਜ਼ਾ ਲੈਣਾ ਪੈਂਦਾ ਹੈ। ਘੱਟ ਜ਼ਮੀਨ ਮਾਲਕਾਂ ਨੂੰ ਤਾਂ ਬੈਂਕਾਂ ਜਾਂ ਸ਼ਾਹੂਕਾਰਾਂ ਤੋਂ ਕਰਜ਼ਾ ਚੁੱਕਣ ਵਿਚ ਵੀ ਮੁਸ਼ਕਿਲ ਆਉਂਦੀ ਹੈ। ਬੈਂਕਾਂ ਤੋਂ ਕਰਜ਼ਾ ਲੈਣ ਲਈ ਬਹੁਤ ਸਾਰੀ ਕਾਗਜ਼ੀ ਕਾਰਵਾਈ ਅਤੇ ਗਾਰੰਟੀਆਂ ਦੇ ਚੱਕਰ ਵਿਚ ਕਰਜ਼ਾ ਮਨਜ਼ੂਰੀ ਵਿਚ ਦੇਰੀ ਹੋ ਜਾਂਦੀ ਹੈ ਜਾਂ ਫਿਰ ਕਰਜ਼ਾ ਮਨਜ਼ੂਰ ਹੀ ਨਹੀਂ ਹੁੰਦਾ ਜਾਂ ਮਨਜ਼ੂਰ ਹੋਏ ਕਰਜ਼ੇ ਦੀ ਰਕਮ ਲੋੜਾਂ ਲਈ ਨਾਕਾਫ਼ੀ ਹੁੰਦੀ ਹੈ। ਇਸੇ ਕਾਰਨ ਫਸਲ ਬਚਾਉਣ ਲਈ ਕਿਸਾਨਾਂ ਨੂੰ ਕਮਿਸ਼ਨ ਏਜੰਟਾਂ ਜਾਂ ਹੋਰ ਸ਼ਾਹੂਕਾਰਾਂ ਤੋਂ ਉੱਚੀ ਵਿਆਜ 'ਤੇ ਕਰਜ਼ਾ ਲੈਣਾ ਪੈਂਦਾ ਹੈ। ਉੱਚੀ ਵਿਆਜ ਦਰ ਕਾਰਨ ਫਸਲ ਤੋਂ ਅਸਲ ਆਮਦਨ ਘਟ ਜਾਂਦੀ ਹੈ ਜਦਕਿ ਦੇਰੀ ਨਾਲ ਮਿਲੇ ਕਰਜ਼ੇ ਕਾਰਨ ਫਸਲ ਨੂੰ ਸਮੇਂ ਸਿਰ ਖਾਦ ਤੇ ਕੀਟਨਾਸ਼ਕ ਨਹੀਂ ਮਿਲਦੇ ਅਤੇ ਫਸਲੀ ਪੈਦਾਵਾਰ ਘੱਟ ਹੁੰਦੀ ਹੈ ਜਿਸ ਕਾਰਨ ਨੁਕਸਾਨ ਹੁੰਦਾ ਹੈ। ਕੁਝ ਸ਼ਾਹੂਕਾਰ ਤਾਂ ਕਰਜ਼ੇ ਦੀ ਰਕਮ ਨਕਦੀ ਦੇਣ ਦੀ ਬਜਾਇ ਖਾਦ ਅਤੇ ਕੀਟਨਾਸ਼ਕ ਹੀ ਦਿੰਦੇ ਹਨ ਜਿਸ ਕਰ ਕੇ ਉਨ੍ਹਾਂ ਨੂੰ ਇਹ ਉਤਪਾਦ ਸ਼ਾਹੂਕਾਰ ਦੇ ਰੇਟ ਮੁਤਾਬਿਕ ਹੀ ਖਰੀਦਣਾ ਪੈਂਦਾ ਹੈ। ਇਸ ਤੋਂ ਵੀ ਮਾੜੀ ਗੱਲ ਉਦੋਂ ਹੁੰਦੀ ਹੈ ਕਿ ਜਦੋਂ ਕਿਸਾਨ ਨਕਲੀ ਉਤਪਾਦ ਖਰੀਦ ਕੇ ਆਪਣੇ ਨੁਕਸਾਨ ਨੂੰ ਦੁੱਗਣਾ ਕਰ ਬਹਿੰਦੇ ਹਨ।

ਇਸ ਗੁੰਝਲਦਾਰ ਮਸਲੇ ਦਾ ਹੱਲ ਸਹਿਕਾਰੀ ਸਭਾਵਾਂ ਹੋ ਸਕਦੀਆਂ ਹਨ। ਸਹਿਕਾਰੀ ਸਭਾਵਾਂ ਨੂੰ ਚਾਹੀਦਾ ਹੈ ਕਿ ਉਹ ਕਰਜ਼ੇ ਦੀ ਪੂਰੀ ਰਕਮ ਨਕਦੀ ਵਿਚ ਦੇਣ ਦੀ ਬਜਾਇ ਖੇਤੀ ਸਮੱਗਰੀ ਜਿਵੇਂ ਵਧੀਆ ਬੀਜ, ਖਾਦ ਅਤੇ ਕੀਟਨਾਸ਼ਕ ਮੁਕਾਬਲੇ ਵਾਲੀਆਂ ਕੀਮਤਾਂ 'ਤੇ ਥੋਕ ਵਿਚ ਖਰੀਦਣ ਅਤੇ ਕਿਸਾਨਾਂ ਨੂੰ ਘੱਟ ਵਿਆਜ ਤੇ ਕਰਜ਼ੇ ਦੇ ਰੂਪ ਵਿਚ ਉਧਾਰ ਮਾਮੂਲੀ ਮੁਨਾਫ਼ੇ 'ਤੇ ਵੇਚਣ। ਸੁਸਾਇਟੀਆਂ ਖੇਤੀ ਮਸ਼ੀਨਰੀ ਅਤੇ ਸੰਦ ਵਾਜਬਿ ਕਿਰਾਏ 'ਤੇ ਕਿਸਾਨਾਂ ਨੂੰ ਮੁਹੱਈਆ ਕਰਵਾ ਸਕਦੀਆਂ ਹਨ। ਇਸ ਨਾਲ ਕਿਸਾਨਾਂ ਅਤੇ ਸਹਿਕਾਰੀ ਅਦਾਰਿਆਂ, ਦੋਵਾਂ ਨੂੰ ਫਾਇਦਾ ਹੋਵੇਗਾ।

ਕਿਸਾਨਾਂ ਦੀ ਰੋਜ਼ਾਨਾ, ਹਫਤਾਵਾਰੀ ਜਾਂ ਮਹੀਨਾਵਾਰ ਕਮਾਈ ਦੇ ਸਰੋਤ ਪੈਦਾ ਕਰਨ ਲਈ ਸਹਿਕਾਰੀ ਸਭਾਵਾਂ ਖੇਤੀ ਸਹਾਇਕ ਕਿੱਤਿਆਂ ਅਤੇ ਖੇਤੀ ਉਤਪਾਦਾਂ ਲਈ ਖਰੀਦ ਅਤੇ ਪ੍ਰੋਸੈਸਿੰਗ ਕੇਂਦਰ ਵੀ ਬਣਾ ਸਕਦੀਆਂ ਹਨ। ਜੇਕਰ ਸੰਭਵ ਹੋਵੇ ਤਾਂ ਉਹ ਸੀਮਾਂਤ ਕਿਸਾਨਾਂ ਨੂੰ ਪ੍ਰੋਸੈਸਿੰਗ ਯੂਨਿਟਾਂ ਵਿਚ ਪਾਰਟ-ਟਾਈਮ ਆਧਾਰ 'ਤੇ ਨੌਕਰੀ ਦੇ ਸਕਦੇ ਹਨ। ਇਸ ਤਰ੍ਹਾਂ ਸਹਿਕਾਰੀ ਸਭਾਵਾਂ ਕਿਸਾਨਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਵਿਚ ਮਹੱਤਵਪੂਰਨ ਯੋਗਦਾਨ ਪਾ ਸਕਦੀਆਂ ਹਨ ਅਤੇ ਖੇਤੀਬਾੜੀ ਨੂੰ ਟਿਕਾਊ ਬਹੁ-ਕਾਰਜਕਾਰੀ ਕਿੱਤਾ ਬਣਾ ਸਕਦੀਆਂ ਹਨ।

ਪੰਜਾਬ ਵਿਚ 19164 ਸਹਿਕਾਰੀ ਸਭਾਵਾਂ ਹਨ ਜਿਨ੍ਹਾਂ ਵਿਚੋਂ 3953 ਪ੍ਰਾਇਮਰੀ ਜਾਂ ਮੁਢਲੀਆਂ ਐਗਰੀਕਲਚਰ ਕੋਆਪਰੇਟਿਵ ਕਰੈਡਿਟ ਸੁਸਾਇਟੀਆਂ (ਪੀ.ਏ.ਸੀ.ਐੱਸ.) ਹਨ। ਇਨ੍ਹਾਂ ਵਿਚੋਂ 56% ਲਾਭ ਵਿਚ ਹਨ ਅਤੇ 38.6 ਘਾਟੇ ਵਿਚ ਜਦਕਿ ਬਾਕੀ 'ਨਾ ਲਾਭ, ਨਾ ਨੁਕਸਾਨ' ਦੀ ਸਥਿਤੀ ਵਿਚ ਹਨ। ਸਹਿਕਾਰੀ ਸਭਾਵਾਂ ਵਿਚ ਪ੍ਰਸ਼ਾਸਕੀ ਸੁਧਾਰ ਅਤੇ ਫੰਡਾਂ ਦੀ ਸੁਯੋਗ ਵਰਤੋਂ ਕਰਦੇ ਹੋਏ ਪੰਜਾਬ ਸਰਕਾਰ, ਕੇਂਦਰੀ ਕੈਬਨਿਟ ਦੇ ਸਹਿਕਾਰੀ ਸਭਾਵਾਂ ਦੇ ਘੇਰੇ ਨੂੰ ਵਧਾਉਣ ਦੇ ਤਾਜ਼ੇ ਫੈਸਲੇ ਤੋਂ ਲਾਭ ਉਠਾ ਕੇ ਆਪਣੀਆਂ ਸਹਿਕਾਰੀ ਸਭਾਵਾਂ ਨੂੰ ਹੋਰ ਵਧਾ ਸਕਦੀ ਹੈ। ਨਾ ਸਿਰਫ਼ ਸਹਿਕਾਰੀ ਸਭਾਵਾਂ ਦੇ ਘੇਰੇ ਤੋਂ ਬਾਹਰਲੇ ਪਿੰਡਾਂ 'ਚ ਨਵੇਂ ਪੀ.ਏ.ਸੀ.ਐੱਸ. ਬਣਾ ਕੇ ਗਿਣਤੀ 'ਚ ਵਾਧਾ ਕੀਤਾ ਜਾ ਸਕਦਾ ਹੈ ਸਗੋਂ ਇਸ ਨੀਤੀ ਅਧੀਨ ਪੀ.ਏ.ਸੀ.ਐੱਸ. ਨੂੰ ਉਨ੍ਹਾਂ ਦੀ ਕੁਸ਼ਲ, ਪਾਰਦਰਸ਼ੀ ਤੇ ਜਵਾਬਦੇਹ ਕਾਰਗੁਜ਼ਾਰੀ ਲਈ ਕੰਪਿਊਟਰੀਕਰਨ ਤੇ ਸਹਿਕਾਰੀ ਧੰਦਿਆਂ ਲਈ ਫੰਡ ਲੈਣ ਦੀ ਵੀ ਕੋਸ਼ਿਸ਼ ਕੀਤੀ ਜਾ ਸਕਦੀ ਹੈ।

ਕੇਂਦਰ ਸਰਕਾਰ ਨੇ ਅਗਲੇ ਪੰਜ ਸਾਲਾਂ ਦੌਰਾਨ ਸਹਿਕਾਰੀ ਸਭਾਵਾਂ ਦੇ ਘੇਰੇ ਤੋਂ ਬਾਹਰਲੇ ਪਿੰਡਾਂ ਵਿਚ ਦੋ ਲੱਖ ਨਵੇਂ ਪੀ.ਏ.ਸੀ.ਐੱਸ. ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਸਹਿਕਾਰਤਾ ਮੰਤਰਾਲੇ ਨੇ ਮੱਛੀ ਪਾਲਣ, ਪਸ਼ੂ ਪਾਲਣ ਅਤੇ ਡੇਅਰੀ ਯੋਜਨਾਵਾਂ ਦੇ ਮੰਤਰਾਲੇ ਨਾਲ ਤਾਲਮੇਲ ਕਰ ਕੇ ਮੌਜੂਦਾ ਪੀ.ਏ.ਸੀ.ਐੱਸ. ਨੂੰ ਮਜ਼ਬੂਤ ਕਰਨ ਦਾ ਫੈਸਲਾ ਕੀਤਾ ਹੈ। ਡੇਅਰੀ ਵਿਕਾਸ ਲਈ ਰਾਸ਼ਟਰੀ ਪ੍ਰੋਗਰਾਮ (ਐਨ.ਪੀ.ਡੀ.ਡੀ.), ਡੇਅਰੀ ਪ੍ਰਾਸੈਸਿੰਗ ਅਤੇ ਬੁਨਿਆਦੀ ਢਾਂਚਾ ਵਿਕਾਸ ਫੰਡ (ਡੀ.ਆਈ.ਡੀ.ਐੱਫ.), ਮੱਛੀ ਪਾਲਣ ਅਤੇ ਐਕੁਆ-ਕਲਚਰ ਬੁਨਿਆਦੀ ਢਾਂਚਾ ਵਿਕਾਸ (ਐੱਫ.ਆਈ.ਡੀ.ਐੱਫ.) ਅਤੇ ਪ੍ਰਧਾਨ ਮੰਤਰੀ ਮੱਛੀ ਪਾਲਣ ਧਨ ਯੋਜਨਾ ਜਾਂ ਪ੍ਰਧਾਨ ਮੰਤਰੀ ਮਤਸਿਆ ਸੰਪਦਾ ਯੋਜਨਾ (ਪੀ.ਐੱਮ.ਐੱਮ.ਐੱਸ.ਵਾਈ.) ਸਕੀਮਾਂ ਨੂੰ ਇਕੱਠੇ ਕਰਨ ਲਈ, ਨਾਬਾਰਡ, ਐੱਨ.ਡੀ.ਡੀ.ਬੀ. ਅਤੇ ਐੱਨ.ਐੱਫ.ਡੀ.ਬੀ. ਨੂੰ ਖਰੜਾ ਤਿਆਰ ਕਰਨ ਦਾ ਕੰਮ ਸੌਂਪਿਆ ਗਿਆ ਹੈ।

ਸਹਿਕਾਰੀ ਸਭਾਵਾਂ ਦੇ ਘੇਰੇ ਤੋਂ ਬਾਹਰ ਰਹਿ ਗਏ ਪੰਜਾਬ ਦੇ ਪਿੰਡਾਂ ਵਿਚ ਹੋਰ ਪ੍ਰਾਇਮਰੀ ਐਗਰੀਕਲਚਰਲ ਕੋਆਪ੍ਰੇਟਿਵ/ਕ੍ਰੈਡਿਟ ਸੁਸਾਇਟੀਆਂ (ਪੀ.ਏ.ਸੀ.ਐੱਸ.) ਸਥਾਪਿਤ ਕਰਨੀਆਂ ਚਾਹੀਦੀਆਂ ਹਨ ਅਤੇ ਘੱਟੋ-ਘੱਟ 25 ਏਕੜ ਦੀ ਇਕਾਈ ਬਣਾਉਣ ਲਈ 2.5 ਤੋਂ 5 ਏਕੜ ਜ਼ਮੀਨ ਦੀਆਂ ਮਲਕੀਅਤਾਂ ਮਿਲਾ ਕੇ ਸਹਿਕਾਰੀ ਖੇਤੀ ਸ਼ੁਰੂ ਕਰਨੀ ਚਾਹੀਦੀ ਹੈ। 5-10 ਏਕੜ ਅਤੇ 10-25 ਜ਼ਮੀਨ ਮਲਕੀਅਤਾਂ ਮਿਲਾ ਕੇ ਬਿਨਾਂ ਪੰਚਾਇਤੀ ਜ਼ਮੀਨ ਦੇ 35-50 ਏਕੜ ਦੇ ਸਹਿਕਾਰੀ ਫਾਰਮ ਬਣਾਏ ਜਾ ਸਕਦੇ ਹਨ। ਇਨ੍ਹਾਂ ਫਾਰਮਾਂ ਨੂੰ ਵੀ ਉਹੀ ਸਹੂਲਤਾਂ ਦਿੱਤੀਆਂ ਜਾਣ ਜੋ ਹੋਰ ਸਹਿਕਾਰੀ ਫਾਰਮਾਂ ਨੂੰ ਦਿੱਤੀਆਂ ਜਾਂਦੀਆਂ ਹਨ।

ਸਹਿਕਾਰੀ ਫਾਰਮਾਂ ਦੇ ਮੈਂਬਰਾਂ ਨੂੰ ਫ਼ਸਲੀ ਵੰਨ-ਸਵੰਨਤਾ, ਬਹੁ-ਫ਼ਸਲੀ ਖੇਤੀ ਦੀਆਂ ਉੱਨਤ ਤਕਨੀਕਾਂ, ਖੇਤੀ ਉਤਪਾਦਾਂ ਦੀ ਪ੍ਰੋਸੈਸਿੰਗ ਅਤੇ ਹੋਰ ਸਹਾਇਕ ਖੇਤਰਾਂ ਵਿਚ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ ਜਿਸ ਨਾਲ ਨਾ ਸਿਰਫ਼ ਸੀਮਾਂਤ, ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਸਗੋਂ ਵੱਡੇ ਕਿਸਾਨਾਂ ਨੂੰ ਵੀ ਲਾਭ ਹੋਵੇਗਾ ਅਤੇ ਸਹਿਕਾਰੀ ਸਭਾਵਾਂ ਦਾ ਰੋਲ ਤੇ ਮੁਨਾਫ਼ਾ ਵਧੇਗਾ। ਨੀਤੀ ਬਣਾਉਣ ਅਤੇ ਭ੍ਰਿਸ਼ਟਾਚਾਰ 'ਤੇ ਰੋਕ ਨੂੰ ਛੱਡ ਕੇ ਬਾਕੀ ਕੰਮਾਂ ਵਿਚ ਸਿਆਸੀ ਅਤੇ ਅਫਸਰਸ਼ਾਹੀ ਦੀ ਦਖਲਅੰਦਾਜ਼ੀ 'ਤੇ ਰੋਕ ਲਗਾਉਂਦੇ ਹੋਏ ਪੰਜਾਬ ਸਰਕਾਰ ਨੂੰ ਸਹਿਕਾਰੀ ਸਭਾਵਾਂ, ਸਹਿਕਾਰੀ ਖੇਤੀ ਅਤੇ ਸਹਿਕਾਰੀ ਧੰਦਿਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

# ਅਦਾਕਾਰਾ ਕੈਟਰੀਨਾ ਕੈਫ ਉਰਫ ਜਾਸੂਸ ਜ਼ੋਇਆ



ਫਿਲਮ ਅਦਾਕਾਰਾ ਕੈਟਰੀਨਾ ਕੈਫ ਐਕਸ਼ਨ ਫਿਲਮ 'ਟਾਈਗਰ 3' ਨਾਲ ਆਣ ਹਾਜ਼ਰ ਹੋਈ ਹੈ। ਇਸ ਫਿਲਮ ਵਿਚ ਕੈਟਰੀਨਾ ਕੈਫ ਨੇ ਜਾਸੂਸ ਜ਼ੋਇਆ ਦਾ ਕਿਰਦਾਰ ਨਿਭਾਇਆ ਹੈ। ਕੈਟਰੀਨਾ ਨੇ ਇਸ ਕਿਰਦਾਰ ਲਈ ਆਪਣੇ ਆਪ ਨੂੰ ਢਾਲਣ ਲਈ ਦੋ ਮਹੀਨੇ ਸਖਤ ਮਿਹਨਤ ਕੀਤੀ। ਇਸ ਫਿਲਮ ਵਿਚ ਕੈਟਰੀਨਾ ਦਾ ਕਿਰਦਾਰ ਸਲਮਾਨ ਖਾਨ ਨਾਲੋਂ ਘੱਟ ਨਹੀਂ ਅਤੇ ਉਹਨੇ ਇਸ ਫਿਲਮ ਵਿਚ ਕਈ ਸਟੰਟ ਵੀ ਕੀਤੇ ਹਨ।

ਕੈਟਰੀਨਾ ਕੈਫ ਨੇ ਕਿਹਾ, "ਫਿਲਮ 'ਟਾਈਗਰ 3' ਰਾਹੀਂ ਪਤਾ ਲੱਗਦਾ ਹੈ ਕਿ ਅਜਿਹਾ ਕੁਝ ਵੀ ਨਹੀਂ ਹੈ ਜੋ ਕੋਈ ਔਰਤ ਨਹੀਂ ਕਰ ਸਕਦੀ। ਜ਼ੋਇਆ ਦੇ ਕਿਰਦਾਰ ਰਾਹੀਂ ਲੋਕਾਂ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਕੁੜੀਆਂ ਪਾਲਣ-ਪੋਸ਼ਣ ਕਰਨ ਵਾਲੀਆਂ ਦੇ ਨਾਲ-ਨਾਲ ਕਾਮਯਾਬ ਰੱਖਿਅਕ ਵੀ ਹੋ ਸਕਦੀਆਂ ਹਨ।" ਕੈਟਰੀਨਾ ਨੇ ਖੁਲਾਸਾ ਕੀਤਾ ਕਿ 'ਟਾਈਗਰ 3' ਦੇ ਚੁਣੌਤੀਪੂਰਨ ਐਕਸ਼ਨ ਸੀਨ ਲਈ ਉਸ ਨੇ ਸਰੀਰਕ ਪੱਖੋਂ ਸਖਤ ਮਿਹਨਤ ਕੀਤੀ। ਫਿਲਮ 'ਟਾਈਗਰ 3' ਆਦਿਤਿਆ ਚੋਪੜਾ ਨੇ ਬਣਾਈ ਹੈ। ਮਨੀਸ਼ ਸ਼ਰਮਾ ਇਸ ਦੇ ਨਿਰਦੇਸ਼ਕ ਹਨ। ਇਹ ਫਿਲਮ ਦੀਵਾਲੀ ਮੌਕੇ ਰਿਲੀਜ਼ ਕੀਤੀ ਗਈ। ਇਸ ਨੇ ਪਹਿਲੇ ਹੀ ਦਿਨ ਬਾਕਸ ਆਫਿਸ 'ਤੇ 44.50 ਕਰੋੜ ਰੁਪਏ ਕਮਾਏ। ਇਸ ਫਿਲਮ ਵਿਚ ਕੈਟਰੀਨਾ ਕੈਫ਼ ਤੋਂ ਇਲਾਵਾ ਸਲਮਾਨ ਖਾਨ ਅਤੇ ਇਮਰਾਨ ਹਾਸ਼ਮੀ ਵੀ ਹਨ।

ਕੈਟਰੀਨਾ ਕੈਫ ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ 2003 ਵਿਚ ਫਿਲਮ 'ਬੂਮ' ਨਾਲ ਕੀਤਾ ਸੀ। 'ਨਮਸਤੇ ਲੰਡਨ', 'ਅਪਨੇ', 'ਪਾਰਟਨਰ', 'ਵੈਲਕਮ', 'ਰੇਸ', 'ਸਿੰਘ ਇਜ਼ ਕਿੰਗ', 'ਦੇ ਦਨਾ ਦਨ', 'ਰਾਜਨੀਤੀ', 'ਜ਼ਿੰਦਗੀ ਨਾ ਮਿਲੇਗੀ ਦੁਬਾਰਾ', 'ਬੌਡੀਗਾਰਡ', 'ਅਗਨੀਪਥ', 'ਏਕ ਥਾ ਟਾਈਗਰ', 'ਧੂਮ 3', 'ਟਾਈਗਰ ਜ਼ਿੰਦਾ ਹੈ' ਆਦਿ ਉਸ ਦੀਆਂ ਅਹਿਮ ਫਿਲਮਾਂ ਹਨ। *-ਗੁਰਜੰਟ ਸਿੰਘ*

# ਸੁਸ਼ਮਿਤਾ ਦੇ ਚੰਗੇ ਕੰਮਾਂ ਦਾ ਵੇਲਾ

ਅਦਾਕਾਰਾ ਸੁਸ਼ਮਿਤਾ ਸੇਨ ਦਾ ਕਹਿਣਾ ਹੈ ਕਿ ਇੱਕ ਸਮੇਂ ਬਾਕਸ ਆਫਿਸ ਦੀ ਸਫਲਤਾ ਉਸ ਲਈ ਸਫਲ ਹੋਣ ਦਾ ਪੈਮਾਨਾ ਹੁੰਦੀ ਸੀ ਪਰ ਹੁਣ ਉਹ ਚੰਗੇ ਕੰਮ ਨੂੰ ਵਧੇਰੇ ਤਰਜੀਹ ਦਿੰਦੀ ਹੈ। 'ਬੀਬੀ ਨੰਬਰ-1', 'ਫਿਲਹਾਲ', 'ਆਂਖੇਂ' ਅਤੇ 'ਮੈਂ ਹੂੰ ਨਾ' ਜਿਹੀਆਂ ਫਿਲਮਾਂ ਰਾਹੀਂ ਪ੍ਰਸਿੱਧੀ ਹਾਸਲ ਕਰਨ ਵਾਲੀ ਸੁਸ਼ਮਿਤਾ ਸੇਨ ਪੰਜ ਸਾਲ ਫਿਲਮੀ ਦੁਨੀਆ ਤੋਂ ਦੂਰ ਰਹੀ। ਉਸ ਨੇ 2020 ਵਿਚ 'ਡਿਜ਼ਨੀ ਪਲੱਸ ਹੌਟਸਟਾਰ' ਓ.ਟੀ.ਟੀ. ਪਲੈਟਫਾਰਮ 'ਤੇ 'ਆਰਿਆ' ਨਾਲ ਵਾਪਸੀ ਕੀਤੀ ਸੀ।

ਸੁਸ਼ਮਿਤਾ ਸੇਨ ਨੇ ਕਿਹਾ ਕਿ ਜਦੋਂ ਉਸ ਨੇ ਫਿਲਮ ਜਗਤ ਵਿਚ ਸ਼ੁਰੂਆਤ ਕੀਤੀ ਸੀ ਤਾਂ ਉਸ ਦਾ ਮਕਸਦ ਇਹ ਸੀ ਕਿ ਉਸ ਦੀਆਂ ਫਿਲਮਾਂ ਸਫਲ ਹੋਣ ਅਤੇ ਉਹ ਸੋਚਦੀ ਹੁੰਦੀ ਸੀ ਕਿ ਸਫਲ ਹੋਣ ਲਈ ਫਿਲਮ ਨੂੰ ਕਿੰਨੇ ਕਰੋੜ ਰੁਪਏ ਦਾ ਕਾਰੋਬਾਰ ਕਰਨਾ ਹੋਵੇਗਾ। ਸੁਸ਼ਮਿਤਾ ਨੇ ਕਿਹਾ, "ਹੁਣ ਮੈਂ ਆਪਣੇ ਪਿੱਛੇ ਚੰਗੇ ਕੰਮ ਦੀ ਵਿਰਾਸਤ ਛੱਡ ਕੇ ਜਾਣਾ ਚਾਹੁੰਦੀ ਹਾਂ।" ਸੇਨ ਦੀ ਲੜੀ 'ਆਰਿਆ' ਦਾ ਤੀਜਾ ਸੀਜ਼ਨ ਹੁਣੇ-ਹੁਣੇ 'ਡਿਜ਼ਨੀ ਪਲੱਸ ਹੌਟਸਟਾਰ' 'ਤੇ ਰਿਲੀਜ਼ ਹੋਇਆ ਹੈ। ਰਾਮ ਮਾਧਵਾਨੀ ਅਤੇ ਸੰਦੀਪ ਮੋਦੀ ਵੱਲੋਂ ਬਣਾਇਆ 'ਆਰਿਆ' ਡੱਚ ਲੜੀ 'ਪੇਨੋਜ਼ਾ' ਦਾ ਰੀਮੇਕ ਹੈ। ਇਸ ਦੀ ਕਹਾਣੀ ਔਰਤ ਦੇ ਸੰਘਰਸ਼ ਦੀ ਕਹਾਣੀ ਹੈ ਜੋ ਆਪਣੇ ਪਰਿਵਾਰ ਨੂੰ ਬਚਾਉਣ ਲਈ ਸੰਘਰਸ਼ ਕਰਦੀ ਹੈ। ਸੁਸ਼ਮਿਤਾ ਸੇਨ ਮੁਤਾਬਿਕ, ਹੁਣ ਉਸ ਦਾ ਇਹ ਯਤਨ ਰਹੇਗਾ ਕਿ ਚੋਣਵੀਆਂ ਫਿਲਮਾਂ ਹੀ ਕੀਤੀ ਜਾਣ ਤਾਂ ਕਿ ਦਰਸ਼ਕਾਂ ਨੂੰ ਮਿਆਰੀ ਸਿਨੇਮਾ ਦਿੱਤਾ ਜਾ ਸਕੇ। ਸੁਸ਼ਮਿਤਾ ਸੇਨ ਨੇ 18 ਵਰ੍ਹਿਆਂ ਦੀ ਉਮਰ ਵਿਚ ਮਿਸ ਯੂਨੀਵਰਸ ਦਾ ਖਿਤਾਬ ਜਿੱਤਿਆ ਸੀ ਅਤੇ 1996 ਵਿਚ ਫਿਲਮ 'ਦਸਤਕ' ਨਾਲ ਫਿਲਮੀ ਕਰੀਅਰ ਆਰੰਭ ਕੀਤਾ ਸੀ। *-ਆਮਨਾ ਕੌਰ*



# ਔਰਤਾਂ ਦੇ ਹੱਕ ਵਿਚ ਖੜ੍ਹਨ ਵਾਲਾ ਬੀ.ਆਰ. ਚੋਪੜਾ


ਕੋਈ ਵੀ ਅਜਿਹਾ ਹਿੰਦੀ ਸਿਨੇਮਾ ਪ੍ਰੇਮੀ ਨਹੀਂ ਹੋਵੇਗਾ ਜੋ ਬਲਦੇਵ ਰਾਜ ਚੋਪੜਾ ਨੂੰ ਨਾ ਜਾਣਦਾ ਹੋਵੇ; ਵਿਸ਼ੇਸ਼ ਕਰ ਕੇ ਗਹਿਰਾਈ ਨਾਲ ਸਿਨੇਮਾ ਨੂੰ ਮਾਣਨ ਤੇ ਸਮਝਣ ਵਾਲਾ ਤਾਂ ਅਜਿਹਾ ਕੋਈ ਵੀ ਸ਼ਖ਼ਸ ਨਹੀਂ ਹੋਵੇਗਾ। ਲਾਹੌਰ ਤੋਂ ਚੱਲ ਕੇ ਬੰਬੇ (ਮੁੰਬਈ) ਤੱਕ ਦਾ ਰਸਤਾ ਤੈਅ ਕਰਨ ਵਾਲਾ ਇਹ ਫਿਲਮੀ ਕਾਮਾ ਕਦੇ ਥੱਕਿਆ ਹਾਰਿਆ ਨਹੀਂ ਤੇ ਆਪਣੇ ਬਲਬੂਤੇ ਆਪਣਾ ਮੁਕਾਮ ਹਾਸਲ ਕੀਤਾ। ਉਸ ਦਾ ਜਨਮ 22 ਅਪਰੈਲ 1914 ਨੂੰ ਹੋਇਆ। ਐੱਮ.ਏ.

**ਸੁਖਮਿੰਦਰ ਸਿੰਘ ਸੇਖੋਂ**
**ਫੋਨ: +91-98145-07693**

ਅੰਗਰੇਜ਼ੀ ਲਿਟਰੇਚਰ ਵਿਚ ਕਰਨ ਵਾਲੇ ਇਸ ਸ਼ਖ਼ਸ ਨੇ ਆਪਣੇ ਸ਼ੁਰੂਆਤੀ ਦੌਰ ਵਿਚ ਫਿਲਮੀ ਪੱਤਰਕਾਰੀ ਵੀ ਕੀਤੀ ਪਰ ਫਿਲਮਾਂ ਵਿਚ ਨਿਰਦੇਸ਼ਨ ਕਰਨ ਦੇ ਜਨੂਨ ਨੇ ਫਿਲਮ ਇੰਡਸਟਰੀ ਵਿਚ ਉਸ ਲਈ ਆਪਣੇ ਦੁਆਰ ਖੋਲ੍ਹ ਦਿੱਤੇ ਅਤੇ ਉਸ ਨੇ ਫਿਲਮ 'ਚਾਂਦਨੀ ਚੌਕ' ਨਾਲ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਕਰ ਕੇ।

ਬੀ.ਆਰ. ਨੇ ਆਪਣੇ ਲੰਮੇ ਕਾਰਜਕਾਲ ਦੌਰਾਨ ਬੇਸ਼ੱਕ ਅਨੇਕਾਂ ਫਿਲਮਾਂ ਦਾ ਨਿਰਮਾਣ ਕੀਤਾ ਪਰ ਇੱਥੇ ਆਪਾਂ ਕੇਵਲ ਉਸ ਦੀਆਂ ਕੁਝ ਕੁ ਫਿਲਮਾਂ ਦਾ ਜ਼ਿਕਰ ਹੀ ਕਰਾਂਗੇ। ਉਸ ਨੇ ਸਿਨੇਮਾ ਪ੍ਰੇਮੀਆਂ ਨੂੰ ਮਨੋਰੰਜਨ ਦੇ ਨਾਲ ਨਾਲ ਸੋਧਾਤਮਕ ਫਿਲਮਾਂ ਵੀ ਦਿੱਤੀਆਂ ਜਿਵੇਂ 'ਕਾਨੂੰਨ', 'ਸਾਧਨਾ', 'ਇਤਫਾਕ', 'ਆਦਮੀ ਔਰ ਇਨਸਾਨ'। 'ਗੁੰਮਰਾਹ' ਤੇ 'ਵਕਤ' ਵੀ ਚੰਗੀਆਂ ਫਿਲਮਾਂ ਵਿਚ ਸ਼ੁਮਾਰ ਹੁੰਦੀਆਂ ਹਨ ਪਰ ਇੱਥੇ ਉਸ ਦੀਆਂ ਕੇਵਲ ਦੋ ਫਿਲਮਾਂ ਦਾ ਹੀ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਾਂਗੇ, ਉਹ ਹਨ 'ਨਿਕਾਹ' ਤੇ 'ਇਨਸਾਫ ਕਾ ਤਰਾਜ਼ੂ'। 'ਨਿਕਾਹ' ਵਿਚ ਰਾਜ ਬੱਬਰ ਦੇ ਨਾਲ ਦੋ ਨਵੇਂ ਚਿਹਰਿਆਂ ਦੀਪਕ ਪ੍ਰਾਸ਼ਰ ਅਤੇ ਪਾਕਿਸਤਾਨੀ ਅਦਾਕਾਰਾ ਤੇ ਗਾਇਕਾ ਸਲਮਾ ਆਗਾ ਨੂੰ ਪੇਸ਼ ਕੀਤਾ ਗਿਆ ਸੀ। ਦੋ ਪ੍ਰੇਮੀ (ਦੀਪਕ ਤੇ ਸਲਮਾ) ਜਦੋਂ ਵਿਆਹ ਬੰਧਨ ਵਿਚ ਬੱਝ ਜਾਂਦੇ ਹਨ ਤਾਂ ਸ਼ੁਰੂਆਤ ਦੇ ਕੁਝ ਦਿਨ ਤਾਂ ਠੀਕ ਹੀ ਬੀਤਦੇ ਹਨ ਜਿਵੇਂ ਆਮ ਜੀਵਨ ਵਿਚ ਸਾਰਿਆਂ ਨਾਲ ਹੁੰਦਾ ਹੈ ਪਰ ਹੌਲੀ-ਹੌਲੀ ਜ਼ਿੰਦਗੀ ਦੂਸਰੀ ਤਰਫ਼ ਕਰਵਟ ਲੈਣ ਲੱਗਦੀ ਹੈ ਤੇ ਦੋਵਾਂ ਦੇ ਵਿਆਹੁਤਾ ਜੀਵਨ ਵਿਚ ਤਰੇੜਾਂ ਪੈਣ ਲੱਗਦੀਆਂ ਹਨ। ਤੂੰ-ਤੂੰ ਮੈਂ-ਮੈਂ ਤੋਂ ਹੱਥੋਪਾਈ ਤੱਕ ਵੀ ਗੱਲ ਵਧਣ ਲੱਗਦੀ ਹੈ ਪਰ ਇਸ ਦਰਮਿਆਨ ਸਲਮਾ ਨੂੰ ਜ਼ਿੰਦਗੀ ਦੇ ਇਸ ਮੋੜ 'ਤੇ ਰਾਜ ਬੱਬਰ ਨਾਂ ਦਾ ਨੌਜਵਾਨ ਮਿਲਦਾ ਹੈ ਜੋ ਸਲਮਾ ਵਾਂਗ ਹੀ ਕਲਾ ਪ੍ਰੇਮੀ ਹੈ ਤੇ ਉਸ ਵਾਂਗ ਹੀ ਗਾਉਣ ਦਾ ਸ਼ੌਕ ਰੱਖਦਾ ਹੈ। ਗੀਤ ਗਾਉਣ ਵਿਚ ਇੱਕ ਦੂਸਰੇ ਦੀ ਕਹਾਣੀ ਬਿਆਨ ਹੋਣ ਲੱਗਦੀ ਹੈ। ਕਹਾਣੀ ਹੋਰ ਅਗਾਂਹ ਤੁਰਦੀ ਹੈ ਤੇ ਸਲਮਾ ਦੀਪਕ ਤੋਂ ਤਲਾਕ ਲੈ ਕੇ ਰਾਜ ਦੀ ਹੋ ਜਾਂਦੀ ਹੈ ਪਰ ਫਿਲਮ ਦਾ ਕਲਾਈਮੈਕਸ ਦੇਖਣਯੋਗ ਹੈ। ਸਲਮਾ ਚੀਕ ਉੱਠਦੀ ਹੈ, "ਪਹਿਲਾਂ ਇੱਕ ਨਾਲ ਪਿਆਰ ਕੀਤਾ, ਫੇਰ ਦੂਸਰੇ ਨਾਲ ਅਤੇ ਹੁਣ ਮਰਦ ਸਮਾਜ ਦਾ ਚਲਨ ਦੇਖੋ, ਦੂਸਰਾ ਸ਼ਖ਼ਸ ਮੈਨੂੰ ਤਲਾਕ ਦੇਣ ਲਈ ਕਹਿੰਦਾ ਹੈ? ਮੈਂ ਤਾਂ ਸਮਝੋ ਦੋ ਮਰਦਾਂ ਵਿਚਕਾਰ ਘਿਰ ਗਈ, ਨਾ ਇਸ ਦੀ ਰਹੀ ਤੇ ਨਾ ਦੂਸਰੇ ਦੀ ਹੋਈ? ਔਰਤ ਜਾਵੇ ਤਾਂ ਕਿੱਥੇ ਜਾਵੇ? ਕੀ ਔਰਤ ਕਠਪੁਤਲੀ ਹੈ?" ਇਸ ਕਲਾਈਮੈਕਸ ਨੂੰ ਦੇਖ ਕੇ ਦਰਸ਼ਕ ਵੀ ਸੁੰਨ ਰਹਿ ਜਾਂਦਾ ਹੈ। ਫਿਲਮ ਸੁਪਰ ਹਿੱਟ ਸਾਬਤ ਹੋਈ ਤੇ ਦਰਸ਼ਕਾਂ ਤੋਂ ਇਲਾਵਾ ਸਿਨੇਮਾ ਆਲੋਚਕਾਂ ਵੱਲੋਂ ਵੀ ਇਸ ਨੂੰ ਵਧੀਆ ਨੰਬਰ ਦਿੱਤੇ ਗਏ। ਇਸ ਫਿਲਮ ਦਾ ਪਹਿਲਾਂ ਨਾਮਕਰਨ 'ਤਲਾਕ, ਤਲਾਕ, ਤਲਾਕ' ਕੀਤਾ ਸੀ ਪਰ ਬੀ.ਆਰ. ਨੇ ਕੁਝ ਸਿਆਣੇ ਬੰਦਿਆਂ ਦੀ ਸਲਾਹ ਨਾਲ ਇਸ ਦਾ ਅੰਤਿਮ ਨਾਮ ਰੱਖਿਆ- 'ਨਿਕਾਹ'।

ਫਿਲਮ 'ਇਨਸਾਫ ਕਾ ਤਰਾਜ਼ੂ' ਵੀ ਇਸਤਰੀ ਮਨ ਤੇ ਮਸਲੇ ਨਾਲ ਸਬੰਧਿਤ ਸੀ ਪਰ ਇਸ ਦਾ ਵਿਸ਼ਾ ਪਹਿਲੀ ਨਾਲੋਂ ਬਿਲਕੁਲ ਹਟ ਕੇ ਸੀ। ਮਾਡਲ ਜ਼ੀਨਤ ਅਮਾਨ ਉੱਪਰ ਰਾਜ ਬੱਬਰ ਫਿਦਾ ਹੋ ਜਾਂਦਾ ਹੈ। ਫਿਦਾ ਤੋਂ ਭਾਵ ਇਹ ਨਹੀਂ ਕਿ ਉਹ ਉਸ ਨੂੰ ਦਿਲੋਂ ਪ੍ਰੇਮ ਪਿਆਰ ਕਰਨ ਲੱਗਦਾ ਹੈ ਬਲਕਿ ਇੰਦਾਂ ਕਹਿ ਸਕਦੇ ਹਾਂ ਕਿ ਉਹ ਉਸ ਦੇ ਰੰਗ ਰੂਪ ਤੇ ਸਰੀਰ ਵੱਲ ਖਿੱਚਿਆ ਜਾਂਦਾ ਹੈ ਪਰ ਜਦੋਂ ਤਿਤਲੀ ਹੱਥ ਨਹੀਂ ਲੱਗਦੀ ਤਾਂ ਉਸ ਦੇ ਖੰਭ ਮਰੋੜਨ ਦਾ ਨਿਸ਼ਚਾ ਕਰ ਲੈਂਦਾ ਹੈ ਤੇ ਉਸ ਨੂੰ ਆਪਣੇ ਇਸ ਨਪਾਕ ਇਰਾਦੇ ਵਿਚ ਸਫਲਤਾ ਵੀ ਹਾਸਲ ਹੁੰਦੀ ਹੈ। ਨਾਇਕਾ ਬਲਾਤਕਾਰ ਦੀ ਸ਼ਿਕਾਰ ਹੋ ਜਾਂਦੀ ਹੈ ਪਰ ਉਹ ਲੜਦੀ ਹੈ। ਆਪਣੀ ਇੱਜ਼ਤ ਦੀ ਬਹਾਲੀ ਵਾਸਤੇ ਲੜਾਈ ਕਰਦੀ ਹੈ ਪਰ ਰਾਜ ਨਾਂ ਦਾ ਪਾਤਰ ਏਥੇ ਹੀ ਚੁੱਪ ਨਹੀਂ ਕਰਦਾ ਜਦੋਂ ਉਸ ਨੂੰ ਜ਼ੀਨਤ ਦੀ ਛੋਟੀ ਭੈਣ ਪਦਮਨੀ ਕੋਹਲਾਪੁਰੀ ਦੀ ਝਲਕ ਮਿਲਦੀ ਹੈ ਤਾਂ ਉਹ ਉਸ ਨਾਬਾਲਗ 'ਤੇ ਵੀ ਮੋਹਿਤ ਹੋ ਜਾਂਦਾ ਹੈ ਅਤੇ ਆਪਣੀ ਅਯਾਸ਼ੀ ਨੂੰ ਅੰਜਾਮ ਦਿੰਦਾ ਹੈ। ਉਹ ਪਦਮਨੀ ਨੂੰ ਹੌਲੀ-ਹੌਲੀ ਪਿਆਰ ਨਾਲ ਤੇ ਫੇਰ ਡਰਾ ਕੇ ਆਪਣਾ ਮਕਸਦ ਪੂਰਾ ਕਰਦਾ ਹੈ। ਮਾਸੂਮ, ਨਾਬਾਲਗ ਅਤੇ ਬੇਵੱਸ ਲੜਕੀ ਕਰ ਵੀ ਕੀ ਸਕਦੀ ਸੀ? ਬੇਸ਼ੱਕ ਇਸ ਕੁਝ ਮਿੰਟਾਂ ਦੇ ਲੰਮੇ ਸੀਨ ਨੂੰ ਚੋਪੜਾ ਪ੍ਰੋਡਕਸ਼ਨ ਨੇ ਚਟਖਾਰੇ ਨਾਲ ਪੇਸ਼ ਕੀਤਾ ਪਰ ਉਹ ਵਿਸ਼ੇ ਪੱਖੋਂ ਆਪਣੇ ਮੰਤਵ ਦੀ ਪੂਰਤੀ ਵੀ ਕਰ ਗਏ। ਜਿਵੇਂ ਕਹਿੰਦੇ ਨੇ ਰਾਵਣ ਜਾਂ ਹਰਨਾਕਸ਼ ਵਗੈਰਾ ਜਿੰਨੇ ਮਰਜ਼ੀ ਅੱਤਿਆਚਾਰ ਕਰ ਲੈਣ, ਅਖੀਰ ਜਿੱਤ ਤਾਂ ਬਦੀ 'ਤੇ ਨੇਕੀ ਦੀ ਹੀ ਹੁੰਦੀ ਹੈ। ਫਿਰ ਦਰਸ਼ਕਾਂ ਸਾਹਮਣੇ ਧਰਮਿੰਦਰ ਆ ਗਰਜਦਾ ਹੈ। ਫ਼ੌਜ ਵਿਚੋਂ ਰਿਟਾਇਰ ਹੋਇਆ ਇਹ ਕਿਰਦਾਰ ਰਾਜ ਬੱਬਰ ਦਾ ਬੱਧ ਕਰ ਦਿੰਦਾ ਹੈ। ਅਦਾਲਤ ਉਸ ਨੂੰ ਸਜ਼ਾ ਸੁਣਾਉਣ ਤੋਂ ਪਹਿਲਾਂ ਉਸ ਦਾ ਪੱਖ ਸੁਣਨਾ ਚਾਹੁੰਦੀ ਹੈ ਤਾਂ ਉਹ ਲੰਮਾ ਡਾਇਲਾਗ ਬੋਲਦਾ ਹੈ ਜਿਸ ਦਾ ਸਾਰ ਹੈ, "ਮੈਂ ਫ਼ੌਜ ਵਿਚ ਰਿਹਾ, ਲੜਾਈ ਵੇਲੇ ਦੁਸ਼ਮਣਾਂ ਦੇ ਛੱਕੇ ਛੁਡਾਏ ਤੇ ਮੇਰੀ ਵਰਦੀ 'ਤੇ ਤਗਮੇ ਤੇ ਤਗਮੇ ਲੱਗਦੇ ਚਲੇ ਗਏ ਪਰ ਅੱਜ? ਬੇਸ਼ੱਕ ਮੈਨੂੰ ਕੋਈ ਵੀ ਤਗਮਾ ਨਾ ਮਿਲੇ ਪਰ ਮੈਨੂੰ ਇਸ ਗੱਲ ਦਾ ਮਾਣ ਹੈ ਕਿ ਜੰਗ ਸਮੇਂ ਮੈਂ ਬਾਹਰੀ ਦੁਸ਼ਮਣਾਂ ਦਾ ਸਫਾਇਆ ਕੀਤਾ ਅਤੇ ਹੁਣ? ਅੱਜ ਘਰ ਦੇ ਦੁਸ਼ਮਣ, ਭਾਵ ਆਪਣੇ ਦੇਸ਼ ਦੇ ਅੰਦਰੂਨੀ ਦੁਸ਼ਮਣ ਨੂੰ ਸਜ਼ਾ ਸੁਣਾਈ ਹੈ ਜਿਸ ਦਾ ਮੈਨੂੰ ਕੋਈ ਦੁੱਖ ਜਾਂ ਪਛਤਾਵਾ ਨਹੀਂ ਬਲਕਿ ਮੈਂ ਇਸ 'ਤੇ ਫਖ਼ਰ ਮਹਿਸੂਸ ਕਰਦਾ ਹਾਂ।"



*ਫਿਲਮਸਾਜ਼ ਬੀ.ਆਰ. ਚੋਪੜਾ।*

ਕੁੱਲ ਮਿਲਾ ਕੇ ਦੇਖਿਆਂ ਤਾਂ ਇਨ੍ਹਾਂ ਦੋ ਫਿਲਮਾਂ ਵਿਚੋਂ ਸਾਡੇ ਪ੍ਰੌੜ ਤੇ ਪੁਰਾਣੇ ਫਿਲਮਸਾਜ਼ ਬਲਦੇਵ ਰਾਜ ਚੋਪੜਾ ਦਾ ਅਕਸ ਇਸਤਰੀ ਪੱਖੀ ਵਜੋਂ ਉੱਭਰਦਾ ਹੈ। ਉਸ ਦੀ ਹੀ ਇੱਕ ਹੋਰ ਫਿਲਮ 'ਬਾਗਬਾਨ' ਦਾ ਜ਼ਿਕਰ ਆਪਾਂ ਕਦੀ ਫੇਰ ਕਰਾਂਗੇ ਪਰ ਚੱਲਦੇ ਚੱਲਦੇ ਏਨਾ ਹੀ ਕਹਿਣਾ ਕਾਫ਼ੀ ਹੋਵੇਗਾ ਕਿ ਜਦੋਂ ਅਮਿਤਾਭ ਬਚਨ ਆਪਣੀ ਨਾਵਲੀ ਰਚਨਾ 'ਬਾਗਬਾਨ' ਦੇ ਪ੍ਰਸੰਗ ਵਿਚ ਸਟੇਜ ਤੋਂ ਉਤਰ ਕੇ ਆਉਂਦਾ ਹੈ ਤਾਂ ਉਸ ਦੀ ਪਤਨੀ ਹੇਮਾ ਮਾਲਿਨੀ ਵੀ ਨਾਲ ਹੁੰਦੀ ਹੈ। ਮੁਆਫ਼ੀ ਵਜੋਂ ਉਨ੍ਹਾਂ ਦੇ ਬੱਚੇ ਆਪਣੇ ਮਾਪਿਆਂ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਨ ਪਰ ਅਮਿਤਾਭ ਬਚਨ ਏਨਾ ਕਹਿ ਕੇ ਆਪਣੀ ਪਤਨੀ ਨਾਲ ਅਗਾਂਹ ਟੁਰ ਪੈਂਦਾ ਹੈ- "ਜੋ ਬੱਚੇ ਅਪਨੇ ਮਾਂ ਬਾਪ ਕੋ ਪਿਆਰ ਨਹੀਂ ਕਰਤੇ, ਉਨਹੇ ਮੈਂ ਕਭੀ ਮਾਫ਼ ਨਹੀਂ ਕਰਤਾ।" ਪ੍ਰਤੀਕਾਤਮਕ ਨਜ਼ਰੀਏ ਤੋਂ ਫਿਲਮ ਦਾ ਵਧੀਆ ਅੰਤ ਹੋ ਜਾਂਦਾ ਹੈ ਜੋ ਸਲਾਹੁਣਯੋਗ ਬਣਦਾ ਹੈ। ਅਜਿਹੀਆਂ ਹੀ ਕੁਝ ਫਿਲਮਾਂ ਕਰ ਕੇ ਤਾਂ ਅਸੀਂ ਬੀ.ਆਰ. ਚੋਪੜਾ ਨੂੰ ਔਰਤਾਂ ਦਾ ਵਕੀਲ ਕਹਿੰਦੇ ਹਾਂ। ਬਹੁ-ਚਰਚਿਤ ਟੀਵੀ ਲੜੀਵਾਰ 'ਮਹਾਂਭਾਰਤ' ਤੇ 'ਬਹਾਦਰਸ਼ਾਹ ਜ਼ਫ਼ਰ' ਦਾ ਨਿਰਮਾਣ ਕਰਨ ਵਾਲਾ ਇਹ ਸ਼ਖ਼ਸ 94 ਵਰ੍ਹਿਆਂ ਦੀ ਲੰਮੀ ਉਮਰ ਭੋਗ ਕੇ 5 ਨਵੰਬਰ 2008 ਨੂੰ ਰੁਖ਼ਸਤ ਹੋ ਗਿਆ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 36 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2023*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 1401 Angus St, Patterson, CA, 95363
2. 1548 Spring St, Mountain View, CA, 94043
3. 1978 Catalpa Way, Hayward, CA, 94545
4. 2793 San Minete Dr, Livermore, CA, 94550
5. 4153 Settlers Ridge Way, Roseville, CA, 95747
6. 2373 Tallahassee St, Hayward, CA, 94545
7. 7045 Inclined Pl, Dublin, CA, 94568
8. 48 Terra Vista Ave Apt D, San Francisco CA, 94115
9. 2411 Bentley Lane, Tracy CA 95376
10. 150 Yolo Ct, San Bruno CA 94066
11. 5079 Brett Court, CA, 94538
12. 1379 Michael Dr, Tracy, CA, 95337
13. 3055 Bernard Ave, San Ramon, CA, 94583
14. 380 cardona Cir, Pleasanton CA 94583
15. 5788 Arlene way, Livermore CA 94550
16. 2569 Bennett ct, Tracy CA 95377

## Purchase Loan and Refinance

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095